# ਸਾਜਨੋ ਤੂ ਮੀਤੁ ਮੇਰਾ

ਸਲੋਕ ਮਃ ੫

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ।

ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ।

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ।

ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ।

ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ।੧ ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ

# ਸਾਜਨੋ ਤੂ ਮੀਤੁ ਮੇਰਾ

## ਲਾਈਵ ਸਮਾਗਮਾਂ ਦਾ ਉਤਾਰਾ


ਦਾਸ– ਭਾਈ ਅਮਨਦੀਪ ਸਿੰਘ

ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲੇ



An ISO 9001:2008 Certified Publishing House
No. 101809-A01
Estd. 1880

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN : 978-93-91954-42-0
ਪਹਿਲੀ ਐਡੀਸ਼ਨ ਅਪ੍ਰੈਲ 2022
ਭੇਟਾ : 250-00

ਪ੍ਰਕਾਸ਼ਕ :
**ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ**
ਰਾਮਤੀਰਥ ਰੋਡ, ਅੰਮ੍ਰਿਤਸਰ।
ਫੋਨ : 98150-89513, 72740-00061

ਪੁਸਤਕ ਮਿਲਣ ਦਾ ਪਤਾ:
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

(Printed and bound in India)

ਪ੍ਰਿੰਟਰ : ਸੀ.ਜੇ. ਪ੍ਰਿੰਟਰਜ਼, ਅੰਮ੍ਰਿਤਸਰ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ।
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ।
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ।
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ।
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ।
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ।
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ।
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ।
ਗੁਰੁ ਡਿਠਾ ਤਾਂ ਮਨੁ ਸਾਧਾਰਿਆ । ੭ ।



**ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ**

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ।
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ।
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ।
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ।
ਬ੍ਰਹਮ ਗਿਆਨੀ ਅਨਾਥ ਕਾ ਨਾਥੁ ।
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ।
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ।
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ । ੮ । ੮॥



**ਧੰਨ ਧੰਨ ਬਾਬਾ ਦੀਪ ਸਿੰਘ ਜੀ**

# ਸ਼ੁਭ ਅਸੀਸਾਂ

ਵਾਹਿਗੁਰੂ ਜੀ ਕਾ ਖ਼ਾਲਸਾ।

ਵਾਹਿਗੁਰੂ ਜੀ ਕੀ ਫਤਹਿ।



**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ**

ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਮੁੱਖ ਕੀਰਤਨੀਏ ਭਾਈ ਅਮਨਦੀਪ ਸਿੰਘ ਜੀ ਵੱਲੋਂ ਨਵਾਂ ਉਪਰਾਲਾ ਕੀਤਾ ਗਿਆ ਹੈ ਜੋ ਕੀਰਤਨ ਦੀਵਾਨਾਂ ਨੂੰ ਕਿਤਾਬ ਦੇ ਰੂਪ 'ਚ ਛਪਵਾ ਕੇ ਸੰਗਤਾਂ ਦੇ ਰੂਬਰੂ ਕੀਤਾ ਗਿਆ ਹੈ। ਆਤਮਕ ਰਸ ਗੁਰਬਾਣੀ ਕੀਰਤਨ ਕਥਾ ਨੂੰ ਸੁਣਕੇ ਵੀ ਆਉਂਦਾ ਹੈ, ਕਦੇ ਗੁਰਬਾਣੀ ਦਾ ਬੋਲ ਕੇ ਉਚਾਰਣ ਕਰਨ ਨਾਲ ਵੀ ਅੰਦਰਲਾ ਰਸ ਆਉਂਦਾ ਹੈ ਅਤੇ ਇਹ ਅੰਦਰੂਨੀ ਰਸ ਕਈ ਵਾਰ ਪੜ੍ਹ ਕੇ ਵੀ ਆਉਂਦਾ ਹੈ। ਭਾਈ ਸਾਹਿਬ ਜੀ ਨੇ ਕੀਰਤਨਾਂ ਦਾ ਉਤਾਰਾ ਕਿਤਾਬ ਰੂਪ 'ਚ ਕਰਕੇ ਇਹ ਸ਼ਲਾਘਾਯੋਗ ਉੱਦਮ ਕੀਤਾ ਹੈ ਕਿ ਕੋਈ ਕਿਸੇ ਵੀ ਸਮੇਂ ਇਸ ਕਿਤਾਬ ਨੂੰ ਪੜ੍ਹਕੇ ਆਤਮਕ ਰਸ ਪ੍ਰਾਪਤ ਕਰ ਸਕਦਾ ਹੈ। ਕੀਰਤਨ ਦੀ ਸ਼ੁਰੂਆਤ ਵਿਚ ਭਾਈ ਸਾਹਿਬ ਜੀ ਜੋ ਅਨਮੋਲ ਬਚਨ ਸੁਣਾਉਂਦੇ ਹਨ, ਉਸ ਨਾਲ ਵੀ ਜ਼ਿੰਦਗੀ ਦਾ ਬਹੁਤ ਅਨਮੋਲ ਖਜ਼ਾਨਾ ਪ੍ਰਾਪਤ ਹੁੰਦਾ ਹੈ। ਆਸ ਹੈ ਭਾਈ ਸਾਹਿਬ ਜੀ ਇਹ ਦੂਜੀ ਕਿਤਾਬ "ਸਾਜਨੋ ਤੂ ਮੀਤੁ ਮੇਰਾ" ਤੋਂ ਸੰਗਤਾਂ ਬਹੁਤ ਲਾਭ ਪ੍ਰਾਪਤ ਕਰਨਗੀਆਂ। ਅਖੀਰ ਤੇ ਦਾਸ ਅੰਦਰੋਂ ਅਰਦਾਸ ਕਰਦਾ ਹੈ ਤੇ ਸੰਗਤ ਜੀ ਤੁਹਾਨੂੰ ਵੀ ਦਾਸ ਵੱਲੋਂ ਬੇਨਤੀ ਹੈ ਕਿ ਆਪਣੇ ਬੱਚੇ ਭਾਈ ਅਮਨਦੀਪ ਸਿੰਘ ਦੀ ਅੰਦਰੋਂ ਅਰਦਾਸ ਕਰਿਓ ਕਿ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਇਸ ਬੱਚੇ ਕੋਲੋਂ ਆਪ ਜਪਹੁ ਅਵਰਹ ਨਾਮ ਜਪਾਵਹੁ ਦੀ ਸੇਵਾ ਨਿਮਰਤਾ ਅਤੇ ਨਿਰਵੈਰਤਾ ਵਿਚ ਲੈਂਦੇ ਰਹਿਣ। ਦਾਸ ਵੱਲੋਂ ਬਹੁਤ-ਬਹੁਤ ਅਸੀਸਾਂ, ਪਿਆਰ ਤੇ ਵਧਾਈਆਂ।

ਵਾਹਿਗੁਰੂ ਜੀ ਕਾ ਖ਼ਾਲਸਾ।

ਵਾਹਿਗੁਰੂ ਜੀ ਕੀ ਫਤਹਿ।


ਦਾਤਾ ਬੰਦੀ ਛੋੜ ਪਬਲਿਕ ਸਕੂਲ
(ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਮਾਨਤਾ ਪ੍ਰਾਪਤ) ਕੋਡ ਨੰ: 1631156
ਅੱਡਾ ਬਾਉਲੀ, ਰਾਮ ਤੀਰਥ ਰੋਡ, ਅੰਮ੍ਰਿਤਸਰ
ਦਾਖ਼ਲਾ ਸ਼ੁਰੂ
2021-2022
ਪਲੇਅ ਪੈੱਨ ਤੋਂ ਦਸਵੀਂ ਕਲਾਸ ਤੱਕ
ਗ੍ਰੰਥੀ ਸਿੰਘਾਂ ਦੇ ਬੱਚੇ, ਵਿਧਵਾ ਔਰਤਾਂ ਦੇ ਬੱਚੇ ਅਤੇ ਜਿਨ੍ਹਾਂ ਦੀਆਂ ਤਿੰਨ ਬੇਟੀਆਂ ਹਨ।
ਉਹਨਾਂ ਲਈ ਮੁਫ਼ਤ ਸਿੱਖਿਆ
(ਨਾ ਦਾਖ਼ਲਾ ਫ਼ੀਸ ਨਾ ਮਹੀਨਾਵਾਰੀ ਫ਼ੀਸ)
Bhai Guriqbal Singh (Chairman)
Bhai Amandeep Singh (Managing Director)
www.databandhichhodpublicschool.com
dbcpublicschool@gmail.com
ਮੋਬਾਇਲ: 98765-60789, 98787-16491, 98765-25887

# ਬਾਬਾ ਦੀਪ ਸਿੰਘ ਹੈਲਥ ਚੈਰੀਟੇਬਲ ਹਸਪਤਾਲ







ਇਸ ਹਸਪਤਾਲ ਵਿਚ 20 ਰੁਪਏ ਦੀ ਪਰਚੀ 'ਚ ਦੋ ਦਿਨ ਦੀ ਦਵਾਈ ਫ੍ਰੀ ਦਿੱਤੀ ਜਾਂਦੀ ਹੈ।

ਡਿਜਿਟਲ X-Ray 113 ਰੁਪਏ ਵਿਚ, ਲੈਬੋਰਟੋਰੀ ਦੇ ਸਾਰੇ ਟੈਸਟ ਲਾਗਤ ਮੁੱਲ ਨਾਲ ਕੀਤੇ ਜਾਂਦੇ ਹਨ।

ਧੰਨ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦੀ ਅਪਾਰ ਰਹਿਮਤ ਦਾ ਸਦਕਾ ਜੀਅ ਦਇਆ ਪਰਵਾਨੁ ਪਾਰਕ ਦਾ ਨੀਂਹ ਪੱਥਰ 27 ਨਵੰਬਰ 2020 ਨੂੰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਹੋਰ ਸੰਤ ਮਹਾਂਪੁਰਸ਼ਾ ਵੱਲੋਂ ਰੱਖਿਆ ਗਿਆ।








## ਹਰ ਮਹੀਨੇ ਵਿਧਵਾ ਬੀਬੀਆਂ ਨੂੰ ਫ੍ਰੀ ਰਾਸ਼ਨ ਵੰਡਣ ਦੀ ਸੇਵਾ




# ਗੁਰੂ ਬਾਬਾ ਨਾਨਕ ਜੀ ਦੀ ਰਸੋਈ



ਗੁਰੂ ਬਾਬਾ ਨਾਨਕ ਦੀ ਰਸੋਈ ਵਿਚ 2000 ਤੋਂ ਵੀ ਵੱਧ ਪ੍ਰੇਮੀ, ਆਉਣ ਜਾਣ ਵਾਲੀਆਂ ਸੰਗਤਾਂ ਅਤੇ ਲੋੜਵੰਦ ਪਰਿਵਾਰਾਂ ਲਈ ਗੁਰੂ ਕਾ ਲੰਗਰ ਤਿਆਰ ਕਰਕੇ ਛਕਾਇਆ ਜਾਂਦਾ ਹੈ।

# ਗੁਰੂ ਬਾਬਾ ਨਾਨਕ ਜੀ ਦੀ ਚਲਦੀ ਫਿਰਦੀ ਰਸੋਈ




ਅੰਮ੍ਰਿਤਸਰ ਸਾਹਿਬ ਦੇ ਵੱਖ-ਵੱਖ ਇਲਾਕਿਆਂ ਵਿਚ ਲੰਗਰ ਦੀ ਸੇਵਾ।

# ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਉਸਾਰੀ ਅਧੀਨ ਸੇਵਾਵਾਂ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਰਾਮਤੀਰਥ ਰੋਡ ਤੇ ਜਿਥੇ ਸੇਵਾਵਾਂ ਦਾ ਕੁੰਭ ਚਲ ਰਿਹਾ ਹੈ, ਇਸੇ ਹੀ ਅਸਥਾਨ ਦੇ ਬਿਲਕੁਲ ਨਾਲ 15500 ਗੱਜ ਜਗ੍ਹਾ ਦੀ ਬਿਧ ਬਾਬਾ ਦੀਪ ਸਿੰਘ ਜੀ ਨੇ ਬਣਾ ਦਿੱਤੀ। ਜਿਸ ਜਗ੍ਹਾ ਤੇ ਹੇਠ ਲਿਖੇ ਕਾਰਜਾਂ ਦੀ ਸੇਵਾ ਹੋਵੇਗੀ।

1. ਗੁ: ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ।
2. ਵਿਸ਼ਾਲ ਲੰਗਰ ਘਰ ।
3. ਬਾਬਾ ਦੀਪ ਸਿੰਘ ਜੀ ਗੁਰਮਤਿ ਗਿਆਨ ਸੰਗੀਤ ਅਕੈਡਮੀ (ਵੱਡੇ ਰੂਪ ਵਿੱਚ)।
4. ਬਾਹਰੋਂ ਆਈਆਂ ਸੰਗਤਾਂ ਲਈ ਬਾਬਾ ਦੀਪ ਸਿੰਘ ਜੀ ਸੰਗਤ ਨਿਵਾਸ (ਸਰ੍ਹਾਂ)।
5. ਪੰਛੀਆਂ ਨੂੰ ਦਾਨਾ-ਪਾਉਣ ਲਈ ਅਤੇ ਬੀਮਾਰ ਪੰਛੀਆਂ ਦੇ ਇਲਾਜ ਲਈ ਜੀਅ ਦਇਆ ਪ੍ਰਵਾਨ ਪਾਰਕ।
6. ਸੰਗਤ ਦੇ ਜਪ-ਤਪ ਕਰਨ ਲਈ ਅਤੇ ਕੁਦਰਤ ਦਾ ਅਨੰਦ ਲੈਣ ਲਈ ਸੈਰ-ਗਾਹ।

## ਵਧਾਈਆਂ ਵਧਾਈਆਂ ਵਧਾਈਆਂ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਅਤੇ ਬਾਬਾ ਦੀਪ ਸਿੰਘ ਜੀ ਨੇ ਸੇਵਾਵਾਂ ਵਿੱਚ ਹੋਰ ਵਾਧਾ ਕੀਤਾ।

ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਯੂਨਿਟ ਨੰ. 3 ਅੱਡਾ ਗੋਪਾਲਪੁਰਾ ਬਟਾਲਾ ਰੋਡ ਤੇ ਤਕਰੀਬਨ 22000 ਗੱਜ ਜਗ੍ਹਾ ਬਖਸ਼ਿਸ਼ ਕੀਤੀ। ਜਿਸ ਜਗ੍ਹਾ ਤੇ ਸਕੂਲ, ਹਸਪਤਾਲ, ਗੁਰੂ ਬਾਬਾ ਨਾਨਕ ਜੀ ਦੀ ਰਸੋਈ ਅਤੇ ਹੋਰ ਵੀ ਕਾਰਜਾਂ ਦੀ ਸੇਵਾ ਸਤਿਗੁਰੂ ਲੈਣਗੇ।

ਹਰ ਪੱਖ ਤੋਂ ਬਾਂਹ ਫੜਕੇ ਰੱਖਣੀ ਜੀ

ਧੰਨਵਾਦ




# ਬਾਬਾ ਦੀਪ ਸਿੰਘ ਜੀ ਗੁਰਮਤਿ ਗਿਆਨ ਸੰਗੀਤ ਅਕੈਡਮੀ

ਅਕੈਡਮੀ ਦਾ ਉਦੇਸ਼ :- ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੀ ਦਿੱਤੀ ਸੋਝੀ ਮੁਤਾਬਿਕ ਗੁਰਬਾਣੀ ਅਤੇ ਗੁਰੂ ਇਤਿਹਾਸ ਦੇ ਆਧਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਹਿਤ ਮਰਿਯਾਦਾ ਨੂੰ ਸਮਰਪਿਤ ਰਹਿੰਦੇ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਪਾਏ ਪੂਰਨਿਆਂ ਅਨੁਸਾਰ ਚੰਗੇ ਵਿਦਵਾਨ, ਪ੍ਰਚਾਰਕ ਕਥਾ-ਵਾਚਕ ਕੀਰਤਨੀਏ ਤਿਆਰ ਕਰਨਾ।

# ਵਿਸ਼ੇਸ਼ ਗੁਰਮਤਿ ਸਮਾਗਮ

1. ਬਾਬਾ ਨਾਨਕ ਜੀ ਦੀ ਚਲਾਈ ਹੋਈ ਵੀਹ ਰੁਪਏ ਤੋਂ ਲੰਗਰ ਦੀ ਮਰਿਯਾਦਾ ਨੂੰ ਸਮਰਪਿਤ ਕਰਕੇ ਹਰ ਮਹੀਨੇ ਦੀ ਵੀਹ (20) ਤਾਰੀਖ ਨੂੰ ਗੁਰਦੁਆਰਾ ਬੀਬੀ ਕੌਲਾਂ ਜੀ ਕੋਲਸਰ ਸਾਹਿਬ ਵਿਖੇ ਰਾਤ 8 ਤੋਂ 10 ਵਜੇ ਤੱਕ ਕੀਰਤਨ ਦੇ ਦੀਵਾਨ ਲਗਾਏ ਜਾਂਦੇ ਹਨ।
2. ਬਾਬਾ ਦੀਪ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਹਰ ਮਹੀਨੇ ਦੀ 26 ਤਾਰੀਖ ਨੂੰ ਦੁਪਹਿਰ 12:00 ਤੋਂ 3:00 ਵਜੇ ਤੱਕ ਸਮਾਗਮ, 27 (ਸਤਾਈ) ਤਾਰੀਖ ਨੂੰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਰਾਮਤੀਰਥ ਰੋਡ ਸ੍ਰੀ ਅੰਮ੍ਰਿਤਸਰ ਵਿਖੇ ਚੁਪਹਿਰਾ ਜਪ-ਤਪ ਸਮਾਗਮ ਕਰਵਾਏ ਜਾਂਦੇ ਹਨ। ਇਹਨਾਂ ਸਮਾਗਮਾਂ ਵਿਚ ਭਾਈ ਅਮਨਦੀਪ ਸਿੰਘ ਜੀ ਹਾਜ਼ਰੀਆਂ ਭਰਦੇ ਹਨ।

ਭਾਈ ਅਮਨਦੀਪ ਸਿੰਘ ਜੀ ਦੇ ਰੋਜ਼ਾਨਾ ਵੱਖ-ਵੱਖ T.V. ਚੈਨਲਾਂ ਦੇ ਉੱਤੇ ਪ੍ਰਸਾਰਿਤ ਹੋਣ ਵਾਲੇ ਸਮਾਗਮਾਂ ਦਾ ਵੇਰਵਾ :-

| ਪ੍ਰੋਗਰਾਮ | ਸਮਾਂ | ਚੈਨਲ |
|---|---|---|
| 1. ਤੇਰੇ ਗੁਣ ਗਾਵਾਂ | ਸਵੇਰੇ 7:00 ਤੋਂ 8:00 | ਇੰਡੀਆ ਟਾਕੀਜ |
| 2. ਆਪਣੀ ਮਿਹਰ ਕਰੁ | ਸਵੇਰੇ 10:00 ਤੋਂ 11:00 | ਪੀ.ਟੀ.ਸੀ. ਸਿਮਰਨ |
| 3. ਸਭੇ ਜੀਅ ਸਮਾਲਿ | ਦੁਪਹਿਰ 3:00 ਤੋਂ 4:00 | ਪੀ.ਟੀ.ਸੀ. ਸਿਮਰਨ |
| 4. ਗੁਰ ਨਾਨਕ ਕੀ ਵਡਿਆਈ | ਰਾਤ 8:00 ਤੋਂ 9:00 | ਇਕ ਓਅੰਕਾਰ |

ਭਾਈ ਸਾਹਿਬ ਜੀ ਦੇ ਕੀਰਤਨਾਂ ਦੀਆਂ Pen Drive, C.D., D.V.D ਮੰਗਵਾਉਣ ਲਈ ਸੰਪਰਕ ਕਰੋ:- 7274000061

ਭਾਈ ਸਾਹਿਬ ਜੀ ਦੇ ਕੀਰਤਨਾਂ ਦੀਆਂ Pen Drive, C.D., D.V.D, ਅਤੇ Chip ਮੰਗਵਾਉਣ ਲਈ ਸੰਪਰਕ ਕਰੋ:-

ਮੋਬਾਇਲ : 7274000061

ਆਪ ਜੀ ਚੱਲ ਰਹੇ ਇਹਨਾਂ ਕਾਰਜਾਂ ਵਿਚ ਵਿੱਚ ਆਪਣਾ ਮਾਇਆ ਰੂਪੀ ਸਹਿਯੋਗ ਇਹਨਾਂ ਬੈਂਕ ਖਾਤਿਆਂ ਵਿੱਚ ਵੀ ਪਾ ਸਕਦੇ ਹੋ ਜੀ:

*(ਭਾਰਤ ਦੀਆਂ ਸੰਗਤਾਂ ਲਈ)*

BABA DEEP SINGH CHARITABLE TRUST
Saving A/c No. : 3398000104146825
Punjab National Bank
IFSC-CODE : PUNB0194310

-----------------------------------------------

BABA DEEP SINGH CHARITABLE TRUST
Kotak Mahindra Bank
Saving A/c No. : 5646086920
IFSC CODE : KKBK0003999
Branch Hall Bazar, Amritsar.

ਆਪ ਜੀ ਆਪਣੀ ਸੇਵਾ 9815089513 ਨੰਬਰ 'ਤੇ Paytm ਜਾਂ Google ਵੀ ਕਰ ਸਕਦੇ ਹੋ ਜੀ।

ਆਪ ਜੀ ਅਕਾਊਂਟ ਵਿਚ ਸੇਵਾ ਪਾਉਣ ਤੋਂ ਬਾਅਦ 9815089513 ਨੰਬਰ 'ਤੇ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ ਤਾਂ ਜੋ ਆਪ ਜੀ ਨੂੰ ਰਸੀਦ ਤੇ ਸਤਿਕਾਰ ਭੇਜਿਆ ਜਾ ਸਕੇ।

ਆਪ ਜੀ ਭਾਈ ਅਮਨਦੀਪ ਸਿੰਘ ਜੀ ਨੂੰ ਸ਼ੋਸ਼ਲ ਮੀਡੀਆ 'ਤੇ ਵੀ Follow ਕਰ ਸਕਦੇ ਹੋ ਜੀ।

(1) Facebook Page - Bhai Amandeep Singh Bibi Kaulan Wale
(2) Youtube - Bhai Amandeep Singh Official
(3) Instagram - Bhai Amandeep Singh Official
(4) Twitter - Bhai Amandeep Singh Bibi Kaulan Wale

ਭਾਈ ਸਾਹਿਬ ਦੇ ਰੋਜ਼ਾਨਾ ਦੇ ਕੀਰਤਨਾਂ ਦੀ ਜਾਣਕਾਰੀ ਅਤੇ ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪ ਹੀ ਸਵਰ ਜਾਵੇਗਾ। ਇਸ ਪ੍ਰਚਾਰ ਦਾ ਹਿੱਸਾ ਬਣਨ ਲਈ ਆਪ ਜੀ 7274000061 ਇਸ ਨੰਬਰ 'ਤੇ ਆਪਣਾ ਅਤੇ ਆਪਣੇ ਸ਼ਹਿਰ ਦਾ ਨਾਮ ਲਿਖ ਕੇ Whattsapp ਕਰੋਂ ਅਤੇ ਇਹ ਨੰਬਰ ਵੀ ਆਪਣੇ ਮੋਬਾਇਲ 'ਤੇ ਸੇਵ (Save) ਕਰੋ ਜੀ।

ਹਰ ਵੇਲੇ ਹਰ ਪੱਖ ਤੋਂ ਆਪ ਜੀ ਦੀ ਅਸੀਸ ਦੀ ਆਸ ਵਿੱਚ

ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ
ਅੱਡਾ ਬਾਉਲੀ ਰਾਮ ਤੀਰਥ ਰੋਡ
(ਰਾਮ ਤੀਰਥ ਮੰਦਰ ਤੋਂ 1 ਕਿਲੋਮੀਟਰ ਪਹਿਲੇ) ਸ੍ਰੀ ਅੰਮ੍ਰਿਤਸਰ
ਮੁਖ ਸੇਵਾਦਾਰ : ਭਾਈ ਗੁਰਇਕਬਾਲ ਸਿੰਘ
ਸੰਚਾਲਕ : ਭਾਈ ਅਮਨਦੀਪ ਸਿੰਘ

# ਸ਼ੁਕਰਾਨਾ



ਧੰਨ ਗੁਰੂ ਰਾਮਦਾਸ ਜੀ, ਧੰਨ ਬਾਬਾ ਦੀਪ ਸਿੰਘ ਜੀ ਦੀ ਅਪਾਰ ਬਖਸ਼ਿਸ਼ ਕਰਕੇ ਜਿਥੇ ਦਾਸ ਕੋਲੋਂ ਦੇਸ਼ਾਂ-ਵਿਦੇਸ਼ਾ ਵਿੱਚ ਕੀਰਤਨ ਦੀ ਸੇਵਾ ਲੈ ਰਹੇ ਹਨ। ਉਥੇ ਪਿਤਾ ਜੀ ਨੇ ਤਰਸ ਕੀਤਾ ਲਾਕਡਾਊਨ ਦੇ ਸਮੇਂ ਰੋਜਾਨਾ ਦੁਪਹਿਰ 3 ਤੋਂ 4 ਪੀ.ਟੀ.ਸੀ ਸਿਮਰਨ ਚੈਨਲ ਤੇ ਦਾਸ ਨੂੰ ਕੀਰਤਨ ਦੁਆਰਾ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਜ਼ਰੀਆ ਬਣਾਇਆ। ਦਾਸ ਪਿਤਾ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦਾ ਕਰੋੜਾਂ ਵਾਰ ਸ਼ੁਕਰਾਨਾ ਕਰਦਾ ਹੈ ਜਿੰਨਾ ਨੇ ਇਹ ਸੇਵਾ ਗਰੀਬ ਕੋਲੋਂ ਲਈ ਅਤੇ ਹੁਣ ਵੀ ਲੈ ਰਹੇ ਹਨ। ਇਹ ਕਿਤਾਬ "ਸਾਜਨੋ ਤੂ ਮੀਤੁ ਮੇਰਾ" ਜੋ ਆਪ ਜੀ ਦੇ ਹੱਥ ਵਿੱਚ ਹੈ ਇਹ ਉਹੋ ਹੀ ਕੁਝ ਕੀਰਤਨਾਂ ਦਾ ਉਤਾਰਾ ਹੈ ਆਪ ਜੀ ਨੂੰ ਬੇਨਤੀ ਹੈ ਆਪ ਜੀ ਇਹ ਕਿਤਾਬ ਪੜਦੇ ਸਮੇਂ ਇਹ ਭਾਵਨਾ ਬਣਾਇਓ ਕਿ ਅਸੀਂ ਸੰਗਤ ਵਿਚ ਬੈਠ ਕੇ ਕੀਰਤਨ ਸੁਣ ਰਹੇ ਹਾਂ, ਫਿਰ ਇਸ ਨੂੰ ਪੜਨ ਦਾ ਹੋਰ ਰਸ ਆਏਗਾ ਅਤੇ ਮੇਰੀ ਬੇਨਤੀ ਹੈ ਜਿਉਂ-ਜਿਉਂ ਇਹ ਕਿਤਾਬ ਪੜੋ ਤਿਉਂ-ਤਿਉਂ ਇਹ ਅਰਦਾਸ ਕਰੋ ਸਾਡਾ ਇਹ ਪੜਿਆ ਕੁਝ ਨਾ ਕੁਝ ਸਾਡੇ ਅੰਦਰ ਜ਼ਰੂਰ ਵੱਸੇ।

ਆਖੀਰ 'ਚ ਇਹੋ ਹੀ ਬੇਨਤੀ ਹੈ ਕਿ ਆਪ ਜੀ ਭਾਵੇਂ ਪੰਜ-ਵਾਰੀ ਵਾਹਿਗੁਰੂ ਕਹਿ ਕੇ ਦਾਸ ਦੀ ਅਰਦਾਸ ਕਰਿਓ ਕਿ ਸਤਿਗੁਰ ਜੀ ਤਰਸ ਦੇ ਖਾਤੇ ਵਿੱਚੋਂ, ਭੈ-ਭਾਵਨਾ, ਨਿਮਰਤਾ ਨਾਲ ਦਾਸ ਗ਼ਰੀਬ ਕੋਲੋਂ ਆਪਣੇ ਦਰ ਦੀ ਸੇਵਾ ਲੈਂਦੇ ਰਹਿਣ-

**ਦਾਸਨ ਦਾਸ:**

**ਭਾਈ ਅਮਨਦੀਪ ਸਿੰਘ**

# ਸਮਰਪਣ

ਗੁਰੂ ਪ੍ਰੇਮ ਦੇ ਵਿੱਚ ਰੰਗੇ ਹੋਏ

ਅਤਿ ਪਿਆਰੇ ਅਨੋਖੇ

ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ

ਦੇ ਪਿਆਰੇ ਜੀਵਨ ਨੂੰ

# ਤਤਕਰਾ


| | | |
|---|---|---|
| ✲ | ਸਾਵਲ ਸੁੰਦਰ ਰਾਮਈਆ॥ | 21 |
| ✲ | ਜਿਨੀ ਸਤਿਗੁਰੁ ਪੁਰਖੁ ਮਨਾਇਆ | 33 |
| ✲ | ਬਾਬਾ ਬੋਲਨਾ ਕਿਆ ਕਹੀਐ॥ | 49 |
| ✲ | ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥ | 62 |
| ✲ | ਸਾਜਨੋ ਤੂ ਮੀਤੁ ਮੇਰਾ | 77 |
| ✲ | ਗੁਰ ਰਾਮਦਾਸ ਤੇਰੀ ਸਰਣ॥ | 89 |
| ✲ | ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ | 98 |
| ✲ | ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ | 112 |
| ✲ | ਕਾਹੇ ਰੇ ਬਨ ਖੋਜਨ ਜਾਈ॥ | 125 |
| ✲ | ਹਰਿ ਬਿਸਰਤ ਸਦਾ ਖੁਆਰੀ॥ | 141 |
| ✲ | ਐਸਾ ਕਰਹੁ ਬੀਚਾਰੁ ਗਿਆਨੀ॥ | 157 |
| ✲ | ਹਰਿ ਭਗਤਾ ਨੋ ਦੇਇ ਪਿਆਰੁ | 170 |


✧

(20) ਸਾਜਨੋ ਤੂ ਮੀਤੁ ਮੇਰਾ

# ਸਾਵਲ ਸੁੰਦਰ ਰਾਮਈਆ ॥

(ਅੰਗ ੩੩੫)

ਧੰਨ ਗੁਰੂ ਰਾਮਦਾਸ ਜੀ ! ਧੰਨ ਗੁਰੂ ਰਾਮਦਾਸ ਜੀ !

ਪਿਆਰ ਨਾਲ ਸਾਰੇ ਆਖੋ ਜੀ ! ਧੰਨ ਬਾਬਾ ਦੀਪ ਸਿੰਘ ਜੀ।

ਪਿਆਰਿਓ ! ਸੰਸਾਰ ਵਿਚ ਕੋਈ ਇਹੋ ਜਿਹੀ ਸਮੱਸਿਆ ਨਹੀਂ, ਜਿਹੜੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਨਦਰ ਤੋਂ ਵੱਡੀ ਹੋਵੇ। ਕੋਈ ਵੀ ਸਮੱਸਿਆ ਹੈ, ਕੋਈ ਵੀ ਮੁਸ਼ਕਿਲ ਹੈ, ਪਿਆਰਿਆ ! ਜਦੋਂ ਤੂੰ ਨਿਤਨੇਮ ਵਧਾ ਕੇ ਬੰਦਗੀ ਦਾ ਪਹਿਰਾ ਵਧਾ ਕੇ, ਗੁਰੂ ਰਾਮਦਾਸ ਪਿਤਾ ਕੋਲੋਂ ਗੁਰੂ ਰਾਮਦਾਸ ਦੀ ਨਦਰ ਮੰਗਦਾ ਹੈਂ, ਵੱਡੀ ਤੋਂ ਵੱਡੀ ਸਮੱਸਿਆ ਧੰਨ ਗੁਰੂ ਰਾਮਦਾਸ ਜੀ ਆਪਣੀ ਨਦਰ ਕਰਕੇ ਸੁਪਨੇ ਦੇ ਵਿਚ ਕੱਟ ਦਿੰਦੇ ਨੇ।

ਆਖੋ : ਵਾਹਿਗੁਰੂ ! ਵਾਹਿਗੁਰੂ !

ਧੰਨ ਗੁਰੂ ਰਾਮਦਾਸ ਜੀ ! ਧੰਨ ਗੁਰੂ ਰਾਮਦਾਸ ਜੀ !.....

ਕਦੀ ਵੀ ਆਪਣੀ ਮੁਸ਼ਕਿਲ ਨੂੰ ਐਨਾ ਆਪਣੇ ਉਪਰ ਹਾਵੀ ਨਾ ਹੋਣ ਦਿਓ ਕਿ ਉਸ ਮੁਸ਼ਕਿਲ ਦੇ ਕਰਕੇ ਪਿਆਰਿਓ ! ਤੁਸੀਂ ਡਿਪ੍ਰੈਸ ਹੋ ਜਾਵੋ। ਉਸ ਮੁਸ਼ਕਿਲ ਦੇ ਕਰਕੇ ਕਈ ਰੋਗ ਤੁਹਾਨੂੰ ਜਕੜ ਲੈਣ। ਕੋਈ ਮੁਸ਼ਕਿਲ ਆ ਗਈ ਤੇ ਆਪਣੇ ਮਨ ਨੂੰ ਐਨਾ ਹੌਂਸਲਾ ਦਿਓ, ਮਨ ਨੂੰ ਇਹ ਨਾ ਸਮਝਾਓ, ਮੁਸ਼ਕਿਲ ਬੜੀ ਵੱਡੀ ਏ, ਮਨ ਨੂੰ ਇਹ ਸਮਝਾਓ, ਗੁਰੂ ਰਾਮਦਾਸ ਦੀ ਨਦਰ ਬੜੀ ਵੱਡੀ ਏ। ਆਖੋ : ਵਾਹਿਗੁਰੂ ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਸਾਰੇ ਆਖੋ ਜੀ, ਧੰਨ ਬਾਬਾ ਦੀਪ ਸਿੰਘ ਜੀ।

ਫਿਰ ਮੇਰੀ ਬੇਨਤੀ ਹੈ, ਕੋਈ ਵੀ ਸੰਸਾਰ ਵਿਚ ਇਹੋ ਜਿਹੀ ਮੁਸ਼ਕਿਲ ਨਹੀਂ, ਜਿਹੜੀ ਗੁਰੂ ਰਾਮਦਾਸ ਜੀ ਦੀ ਨਦਰ ਤੋਂ ਵੱਡੀ ਹੋਵੇ। ਪਿਤਾ ਜੀ ਦੀ ਨਦਰ ਸਭ ਤੋਂ ਵੱਡੀ ਏ। ਪਿਤਾ ਜੀ ਚਾਹੁਣ ਤੇ ਵੱਡੀ ਤੋਂ ਵੱਡੀ ਮੁਸ਼ਕਿਲ ਨੂੰ ਮਿੰਟਾਂ-ਸਕਿੰਟਾਂ ਵਿਚ ਕੱਟ ਸਕਦੇ ਨੇ। ਬਸ ਹਰ ਵੇਲੇ ਨੇਮ ਵਧਾ ਕੇ ਗੁਰੂ ਰਾਮਦਾਸ ਕੋਲੋਂ ਇਹ ਮੰਗਿਆ ਕਰ : ਗੁਰੂ ਰਾਮਦਾਸ ਪਿਤਾ ! ਤੂੰ ਬਸ ਮੇਰੇ ਵੱਲ ਰਹੀਂ। ਪਿਤਾ ! ਤੇਰੀ ਨਦਰ ਮੇਰੇ ਉਪਰ ਬਣੀ ਰਹੇ। ਫਿਰ ਕਿਸੇ ਦੀ ਕੋਈ ਟੈਨਸ਼ਨ ਲੈਣ ਦੀ, ਕੋਈ ਪ੍ਰਵਾਹ ਕਰਨ ਦੀ ਲੋੜ ਨਹੀਂ ਤੈਨੂੰ।

ਵਾਹਿਗੁਰੂ ! ਵਾਹਿਗੁਰੂ ! ਧੰਨ ਗੁਰੂ ਰਾਮਦਾਸ ਜੀ ! ਧੰਨ ਗੁਰੂ ਰਾਮਦਾਸ ਜੀ !

ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਅਗਲੀ ਗੱਲ ਇਹ ਵੀ ਬੜੀ ਪਿਆਰੀ ਏ, ਇੱਛਾ ਪੂਰੀ ਨਹੀਂ ਹੁੰਦੀ ਤੇ ਬੰਦੇ ਦਾ

ਕਈ ਵਾਰ ਕ੍ਰੋਧ ਵਧਦਾ ਹੈ। ਮੇਰੀ ਗੱਲ ਕਿਉਂ ਨਹੀਂ ਪੂਰੀ ਹੋਈ, ਮੇਰੀ ਗੱਲ ਕਿਉਂ ਨਹੀਂ ਮੰਨੀ ਗਈ। ਇੱਛਾ ਪੂਰੀ ਨਹੀਂ ਹੁੰਦੀ ਤਾਂ ਕ੍ਰੋਧ ਵਧਦਾ ਹੈ। ਇੱਛਾ ਪੂਰੀ ਹੋ ਜਾਵੇ ਤਾਂ ਪਿਆਰਿਓ ! ਕਈ ਵਾਰੀ ਲੋਭ ਵੱਧ ਜਾਂਦਾ ਹੈ। ਹੁਣ ਜੇ ਮੇਰੀ ਡਿਮਾਂਡ ਪੂਰੀ ਹੋ ਗਈ ਏ, ਇਹ ਮੇਰੀ ਲੋੜ ਪੂਰੀ ਹੋ ਗਈ ਏ, ਇੱਛਾ ਪੂਰੀ ਹੋ ਗਈ, ਬਸ ਇਸ ਤੋਂ ਬਾਅਦ ਮੈਨੂੰ ਹੋਰ ਚਾਹੀਦਾ ਹੈ। ਸੁਣਿਓ ! ਇਨਸਾਨ ਦੀ ਫਿਤਰਤ ਏ, ਬੰਦੇ ਦੀ ਫਿਤਰਤ ਏ, ਇੱਛਾ ਪੂਰੀ ਨਹੀਂ ਹੁੰਦੀ ਤੇ ਕ੍ਰੋਧ ਵਧਦਾ ਹੈ। ਇੱਛਾ ਪੂਰੀ ਹੋਵੇ ਤਾਂ ਲੋਭ ਵਧਦਾ ਹੈ। ਇਨਸਾਨੀ ਫਿਤਰਤ ਦਾ ਇਹ ਹਿੱਸਾ ਹੈ। ਪਿਆਰਿਓ ! ਇਹ ਮੇਰੀ ਬੇਨਤੀ ਏ, ਇੱਛਾ ਪੂਰੀ ਨਾ ਹੋਵੇ ਕ੍ਰੋਧ ਵਧਾਉਣ ਦੀ ਜਗ੍ਹਾ 'ਤੇ, ਇੱਛਾ ਜੇ ਪੂਰੀ ਹੋ ਜਾਵੇ, ਲੋਭ ਵਧਾਉਣ ਦੀ ਜਗ੍ਹਾ 'ਤੇ, ਹਰ ਹਾਲ ਵਿਚ, ਹਰ ਸਥਿਤੀ ਦੇ ਵਿਚ ਆਪਣੇ ਜੀਵਨ ਦੇ ਅੰਦਰ ਧੀਰਜ ਬਣਾ ਕੇ ਰੱਖਿਆ ਜਾਵੇ। ਉੱਤਮ ਗੱਲ ਹੈ, ਇੱਛਾ ਪੂਰੀ ਹੋਈ, ਨਹੀਂ ਹੋਈ, ਹਰ ਹਾਲ ਦੇ ਵਿਚ ਅੰਦਰ ਧੀਰਜ ਬਣਾ ਕੇ ਰੱਖਣਾ। ਧੀਰਜ ਏ, ਸਬਰ ਏ। ਜਦੋਂ ਧੀਰਜ ਬਣਾ ਕੇ ਰੱਖਾਂਗੇ, ਫਿਰ ਜੋ-ਜੋ ਤੂੰ ਗੁਰੂ ਆਸ਼ੇ ਮੁਤਾਬਿਕ ਸੋਚੇਂਗਾ, ਜੋ-ਜੋ ਤੂੰ ਗੁਰੂ ਆਸ਼ੇ ਮੁਤਾਬਿਕ ਕਾਰਜ ਕਰੇਂਗਾ, ਗੁਰਮਤਿ ਅਨੁਸਾਰ ਕਾਰਜ ਕਰੇਂਗਾ, ਤੇਰੇ ਹਰ ਕੀਤੇ ਹੋਏ ਕੰਮ ਦੇ ਉਤੇ ਗੁਰੂ ਰਾਮਦਾਸ ਆਪ ਦੀ ਬਖ਼ਸ਼ਿਸ਼ ਦਾ ਬੂਹਾ ਖੋਲ੍ਹਦੇ ਜਾਣਗੇ।

ਆਖੋ : ਵਾਹਿਗੁਰੂ ! ਵਾਹਿਗੁਰੂ !

ਇਹ ਮੇਰੀ ਬੇਨਤੀ ਏ, ਜਿੰਨੇ ਪ੍ਰੇਮੀ ਜਿੱਥੇ-ਜਿੱਥੇ ਬਹਿ ਕੇ ਸ੍ਰਵਨ ਕਰ ਰਹੇ ਹੋ, ਥੋੜ੍ਹਾ ਜਿਹਾ ਅੰਦਰ ਧੀਰਜ ਰੱਖੀਏ, ਹੌਂਸਲਾ ਰੱਖੀਏ, ਇੱਛਾ ਪੂਰੀ ਨਾ ਹੋਵੇ ਤੇ ਕ੍ਰੋਧ ਨਾ ਵਧਾਈਏ, ਇੱਛਾ ਪੂਰੀ ਹੋ ਜਾਵੇ ਤੇ ਪਿਆਰਿਓ ! ਆਪਣੇ ਅੰਦਰ ਲੋਭ ਨਾ ਵਧਣ ਦੇਈਏ। ਹਰ ਹਾਲ ਵਿਚ ਧੀਰਜ, ਹਰ ਹਾਲ ਵਿਚ ਸਬਰ, ਆਪਣੇ ਅੰਦਰ ਧੀਰਜ ਦਾ, ਸਬਰ ਦਾ ਆਪਣੇ ਅੰਦਰ ਗੁਣ ਲਿਆਉਣ ਦਾ ਯਤਨ ਕਰੀਏ। ਹਰ ਹਾਲ ਵਿਚ ਧੀਰਜ ਬਣਾ ਕੇ ਰੱਖਣਾ ਇਹ ਉੱਤਮ ਗੱਲ ਹੈ। ਪਿਆਰ ਨਾਲ ਆਖੋ :

ਧੰਨ ਬਾਬਾ ਦੀਪ ਸਿੰਘ ਜੀ, ਧੰਨ ਬਾਬਾ ਦੀਪ ਸਿੰਘ ਜੀ।

ਅਗਲੀ ਗੱਲ ਇਹ ਵੀ ਬੜੀ ਪਿਆਰੀ ਏ ਤੇ ਮੈਨੂੰ ਏਦਾਂ ਮਹਿਸੂਸ ਹੁੰਦਾ ਹੈ ਕਿ ਪਿਆਰਿਓ ! ਜਦੋਂ ਤੁਸੀਂ ਇਹ ਗੱਲਾਂ ਸੁਣ ਕੇ ਥੋੜ੍ਹਾ ਬਹੁਤ ਵੀ ਮੰਨਦੇ ਹੋ, ਤਾਂ ਫਿਰ ਟੈਨਸ਼ਨਾਂ ਮੁੱਕਦੀਆਂ ਨੇ। ਅਗਲੀ ਗੱਲ ਵੀ ਨਾ ਤੁਹਾਨੂੰ ਜੀਵਨ ਵਿਚ ਬੜੀ ਵੱਡੀ ਸਪੋਰਟ ਦੇਵੇਗੀ। ਮੰਜ਼ਿਲਾਂ ਅਸਾਨ ਹੋ ਜਾਂਦੀਆਂ ਨੇ ਜਦੋਂ ਕੋਈ ਗੁਰੂ ਰਾਮਦਾਸ ਮਾਲਕ ਦੇ ਉਤੇ, ਬਾਬਾ ਦੀਪ ਸਿੰਘ ਦੇ ਉਤੇ ਤੇ ਆਪਣੇ ਉਤੇ ਵਿਸ਼ਵਾਸ ਰੱਖੇ। ਫਿਰ ਸੁਣ ਲਓ ਮੰਜ਼ਿਲਾਂ ਅਸਾਨ ਹੋ ਜਾਂਦੀਆ ਨੇ, ਕਿਸੇ ਵੀ ਮੰਜ਼ਿਲ 'ਤੇ ਤੂੰ ਪਹੁੰਚਣਾ ਚਾਹੁੰਦਾ ਏਂ, ਕਿਸੇ ਵੀ ਮੁਕਾਮ 'ਤੇ ਤੂੰ ਪਹੁੰਚਣਾ ਚਾਹੁੰਦਾ ਏਂ, ਮੰਜ਼ਿਲਾਂ ਅਸਾਨ ਹੋ ਜਾਂਦੀਆਂ ਨੇ, ਜਦੋਂ ਕੋਈ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਉਤੇ, ਬਾਬਾ ਦੀਪ ਸਿੰਘ ਜੀ ਉਤੇ ਤੇ ਆਪਣੇ ਉਤੇ ਵਿਸ਼ਵਾਸ ਰੱਖੇ ਤੇ

ਮਹਿਸੂਸ ਕਰੇ ਕਿ ਮੇਰਾ ਸਾਹਿਬ ਹਰ ਜਗ੍ਹਾ 'ਤੇ ਮੌਜੂਦ ਏ ਤੇ ਮੈਨੂੰ ਕਹਿ ਰਿਹਾ ਏ ਤੂੰ ਚਿੰਤਾ ਨਾ ਕਰ, ਮੈਂ ਬੈਠਾ ਹਾਂ। ਆਖੋ ! ਵਾਹਿਗੁਰੂ, ਵਾਹਿਗੁਰੂ।

ਦੇਖੋ ਕਿੱਡੀ ਪੋਜ਼ੇਟਿਵਿਟੀ ਏ, ਹਰ ਮੰਜ਼ਿਲ ਅਸਾਨ ਹੋ ਜਾਏਗੀ, ਜਦੋਂ ਪਿਆਰਿਓ ! ਸਾਹਿਬ ਦੇ ਉਤੇ ਭਰੋਸਾ ਰੱਖਾਂਗੇ ਤੇ ਆਪਣੇ ਅੰਦਰ ਇਹ ਵਿਸ਼ਵਾਸ ਰੱਖਾਂਗੇ, ਮੇਰਾ ਸਾਹਿਬ ਗੁਰੂ ਰਾਮਦਾਸ ਜ਼ੱਰੇ-ਜ਼ੱਰੇ ਵਿਚ ਵਰਤ ਰਿਹਾ ਏ, ਵੱਸ ਰਿਹਾ ਏ ਤੇ ਮੈਨੂੰ ਕਹਿ ਰਿਹਾ ਹੈ, ਤੂੰ ਚਿੰਤਾ ਨਾ ਕਰ, ਮੈਂ ਬੈਠਾ ਹਾਂ, ਸਭ ਠੀਕ ਹੋ ਜਾਏਗਾ। ਆਖੋ : ਵਾਹਿਗੁਰੂ, ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ....। ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਇਹ ਮੇਰੀ ਬੇਨਤੀ ਏ, ਮੰਜ਼ਿਲਾਂ ਉਦੋਂ ਅਸਾਨ ਹੋ ਜਾਂਦੀਆਂ ਨੇ, ਜਦੋਂ ਵਿਸ਼ਵਾਸ ਗੁਰੂ ਰਾਮਦਾਸ ਉਤੇ ਹੋਵੇ, ਬਾਬਾ ਦੀਪ ਸਿੰਘ ਜੀ 'ਤੇ ਹੋਵੇ ਤੇ ਆਪਣੇ ਆਪ 'ਤੇ ਵੀ ਹੋਵੇ, ਮੇਰਾ ਮਾਲਕ ਮੇਰੇ ਵੱਲ ਏ, ਮੈਂ ਇਹ ਕੰਮ ਕਰ ਹੀ ਲੈਣਾ ਹੈ, ਫਿਰ ਤੁਹਾਨੂੰ ਏਦਾਂ ਮਹਿਸੂਸ ਹੋਏਗਾ, ਫੀਲਿੰਗ ਆਏਗੀ ਜਦੋਂ ਗੁਰੂ ਦੇ ਉਤੇ ਭਰੋਸਾ, ਗੁਰੂ ਦੇ ਪਿਆਰਿਆਂ ਦੇ ਉਤੇ ਭਰੋਸਾ, ਆਪਣੇ ਉਤੇ ਭਰੋਸਾ ਰੱਖ ਕੇ ਤੁਰੋਗੇ, ਤੁਹਾਨੂੰ ਏਦਾਂ ਦੀ ਫੀਲਿੰਗ ਆਏਗੀ, ਜਿਵੇਂ ਮਾਲਕ ਪਿਤਾ ਜੀ ਕਹਿੰਦੇ ਹੋਣ, "ਤੂੰ ਟੈਨਸ਼ਨ ਨਾ ਲੈ, ਚਿੰਤਾ ਨਾ ਕਰ, ਮੈਂ ਬੈਠਾ ਹਾਂ, ਸਭ ਠੀਕ ਹੋ ਜਾਣਾ ਹੈ।" ਆਖੋ : ਵਾਹਿਗੁਰੂ, ਵਾਹਿਗੁਰੂ।

ਅਗਲੀ ਗੱਲ, ਗਲਤੀਆਂ ਜੀਵਨ ਦਾ ਹਿੱਸਾ ਨੇ। ਹੁਣ ਮੈਂ ਹੀ ਹਾਂ, ਮੈਂ ਕੋਈ ਵੀ ਕੰਮ ਕਰ ਰਿਹਾ ਹਾਂ, ਸੁਭਾਵਿਕ ਗੱਲ ਏ, ਕਈ ਵਾਰੀ ਕੰਮ ਕਰਦਿਆਂ-ਕਰਦਿਆਂ ਗਲਤੀ ਹੋ ਹੀ ਜਾਂਦੀ ਏ। ਗਲਤੀਆਂ ਜੀਵਨ ਦਾ ਹਿੱਸਾ ਨੇ, ਪਰ ਗਲਤੀਆਂ ਨੂੰ ਸਵੀਕਾਰ ਕਰਨ ਦਾ ਸਾਹਸ ਬਹੁਤ ਘੱਟ ਲੋਕਾਂ ਵਿਚ ਹੁੰਦਾ ਏ, ਗਲਤੀਆਂ ਜੀਵਨ ਦਾ ਹਿੱਸਾ ਨੇ, ਜੀਵਨ ਦਾ ਇਕ ਪਹਿਲੂ ਨੇ ਗਲਤੀਆਂ। ਕਿਸੇ ਵੀ ਕੰਮ ਨੂੰ ਤੁਸੀਂ ਕਰ ਰਹੇ ਹੋ, ਗਲਤੀ ਹੋ ਹੀ ਜਾਂਦੀ ਏ, ਪਰ ਪਿਆਰਿਓ ! ਉਹ ਗਲਤੀ ਨੂੰ ਸਵੀਕਾਰ ਕੋਈ-ਕੋਈ ਕਰਦਾ ਹੈ ਤੇ ਸਚਾਈ ਏ ਜਿਹੜਾ ਗਲਤੀ ਨੂੰ ਸਵੀਕਾਰ ਕਰ ਲਵੇਗਾ, ਉਹ ਫਿਰ ਗਲਤੀ ਦਾ ਸੁਧਾਰ ਵੀ ਕਰ ਲਏਗਾ। ਪਰ ਜਿਹੜਾ ਗਲਤੀ ਨੂੰ ਸਵੀਕਾਰ ਹੀ ਨਹੀਂ ਕਰੇਗਾ, ਉਹ ਸੁਧਾਰ ਕੀ ਕਰੇਗਾ? ਇਸ ਕਰਕੇ ਮੇਰੀ ਬੇਨਤੀ ਹੈ ਕੋਈ ਵੀ ਗਲਤੀ ਜ਼ਿੰਦਗੀ ਵਿਚ ਹੋ ਗਈ, ਉਹਨੂੰ ਮੰਨਣ ਲੱਗਿਆਂ ਦੇਰੀ ਨਾ ਲਾਓ, ਕੋਈ ਫਰਕ ਨਹੀਂ ਪੈਂਦਾ। ਗਲਤੀ ਨੂੰ ਮੰਨਣ ਲੱਗਿਆਂ ਟਾਈਮ ਨਾ ਲਾਓ, ਕਿਉਂਕਿ ਸਚਾਈ ਏ, ਸਫਰ ਜਿੰਨਾ ਛੋਟਾ ਹੋਏਗਾ, ਵਾਪਸੀ ਓਨੀ ਹੀ ਸੌਖੀ ਹੋਵੇਗੀ ਤੇ ਸਫਰ ਜਿੰਨਾ ਲੰਬਾ ਹੋਏਗਾ, ਵਾਪਸੀ ਵੀ, ਆਉਣ ਲੱਗਿਆਂ ਵੀ ਫਿਰ ਓਨਾ ਹੀ ਸਮਾਂ ਲੱਗ ਜਾਂਦਾ ਏ। ਗਲਤੀ ਸਵੀਕਾਰ ਕਰਨ ਵਿਚ ਕਦੀ ਵੀ ਢਿੱਲ ਨਾ ਕਰਿਆ ਕਰੋ। ਗਲਤੀ ਸਵੀਕਾਰ ਕਰੋ ਤੇ ਗਲਤੀ ਦਾ ਫਿਰ ਸੁਧਾਰ ਕਰੋ। ਆਖੋ : ਧੰਨ ਗੁਰੂ ਰਾਮਦਾਸ ਜੀ.....। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਅਗਲੀ ਗੱਲ ਵੀ ਬੜੀ ਪਿਆਰੀ ਏ। ਦੇਖੋ ! ਤੁਸੀਂ ਕਿਸੇ ਨੂੰ ਬੁਰਾ-ਭਲਾ ਕਹਿਣਾ

ਏ, ਬੁਰਾ-ਭਲਾ ਇਕਾਂਤ ਵਿਚ ਕਹਿ ਦਿਓ, ਕੱਲਿਆਂ 'ਚ ਕਹਿ ਦਿਓ। ਕਿਸੇ ਨੂੰ ਬੁਰਾ-ਭਲਾ ਇਕਾਂਤ ਵਿਚ ਆਖੋ, ਸਮਝਾਓ, ਪਰ ਪ੍ਰਸ਼ੰਸਾ ਜਦੋਂ ਵੀ ਕਰਨੀ ਏ ਨਾ ਸਭ ਦੇ ਸਾਹਮਣੇ ਕਰੋ। ਜਦੋਂ ਕੋਈ ਬੁਰਾ-ਭਲਾ ਕਹਿਣਾ ਹੈ ਕਿਸੇ ਦੀ ਗਲਤੀ 'ਤੇ ਉਹਨੂੰ ਸਮਝਾਉਣਾ ਹੈ ਨਾ ਇਹ ਜ਼ਿੰਦਗੀ ਦਾ ਇਕ ਨਿਯਮ ਬਣਾ ਲਓ, ਜੇ ਕਿਸੇ ਨੂੰ ਗਲਤੀ ਦੇ ਬਾਰੇ ਸਮਝਾਉਣਾ ਹੈ, ਕੋਈ ਉਹਨੂੰ ਬੁਰਾ-ਭਲਾ ਕਹਿਣਾ ਹੈ, ਕੋਈ ਟੋਕਣਾ ਹੈ ਨਾ, ਇਕਾਂਤ ਵਿਚ ਕਹੋ। ਪਰ ਜੇ ਕਿਤੇ ਉਹਦੇ ਗੁਣਾਂ ਦੀ ਤਾਰੀਫ ਕਰਨੀ ਹੈ, ਪ੍ਰਸ਼ੰਸਾ ਕਰਨੀ ਹੈ ਤੇ ਉਹ ਪਿਆਰਿਓ! ਸਭ ਦੇ ਸਾਹਮਣੇ ਕਰੋ। ਆਖੋ : ਵਾਹਿਗੁਰੂ, ਵਾਹਿਗੁਰੂ।

ਇਹਦੇ ਨਾਲ ਹੋਵੇਗਾ ਕੀ? ਉਹਦੇ ਅੰਦਰ ਪੋਜਿਟਿਵਿਟੀ ਆਏਗੀ ਤੁਹਾਡੇ ਪ੍ਰਤੀ, ਮੈਂ ਗਲਤੀਆਂ ਵੀ ਕਰਦਾ ਹਾਂ ਪਰ ਇਹ ਮੇਰੀਆਂ ਗਲਤੀਆਂ ਨੂੰ ਇਗਨੋਰ ਕਰਦੇ ਨੇ। ਇਕੱਲਿਆਂ 'ਚ ਸਮਝਾ ਦਿੰਦੇ ਨੇ ਤੇ ਸਾਰਿਆਂ ਵਿਚ ਮੇਰੀ ਇੰਨੀ ਤਰੀਫ ਕਰਦੇ ਨੇ। ਵਾਰ-ਵਾਰ ਮੈਨੂੰ ਕਹਿੰਦੇ ਨੇ ਹਾਂ, ਜਿਵੇਂ ਤੂੰ ਕਹੇਂਗਾ ਓਦਾਂ ਹੀ ਹੋਣਾ ਹੈ। ਹੋਏਗਾ ਕੀ? ਇੱਦਾਂ ਪੋਜਿਟਿਵਿਟੀ ਉਹਦੇ ਅੰਦਰ ਵੀ ਬਣਨੀ ਸ਼ੁਰੂ ਹੋ ਜਾਏਗੀ। ਗਲਤੀਆਂ ਤੇ ਹਰੇਕ ਕੋਲੋਂ ਹੁੰਦੀਆਂ ਨੇ ਤੇ ਸਚਾਈ ਏ ਬੱਚਿਆਂ ਦਾ ਕੰਮ ਹੁੰਦਾ ਏ ਗਲਤੀਆਂ ਕਰਨੀਆਂ ਤੇ ਫਿਰ ਵੱਡਾ ਤੇ ਉਹ ਹੀ ਏ ਜਿਹੜਾ ਇਨ੍ਹਾਂ ਨੂੰ ਬਖ਼ਸ਼ ਦੇਵੇ। ਵੱਡਾ ਤੇ ਉਹੀ ਏ ਜਿਹੜਾ ਗਲਤੀਆਂ ਨੂੰ ਮੁਆਫ ਕਰ ਦੇਵੇ। ਦੱਸੋ ਸਾਡੀਆਂ ਗਲਤੀਆਂ ਰੋਜ਼ਾਨਾ ਗੁਰੂ ਰਾਮਦਾਸ ਜੀ ਮੁਆਫ ਨਹੀਂ ਕਰਦੇ? ਬਾਬਾ ਦੀਪ ਸਿੰਘ ਜੀ ਰੋਜ਼ਾਨਾ ਸਾਡੀਆਂ ਗਲਤੀਆਂ ਮੁਆਫ ਨਹੀਂ ਕਰਦੇ? ਤੇ ਕੀ ਹੋਇਆ, ਉਹ ਜਾਣੇ ਜੇ ਕਿਸੇ ਨੇ ਕਿਤੇ ਛੋਟੀ ਜਿਹੀ ਗਲਤੀ ਕਰ ਈ ਦਿੱਤੀ ਏ, ਤੂੰ ਵੀ ਫਿਰ ਵੱਡਾ ਹਿਰਦਾ ਰੱਖ ਕੇ ਉਹ ਗਲਤੀ ਨੂੰ ਮੁਆਫ ਕਰਨਾ ਸਿਖ ਲੈ। ਆਪ ਸਵਰੋ, ਪਰਿਵਾਰ ਸਵਾਰੋ। ਸਾਰੇ ਆਖੋ : ਸਮਾਜ ਆਪੇ ਹੀ ਸਵਰ ਜਾਏਗਾ। ਪਿਆਰ ਨਾਲ ਸਾਰੇ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਓ, ਬੜੇ ਪਿਆਰ ਦੇ ਨਾਲ ਸਾਰੀ ਸੰਗਤ ਕਿਰਪਾ ਕਰਿਓ। ਸ਼ਬਦ ਮੈਂ ਪੜ੍ਹਣਾ ਹੈ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ, ਗੁਰੂ ਗ੍ਰੰਥ ਸਾਹਿਬ ਜੀ ਦੇ ੩੩੫ ਅੰਗ ਦੇ ਉਤੇ। ਮੈਂ ਅੰਗ ਸ਼ਬਦ ਬੋਲਦਾਂ, ਅੰਕ ਨਹੀਂ ਬੋਲਦਾ, ਜਿਵੇਂ ਸਾਡੇ ਅੰਗ ਨੇ, ਇਸੇ ਤਰ੍ਹਾਂ ***ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥*** ਗੁਰੂ ਗ੍ਰੰਥ ਸਾਹਿਬ ਜੀ ਦੇ ੩੩੫ ਅੰਗ ਦੇ ਉਤੇ ਇਹ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਸ਼ਬਦ 'ਰਹਾਉ' ਵਾਲੀਆਂ ਪੰਕਤੀਆਂ ਨੇ :

***ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ ੧॥ ਰਹਾਉ॥***

ਆਓ ! ਸ਼ਬਦ ਦਾ ਗਾਇਨ ਰਲ-ਮਿਲ ਕੇ ਕਰੀਏ, ਕੋਈ ਰਸਨਾ ਵਾਂਝੀ ਨਾ ਰਹੇ ਜੀ:

***ਸਾਵਲ ਸੁੰਦਰ ਰਾਮਈਆ॥***

*ਮੇਰਾ ਮਨੁ ਲਾਗਾ ਤੋਹਿ॥ ੧॥ ਰਹਾਉ॥*

*ਸਾਵਲ ਸੁੰਦਰ ਰਾਮਈਆ॥...*

*ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ॥....*

*ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ॥੧॥*

*ਸਾਵਲ ਸੁੰਦਰ ਰਾਮਈਆ॥*

*ਮੇਰਾ ਮਨੁ ਲਾਗਾ ਤੋਹਿ॥ ੧॥*

*ਸਾਵਲ ਸੁੰਦਰ ਰਾਮਈਆ॥....*

*ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ॥੧॥*

*ਸਾਵਲ ਸੁੰਦਰ ਰਾਮਈਆ॥*

*ਮੇਰਾ ਮਨੁ ਲਾਗਾ ਤੋਹਿ॥ ੧॥.....*

ਧੰਨ ਗੁਰੂ ਰਾਮਦਾਸ ਜੀ, ਸਾਰੇ ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ॥....*

*ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ॥ ੨॥....*

*ਸਾਵਲ ਸੁੰਦਰ ਰਾਮਈਆ॥*

*ਮੇਰਾ ਮਨੁ ਲਾਗਾ ਤੋਹਿ॥ ੧॥.....*

ਧੰਨ ਗੁਰੂ ਰਾਮਦਾਸ ਜੀ, ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥....*

*ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩॥*

*ਸਾਵਲ ਸੁੰਦਰ ਰਾਮਈਆ॥....*

*ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥*

*ਕਹੁ ਕਬੀਰ ਸੰਸਾ ਨਹੀ*

*ਅੰਤਿ ਪਰਮ ਗਤਿ ਪਾਇ॥ ੪॥ ੧॥ ੪॥ ੫੫॥.....*

*ਸਾਵਲ ਸੁੰਦਰ ਰਾਮਈਆ॥....*

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ......

ਧੰਨ ਗੁਰੂ ਰਾਮਦਾਸ ਜੀ।

ਬੋਲੋ ਜੀ :

*ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ ੧॥*

ਧੰਨ ਗੁਰੂ ਰਾਮਦਾਸ ਜੀ, ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਸਾਰੇ ਆਖੋ ਜੀ: ਧੰਨ ਬਾਬਾ ਦੀਪ ਸਿੰਘ ਜੀ।

ਸਭ ਤੋਂ ਪਹਿਲਾਂ ਤਾਂ ਸ਼ੁਕਰਾਨਾ ਕਰੀਏ ਧੰਨ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਜਿਨ੍ਹਾਂ ਦੀਆਂ ਬੇਅੰਤ ਬਖ਼ਸ਼ਿਸ਼ਾਂ ਦੇ ਵਿੱਚੋਂ ਇਹ ਵੀ ਵੱਡੀ ਬਖ਼ਸ਼ਿਸ਼ ਹੈ ਕਿ ਸਤਿਗੁਰਾਂ ਨੇ ਗੁਰਬਾਣੀ ਦਾ ਇਹ ਅਨਮੋਲ ਖ਼ਜ਼ਾਨਾ ਸਾਡੀ ਝੋਲੀ ਦੇ ਵਿਚ ਪਾਇਆ ਹੈ ਵੱਡੀ ਬਖ਼ਸ਼ਿਸ਼ ਏ, ਬੇਅੰਤ ਬਖ਼ਸ਼ਿਸ਼ਾਂ 'ਚੋਂ, ਇਹ ਵੱਡੀ ਰਹਿਮਤ ਹੈ ਕਿ ਸਤਿਗੁਰਾਂ ਦੀ ਬਾਣੀ, ਸਿੱਖਾਂ ਦੀ ਬਾਣੀ, ਭਗਤ ਸਾਹਿਬਾਨਾਂ ਦੀ ਬਾਣੀ, ਮਹਾਰਾਜ ਸਤਿਗੁਰ ਸੱਚੇ ਪਾਤਿਸ਼ਾਹ ਜੀ ਨੇ ਇਹ ਅਨਮੋਲ ਖ਼ਜ਼ਾਨਾ ਸਾਡੀ ਝੋਲੀ ਵਿਚ ਪਾ ਦਿੱਤਾ। ਇਹ ਮੇਰੀ ਬੇਨਤੀ ਹੈ, ਜਿੰਨਾ ਵੀ ਹੋ ਸਕੇ, ਇਸ ਖ਼ਜ਼ਾਨੇ ਤੋਂ ਲਾਭ ਲਈਏ, ਇਹ ਜਿੱਥੇ ਵੀ ਤੁਸੀਂ ਬਹਿ ਕੇ ਸਰਵਣ ਕਰ ਰਹੇ ਹੋ, ਇਹ ਭਗਤ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ ਹੈ। ਕਹਿੰਦੇ :

***ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ ੧॥ ਰਹਾਉ॥***

ਹੇ ਮੇਰੇ ਸਾਵਲੇ, ਹੇ ਮੇਰੇ ਸੋਹਣੇ ਰਾਮ ! ਇਹ ਪ੍ਰਮੇਸ਼ਰ ਦੇ ਨਾਮ ਨੇ, ਭਾਵੇਂ ਉਹਨੂੰ ਬੀਠਲ ਕਹਿ ਲਓ, ਅੱਲ੍ਹਾ ਕਹਿ ਲਓ, ਪ੍ਰਮਾਤਮਾ ਕਹਿ ਲਓ, ਰੱਬ ਕਹਿ ਲਓ, ਵਾਹਿਗੁਰੂ ਕਹਿ ਲਓ, ਭਾਵੇਂ ਮੁਰਾਰੀ ਕਹਿ ਲਓ, ਭਾਵੇਂ ਉਹਨੂੰ ਪਿਆਰਿਓ, ਸਾਵਲ ਸੁੰਦਰ ਕਹਿ ਲਓ। ਇਹ ਉਹਦੇ ਨਾਮ ਨੇ। ਕੀਹਦੇ ਨਾਮ? ਜਿਹੜਾ ਘਟ-ਘਟ ਦੇ ਵਿਚ ਰਮਿਆ ਹੋਇਆ ਹੈ।

ਹੇ ਮੇਰੇ '***ਸਾਵਲ ਸੁੰਦਰ ਰਾਮਈਆ***' ਹੇ ਮੇਰੇ ਘਟ-ਘਟ ਵਿਚ ਵਸੇ ਹੋਏ ਮੇਰੇ ਸੋਹਣੇ ਸਾਈਂ, ਮੇਰੇ ਅਕਾਲ ਪੁਰਖ ਜੀ, ਮੇਰੇ ਗੁਰ ਪ੍ਰਮੇਸ਼ਰ, ਗੁਰੂ ਰਾਮਦਾਸ ਜੀ ! '***ਮੇਰਾ ਮਨੁ ਲਾਗਾ ਤੋਹਿ***' ਮੇਰਾ ਤੇ ਮਨ ਹੁਣ ਤੁਹਾਡੇ ਚਰਨਾਂ ਦੇ ਨਾਲ ਜੁੜ ਗਿਆ ਹੈ। ਦੇਖੋ, ਤਕਰੀਬਨ ਅੱਜ ਮੈਂ ਜੇ ਇਉਂ ਕਹਿ ਲਵਾਂ 98% ਇਹੋ ਜਿਹੇ ਨੇ ਜਿਹੜੇ ਆਮ ਤੌਰ 'ਤੇ ਇਹ ਗੱਲ ਕਹਿੰਦੇ ਨੇ—ਅਸੀਂ ਬਾਣੀ ਪੜ੍ਹਦੇ ਹਾਂ, ਗੁਰਦੁਆਰੇ ਜਾਂਦੇ ਹਾਂ, ਸਿਮਰਨ ਕਰਦੇ ਹਾਂ, ਸਾਡਾ ਮਨ ਨਹੀਂ ਲੱਗਦਾ। ਆਖੋ : ਵਾਹਿਗੁਰੂ-ਵਾਹਿਗੁਰੂ।

ਸਾਡਾ ਮਨ ਨਹੀਂ ਜੁੜਦਾ। ਪਰ ਇਥੇ ਭਗਤ ਜੀ ਕਹਿ ਰਹੇ ਹਨ : '***ਮੇਰਾ ਮਨੁ ਲਾਗਾ ਤੋਹਿ***'। ਸਾਡਾ ਮਨ ਨਹੀਂ ਜੁੜਦਾ ਤੇ ਕਦੀ ਨੋਟ ਕਰਨਾ, ਬੰਦੇ ਦਾ ਹਮੇਸ਼ਾ ਮਨ ਉਸ ਚੀਜ਼ ਦੇ ਨਾਲ ਨਹੀਂ ਜੁੜਦਾ, ਜਿਸ ਚੀਜ਼ ਦੇ ਨਾਲ ਲਗਾਵ ਨਾ ਹੋਵੇ, ਉਹਦੇ ਵਿਚ ਮਨ ਨਹੀਂ ਜੁੜੇਗਾ। ਹੁਣ ਬੰਦਾ ਕਿਸੇ ਦੀ ਨਿੰਦਿਆ ਕਰਨ ਬੈਠ ਜਾਏ। ਕਹੀਏ ਨਾ ਭਈ ਆਪਣੇ ਬਾਰੇ ਕੁਝ ਬੋਲੋ ਤੇ ਆਪਣੇ ਬਾਰੇ ਪਤਾ ਕੀ ਬੋਲੇਗਾ? ਮੇਰਾ ਨਾਮ ਆਹ, ਮੇਰੇ ਮਾਤਾ ਪਿਤਾ ਆਹ, ਮੇਰਾ ਕੰਮ-ਕਾਜ ਆਹ, ਮੈਂ ਫਲਾਨੀ ਜਗ੍ਹਾ 'ਤੇ ਰਹਿਣਾਂ। ਇਸ ਤੋਂ ਬਾਅਦ ਆਪਣੀ ਇੰਟਰੋਡਕਸ਼ਨ ਨਹੀਂ। ਪਰ ਦੂਜੇ ਦੇ ਬਾਰੇ ਕੋਈ ਗੱਲ ਪੁੱਛੋ, ਦੋ-ਦੋ, ਤਿੰਨ-ਤਿੰਨ ਘੰਟੇ ਬੋਲ ਦੇਵੇਗਾ। ਆਖੋ : ਵਾਹਿਗੁਰੂ-ਵਾਹਿਗੁਰੂ।

ਉਹ ਤੇ ਇਹੋ ਜਿਹਾ ਹੈ, ਉਹਦਾ ਕਰੈਕਟਰ ਇਹੋ ਜਿਹਾ, ਉਹ ਤੇ ਏਦਾਂ ਦਾ ਏ, ਉਹਦਾ ਸੁਭਾਅ ਇਹੋ ਜਿਹਾ, ਉਹ ਆਹ ਵੀ ਮਾੜੇ ਕਰਮ ਕਰਦਾ, ਉਹ ਆਹ ਵੀ ਕੰਮ

ਕਰਦਾ ਹੈ, ਉਦੋਂ ਦੋ-ਦੋ ਤਿੰਨ-ਤਿੰਨ ਘੰਟੇ ਸਾਨੂੰ ਦੂਜਿਆਂ ਦੇ ਪ੍ਰਤੀ ਸਾਨੂੰ ਬੁਲਾ ਲਵੇ ਕੋਈ, ਅਸੀਂ ਬੋਲਣ ਲਈ ਤਿਆਰ ਹੋ ਜਾਂਦੇ ਹਾਂ, ਬੋਲ ਵੀ ਲੈਂਦੇ ਹਾਂ, ਪਤਾ ਵੀ ਨਹੀਂ ਲੱਗਦਾ ਦੋ-ਤਿੰਨ ਘੰਟੇ ਕਦੋਂ ਬੀਤ ਗਏ। ਕਿਉਂ ਨਹੀਂ ਪਤਾ ਲੱਗਦਾ? ਕਿਉਂਕਿ ਨਿੰਦਿਆ ਕਰਨ ਵਿਚ ਸਾਡਾ ਇਨਟਰਸਟ ਬਣ ਜਾਂਦਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਹੁਣ ਕੋਈ ਸ਼ਰਾਬੀ ਏ, ਕਦੀ ਉਹਦੇ ਮੂੰਹੋਂ ਸੁਣਿਆ ਏ ਕਿ ਮੈਂ ਸ਼ਰਾਬ ਪੀਣ ਬੈਠਦਾਂ ਤਾਂ ਮੇਰਾ ਮਨ ਨਹੀਂ ਲੱਗਦਾ। ਦੋ ਬੋਤਲਾਂ ਪਿਆ ਦਿਓ ਭਾਵੇਂ। ਕੋਈ ਜੁਆਰੀ ਏ, ਜੂਆ ਖੇਡਣ ਬੈਠਾ ਹੈ, ਕਦੀ ਨਹੀਂ ਇਹ ਕਹੇਗਾ ਕਿ ਮੇਰਾ ਜੂਆ ਖੇਡਣ ਵਿਚ ਮਨ ਨਹੀਂ ਲੱਗਿਆ, ਕਿਉਂਕਿ ਉਸ ਕੰਮ ਵਿਚ ਉਸ ਨੂੰ ਇਨਟਰਸਟ ਏ। ਉਹਦਾ ਸੁਭਾਅ ਬਣ ਗਿਆ ਹੈ। ਜਿਸ ਕੰਮ ਵਿਚ ਬੰਦੇ ਦਾ ਇਨਟਰਸਟ ਪੈਦਾ ਹੋ ਜਾਏ, ਜਿਸ ਕੰਮ ਦੀ ਆਦਤ ਬਣ ਜਾਏ, ਜਿਸ ਕੰਮ ਨੂੰ ਕਰਨ ਵਿਚ ਅੰਦਰ ਚਾਅ ਉਤਪੰਨ ਹੁੰਦਾ ਹੋਵੇ, ਉਸ ਕੰਮ ਵਿਚ ਬੰਦੇ ਦਾ ਮਨ ਲੱਗ ਹੀ ਜਾਂਦਾ ਹੈ। ਕਦੀ ਕਿਸੇ ਨੇ ਕਿਹਾ, ਮੈਂ ਫਲਾਣੇ ਕੋਲੋਂ ਪੈਸੇ ਲੈਣੇ, ਉਹ ਮੈਨੂੰ ਦੇਣ ਆਇਆ ਸੀ ਲੱਖ ਰੁਪਿਆ, ਮੈਂ ਉਹਦੇ ਕੋਲੋਂ ਲੈਣਾ ਸੀ, 50000, 50000 ਹਜ਼ਾਰ ਦੀਆਂ ਦੋ ਥਹੀਆਂ ਉਹਨੇ ਮੈਨੂੰ ਦਿੱਤੀਆਂ ਤੇ ਜਦੋਂ ਉਹਨੇ ਦਿੱਤੀਆਂ ਤੇ ਉਹਨੇ ਕਿਹਾ ਕਿ ਇਕ ਵਾਰੀ ਗਿਣਤੀ ਕਰ ਲੈ ਤੇ ਹੁਣ ਜਦੋਂ ਮੈਂ ਗਿਣਤੀ ਕਰਨ ਲੱਗ ਪਿਆ ਨੋਟਾਂ ਦੀ ਤੇ ਨੋਟ ਗਿਣਦਿਆਂ-ਗਿਣਦਿਆਂ ਮੇਰਾ ਮਨ ਨਹੀਂ ਲੱਗਿਆ, ਨੋਟ ਗਿਣਦਿਆਂ-ਗਿਣਦਿਆਂ ਮੈਨੂੰ ਆਲਸ ਬੜਾ ਆਇਆ, ਨੋਟ ਗਿਣਦਿਆਂ-ਗਿਣਦਿਆਂ ਮੈਨੂੰ ਉਬਾਸੀਆਂ ਬੜੀਆਂ ਆਈਆਂ, ਕਦੀ ਕਿਹਾ ਕਿਸੇ ਨੇ, ਕਦੀ ਨਹੀਂ।

ਜਿਸ ਕੰਮ ਵਿਚ ਬੰਦੇ ਦਾ ਇਨਟਰਸਟ ਹੈ ਉਸ ਕੰਮ ਦੇ ਵਿਚ ਮਨ ਲੱਗ ਜਾਂਦਾ ਹੈ ਤੇ ਮਨ ਹਮੇਸ਼ਾ ਉਥੇ ਨਹੀਂ ਲੱਗਦਾ ਜਿਸ ਕੰਮ ਵਿਚ ਇਨਟਰਸਟ ਨਾ ਹੋਵੇ। ਇਹਦਾ ਮਤਲਬ ਬਾਣੀ ਪੜ੍ਹਣ ਵਿਚ, ਸਿਮਰਨ ਕਰਨ ਵਿਚ, ਗੁਰਦੁਆਰੇ ਜਾ ਕੇ ਕੀਰਤਨ ਸੁਣਨ ਵਿਚ ਸਾਡਾ ਅਜੇ ਤੱਕ ਇਨਟਰਸਟ ਪੈਦਾ ਹੀ ਨਹੀਂ ਹੋਇਆ। ਆਖੋ: ਵਾਹਿਗੁਰੂ-ਵਾਹਿਗੁਰੂ।

ਹੁਣ ਮੈਂ ਸ਼ਬਦ ਪੜ੍ਹ ਰਿਹਾਂ ***''ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥''*** ਸ਼ਾਇਦ ਇਸ ਸ਼ਬਦ ਨੂੰ ਸੁਣ ਕੇ ਕਈ ਘਰਾਂ ਦੇ ਵਿਚ ਬਹਿ ਕੇ ਝੂਮਦੇ ਹੋਣ, ਸਿਰ ਮਾਰਦੇ ਹੋਣ, ਵਾਹ ਟਿਊਨ ਬੜੀ ਸੋਹਣੀ ਪੜ੍ਹੀ ਏ ਜੀ, ਬੜਾ ਅਨੰਦ ਆ ਰਿਹਾ ਹੈ ਤੇ ਕੋਈ ਇਹ ਵੀ ਪੁੱਛੇ ਭਈ ਇਸ ਸ਼ਬਦ ਨੇ ਮੈਸਜ ਕੀ ਦਿੱਤਾ ਹੈ, ਉਸ ਸਮੇਂ ਸਾਡੀਆਂ ਅੱਖਾਂ ਨੀਂਵੀਆਂ ਹੋ ਜਾਣ ਤੇ ਗੱਲ ਤੇ ਨਾ ਬਣੀ। ਹਾਂ, ਬਰਤਨ ਹੈ ਨਾ ਬਰਤਨ, ਜਿਸ ਬਰਤਨ ਦੇ ਵਿਚ ਪ੍ਰਸ਼ਾਦਾ-ਪਾਣੀ ਰੱਖਿਆ ਹੈ, ਉਸ ਬਰਤਨ ਦਾ ਵੀ ਸਤਿਕਾਰ ਹੈ, ਕਿਉਂਕਿ ਜਿਹੋ ਜਿਹੀ ਚੀਜ਼ ਬਰਤਨ ਦੇ ਵਿਚ ਪਈ ਹੋਏਗੀ ਨਾ ਜੇ ਮਾੜੀ ਚੀਜ਼ ਪਈ ਏ, ਮਾੜੀ ਚੀਜ਼ ਦੇ ਕਰਕੇ ਲੋਕ ਬਰਤਨ ਤੋਂ ਵੀ ਮੂੰਹ ਮੋੜ ਲੈਂਦੇ ਨੇ। ਬਰਤਨ ਦੇ ਵਿਚ ਚੰਗੀ ਚੀਜ਼ ਪਈ ਹੋਵੇ, ਬਰਤਨ ਦਾ ਵੀ ਸਤਿਕਾਰ ਵੱਧ ਜਾਂਦਾ ਹੈ।

ਰਾਗ ਤੇ ਬਾਬਾ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਸਨ ਪਰ ਇਹ ਰਾਗ ਰਾਜਿਆਂ ਦੀਆਂ ਮਹਿਫਲਾਂ ਵਿਚ ਗਾਏ ਜਾਂਦੇ ਸੀ। ਪਰ ਅੱਜ ਇਨ੍ਹਾਂ ਰਾਗਾਂ ਦਾ ਵੀ ਸਤਿਕਾਰ ਬਣ ਗਿਆ ਹੈ। ਮੇਰਾ ਖਿਆਲ ਹੈ ਕਿ ਇਹ ਰਾਗ ਵੀ ਸ਼ੁਕਰਾਨੇ ਕਰਦੇ ਹੋਣਗੇ, ਗੁਰੂ ਨਾਨਕ ਦੇਵ ਜੀ ਦੇ ਕਿ ਤੁਹਾਡੇ ਕਰਕੇ, ਤੁਸੀਂ ਜੋ ਰਾਗਾਂ ਦੇ ਵਿਚ ਗੁਰਬਾਣੀ ਉਚਾਰਣ ਕਰ ਦਿੱਤੀ ਏ, ਤੁਹਾਡੀ ਇਹ ਗੁਰਬਾਣੀ ਉਚਾਰਣ ਕਰਨ ਦਾ ਸਦਕਾ ਸਾਡਾ ਵੀ ਸਤਿਕਾਰ ਹੋਣ ਲੱਗ ਪਿਆ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਰਾਗ ਬੰਦਿਸ਼, ਇਕ ਬਰਤਨ ਹੈ, ਤੇ ਕਦੀ ਤੁਸੀਂ ਖਿਆਲ ਕਰਨਾ ਭੁੱਖ ਜਿਹੜੀ ਏ, ਓ ਪਿਆਰਿਓ ! ਬਰਤਨ ਦੇ ਨਾਲ ਨਹੀਂ ਮਿਟਦੀ। ਭੁੱਖ ਤੇ ਜਿਹੜਾ ਵਿਚ ਪਦਾਰਥ ਪਿਆ ਏ, ਜਿਹੜੀ ਰੋਟੀ ਪਈ, ਜਿਹੜਾ ਭੋਜਨ ਪਿਆ, ਉਹਨੇ ਮਿਟਾਉਣੀ ਏ। ਬਰਤਨ ਦੇ ਨਾਲ ਭੁੱਖ ਨਹੀਂ ਮਿਟੇਗੀ। ਹਾਂ, ਬਰਤਨ ਦਾ ਸਤਿਕਾਰ ਹੈ ਕਿ ਬਰਤਨ ਦੇ ਵਿਚ ਪਾ ਕੇ ਰੋਟੀ ਆਈ ਹੈ ਪਰ ਭੁੱਖ ਤੇ ਅਸਲੀਅਤ ਦੇ ਵਿਚ ਰੋਟੀ ਨੇ ਮਿਟਾਉਣੀ ਏ। ਬਸ ਏਸੇ ਤਰ੍ਹਾਂ ਅਸੀਂ ਝੂਮਦੇ ਹਾਂ, ਭਈ ਬੜੀ ਪਿਆਰੀ ਬੰਦਿਸ਼, ਬੜਾ ਅਨੰਦ ਆਇਆ ਹੈ, ਬੜਾ ਰਸ ਆਇਆ ਹੈ, ਚੰਗੀ ਗੱਲ ਏ, ਪਰ ਪਿਆਰਿਆ ! ਇਕੱਲੀ ਬੰਦਿਸ਼ ਸੁਣਨ ਦੇ ਨਾਲ ਭੁੱਖ ਨਹੀਂ ਮਿਟਣੀ, ਅੰਦਰਲੀ ਤ੍ਰਿਪਤੀ ਉਦੋਂ ਹੋਏਗੀ ਕਿ ਜੋ ਗੁਰੂ ਪਿਤਾ ਜੀ ਬਾਣੀ ਵਿਚ ਕਹਿ ਰਹੇ ਨੇ, ਜਦੋਂ ਉਹਦੀ ਵਿਚਾਰ ਕਰਕੇ ਉਸ ਵਿਚਾਰ ਨੂੰ ਤੂੰ ਮੰਨਣ ਦਾ ਯਤਨ ਕਰੇਂਗਾ। ਧੰਨ ਗੁਰੂ ਰਾਮਦਾਸ ਜੀ-ਧੰਨ ਗੁਰੂ ਰਾਮਦਾਸ ਜੀ।

ਵੇਖੋ, ਇਸ ਸ਼ਬਦ ਦੇ ਵਿਚ ਭਗਤ ਜੀ ਨੇ ਕਿੱਡੀ ਪਿਆਰੀ ਗੱਲ ਕਹੀ ਏ :

***''ਸਾਵਲ ਸੁੰਦਰ ਰਾਮਈਆ''*** ਕਿੱਡਾ ਪਿਆਰਾ ਨਾਮ ਹੈ। ਹੁਣ ਨਾਵਾਂ ਦੇ ਵੱਲ ਆਪਾਂ ਨਾ ਹੀ ਜਾਈਏ। ਹੁਣ ਪਾਣੀ ਏ, ਅਸੀਂ ਪਾਣੀ ਕਹਿ ਦਿੰਦੇ ਹਾਂ, ਕਈ ਜਲ ਕਹਿੰਦੇ ਨੇ, ਕਈ ਵਾਟਰ ਕਹਿੰਦੇ ਨੇ। ਹਰੇਕ ਬੋਲੀ ਵਿਚ ਪਾਣੀ ਨੂੰ ਕਿੰਨੇ ਹੀ ਨਾਵਾਂ ਨਾਲ ਸੱਦਿਆ ਜਾਂਦਾ ਹੋਏਗਾ। ਗੱਲ ਨਾਂ ਦੀ ਨਹੀਂ, ਗੱਲ ਤੇ ਪਿਆਰਿਓ ! ਇਹ ਹੈ ਜੇ ਤੈਨੂੰ ਪਿਆਸ ਲੱਗੀ ਏ, ਉਸ ਵੇਲੇ ਵਾਟਰ-ਵਾਟਰ ਕਹਿਣ ਦੇ ਨਾਲ ਜਾਂ ਪਾਣੀ-ਪਾਣੀ ਕਹਿਣ ਦੇ ਨਾਲ ਜਾਂ ਜਲ-ਜਲ ਕਹਿਣ ਦੇ ਨਾਲ ਪਿਆਸ ਤੇ ਮਿਟਣੀ ਨਹੀਂ। ਪਿਆਸ ਤੈਨੂੰ ਲੱਗੀ, ਗਲਾਸ ਚੱਕ ਪਾਣੀ ਦਾ ਤੇ ਪਾਣੀ ਪੀ ਲੈ, ਤਾਂ ਤੇਰੀ ਪਿਆਸ ਮਿਟਣੀ ਏ। ਵਾਹ ! ਸ਼ਬਦ ਅਸੀਂ ਪੜ੍ਹੀ ਜਾ ਰਹੇ ਹਾਂ, ਪੜ੍ਹੀ ਜਾ ਰਹੇ ਹਾਂ, ਚੰਗੀ ਗੱਲ ਏ, ਪਰ ਅੰਦਰਲੀ ਤ੍ਰਿਪਤੀ ਉਦੋਂ ਹੀ ਹੋਣੀ ਏ, ਅਗਲੀਆਂ ਮੰਜ਼ਿਲਾਂ 'ਤੇ ਤੂੰ ਉਦੋਂ ਹੀ ਪਹੁੰਚਣਾ ਹੈ ਜਦੋਂ ਇਹ ਸ਼ਬਦ ਦੇ ਰਸ ਨੂੰ ਤੂੰ ਪੀਵੇਂਗਾ। ਜਦੋਂ ਇਹ ਸ਼ਬਦ ਕਹਿ ਕੀ ਰਿਹਾ ਏ ਜਦੋਂ ਉਸ ਮੁਤਾਬਕ ਤੂੰ ਚੱਲਣ ਦਾ ਯਤਨ ਕਰੇਂਗਾ। ਆਖੋ : ਧੰਨ ਗੁਰੂ ਰਾਮਦਾਸ ਜੀ....। ਪਿਆਰ ਨਾਂਲ ਆਖੋ ਨਾ, ਧੰਨ ਬਾਬਾ ਦੀਪ ਸਿੰਘ ਜੀ....।

***''ਸਾਵਲ ਸੁੰਦਰ ਰਾਮਈਆ''*** ਹੇ ਮੇਰੇ ਰਮੇ ਹੋਏ ਪ੍ਰਮੇਸ਼ਰ ਸਾਈਂ ! ਘਟ-ਘਟ ਵਿਚ

ਰਮਿਆ ਹੋਇਆ ਉਹ, ਘਟ-ਘਟ ਵਿਚ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*** (ਅੰਗ ੧੪੨੭)

ਹਰੇਕ ਦੇ ਵਿਚ ਵੱਸ ਰਿਹਾ ਹੈ। ਹੁਣ ਤੁਸੀਂ ਸੋਚੋ, ਧਿਆਨ ਦੇਣ ਯੋਗ ਗੱਲ ਹੈ ਇਥੇ:

***ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ***
***ਸਹਸ ਮੂਰਤਿ ਨਨਾ ਏਕ ਤੁੋਹੀ॥*** (ਅੰਗ ੧੩)

ਦੇਖੋ ! ਕਿੱਡੀ ਪਿਆਰੀ ਗੱਲ ਕਹੀ ਸਤਿਗੁਰਾਂ ਨੇ, ਜਿਹੜਾ ਪ੍ਰਮੇਸ਼ਰ ਘਟ-ਘਟ ਵਿਚ ਰਮਿਆ ਹੋਇਆ ਏ, ਅਸੀਂ ਕੀਰਤਨ ਸੋਹਿਲੇ ਦੀ ਬਾਣੀ ਵਿਚ ਰੋਜ਼ ਹੀ ਪੜ੍ਹਦੇ ਹਾਂ। ਕਹਿੰਦੇ ਕਿ ਤੇਰੀਆਂ ਹਜ਼ਾਰਾਂ ਹੀ ਅੱਖਾਂ ਨੇ, ਹਜ਼ਾਰਾਂ ਹੀ, ਪਰ ਹੇ ਪ੍ਰਮੇਸ਼ਰ ! ਤੇਰੀ ਇਕ ਵੀ ਅੱਖ ਨਹੀਂ। ਆਖੋ : ਵਾਹਿਗੁਰੂ-ਵਾਹਿਗੁਰੂ।

ਜਦੋਂ ਮੈਂ ਵੇਖਦਾਂ ਤੇਰੀ ਬਣਾਈ ਹੋਈ ਕੁਦਰਤ ਵੱਲ, ਤੇਰੇ ਜੀਵਾਂ ਵੱਲ, ਫਿਰ ਮੇਰੀ ਪਤਨੀ ਦੀਆਂ ਅੱਖਾਂ ਵੀ ਮੈਨੂੰ ਤੇਰੀਆਂ ਅੱਖਾਂ ਲੱਗਦੀਆਂ ਨੇ, ਮੇਰੇ ਬੱਚਿਆਂ ਦੀਆਂ ਅੱਖਾਂ ਵੀ ਮੈਨੂੰ ਤੇਰੀਆਂ ਅੱਖਾਂ ਲੱਗਦੀਆਂ ਨੇ, ਮੇਰੇ ਮਾਪਿਆਂ ਦੀਆਂ ਅੱਖਾਂ ਵੀ ਮੈਨੂੰ ਤੇਰੀਆਂ ਅੱਖਾਂ ਲੱਗਦੀਆਂ ਨੇ, ਮੇਰੇ ਗੁਆਂਢੀ ਦੀਆਂ ਅੱਖਾਂ ਵੀ ਮੈਨੂੰ ਤੇਰੀਆਂ ਅੱਖਾਂ ਲੱਗਦੀਆਂ ਨੇ। ਵੇਖੋ, ਜੇ ਕਿਤੇ ਆਹ ਚੀਜ਼ ਸਮਝੀਏ, ਜਿਹੜਾ ਵੀ ਮੇਰੇ ਕੋਲ ਹੈ ਭਾਵੇਂ ਮੇਰਾ ਮਿੱਤਰ, ਦੋਸਤ ਏ, ਭਾਵੇਂ ਉਹ ਮੇਰਾ ਗੁਆਂਢੀ ਏ, ਭਾਵੇਂ ਉਹ ਮੇਰੇ ਬੱਚੇ ਨੇ, ਭਾਵੇਂ ਉਹ ਮੇਰਾ ਪਤੀ ਏ, ਭਾਵੇਂ ਉਹ ਮੇਰੀ ਪਤਨੀ ਏ, ਭਾਵੇਂ ਮੇਰੀ ਮਾਂ ਏ, ਭਾਵੇਂ ਮੇਰਾ ਬਾਪ ਏ, ਕੋਈ ਵੀ ਏ ਹਰੇਕ ਦੀਆਂ ਅੱਖਾਂ ਪ੍ਰਮੇਸ਼ਰ ਦੀਆਂ ਅੱਖਾਂ ਨੇ। ਜਦੋਂ ਕੋਈ ਇਸ ਫਿਲੋਸਫੀ ਨੂੰ ਸਮਝ ਲਵੇਗਾ, ਸੱਚ ਕਹਿ ਦਿਆਂ ਫਿਰ ਕੋਈ ਵੀ ਇਕ ਦੂਜੇ ਨਾਲ ਬੇਈਮਾਨੀ ਨਹੀਂ ਕਰੇਗਾ ਕਿ ਮੈਨੂੰ ਤੇ ਪ੍ਰਮੇਸ਼ਰ ਦੀਆਂ ਅੱਖਾਂ ਵੇਖ ਰਹੀਆਂ ਨੇ। ਉਥੇ ਕੈਮਰਾ ਭਾਵੇਂ ਬਾਹਰ ਵਾਲਾ ਦੁਨਿਆਵੀ ਕੈਮਰਾ ਸੀ.ਸੀ.ਟੀ.ਵੀ. ਲੱਗਾ ਹੈ ਭਾਵੇਂ ਨਹੀਂ ਲੱਗਾ, ਬੰਦਾ ਕਦੀ ਵੀ ਪਿਆਰਿਓ ! ਬੇਈਮਾਨੀ ਨਹੀਂ ਕਰੇਗਾ, ਕਦੀ ਵੀ ਨਫ਼ਰਤ ਨਹੀਂ ਕਰੇਗਾ, ਕਦੀ ਵੀ ਨਿੰਦਿਆ ਨਹੀਂ ਕਰੇਗਾ, ਕਿਉਂ ਨਹੀਂ ਕਰੇਗਾ? ਇਸ ਕਰਕੇ ਨਹੀਂ ਕਰੇਗਾ ਕਿ ਪ੍ਰਮੇਸ਼ਰ ਦੀਆਂ ਅੱਖਾਂ ਮੈਨੂੰ ਵੇਖ ਰਹੀਆਂ ਨੇ। ਜੇ ਮੈਂ ਵੇਖਦਾਂ ਸਰਗੁਨ ਸਰੂਪ ਦੇ ਵਿਚ ਤੇ ਉਹਦੀਆਂ ਹਜ਼ਾਰਾਂ ਹੀ ਅੱਖਾਂ ਨੇ ***"ਸਹਸ ਤਵ ਨੈਨ"***, ਅੱਗੇ ਕਹਿੰਦੇ, ***"ਨਨ ਨੈਨ ਹਹਿ ਤੋਹਿ ਕਉ"*** ਕਹਿੰਦੇ ਤੇਰੀਆਂ ਹਜ਼ਾਰਾਂ ਅੱਖਾਂ ਨੇ, ਪਰ ਤੇਰੀ ਇਕ ਵੀ ਅੱਖ ਨਹੀਂ, ਜੇ ਨਿਰੰਕਾਰ ਦੇ ਰੂਪ ਵਿਚ ਵੇਖਦਾਂ, ਨਿਰਾਕਾਰ ਦੇ ਰੂਪ ਵਿਚ ਵੇਖਦਾਂ, ਤੇਰੀ ਇਕ ਵੀ ਅੱਖ ਨਹੀਂ। ਤੇਰੀਆਂ ਹਜ਼ਾਰਾਂ ਹੀ ਮੂਰਤਾਂ ਨੇ ਤੇ ਤੇਰੀ ਇਕ ਵੀ ਮੂਰਤ ਨਹੀਂ। ਹੇ ਮੇਰੇ ਰਾਮਈਆ ! ਹੇ ਮੇਰੇ ਬੀਠਲਾ ! ਹੇ ਮੇਰੇ ***"ਸਾਵਲ ਸੁੰਦਰ ਰਾਮਈਆ"*** ! ਹੇ ਮੇਰੇ ਸੋਹਣੇ ਪ੍ਰਮੇਸ਼ਰ ! ਹੇ ਮੇਰੇ ਸੋਹਣੇ ਰਾਮ ! ਮੇਰੇ ਮਨ ਤੇ ਤੇਰੇ ਚਰਨਾਂ ਦੇ ਨਾਲ ਲੱਗ ਗਿਆ ਏ।

ਹੁਣ ਜ਼ਰਾ ਪਾਈਏ ਝਾਤੀ, ਸਾਡਾ ਮਨ ਲੱਗਿਆ ਕਿ ਨਹੀਂ। ਹੁਣ ਬੱਚੇ ਨੇ, ਬੱਚੇ ਦਾ

ਤਨ ਜਾਵੇ ਰੋਜ਼ ਸਕੂਲ 'ਚ ਰੋਜ਼ ਜਾਵੇ ਤਨ ਕਰਕੇ, ਰੋਜ਼ ਹਾਜ਼ਰੀ ਭਰੇ, ਸਕੂਲ ਦੇ ਵਿਚ ਹਾਜ਼ਰੀ ਉਹਦੀ ਪੂਰੀ ਲੱਗੇ, ਪਰ ਮਨ ਪੜ੍ਹਾਈ 'ਚ ਲਾਵੇ ਨਾ, ਤੇ ਕਈ ਵਾਰੀ ਸਾਡੇ ਬੱਚਿਆਂ ਦੇ ਟੀਚਰ ਸ਼ਿਕਾਇਤ ਕਰਦੇ ਆ, ਜਦੋਂ ਪੀਟੀ ਮੀਟ 'ਤੇ ਜਾਂਦੇ ਹਾਂ ਆਪਾਂ, ਕਈ ਵਾਰੀ ਟੀਚਰ ਕਹਿੰਦੇ ਨੇ, ਨਾ ਜੀ ! ਬੱਚਾ ਸਕੂਲ ਤੇ ਰੋਜ਼ ਆ ਰਿਹਾ, ਪਰ ਇਹਦਾ ਪੜ੍ਹਾਈ 'ਚ ਮਨ ਨਹੀਂ ਲੱਗ ਰਿਹਾ। ਜੇ ਇਹਦਾ ਮਨ ਨਾ ਲੱਗਾ, ਹੋ ਸਕਦਾ ਇਹ ਫੇਲ੍ਹ ਹੋ ਜਾਵੇ ਆ ਭਾਵੇਂ ਰੋਜ਼ ਰਿਹਾ ਹੈ। ਉਹੀ ਕਲਾਸ ਏ, ਉਸੇ ਕਲਾਸ ਦੇ ਵਿਚ ਬੱਚਾ ਦੂਜਾ ਵੀ ਆ ਰਿਹਾ ਰੋਜ਼। ਰੋਜ਼ ਆ ਰਿਹਾ, ਪਰ ਉਹਨੇ ਮਨ ਕਰਕੇ ਪੜ੍ਹਾਈ ਕੀਤੀ। ਇਕ ਜਿੰਨੇ ਮਨ ਨਹੀਂ ਲਾਇਆ, ਉਹ ਫਾਈਨਲ ਪੇਪਰਾਂ 'ਚੋਂ ਫੇਲ੍ਹ ਹੋ ਰਿਹਾ ਏ ਤੇ ਜਿਨ੍ਹੇ ਮਨ ਲਾ ਲਿਆ, ਕਲਾਸ ਉਹੀ ਏ, ਪੜ੍ਹਾਉਣ ਵਾਲਾ ਟੀਚਰ ਵੀ ਉਹੀ ਏ, ਜਿਨ੍ਹੇ ਮਨ ਲਾ ਲਿਆ ਉਹ ਕਲਾਸ ਦੇ ਵਿਚ ਫਸਟ ਆ ਰਿਹਾ ਹੈ। ਇਹ ਮੇਰੀ ਬੇਨਤੀ ਏ ਜਿੰਨੇ ਤੁਸੀਂ ਸੁਣ ਰਹੇ ਹੋ, ਕਿਸੇ ਬਾਹਰ ਵਾਲੇ ਨੇ ਆ ਕੇ ਸਾਡਾ ਮਨ ਨਹੀਂ ਲਾਉਣਾ। ਗੁਰਬਾਣੀ ਪੜ੍ਹਣ ਵਿਚ ਇਨਟਰਸਟ ਪੈਦਾ ਕਰੋ, ਕੀਰਤਨ ਸੁਣਨ ਵਿਚ, ਕਰਨ ਵਿਚ ਇਨਟਰਸਟ ਪੈਦਾ ਕਰੋ। ਆਪਣੇ ਅੰਦਰ ਗੁਰੂ ਦੇ ਗੁਣ ਵਧਾਉਣ ਵਿਚ ਇਨਟਰਸਟ ਪੈਦਾ ਕਰੋ। ਜਦੋਂ ਇਨਟਰਸਟ ਪੈਦਾ ਕਰਾਂਗੇ, ਮਨ ਸਾਡਾ ਐਟੋਮੈਟਿਕ ਆਪੇ ਹੀ ਲੱਗ ਜਾਏਗਾ। ਆਖੋ : ਧੰਨ ਗੁਰੂ ਰਾਮਦਾਸ ਜੀ....। ਪਿਆਰ ਨਾਲ ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਜਿਵੇਂ ਬਾਕੀ ਦੀਆਂ ਚੀਜ਼ਾਂ ਵਿਚ ਸਾਡਾ ਮਨ ਲੱਗਦਾ ਹੈ, ਇਸ ਗੱਲ ਵਿਚ ਵੀ ਆਪਣਾ ਮਨ ਜੋੜੀਏ, ਮਨ ਲਾਈਏ ਤੇ ਜਦੋਂ ਮਨ ਲੱਗੇਗਾ ਤੇ ਫਿਰ ਪਿਆਰਿਓ ! ਹਰੇਕ ਦੇ ਹਿਰਦੇ ਵਿਚ ਸਾਨੂੰ ਪ੍ਰਮੇਸ਼ਰ ਸਾਈਂ ਹੀ ਨਜ਼ਰ ਆਏਗਾ।

***ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥***

ਕਹਿੰਦੇ, ਹੇ ਮੇਰੇ ਸਾਵਲੇ, ਸੋਹਣੇ, ਪ੍ਰਮੇਸ਼ਰ ਸਾਈਂ, ਮੇਰੇ ਰਾਮ ! ਮੇਰਾ ਮਨ ਤੇ ਤੇਰੇ ਚਰਨਾਂ ਦੇ ਵਿਚ ਜੁੜ ਗਿਆ ਹੈ ਤਾਂ ਮੈਨੂੰ ਹਉਮੈ ਜਾਂ ਇਹ ਵਿਕਾਰ, ਇਹ ਚੀਜ਼ਾਂ ਹੁਣ ਮੈਨੂੰ ਦੁਖੀ ਕਰ ਹੀ ਨਹੀਂ ਸਕਦੀਆਂ। ਇਹ ਹੁਣ ਮੇਰੇ ਨੇੜੇ ਨਹੀਂ ਆਉਣੀਆਂ, ਕਿਉਂਕਿ ਮੇਰਾ ਮਨ ਤੇਰੇ ਚਰਨਾਂ ਦੇ ਨਾਲ ਜੁੜ ਗਿਆ ਹੈ। ਅੱਗੇ ਕੀ ਕਹਿ ਰਹੇ ਨੇ ਪੜ੍ਹਿਓ :

***ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ॥***

ਕਹਿੰਦੇ, ਗੁਰ ਪ੍ਰਮੇਸ਼ਰ ਦੇ, ਸਾਈਂ ਦੇ ਸ਼ਬਦ ਦੀ ਬਰਕਤ ਦੇ ਨਾਲ, ਜਿਸ ਬੰਦੇ ਦੀ ਸੁਰਤ ਪ੍ਰਮੇਸ਼ਰ ਦੇ ਨਾਲ ਜੁੜ ਜਾਂਦੀ ਏ ਨਾ ਜੀ, ਜਿਹਦੀ ਸੁਰਤ ਉਹਦੇ ਚਰਨਾਂ ਨਾਲ ਮਿਲ ਕੇ ਇਕ-ਰਸ ਹੋ ਗਈ, ਇਕ ਰੂਪ ਹੋ ਗਈ, ਕਹਿੰਦੇ ਉਹਦੇ ਅੰਦਰ ਹਉਮੈ ਦੀ ਮੈਲ ਬਿਲਕੁਲ ਰਹਿੰਦੀ ਹੀ ਨਹੀਂ। ਆਖੋ : ਵਾਹਿਗੁਰੂ-ਵਾਹਿਗੁਰੂ।

***ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ॥ ੧॥***

ਕਹਿੰਦੇ, ਹਉਮੈ ਤੋਂ, ਵਿਸ਼ੇ-ਵਿਕਾਰਾਂ ਤੋਂ ਆਹ ਚੀਜ਼ਾਂ ਤੋਂ ਹਮੇਸ਼ਾ ਉਹ ਹੀ ਬੰਦਾ

ਦੁਖੀ ਹੁੰਦਾ ਹੈ ਜਿਹਦੇ ਅੰਦਰ ਪ੍ਰਮੇਸ਼ਰ ਦੀ ਸ਼ਰਧਾ, ਨਾਮ ਪੈਦਾ ਨਹੀਂ ਹੁੰਦਾ, ਜਿਹੜਾ ਪ੍ਰਮੇਸ਼ਰ ਦੇ ਚਰਨਾਂ ਨਾਲ ਨਹੀਂ ਜੁੜਿਆ, ਜਿਹੜਾ ਨਾਮ ਦੇ ਨਾਲ ਨਹੀਂ ਜੁੜਿਆ। ਆਖੋ: ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

***ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ ੧॥ ਰਹਾਉ॥***

ਇਹ ਰਹਾਉ ਦੀਆਂ ਪੰਕਤੀਆਂ ਇਹਦੇ ਇਰਦ-ਗਿਰਦ ਹੀ ਸਾਰਾ ਸ਼ਬਦ ਚੱਲ ਰਿਹਾ ਹੈ ਕਿ ਮੇਰੇ ਪ੍ਰਮੇਸ਼ਰ ਸਾਈਂ ! ਤੇਰੇ ਚਰਨਾਂ ਦੇ ਨਾਲ ਮਨ ਲੱਗ ਗਿਆ ਹੈ ਤੇ ਮੈਨੂੰ ਹੁਣ ਇਹ ਕੋਈ ਵਿਸ਼ੇ ਵਿਕਾਰ, ਇਹ ਹਉਮੈ ਕੋਈ ਵੀ ਚੀਜ਼ ਦੁਖੀ ਨਹੀਂ ਕਰ ਸਕਦੀ।

***ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ॥***

ਕਹਿੰਦੇ, ਅੰਦਰਲੀ ਅਸ਼ਾਂਤੀ, ਇਹ ਹਉਮੈ ਅੰਦਰੋਂ ਮਿਟ ਗਈ। ਇਹ ਸਿਧੀ ਸਤਿਗੁਰਾਂ ਨੂੰ ਮਿਲਿਆਂ ਪ੍ਰਾਪਤ ਹੁੰਦੀ ਏ। ਇਹ ਚੀਜ਼ ਗੁਰ ਪ੍ਰਮੇਸ਼ਰ ਨਾਲ ਮਨ ਜੋੜਦਾ ਏ ਜਦੋਂ ਬੰਦਾ, ਉਦੋਂ ਹੀ ਪ੍ਰਾਪਤ ਹੁੰਦੀ ਏ ਤੇ ਇਸ ਸਿਧੀ ਦੇ ਸਾਹਮਣੇ ਜੋਗੀਆਂ ਦਾ ਜੋਗ ਵੀ ਤੁੱਛ ਹੈ ਤੇ ਦੁਨੀਆਂ ਦੇ ਪਦਾਰਥਾਂ ਨੂੰ ਭੋਗਣਾ ਵੀ ਇਸ ਸਿਧੀ ਸਾਹਮਣੇ ਕੋਈ ਮਾਇਨੇ ਨਹੀਂ ਰੱਖਦਾ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ। ਅੱਗੇ ਜੀ :

***ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ॥ ੨॥***

ਕਹਿੰਦੇ, ਜਦੋਂ ਪ੍ਰਮੇਸ਼ਰ ਸਾਈਂ ਦਾ ਸ਼ਬਦ ਤੇ ਸਿੱਖ ਦੀ ਸੁਰਤ ਮਿਲਦੇ ਨੇ, ਤਾਂ ਪ੍ਰਮੇਸ਼ਰ ਦੇ ਮਿਲਾਪ ਦਾ ਨਤੀਜਾ ਸ਼ਬਦ ਤੇ ਸੁਰਤਿ ਦੇ ਮੇਲ ਦੇ ਵਿੱਚੋਂ ਨਿਕਲਦਾ ਏ, ਆਖੋ : ਵਾਹਿਗੁਰੂ-ਵਾਹਿਗੁਰੂ।

ਜਦੋਂ ਸ਼ਬਦ ਤੇ ਸਿੱਖ ਦੀ ਸੁਰਤਿ ਮਿਲਦੇ ਨੇ ਤਾਂ ਪ੍ਰਮੇਸ਼ਰ ਦੇ ਨਾਮ ਦੇ ਵਿੱਚੋਂ ਪ੍ਰਮੇਸ਼ਰ ਦੇ ਮਿਲਾਪ ਦਾ ਨਤੀਜਾ ਨਿਕਲ ਜਾਂਦਾ ਹੈ। ਪ੍ਰਮੇਸ਼ਰ ਦਾ ਮਿਲਾਪ ਹੁੰਦਾ ਹੈ, ਇਹ ਨਤੀਜਾ ਨਿਕਲਦਾ ਹੈ।

***ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥***

ਆਮ ਦੁਨੀਆਂ ਤੇ ਇਹੋ ਹੀ ਸਮਝਦੀ ਹੈ ਕਿ ਪ੍ਰਮੇਸ਼ਰ ਸਾਈਂ ਦਾ ਜਿਹੜਾ ਸ਼ਬਦ ਏ, ਇਹ ਕੋਈ ਸਧਾਰਨ ਜਿਹਾ ਗੀਤ ਹੀ ਹੈ, ਸਿੰਪਲ ਜਿਹਾ ਗੀਤ ਏ, ਜਿਵੇਂ ਬਾਕੀ ਦੇ ਗੀਤ ਨੇ ਇਹ ਵੀ ਗੀਤ ਏ, ਪਰ ਨਹੀਂ ਪਿਆਰਿਓ ! ਪ੍ਰਮੇਸ਼ਰ ਸਾਈਂ ਦਾ ਜਿਹੜਾ ਸ਼ਬਦ ਏ, ਇਹ ਕੋਈ ਸਧਾਰਨ ਗੀਤ ਨਹੀਂ, ਇਹ ਪ੍ਰਮੇਸ਼ਰ ਦੇ ਗੁਣਾਂ ਦੀ ਵੀਚਾਰ ਏ। ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਜੀ :

***ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩॥***

ਇਸ ਕਾਂਸ਼ੀ ਨੂੰ ਇਹ ਵਰ ਸੀ, ਇਕ ਮਨੌਤ ਮੰਨੀ ਜਾਂਦੀ ਏ, ਕਾਂਸ਼ੀ ਦੀ ਧਰਤੀ ਨੂੰ ਵਰ ਸੀ ਕਿ ਜਿਹੜਾ ਵੀ ਇਥੇ ਮਰੇਗਾ ਉਹਨੂੰ ਮੁਕਤੀ ਮਿਲੇਗੀ। ਪਰ ਕਬੀਰ ਸਾਹਿਬ

ਕਹਿੰਦੇ, ਕਾਂਸ਼ੀ ਵਿਚ ਰਹਿਣ ਵਾਲਿਆਂ ਨੂੰ ਮੁਕਤੀ ਮਿਲੇ ਨਾ ਮਿਲੇ, ਇਹ ਸਾਨੂੰ ਨਹੀਂ ਪਤਾ, ਪਰ ਜਿਹੜਾ ਸ਼ਬਦ ਦੇ ਨਾਲ ਜੁੜ ਜਾਂਦਾ ਹੈ, ਜਿਹੜਾ ਬਾਣੀ ਨਾਲ ਜੁੜ ਜਾਂਦਾ ਹੈ ਕਹਿੰਦੇ, ਹਉਮੈ ਤੋਂ ਜਿਉਂਦਿਆਂ ਜੀਅ ਹੀ ਉਹਦੀ ਮੁਕਤੀ ਹੋ ਜਾਂਦੀ ਹੈ। ਵਿਕਾਰਾਂ ਤੋਂ ਹਉਮੈ ਤੋਂ ਜਿਉਂਦਿਆਂ ਜੀਅ ਹੀ ਉਹਦੀ ਮੁਕਤੀ ਹੋ ਜਾਂਦੀ ਹੈ। ਮਰਨ ਤੋਂ ਬਾਅਦ ਮੁਕਤੀ ਕਿੰਨੇ ਵੇਖੀ ਏ? ਪਰ ਜਿਹੜਾ ਸ਼ਬਦ ਨਾਲ ਜੁੜ ਗਿਆ, ਉਹ ਜੀਵਨ-ਮੁਕਤ ਹੋ ਗਿਆ। ਅੱਗੇ ਜੀ :

***ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥***

ਕਹਿੰਦੇ, ਕੋਈ ਵੀ ਪ੍ਰਮੇਸ਼ਰ ਦਾ ਨਾਮ ਗਾਉਂਦਾ ਹੈ, ਸੁਣਦਾ ਹੈ, ਕੋਈ ਵੀ, ਖਾਸ ਬੰਦਾ ਨਹੀਂ ਕਿ ਫਲਾਨਾ ਹੀ ਗਾਏਗਾ, ਫਲਾਨਾ ਹੀ ਕੀਰਤਨ ਕਰੇਗਾ, ਫਲਾਨਾ ਹੀ ਸ਼ਬਦ ਦਾ ਜਾਪ ਕਰੇਗਾ, ਨਹੀਂ, ਕਹਿੰਦੇ, ਕੋਈ ਵੀ ਬੰਦਾ ਪ੍ਰੇਮ ਦੇ ਨਾਲ ਪ੍ਰਮੇਸ਼ਰ ਦਾ ਨਾਮ ਗਾਉਂਦਾ ਹੈ, ਸੁਣਦਾ ਹੈ, ਕਬੀਰ ਸਾਹਿਬ ਕਹਿੰਦੇ ਹਨ, ਇਹਦੇ 'ਚ ਕੋਈ ਸ਼ੰਕੇ ਵਾਲੀ ਗੱਲ ਹੀ ਨਹੀਂ, ਉਹ ਸਭ ਤੋਂ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ :

***ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥***

ਗੁਰੂ ਕਿਰਪਾ ਕਰੇ ਸਮਾਂ ਹੋ ਗਿਆ ਸਮਾਪਤੀ ਦਾ। ਮੈਂ ਕੇਵਲ ਭਾਵ ਅਰਥ ਬੋਲੇ ਨੇ, ਇਨ੍ਹਾਂ ਨੂੰ ਸਮਝਣ ਦਾ ਯਤਨ ਕਰਿਓ, ਵਿਚਾਰ ਜ਼ਰੂਰ ਕਰਿਓ, ਵਿਚਾਰ ਕਰਨ ਤੋਂ ਬਾਅਦ ਇਸ ਵਿਚਾਰ ਨੂੰ ਕਮਾਉਣ ਦਾ ਯਤਨ ਕਰਿਓ। ਜਦੋਂ ਕਮਾਵਾਂਗੇ ਉਦੋਂ ਹੀ ਬਖ਼ਸ਼ਿਸ਼ਾਂ ਸਾਡੇ 'ਤੇ ਵਰਤਣਗੀਆਂ। ਪਿਆਰ ਸਹਿਤ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਜਿਨੀ ਸਤਿਗੁਰੁ ਪੁਰਖੁ ਮਨਾਇਆ

(ਅੰਗ ੪੫੧)

ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਪਿਆਰ ਨਾਲ ਸਾਰੇ ਆਖੋ ਜੀ :

ਧੰਨ ਬਾਬਾ ਦੀਪ ਸਿੰਘ ਜੀ।

ਸਤਿਸੰਗੀਓ ! ਅੱਜ ਜੋ ਮਹੀਨਾ ਵਾਰੀ ਚੌਪਹਿਰਾ ਜੱਪ ਤੱਪ ਸਮਾਗਮ ਦੇ ਵਿਚ ਸਾਰੇ ਗੁਰੂ ਰਾਮਦਾਸ ਜੀ ਬਾਪੂ ਜੀ ਦੀ, ਬਾਬਾ ਦੀਪ ਸਿੰਘ ਜੀ ਦੀ ਖ਼ੁਸ਼ੀ, ਅਸੀਸ ਲੈਣ ਵਾਸਤੇ ਪਹੁੰਚੇ ਹੋ। ਮੈਨੂੰ ਸਵੇਰੇ ਫੋਨ ਇਧਰੋਂ ਗਿਆ ਤਕਰੀਬਨ ਸਾਢੇ ਅੱਠ ਵਜੇ ਤੋਂ ਕਿ ਸੰਗਤਾਂ ਪਿਆਰ ਦੇ ਵਿਚ ਇਥੇ ਪਹੁੰਚ ਗਈਆਂ ਨੇ। ਚੌਪਹਿਰੇ ਦਾ ਟਾਈਮ ਦਸ ਵੱਜੇ ਹੁੰਦਾ ਹੈ। ਸਾਢੇ ਅੱਠ ਤੋਂ ਹੀ ਤੁਸੀਂ ਪਿਆਰ ਨਾਲ ਸਜੇ ਹੋ ਔਰ ਤੁਹਾਡੇ ਇਕ-ਇਕ ਦੇ ਚਰਨਾਂ ਦੇ ਉਤੇ ਆਪਣਾ ਮੈਂ ਸਿਰ ਰੱਖ ਕੇ ਮੱਥਾ ਟੇਕ ਰਿਹਾ ਹਾਂ ਜੀ। ਤੁਹਾਡੇ ਸਾਰਿਆਂ ਦੇ ਪਿਆਰ ਨੂੰ ਨਮਸ਼ਕਾਰ, ਜੋ ਪ੍ਰੇਮ ਦੇ ਬੱਧੇ ਪਹੁੰਚਦੇ ਹੋ, ਤੁਹਾਡੇ ਪਿਆਰ ਨੂੰ ਨਮਸ਼ਕਾਰ ਏ। ਕਿਉਂਕਿ 27 ਵਾਲੇ ਸਮਾਗਮ ਦੇ ਅਸੀਂ ਕੋਈ ਬੋਰਡ ਵੀ ਨਹੀਂ ਲਾਉਂਦੇ, ਕੋਈ ਸੰਗਤ ਨੂੰ ਇਹ ਨਹੀਂ ਕਹੀਦਾ, ਫਲਾਨੇ ਪਿੰਡ 'ਚੋਂ ਤੂੰ ਸੰਗਤ ਲੈ ਕੇ ਆਉਣੀ, ਫਲਾਨੇ ਪਿੰਡ ਤੋਂ ਤੂੰ ਲੈ ਕੇ ਆਉਣੀ, ਫਲਾਨੇ ਸ਼ਹਿਰ ਤੋਂ। ਮੈਂ ਇਕੋ ਚੀਜ਼ ਦੀ ਬੇਨਤੀ ਕੀਤੀ ਸੀ ਆਪਣੇ ਸਿੰਘਾਂ ਨੂੰ, ਬਾਬਾ ਦੀਪ ਸਿੰਘ ਜੀ ਦੇ ਅੱਗੇ ਅਰਦਾਸ ਕਰਿਆ ਕਰੋ, ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਤੁਹਾਡਾ ਆਪਣਾ ਅਸਥਾਨ ਏ, ਸੰਗਤ ਵੀ ਤੁਹਾਡੀ ਏ ਤੇ ਤੁਸੀਂ ਆਪੇ ਹੀ ਜਿਵੇਂ ਬਿਧ ਬਣਾਉਣੀ ਏ, ਬਣਾ ਦਿਆ ਕਰੋ।

ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।

ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਆਓ, ਹੁਣ ਗੱਲ ਸ਼ੁਰੂ ਕਰਦੇ ਹਾਂ ਇਕ ਬੰਦਾ ਗਿਆ ਮਹਾਂਪੁਰਸ਼ਾਂ ਦੇ ਕੋਲ। ਗੱਲ ਸੁਣਨ ਵਾਲੀ ਹੈ ਤੇ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਪਤਾ ਕੀ ਕਹਿੰਦਾ? ਕਹਿੰਦਾ, ''ਮੈਨੂੰ ਤੁਸੀਂ ਗੁਰੂ ਚਰਨਾਂ ਦੇ ਨਾਲ ਜੋੜ ਦਿਓ।'' ਸੁਣਿਓ ਧਿਆਨ ਦੇ ਨਾਲ ! ਇਕ ਬੰਦਾ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਕਹਿੰਦਾ, ''ਤੁਸੀਂ ਮੈਨੂੰ ਗੁਰੂ ਚਰਨਾਂ ਦੇ ਨਾਲ ਜੋੜ ਦਿਓ।'' ਤੇ ਮਹਾਂਪੁਰਸ਼ ਪਤਾ ਕੀ ਕਹਿੰਦੇ? ਸਤਿਪੁਰਸ਼ਾਂ ਕੋਲ ਕਮਾਈ ਵਾਲਿਆਂ ਕੋਲ ਸਭ ਜੁਗਤੀਆਂ ਹੁੰਦੀਆਂ ਨੇ, ਉਹ ਮਹਾਂਪੁਰਸ਼ ਪਤਾ ਕੀ ਕਹਿੰਦੇ? ਕਹਿੰਦੇ ਕਿ ਇਕ ਕਾਪੀ

ਲਿਆ। ਕਾਪੀ ਲਿਆਂਦੀ, Pen ਪਕੜਿਆ, ਕਹਿੰਦੇ, ਜੇ ਗੁਰੂ ਚਰਨਾਂ ਨਾਲ ਜੁੜਨਾ ਈ, ਤੇ ਕਾਪੀ ਦੇ ਉਤੇ ਪਿੰਨ ਦੇ ਨਾਲ ਲਿਖ। ਕੀ ਲਿਖਾਂ? ਪਹਿਲੇ ਲਿਖਾਇਆ 'ਘਟੇ ਘਟੇ'। ਉਹਨੇ ਲਿਖ ਲਿਆ ਘਟੇ ਘਟੇ। ਦੂਜੀ ਗੱਲ ਕਹਿੰਦੇ ਲਿਖ, 'ਵਧੇ ਵਧੇ' ਤੇ ਤੀਜੀ ਗੱਲ ਕਹਿੰਦੇ, ਲਿਖ 'ਨਾ ਘਟੇ ਨਾ ਵਧੇ'। ਇਹ ਤਿੰਨ ਚੀਜ਼ਾਂ ਲਿਖਾ ਦਿੱਤੀਆਂ। ਕਹਿੰਦੇ, ''ਆਹ ਕਾਪੀ ਲੈ ਜਾ ਤੇ ਬਜ਼ਾਰ ਵਿਚ ਜਾ ਕੇ ਇਹ ਤਿੰਨੇ ਚੀਜ਼ਾਂ ਤੂੰ ਲੈ ਕੇ ਆ। ਤੈਨੂੰ ਗੁਰੂ ਚਰਨਾਂ ਦੇ ਨਾਲ ਜੋੜ ਦਿੰਦੇ ਹਾਂ।'' ਉਹ ਕਹਿੰਦਾ, ਇਹ ਕਿਹੜੀ ਔਖੀ ਗੱਲ ਏ। ਕਿਸੇ ਪੰਸਾਰੀ ਵਾਲੇ ਕੋਲ ਜਾਂਦਾ ਹਾਂ, ਉਹ ਚੀਜ਼ਾਂ ਘਟਾ ਕੇ ਸੌਦਾ ਦੇਂਦਾ ਹੈ, ਕਦੀ ਵਧਾ ਕੇ, ਕੋਈ ਉਨ੍ਹਾਂ ਕੋਲੋਂ ਘੱਟ ਸੌਦਾ ਲੈਂਦਾ ਹੈ, ਕੋਈ ਵਧ ਲੈਂਦਾ ਹੈ, ਉਹ ਗਿਆ ਤੇ ਜਾ ਕੇ ਕਹਿੰਦਾ, ਭਈ ਇਹ ਤਿੰਨ ਚੀਜ਼ਾਂ ਚਾਹੀਦੀਆਂ ਨੇ, ਮਹਾਂਪੁਰਸ਼ਾਂ ਨੇ ਲਿਖਾਈਆਂ ਨੇ— 'ਘਟੇ-ਘਟੇ' ਤੇ ਫਿਰ ਦੂਜੀ 'ਵਧੇ ਵਧੇ' ਤੇ ਤੀਜੀ ਲਿਖਾਈ 'ਨਾ ਘਟੇ ਨਾ ਵਧੇ'। ਉਹ ਪੰਸਾਰੀ ਵਾਲਾ ਕਹਿੰਦਾ, ਇਹ ਚੀਜ਼ਾਂ ਮੇਰੇ ਕੋਲ ਨਹੀਂ। ਕਿਸੇ ਅਧਿਆਤਮਕ ਪੁਰਸ਼ ਕੋਲ ਜਾਹ, ਜਿਹੜਾ ਰੰਗਿਆ ਗੁਰਸਿੱਖ ਉਹਦੇ ਕੋਲ ਜਾਹ। ਇਹ ਜਿਹੜਾ ਸਵਾਲ ਤੂੰ ਜਿਹੜੀ ਬੁਝਾਰਤ ਤੂੰ ਪਾਈ ਏ ਨਾ ਮਹਾਂਪੁਰਸ਼ਾਂ ਦੀ, ਉਹ ਇਹਦਾ ਜਵਾਬ ਦੇ ਸਕਦਾ ਹੈ।

ਹੁਣ ਜਦੋਂ ਬੜੀ ਕਰਨੀ ਵਾਲੇ ਦੇ ਕੋਲ ਗਿਆ ਉਹ ਬੰਦਾ ਤੇ ਜਾ ਕੇ ਕਹਿੰਦਾ, ਜੀ ਮੈਂ ਗਿਆ ਸਾਂ ਇਕ ਮਹਾਂਪੁਰਸ਼ ਦੇ ਕੋਲ ਤੇ ਉਨ੍ਹਾਂ ਨੂੰ ਜਾ ਕੇ ਮੈਂ ਕਿਹਾ ਕਿ ਮੈਨੂੰ ਗੁਰੂ ਚਰਨਾਂ ਨਾਲ ਜੋੜ ਦਿਓ ਤੇ ਉਨ੍ਹਾਂ ਨੇ ਆਹ ਤਿੰਨ ਚੀਜ਼ਾਂ ਮੈਨੂੰ ਕਹਿ ਦਿੱਤੀਆਂ ਕਿ ਬਜ਼ਾਰ ਤੋਂ ਲੈ ਕੇ ਆ। ਕਹਿੰਦੇ, ਕਿਹੜੀਆਂ ਤਿੰਨ ਚੀਜ਼ਾਂ? ਪਹਿਲੀ ਕਿਹੜੀ ਸੀ? ਘਟੇ ਘਟੇ, ਦੂਜੀ ਵਧੇ ਵਧੇ ਤੇ ਤੀਜੀ ਨਾ ਘਟੇ ਨਾ ਵਧੇ। ਉਸ ਸਤਿਪੁਰਸ਼ ਨੇ ਕੋਲ ਬਿਠਾ ਲਿਆ। ਕਹਿੰਦੇ, ਜਿਸ 'ਤੇ ਲਿਖਿਆ ਹੈ ਘਟੇ ਘਟੇ, ਉਹਦੇ ਅੱਗੇ ਪਾ ਦੇ— ਉਮਰ। ਉਮਰ ਦਿਨੋਂ-ਦਿਨ ਘਟਦੀ ਜਾ ਰਹੀ ਏ।

***ਅਉਧ ਘਟੈ ਦਿਨਸੁ ਰੈਣਾਰੇ॥***
***ਮਨ ਗੁਰ ਮਿਲਿ ਕਾਜ ਸਵਾਰੇ॥ ੧॥ ਰਹਾਉ॥*** (ਅੰਗ ੧੩)

ਹੁਣ ਜਿਹੜਾ ਇਹ ਚੀਜ਼ ਨੂੰ ਸਮਝ ਲਏਗਾ, ਉਹ ਤੇ ਗੁਰੂ ਚਰਨਾਂ ਨਾਲ ਜੁੜੇਗਾ ਹੀ ਜੁੜੇਗਾ। ਉਹ ਆਪਣਾ ਟਾਈਮ ਅਜ਼ਾਇਆ ਗਵਾਏਗਾ ਨਹੀਂ। ਜਿਹਨੂੰ ਪਤਾ ਉਮਰ ਮੇਰੀ ਘੱਟਦੀ ਜਾ ਰਹੀ।

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥*** (ਅੰਗ ੬੯੨)

ਜਿਹਨੂੰ ਇਹ ਚੀਜ਼ ਦਾ ਪਤਾ ਲੱਗ ਗਿਆ, ਕਹਿੰਦੇ, ਮਹਾਂਪੁਰਸ਼ਾਂ ਨੇ ਜਿਹੜੀ ਰਮਜ਼ ਦਿੱਤੀ ਏ, ਉਹ ਸਮਝ। ਜਿੱਥੇ ਲਿਖਿਆ ਏ— ਘਟੇ-ਘਟੇ, ਉਥੇ ਲਿਖ ਦੇ— ਉਮਰ, ਦਿਨੋਂ ਦਿਨ ਘਟਦੀ ਜਾ ਰਹੀ ਏ। ਹੇ ਮਨਾਂ ! ਉਮਰ ਦਿਨੋਂ-ਦਿਨ ਘਟਦੀ ਜਾ ਰਹੀ ਏ। ਇਸ ਕਰਕੇ ਗੁਰੂ ਚਰਨਾਂ ਦੇ ਨਾਲ ਜੁੜਣ ਵਿਚ ਤੂੰ ਆਲਸ ਨਾ ਕਰ।

ਕਈ ਅਸੀਂ ਆਲਸ ਕਰਦੇ ਹਾਂ : ਅੱਛਾ ! ਚੌਪਹਿਰੇ 'ਤੇ ਜਾਣਾ ਏ, ਮਹੀਨੇ ਵਾਰੀ ਜੱਪ ਤੱਪ ਸਮਾਗਮ 'ਤੇ ਜਾਣਾ ਏ, ਦਸ ਵਜੇ ਦਾ ਸਮਾਂ ਹੈ, ਚੱਲੋ ਬਾਰ੍ਹਾਂ ਕੁ ਵੱਜੇ ਚੱਲਾਂਗੇ। ਇੱਦਾਂ ਤੇ ਨਹੀਂ ਨਾ ਗੱਲ ਬਣਦੀ। ਮੈਂ ਉਨ੍ਹਾਂ ਦੇ ਚਰਨ ਧੋ-ਧੋ ਕੇ ਪੀਨਾ, ਜਿਹੜੇ ਕਿਸੇ ਵੀ ਸਮੇਂ ਆਏ ਹੋ, ਪਰ ਜਿਹੜਾ ਹੁਣ ਸਾਢੇ ਅੱਠ ਵਜੇ ਆ ਕੇ ਬੈਠਾ ਹੈ ਸਵੇਰ ਦਾ, ਜਾਂ ਜਿਹੜਾ ਨੌਂ ਵਜੇ ਆ ਗਿਆ ਜਾਂ ਜਿਹੜਾ ਪੂਰੇ ਦਸ ਵਜੇ ਆ ਗਿਆ, ਸਮਾਪਤੀ ਤੱਕ ਬੈਠਾ ਹੈ, ਦੱਸੋ ਜਦੋਂ ਆਪਣੇ ਘਰ ਵਿਚ ਜਾਏਗਾ, ਗੁਰੂ ਰਾਮਦਾਸ ਪਾਤਸ਼ਾਹ, ਬਾਬਾ ਦੀਪ ਸਿੰਘ ਜੀ ਉਹਨੂੰ ਖ਼ੁਸ਼ੀਆਂ ਨਹੀਂ ਦੇਣਗੇ। ਆਖੋ : ਵਾਹਿਗੁਰੂ-ਵਾਹਿਗੁਰੂ।

ਇਹ ਤੇ ਅਸੀਂ ਸੋਚਣਾ ਏ ਨਾ ਆਪਣੇ ਅੰਦਰ ਐਸੀ ਵਿਚਾਰ ਕਰਨੀ ਏ, ਜੇ ਸਤਿਗੁਰਾਂ ਨੇ ਇਹ ਸਮਾਂ ਸਾਨੂੰ ਦਿੱਤਾ, ਇਹ ਸਮਾਂ ਹੱਥੋਂ ਕਿਸੇ ਵੀ ਕੀਮਤ 'ਤੇ ਜਾਣ ਨਾ ਦੇਈਏ। ਇਹ ਸਮਾਂ, ਉਹ ਹੀ ਸਮਾਂ ਹੈ ਜਿਸ ਸਮੇਂ ਦੇ ਕਰਕੇ ਤੁਹਾਨੂੰ ਬੜੇ ਹੀ ਰੰਗ-ਭਾਗ ਲੱਗਣੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਮਹਾਂਪੁਰਖ ਕਹਿੰਦੇ, ਜਿੱਥੇ ਲਿਖਿਆ ਹੈ ਘਟੇ-ਘਟੇ, ਉਥੇ ਨਾਲ ਅੱਗੇ ਲਾ ਦੇ ਉਮਰ ਤੇ ਜਿਹੜਾ ਉਨ੍ਹਾਂ ਨੇ ਅੱਗੇ ਕਿਹਾ ਹੈ, ਵਧੇ-ਵਧੇ, ਕਹਿੰਦੇ ਤ੍ਰਿਸ਼ਨਾ ਏ ਬੰਦੇ ਦੀ, ਜਿਹੜੀ ਦਿਨੋ-ਦਿਨ ਵਧਦੀ ਜਾਂਦੀ ਹੈ। ਜਿਹਦੇ ਕੋਲ ਲੱਖ ਹੈ ਉਹ ਕਹਿੰਦਾ ਦਸ ਲੱਖ ਆਵੇ। ਦਸ ਲੱਖ ਵਾਲਾ ਕਹਿੰਦਾ ਕਰੋੜ ਆਵੇ। ਕਰੋੜਾਂ ਵਾਲਾ ਵੀ ਟਿਕਦਾ ਥੋੜ੍ਹੀ ਏ, ਤ੍ਰਿਸ਼ਨਾ ਬੜੀ ਏ, ਉਹ ਕਹਿੰਦਾ ਹੋਰ ਆਵੇ। ਤ੍ਰਿਸ਼ਨਾ ਦਿਨੋ-ਦਿਨ ਵਧਦੀ ਜਾਂਦੀ ਏ ਵਧਦੀ ਜਾਂਦੀ।

***ਸਹਸ ਖਟੇ ਲਖ ਕਉ ਉਠਿ ਧਾਵੈ॥***
***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥*** (ਅੰਗ ੨੭੯)

ਤ੍ਰਿਸ਼ਨਾ ਵੱਧਦੀ ਜਾਂਦੀ ਏ, ਪਰ ਤ੍ਰਿਸ਼ਨਾ ਉਦੋਂ ਮੁੱਕੇਗੀ ਜਦੋਂ ਪਹਿਲੀ ਗੱਲ ਆਪਣੇ ਅੰਦਰ ਰੱਖੇਂਗਾ, ਘਟੇ-ਘਟੇ, ਕਿ ਉਮਰ ਘਟਦੀ ਜਾ ਰਹੀ ਹੈ। ਨਾਮ ਨਾਲ ਮੈਂ ਜੁੜਣਾ ਹੈ। ਜਦੋਂ ਨਾਮ ਨਾਲ ਜੁੜ ਜਾਏਂਗਾ, ਫਿਰ :

***ਤ੍ਰਿਸਨਾ ਬੁਝੈ ਹਰਿ ਕੈ ਨਾਮਿ॥*** (ਅੰਗ ੬੮੨)

ਆਖੋ : ਧੰਨ ਗੁਰੂ ਰਾਮਦਾਸ ਜੀ...।

ਪਿਆਰ ਨਾਲ ਸਾਰੇ ਆਖੋ ਨਾ : ਧੰਨ ਬਾਬਾ ਦੀਪ ਸਿੰਘ ਜੀ।

ਭੁੱਲਣਾ ਨਹੀਂ ਪਹਿਲੇ ਕੀ ਆਖਿਆ ਸੀ? ਘਟੇ-ਘਟੇ। ਘਟੇ-ਘਟੇ ਕੀ? ਉਮਰ ਘਟੇ-ਘਟੇ ਤੇ ਵਧੇ-ਵਧੇ ਕੀ? ਤ੍ਰਿਸ਼ਨਾ। ਤ੍ਰਿਸ਼ਨਾ ਦਿਨੋਂ-ਦਿਨ ਵਧਦੀ ਜਾਂਦੀ ਏ ਬੰਦੇ ਦੀ। ਅੱਗੇ ਜਿਹੜਾ ਤੀਜਾ ਲਿਖਾਇਆ ਸੀ— 'ਨਾ ਘਟੇ ਨਾ ਵਧੇ'। ਇਹ ਹੈ ਪਿਆਰਿਓ ! ਤੇਰੇ ਸਵਾਸ। ਨਾ ਘਟਦੇ ਨੇ ਨਾ ਵਧਦੇ ਨੇ। ਕਿਸੇ ਦੇ ਘਟਾਇਆਂ ਇਹ ਸਵਾਸ ਘੱਟਦੇ ਨਹੀਂ ਤੇ ਕਿਸੇ ਵਧਾਇਆਂ ਵੱਧ ਨਹੀਂ ਜਾਣੇ।

ਹੁਣ ਤੁਸੀਂ ਭਾਵੇਂ ਕਰੋੜਾਂਪਤੀ ਹੋਵੋ। ਅਖੀਰਲਾ ਵੇਲਾ ਆ ਗਿਆ। ਡਾਕਟਰ ਨੂੰ ਕਹੋ, ਮੈਂ ਤੈਨੂੰ ਪੰਜ ਕਰੋੜ ਦੇਣਾ, ਮੈਨੂੰ ਪੰਜ ਮਿੰਟ ਲਈ, ਦਸ ਮਿੰਟ ਲਈ ਸਵਾਸ ਦੇ ਦੇ। ਡਾਕਟਰ ਹੱਥ ਜੋੜ ਦਏਗਾ, ਭਈ ਤੂੰ ਭਾਵੇਂ ਕਰੋੜਾਂਪਤੀ ਹੋਏਂਗਾ, ਪਰ ਇਹ ਸਵਾਸ ਅਨਮੋਲ ਨੇ। ਇਹ ਸਵਾਸ ਤੈਨੂੰ ਕਿਸੇ ਵੀ ਕੀਮਤ 'ਤੇ ਮਿਲ ਨਹੀਂ ਸਕਦੇ।

ਨਾ ਘਟੇ ਨਾ ਵਧੇ ਇਹ ਸਵਾਸ। ਸਵਾਸ ਇਹ ਤੇ ਬੜੇ ਅਨਮੋਲ ਨੇ। ਇਹ ਮੇਰੀ ਬੇਨਤੀ ਏ ਇਨ੍ਹਾਂ ਸਵਾਸਾਂ ਨੂੰ ਐਵੇਂ, ਅਜਾਇਆ ਨਾ ਜਾਣ ਦਿਆ ਕਰੋ। ਇਹ ਜਿਹੜੇ ਸਵਾਸ ਮਿਲੇ ਨੇ, ਇਹ ਸਵਾਸ ਵੱਧ ਤੋਂ ਵੱਧ ਆਪਣੇ ਮਾਲਕ ਗੁਰੂ ਰਾਮਦਾਸ ਬਾਪੂ, ਬਾਬਾ ਦੀਪ ਸਿੰਘ ਜੀ ਦੇ ਲੇਖੇ ਲਾਇਆ ਕਰੋ। ਸੰਗਤ ਦੇ ਲੇਖੇ ਲਾਇਆ ਕਰੋ। ਜਿਹੜੇ ਇਹ ਸਵਾਸ ਸਾਨੂੰ ਗੁਰੂ ਪਿਤਾ ਜੀ ਨੇ ਬਖ਼ਸ਼ੇ ਨੇ, ਜਿਹੜੇ ਕਿਸੇ ਦੇ ਘਟਾਇਆਂ ਨਾ ਘੱਟਣੇ ਨੇ, ਨਾ ਕਿਸੇ ਦੇ ਵਧਾਇਆਂ ਵੱਧ ਜਾਣੇ ਨੇ ਤੇ ਜਿੰਨੇ ਕੁ ਮਿਲੇ ਨੇ ਉਨ੍ਹਾਂ ਨੂੰ ਸਫਲਿਆਂ ਤੇ ਕਰ ਸਕਦੇ ਹਾਂ। ਹੁਣ ਕਾਪੀ ਏ ਇਕ। ਮੰਨ ਲਓ ! ਸਾਨੂੰ ਕਾਪੀ ਦਿੱਤੀ ਏ ਪ੍ਰਮੇਸ਼ਰ ਨੇ। ਉਸ ਕਾਪੀ ਦੇ ਪਹਿਲੇ ਪੰਨੇ ਦੇ ਉਤੇ ਲਿਖ ਦਿੱਤਾ ਜਨਮ। ਅਖੀਰਲੇ ਪੰਨੇ ਦੇ ਉਤੇ ਲਿਖ ਦਿੱਤਾ ਮੌਤ। ਪਰ ਵਿਚਲੇ ਪੰਨੇ ਖਾਲੀ ਦਿੱਤੇ ਨੇ। ਖਾਲੀ ਪੰਨਿਆਂ ਨੂੰ ਭਰਨਾ ਤੂੰ ਏਂ ਉਦਮ ਦੇ ਨਾਲ। ਉਹ ਖਾਲੀ ਪੰਨਿਆਂ ਨੂੰ ਭਰਨਾ ਤੂੰ ਏਂ ਅੰਮ੍ਰਿਤ ਵੇਲੇ ਨਾਲ। ਉਨ੍ਹਾਂ ਖਾਲੀ ਪੰਨਿਆਂ ਨੂੰ ਭਰਨਾ ਤੂੰ ਏਂ ਸਿਮਰਨ ਨਾਲ, ਬੰਦਗੀ ਨਾਲ, ਸੇਵਾ ਨਾਲ, ਪ੍ਰੈਕਟੀਕਲ ਜੀਵਨ ਦੇ ਨਾਲ।

ਪਿਆਰਿਆ ! ਇਹ ਜਿਹੜੇ ਸਵਾਸ ਮਿਲੇ ਆ ਨਾ ਬੜੇ ਅਨਮੋਲ ਨੇ। ਇਹ ਦੁਬਾਰਾ ਹੱਥ ਨਹੀਂ ਆਉਣੇ। ਇਕ ਬਜ਼ੁਰਗ ਸਵਾਸ ਦੇਣ ਲੱਗਾ, ਅਖੀਰਲਾ ਵੇਲਾ ਸੀ ਉਹਦਾ ਤੇ ਸਾਰਾ ਪਰਿਵਾਰ ਉਹਦਾ ਇਰਦ-ਗਿਰਦ ਇਕੱਠਾ ਹੋ ਗਿਆ ਤੇ ਕਹਿੰਦੇ, ''ਬਾਬਾ ! ਤੂੰ ਚੱਲਿਆ ਐਂ, ਜਾਣ ਲੱਗਿਆਂ ਕੋਈ ਸੁਮਤਿ ਦੇ ਦੇ।'' ਉਸ ਵੇਲੇ ਉਹ ਬਜ਼ੁਰਗ ਬਾਬਾ ਪਤਾ ਕੀ ਕਹਿੰਦਾ? ਕਹਿੰਦਾ, ''ਮੈਂ ਜ਼ਿੰਦਗੀ ਦੇ ਵਿਚ ਤੁਹਾਨੂੰ ਲੱਖਾਂ ਹੀ ਕਮਾ ਕੇ ਦਿੱਤੇ ਨੇ, ਥੋੜ੍ਹੀ ਜਿਹੀ ਮਾਇਆ ਖ਼ਰਚ ਕਰਕੇ, ਥੋੜ੍ਹੇ ਜਿਹੇ ਸਾਹ ਮੈਨੂੰ ਉਧਾਰ ਲਿਆ ਕੇ ਦੇ ਦਿਓ। ਤੁਹਾਨੂੰ ਸੁਮਤਿ ਦੇ ਸਕਦਾਂ।'' ਸਭ ਨੇ ਨੀਂਵੀਆਂ ਪਾ ਲਈਆਂ। ਕਹਿੰਦੇ, ''ਇਹ ਨਹੀਂ ਹੋ ਸਕਦਾ। ਸਵਾਸ ਤੇ ਕਿਸੇ ਕੀਮਤ 'ਤੇ ਨਹੀਂ ਮਿਲਣੇ।'' ਕਹਿੰਦਾ, ''ਫਿਰ ਇਹੀ ਸੁਮਤਿ ਹੈ ਤੁਹਾਡੇ ਲਈ, ਜਿਹੜੀ ਚੀਜ਼ ਹੈ ਹੀ ਅਨਮੋਲ, ਜਿਹੜੀ ਕਿਸੇ ਕੀਮਤ ਦੇ ਬਦਲੇ ਮਿਲਦੀ ਹੀ ਨਹੀਂ ਤੇ ਫਿਰ ਉਸ ਚੀਜ਼ ਨੂੰ ਤੁਸੀਂ ਅਜਾਇਆਂ ਕਿਉਂ ਗਵਾਉਂਦੇ ਹੋ।''

ਜਿੰਨਾ ਵੀ ਹੋ ਸਕੇ ਇਹ ਸਵਾਸਾਂ ਤੋਂ ਵੱਧ ਤੋਂ ਵੱਧ ਲਾਭ ਲਓ। ਇਹ ਸਵਾਸਾਂ ਤੋਂ ਜਪੋ : ਧੰਨ ਗੁਰੂ ਰਾਮਦਾਸ ਜੀ....। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਸਵਾਸਾਂ ਨੂੰ ਐਵੇਂ ਅਜਾਇਆਂ ਨਹੀਂ ਜਾਣ ਦੇਣਾ। ਸਵੇਰ ਦੇ ਬੈਠੇ ਹੋ, ਸਮਾਪਤੀ ਦੇ ਨੇੜੇ ਹਾਂ ਆਪਾਂ। ਹੁਣ ਜਿੰਨਾ ਵੀ ਸਮਾਂ ਪਿਆ ਏ, ਜਿੰਨਾ ਵੀ ਬੱਸ ਕੋਸ਼ਿਸ਼ ਕਰੋ ਅੰਦਰ ਵਾਹਿਗੁਰੂ-ਵਾਹਿਗੁਰੂ ਚਲਦਾ ਹੀ ਜਾਵੇ, ਚਲਦਾ ਹੀ ਜਾਵੇ। ਮੈਂ ਗਰੰਟੀ ਦੇ ਨਾਲ ਲਿਖ

ਕੇ ਦੇਣ ਨੂੰ ਤਿਆਰ ਹਾਂ, ਕਿਉਂਕਿ ਮੈਨੂੰ ਗਰੰਟੀ ਆਪਣੇ ਬਾਪੂ ਕੋਲੋਂ ਮਿਲੀ ਏ, ਗੁਰੂ ਰਾਮਦਾਸ ਕੋਲੋਂ, ਬਾਬਾ ਦੀਪ ਸਿੰਘ ਕੋਲੋਂ, ਗੁਰੂ ਗ੍ਰੰਥ ਸਾਹਿਬ ਕੋਲੋਂ, ਉਨ੍ਹਾਂ ਦੀ ਕਿਰਪਾ ਨਾਲ ਗਰੰਟੀ ਨਾਲ ਲਿਖ ਕੇ ਦੇਣ ਨੂੰ ਤਿਆਰ ਹਾਂ, ਜਦੋਂ ਤੁਸੀਂ ਯਤਨ ਕਰੋਗੇ, ਇਕ-ਇਕ ਸਾਹ ਨੂੰ ਇਥੇ ਬਹਿ ਕੇ ਸਫਲਿਆਂ ਕਰਨ ਦਾ, ਸਮਾਪਤੀ 'ਤੇ ਜਿਹੜੀ-ਜਿਹੜੀ ਵੀ ਜੋਦੜੀ ਕਰ ਲਓਗੇ, ਗੁਰੂ ਰਾਮਦਾਸ ਸਭ ਦੀਆਂ ਝੋਲੀਆਂ ਭਰੇਗਾ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ।

ਤੇ ਮੈਨੂੰ ਆਪਣੇ ਮਾਲਕ ਦੇ ਉਤੇ ਪੂਰਨ ਵਿਸ਼ਵਾਸ, ਪੂਰਨ ਭਰੋਸਾ ਹੈ ਤੇ ਇਹ ਮੇਰੀ ਬੇਨਤੀ, ਇਹ ਜਿਹੜੀ ਸੁਮਤਿ ਦਿੱਤੀ ਮਹਾਂਪੁਰਖਾਂ ਨੇ ਉਸ ਬੰਦੇ ਨੂੰ, ਉਹ ਕਹਿੰਦਾ, ਮੈਂ ਜੁੜਨਾ ਚਾਹੁੰਦਾ ਹਾਂ, ਕਹਿੰਦੇ ਤਿੰਨ ਚੀਜ਼ਾਂ ਲੈ ਆ। ਹੁਣ ਜਿਹੜਾ ਤਿੰਨ ਚੀਜ਼ਾਂ ਦਾ ਖਿਆਲ ਰੱਖੇਗਾ ਉਹ ਆਪੇ ਹੀ ਜੁੜ ਜਾਏਗਾ। ਜਿਹਨੂੰ ਪਤਾ ਲੱਗ ਗਿਆ, ਘਟੇ-ਘਟੇ ਬਾਰੇ, ਵਧੇ-ਵਧੇ ਬਾਰੇ, ਨਾ ਘਟੇ ਨਾ ਵਧੇ ਬਾਰੇ, ਉਹ ਤੇ ਐਟੋਮੈਟਿਕ ਹੀ ਜੁੜ ਹੀ ਜਾਏਗਾ। ਇਹ ਮਹਾਂਪੁਰਸ਼ਾਂ ਨੇ ਬੜੀ ਪਿਆਰੀ ਰਮਜ਼ ਦਿੱਤੀ ਸੀ ਇਕੱਲੀ ਉਹਨੂੰ ਨਹੀਂ, ਸਾਨੂੰ ਵੀ ਦਿੱਤੀ ਏ। ਇਸ ਰਮਜ਼ ਨੂੰ ਅਸੀਂ ਵੀ ਸਮਝੀਏ। ਆਪ ਸੰਵਰੋ, ਪਰਿਵਾਰ ਸੰਵਾਰੋ, ਸਮਾਜ ਆਪੇ ਹੀ ਸੰਵਰ ਜਾਏਗਾ।

ਆਓ, ਬੜੇ ਪਿਆਰ ਨਾਲ ਆਪਾਂ ਸ਼ਬਦ ਪੜ੍ਹਨਾ ਹੈ, ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਆਗਮਨ ਪੁਰਬ ਬਤੀਤ ਹੋਇਆ ਹੈ। ਆਖੋ :

ਧੰਨ ਗੁਰੂ ਰਾਮਦਾਸ ਜੀ....। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਆਸਾ ਰਾਗ ਦੇ ਵਿਚ ਇਹ ਛੰਤ ਆਸਾ ਦੀ ਵਾਰ ਵਿਚ ਅਸੀਂ ਪੜ੍ਹਦੇ ਹਾਂ ਤੇ ਇਹ ਦਰਜ਼ ੪੫੧ ਅੰਗ ਦੇ ਉਤੇ ਹੈ। ਮੈਂ ਅਧਾਰ ਬਣਾ ਰਿਹਾਂ ਇਸ ਪੰਕਤੀ ਨੂੰ :

***ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥***

ਇਸ ਛੰਤ ਦੇ ਵਿਚ ਸਤਿਗੁਰਾਂ ਨੇ ਕੀ-ਕੀ ਸਾਨੂੰ ਸੁਮਤਿ ਦਿੱਤੀ ਏ? ਕੀ-ਕੀ ਸਿੱਖਿਆ ਦਿੱਤੀ ਏ? ਸਤਿਗੁਰ ਸੇਵਾ ਲੈਣ, ਆਓ, ਬੜੇ ਪਿਆਰ ਦੇ ਨਾਲ ਸਾਰੀ ਸੰਗਤ ਗਾਇਨ ਕਰਿਓ, ਕੋਈ ਰਸਨਾ ਵਾਂਝੀ ਨਾ ਰਹੇ ਜੀ :

***ਜਿਨੀ ਸਤਿਗੁਰੁ ਪੁਰਖੁ ਮਨਾਇਆ***

ਕਿੰਨੇ ਮਨਾਇਆ?

ਬਾਬਾ ਦੀਪ ਸਿੰਘ ਜੀ, ਬਾਬਾ ਦੀਪ ਸਿੰਘ ਜੀ।........

***ਜਿਨੀ ਸਤਿਗੁਰੁ ਪੁਰਖੁ ਮਨਾਇਆ......***

***ਤਿਨ ਪੂਜੇ ਸਭੁ ਕੋਈ॥.....***

***ਜਿਨੀ ਸਤਿਗੁਰੁ ਪੁਰਖੁ ਮਨਾਇਆ......***

ਧੰਨ ਗੁਰੂ ਰਾਮਦਾਸ ਜੀ, ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਜਿਨੀ ਗੁਰਮੁਖਿ ਨਾਮੁ ਧਿਆਇਆ*

*ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥.....*

ਫਿਰ ਆਖੋ :

*ਜਿਨੀ ਸਤਿਗੁਰੁ ਪੁਰਖੁ ਮਨਾਇਆ*

ਧੰਨ ਬਾਬਾ ਦੀਪ ਸਿੰਘ ਜੀ-ਧੰਨ ਬਾਬਾ ਦੀਪ ਸਿੰਘ ਜੀ।......

ਧੰਨ ਗੁਰੂ ਰਾਮਦਾਸ ਜੀ।

*ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ॥.....*

*ਜਿਨੀ ਸਤਿਗੁਰੁ ਪੁਰਖੁ ਮਨਾਇਆ......*

ਧੰਨ ਗੁਰੂ ਰਾਮਦਾਸ ਜੀ, ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ*

*ਤਿਨ੍ਹਾ ਮਿਲਿਆ ਹਰਿ ਸੋਈ॥ ੨ ॥...*

*ਜਿਨੀ ਸਤਿਗੁਰੁ ਪੁਰਖੁ ਮਨਾਇਆ*

*ਤਿਨ ਪੂਜੇ ਸਭੁ ਕੋਈ॥...*

ਧੰਨ-ਧੰਨ ਬਾਬਾ ਦੀਪ ਸਿੰਘ ਜੀ-ਧੰਨ ਧੰਨ ਬਾਬਾ ਦੀਪ ਸਿੰਘ ਜੀ.....

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥*
*ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥*
*ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥ ੨ ॥*
*ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥*
*ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ.....*
*ਜਿਨੀ ਸਤਿਗੁਰੁ ਪੁਰਖੁ ਮਨਾਇਆ.....*
*ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ॥*
*ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥* (ਅੰਗ ੬੩੮)

ਮੇਰੇ ਤੋਂ ਬਾਅਦ ਵੀਰ, ਤੀਜੇ ਹਿੱਸੇ 'ਚ ਸਾਰੀ ਸੰਗਤ ਬੋਲੋ, ਗੱਜ ਕੇ ਇਕ-ਇਕ 'ਚੋਂ ਪੰਜਾਂ-ਪੰਜਾਂ ਦੀ ਅਵਾਜ਼ ਆਵੇ। ਖੰਡੇ ਵਾਲੇ ਦੇ ਪਿਆਰ 'ਚ ਬੋਲਿਓ ਜੀ !

*ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ॥*
*ਓਨ੍ਹਾਂ ਦੀ ਸੋਭਾ ਜੁਗਿ ਜੁਗਿ ਹੋਈ, ਸੋਭਾ ਜੁਗਿ ਜੁਗਿ ਹੋਈ......*

ਧੰਨ ਬਾਬਾ ਦੀਪ ਸਿੰਘ ਜੀ-ਧੰਨ ਬਾਬਾ ਦੀਪ ਸਿੰਘ ਜੀ.........

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥ ੫੬॥* (ਅੰਗ ੧੪੨੯)

ਸੋਭਾ ਜੁਗਿ ਜੁਗਿ ਹੋਈ........

*ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥*
*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥.....* (ਅੰਗ ੨੭੩)
*ਓਨਾ ਦੀ ਸੋਭਾ ਜੁਗਿ ਜੁਗਿ ਹੋਈ, ਸੋਭਾ ਜੁਗਿ ਜੁਗਿ ਹੋਈ........*
*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥* (ਅੰਗ ੬੭੯)
*ਓਨਾ ਦੀ ਸੋਭਾ ਜੁਗਿ ਜੁਗਿ ਹੋਈ, ਸੋਭਾ ਜੁਗਿ ਜੁਗਿ ਹੋਈ........*
*ਸੋਭਾ ਜੁਗਿ ਜੁਗਿ ਹੋਈ.....*
*ਮੇਰੇ ਲਾਲਨ ਕੀ ਸੋਭਾ॥ ਮੇਰੇ ਲਾਲਨ ਕੀ ਸੋਭਾ॥.......* (ਅੰਗ ੧੩੨੨)

ਧੰਨ ਬਾਬਾ ਦੀਪ ਸਿੰਘ ਜੀ-ਧੰਨ ਬਾਬਾ ਦੀਪ ਸਿੰਘ ਜੀ।......

ਆਹ ਹੀ ਨਾਲ ਜਾਣਾ ਜੇ ਗੱਜ ਕੇ ਬੋਲੋ :-

ਬਾਬਾ ਦੀਪ ਸਿੰਘ ਜੀ-ਬਾਬਾ ਦੀਪ ਸਿੰਘ ਜੀ।...... ਵਾਹ !

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥* (ਅੰਗ ੯੬੨)

ਗੁਰੂ ਰਾਮਦਾਸ ਪਿਤਾ ਸਭ ਕੁਝ ਤੁਹਾਡੇ ਵੱਸ ਵਿਚ ਏ :-

ਪਰ ਕਈ ਇਹੋ ਜਿਹੇ ਵੀ ਨੇ, ਜਿਨ੍ਹਾਂ ਦੇ ਵੱਸ ਤੁਸੀਂ ਵੀ ਹੋ :-

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥* (ਅੰਗ ੯੬੨)

ਪਰ ਗੁਰੂ ਰਾਮਦਾਸ ਜੀ ਤੁਹਾਡੇ ਵੱਸ ਵਿਚ ਸਭ ਕੁਝ ਏ, ਪਰ ਇਕ ਇਹੋ ਜਿਹੇ ਨੇ ਜਿਨ੍ਹਾਂ ਦੇ ਵੱਸ ਤੁਸੀਂ ਵੀ ਹੋ। ਕਹਿ ਦਿਓ : ਵਾਹਿਗੁਰੂ-ਵਾਹਿਗੁਰੂ।

ਉਹ ਕੌਣ ਨੇ? :

ਆਖੋ ਧੰਨ ਧੰਨ ਬਾਬਾ ਦੀਪ ਸਿੰਘ ਜੀ।

ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਗੁਰੂ ਰਾਮਦਾਸ ਕਿਸੇ ਦੀ ਪਕੜ ਵਿਚ ਆਉਣ ਵਾਲਾ ਨਹੀਂ। ਸਿਆਣਪਾਂ, ਚਤੁਰਾਈਆਂ ਨਾਲ, ਦਾਨ-ਪੁੰਨ ਕੀਤਿਆਂ, ਕੋਈ ਧਰਤੀ 'ਤੇ

ਭਰਮਣ ਕਰ ਲਵੇ, ਕਿਸੇ ਦੇ ਵੱਸ ਵਿਚ ਆਉਣ ਵਾਲਾ ਨਹੀਂ। ਮੇਰਾ ਧੰਨ ਗੁਰੂ ਰਾਮਦਾਸ ਪਰ ਪਿਆਰ ਵਾਲਿਆਂ ਦੇ ਵੱਸ ਤੋਂ ਬਾਹਰ ਹੀ ਨਹੀਂ ਨਿਕਲਦੇ। ਕਿਸੇ ਦੇ ਵੱਸ ਵਿਚ ਆਉਂਦੇ ਨਹੀਂ, ਪਰ ਪ੍ਰੇਮ ਵਾਲਿਆਂ ਦੇ ਵੱਸ ਤੋਂ ਬਾਹਰ ਨਹੀਂ, ਗੁਰੂ ਰਾਮਦਾਸ ਕਿਹੜੇ ਪ੍ਰੇਮ ਵਾਲਿਆਂ ਦੇ? :

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*

*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥* (ਅੰਗ ੯੬੨)

ਬੋਲੋ : ਧੰਨ ਬਾਬਾ ਦੀਪ ਸਿੰਘ ਜੀ-ਧੰਨ ਬਾਬਾ ਦੀਪ ਸਿੰਘ ਜੀ।.........

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ..........

ਇਹ ਘੜੀਆਂ ਫਿਰ ਨਹੀਂ ਲੱਭਣੀਆਂ।

*ਜਿਨੀ ਸਤਿਗੁਰੁ ਪੁਰਖੁ ਮਨਾਇਆ........*

ਧੰਨ ਗੁਰੂ ਰਾਮਦਾਸ ਜੀ.......ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਜੀਅ ਕਰਦਾ ਏ ਬਾਬਾ ਦੀਪ ਸਿੰਘ, ਧੰਨ ਗੁਰੂ ਰਾਮਦਾਸ ਪਿਤਾ ਜੀ ਦੀਆਂ ਵਡਿਆਈਆਂ ਕਰਦੇ ਜਾਈਏ। ਧੰਨ ਗੁਰੂ ਰਾਮਦਾਸ, ਧੰਨ ਬਾਬਾ ਦੀਪ ਸਿੰਘ ਬੋਲਦੇ ਜਾਈਏ ਤੇ ਮੈਨੂੰ ਪਤਾ ਹੈ ਤੁਸੀਂ ਪਿਆਰ ਵਿਚ ਸਜਦੇ ਹੋ, ਭਾਵੇਂ ਦੋ ਘੰਟੇ ਵੀ ਲੱਗੇ ਰਹੀਏ, ਤੁਸੀਂ ਪਿਆਰ ਵਿਚ ਹਿਲਣਾ ਨਹੀਂ। ਪਰ ਮੇਰਾ ਇਕ ਸੁਭਾਅ ਏ, ਸਮੇਂ ਤੋਂ ਬਾਹਰ ਨਹੀਂ ਜਾਈਦਾ, ਸਮੇਂ ਵਿਚ ਰਹਿਣਾ ਬੜਾ ਹੀ ਅੱਛਾ ਲੱਗਦਾ ਏ ਮੈਨੂੰ। ਥੋੜ੍ਹੇ ਜਿਹੇ ਮਿੰਟ ਰਹਿ ਗਏ ਨੇ, ਬਾਕੀ ਪੂਰਾ-ਪੂਰਾ ਆਪਾਂ ਲਾਹਾ ਲੈ ਲਈਏ। ਗੁਰੂ ਰਾਮਦਾਸ ਬਾਪੂ ਜੀ ਦੇ ਆਗਮਨ ਦਿਵਸ ਦਾ ਜੋ ਉਹ ਦਿਨ ਬਤੀਤ ਹੋਇਆ, ਪਿਤਾ ਜੀ ਦੇ ਆਗਮਨ ਪੁਰਬ ਵਾਲਾ, ਤਾਂ ਹੀ ਅੱਜ ਦੇ ਦੀਵਾਨ ਵਿਚ ਮੈਂ ਗੁਰੂ ਰਾਮਦਾਸ ਦਾ ਉਚਾਰਣ ਕੀਤਾ। ਇਹ ਪੜ੍ਹਦਿਆਂ ਸ਼ੁਰੂਆਤ ਵਿਚ ਕੀ ਕਿਹਾ ਮਾਲਕ ਜੀ ਨੇ :

*ਜਿਨੀ ਗੁਰਮੁਖਿ ਨਾਮੁ ਧਿਆਇਆ*

*ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥* (ਅੰਗ ੪੫੧)

ਆਖੋ : ਧੰਨ ਗੁਰੂ ਰਾਮਦਾਸ ਜੀ........। ਮਾਲਕ ਪਿਤਾ ਜੀ ਨੇ ਬਚਨ ਕੀ ਕੀਤਾ, ਉਪਦੇਸ਼ ਕੀ ਕੀਤਾ, ਆਪਣੀ ਰਸਨਾ ਤੋਂ ਉਚਾਰਿਆ, ਕੀ ਕਹਿੰਦੇ?:-

*ਜਿਨੀ ਗੁਰਮੁਖਿ ਨਾਮੁ ਧਿਆਇਆ*

ਪਹਿਲੀ ਗੱਲ ਤੇ ਇਹ ਗੁਰਮੁਖਿ, ਜਿਹੜੇ ਪਿਤਾ ਜੀ ਨੇ ਇਹ ਬੋਲ ਬੋਲੇ ਨੇ, ਜਿਹੜੇ ਆਪਣੀ ਮੁਬਾਰਕ ਰਸਨਾ ਤੋਂ ਇਹ ਬਚਨ ਕੀਤਾ, ਗੁਰਮੁਖ ਹੈ ਕੌਣ? ਪਹਿਲੇ ਆਓ ! ਇਕ ਦੋ ਮਿੰਟ। ਗੁਰਮੁਖ ਕੌਣ ਏ? ਮੈਂ ਗੁਰਮੁਖ ਹਾਂ, ਤੁਸੀਂ ਗੁਰਮੁਖ ਹੋ, ਜਿਹੜਾ ਆਪਣੇ-ਆਪ ਨੂੰ ਸਿੱਖ ਅਖਵਾ ਰਿਹਾ, ਕੀ ਉਹ ਗੁਰਮੁਖ ਹੈ? ਫੈਸਲਾ ਗੁਰੂ ਰਾਮਦਾਸ ਜੀ ਅੱਜ ਕਰਨਗੇ। ਆਖੋ : ਵਾਹਿਗੁਰੂ-ਵਾਹਿਗੁਰੂ।

ਗੁਰੂ ਰਾਮਦਾਸ ਪਿਤਾ ਜੀ ਕਹਿੰਦੇ—ਗੁਰਮੁਖ ਪਤਾ ਕੌਣ ਹੈ? ਜਿਹੜਾ ਗੁਰੂ ਦੇ ਸਨਮੁਖ ਜੀਵਨ ਬਤੀਤ ਕਰਦਾ ਹੈ। ਗੁਰਮੁਖ ਉਹ ਹੈ ਜਿਹੜਾ ਗੁਰੂ ਦੇ ਸਨਮੁਖ ਰਹਿ ਕੇ, ਆਪਣਾ ਜੀਵਨ ਜੀਉਂਦਾ ਹੈ। ਤੇ ਜਿਹੜਾ ਗੁਰੂ ਦੇ ਸਨਮੁਖ ਰਹਿ ਕੇ ਜੀਵਨ ਜੀਉਂਦਾ ਏ, ਸੱਚੀ ਗੱਲ ਏ ਉਹ ਤੇ ਹਰ ਵੇਲੇ ਖਿੜਿਆ ਹੀ ਰਹਿੰਦਾ ਏ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ....।

ਇਹ ਵੀ ਗੁਰੂ ਰਾਮਦਾਸ ਜੀ ਦਾ ਹੀ ਸ਼ਬਦ ਏ :

***ਗੁਰਮੁਖਿ ਹਸੈ ਗੁਰਮੁਖਿ ਰੋਵੈ॥*** (ਅੰਗ ੧੪੨੨)

ਕਹਿੰਦੇ—ਗੁਰਮੁਖ ਕੌਣ ਏ? ਜਿਹੜਾ ਹਰ ਕਾਰਜ ਹਰ ਕੰਮ ਗੁਰੂ ਦੇ ਸਨਮੁਖ ਰਹਿ ਕੇ ਕਰਦਾ ਹੈ ਤੇ ਗੁਰੂ ਦੇ ਸਨਮੁਖ ਰਹਿਣ ਕਰਕੇ ਉਹ ਹਰ ਵੇਲੇ ਖਿੜ੍ਹਿਆ ਰਹਿੰਦਾ ਹੈ। ਹਰ ਵੇਲੇ ਹੱਸਦਾ ਰਹਿੰਦਾ ਹੈ।

ਇਥੇ ਰੋਵੇ ਦਾ ਮਤਲਬ ਪਤਾ ਜਿਵੇਂ ਅਸੀਂ ਤੁਸੀਂ ਰੋਂਦੇ ਹਾਂ, ਇਹ ਰੋਣਾ ਨਹੀਂ, ਬੈਰਾਗ। ਉਹ ਜਦੋਂ ਜੁੜਦਾ ਹੈ ਮਾਲਕ ਦੇ ਚਰਨਾਂ ਦੇ ਨਾਲ, ਤੇ ਉਹਦੇ ਅੰਦਰ ਫਿਰ ਗੁਰੂ ਦੇ ਦਰਸ਼ਨਾਂ ਦਾ ਬੈਰਾਗ ਉਤਪੰਨ ਹੁੰਦਾ ਹੈ। ਗੁਰਮੁਖ ਉਹ ਹੈ ਜਿਹੜਾ ਗੁਰੂ ਦੇ ਸਨਮੁਖ ਰਹਿ ਕੇ ਰੋਂਦਾ ਵੀ ਏ, ਹੱਸਦਾ ਵੀ ਏ ਤੇ ਹਰ ਵੇਲੇ ਖਿੜ੍ਹਿਆ ਰਹਿੰਦਾ ਹੈ। ਆਖੋ : ਧੰਨ ਗੁਰੂ ਰਾਮਦਾਸ ਜੀ......। ਧੰਨ ਬਾਬਾ ਦੀਪ ਸਿੰਘ ਜੀ।

ਹਰ ਵੇਲੇ ਖਿੜ੍ਹਿਆ ਰਹਿੰਦਾ ਹੈ। ਹੁਣ ਤੁਸੀਂ ਇਕ ਗੱਲ ਮੈਨੂੰ ਦੱਸੋ, ਮੱਖਣ ਹੈ ਨਾ ਮੱਖਣ। ਲੱਸੀ ਦੇ ਵਿਚ ਮੱਖਣ ਪਿਆ ਹੈ। ਲੱਸੀ ਦੀ ਵੀ ਵੁਕਤ ਪੈ ਜਾਂਦੀ ਹੈ। ਲੱਸੀ ਦੇ ਵਿਚ ਮੱਖਣ ਪਿਆ ਹੈ ਤੇ ਉਸ ਲੱਸੀ ਨੂੰ ਵੀ ਬੰਦਾ ਫਰਿਜ਼ ਵਿਚ ਰੱਖਦਾ ਹੈ। ਸੰਭਾਲ-ਸੰਭਾਲ ਕੇ ਰੱਖਦਾ ਹੈ, ਲੱਸੀ ਵਿਚ ਕੀਮਤੀ ਚੀਜ਼ ਏ। ਹੁਣ ਲੱਸੀ ਦੇ ਵਿੱਚੋਂ ਮੱਖਣ ਨੂੰ ਕੱਢ ਦਿੱਤਾ ਬਾਹਰ ਤੇ ਲੱਸੀ ਦੀ ਵੁਕਤ ਖਤਮ ਹੋ ਗਈ। ਉਹ ਜਿਹੜੀ ਲੱਸੀ ਏ, ਫਿਰ ਕੋਈ ਗੁਆਂਢੀ ਆ ਗਿਆ, ਭਈ, ਮੈਨੂੰ ਥੋੜ੍ਹੀ ਜਿਹੀ ਲੱਸੀ ਦੇ ਦੇ। ਅਸੀਂ ਦੇ ਦੇਂਦੇ ਹਾਂ ਉਸ ਨੂੰ। ਏਦਾਂ ਹੀ ਹੁੰਦਾ ਏ ਨਾ ਭਈ, ਮੈਨੂੰ ਲੱਸੀ ਚਾਹੀਦੀ। ਏਹੋ ਕੋਈ ਮੱਖਣ ਮੰਗਣ ਆਵੇ, ਅਸੀਂ ਦੇਣ ਤੋਂ ਪ੍ਰਹੇਜ਼ ਕਰਦੇ ਹਾਂ, ਉਹ ਕੀਮਤੀ ਚੀਜ਼ ਏ। ਲੱਸੀ ਦੀ ਵੁਕਤ ਉਦੋਂ ਤੱਕ ਏ ਜਦੋਂ ਤੱਕ ਉਸ ਵਿਚ ਮੱਖਣ ਪਿਆ ਏ, ਸੱਚਾਈ ਹੈ। ਕਹਿ ਦਿਓ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।

ਜਦੋਂ ਨਿਕਲ ਗਿਆ ਮੱਖਣ ਵਿੱਚੋਂ ਤੇ ਪਿਆਰਿਓ ! ਲੱਸੀ ਦੀ ਵੀ ਕੀਮਤ ਖ਼ਤਮ।

***ਮਖਣੁ ਲਇਆ ਵਿਰੋਲਿ ਕੈ ਛਾਹਿ ਛੁਟੜਿ ਹੋਈ।***

ਕਹਿੰਦੇ—ਉਹ ਲੱਸੀ ਵੀ ਛੁੱਟੜ ਬਣ ਗਈ। ਕਦੀ ਕੋਈ ਲੈ ਗਿਆ, ਕਦੀ ਕੋਈ ਲੈ ਗਿਆ। ਭਾਈ ਗੁਰਦਾਸ ਜੀ ਕਹਿ ਰਹੇ ਹਨ—ਜਦੋਂ ਲੱਸੀ ਦੇ ਵਿੱਚੋਂ ਮੱਖਣ ਨੂੰ ਕੱਢ ਲਿਆ:

***ਮਖਣੁ ਲਇਆ ਵਿਰੋਲਿ ਕੈ ਛਾਹਿ ਛੁਟੜਿ ਹੋਈ।***

ਅਗਲੀਆਂ ਪੰਕਤੀਆਂ ਵਿਚ ਕਹਿੰਦੇ :

***ਪੀੜ ਲਈ ਰਸੁ ਗੰਨਿਅਹੁੰ ਛਿਲੁ ਛੂਹੈ ਨ ਕੋਈ।***

ਕਹਿੰਦੇ ਕਿ ਜਦੋਂ ਗੰਨੇ ਦੇ ਵਿੱਚੋਂ ਵੇਲਣੇ ਦੇ ਵਿਚ ਗੰਨੇ ਨੂੰ ਜਦੋਂ ਪਾਇਆ, ਪੀੜਿਆ ਗਿਆ ਉਹਦੇ ਵਿੱਚੋਂ ਰਸ ਕੱਢ ਲਿਆ ਗਿਆ। ਜਿਹੜੀ ਬਾਕੀ ਦੀ ਫੋਕ ਰਹਿ ਗਈ, ਉਹਦੀ ਤੇ ਕੋਈ ਕੀਮਤ ਹੀ ਨਹੀਂ, ਉਹਨੂੰ ਤੇ ਫਿਰ ਅੱਗ ਹੀ ਲੱਗਣੀ ਏ। ਇੱਦਾਂ ਹੀ ਹੁੰਦਾ ਏ। ਕਹਿੰਦੇ—ਮੱਖਣ ਦੀ ਕੀਮਤ ਦੇ ਕਰਕੇ ਲੱਸੀ ਦੀ ਵੀ ਕੀਮਤ ਪੈ ਗਈ ਏ। ਮੱਖਣ ਜਿਹੜੀ ਤੱਤ ਵਸਤੂ ਏ, ਉਹਦੇ ਕਰਕੇ ਜਿਹੜੀ ਨਾ-ਚੀਜ਼ ਲੱਸੀ, ਉਹਦੀ ਵੀ ਵੁਕਤ ਪੈ ਗਈ। ਜਦੋਂ ਲੱਸੀ ਦੇ ਵਿੱਚੋਂ ਮੱਖਣ ਨੂੰ ਕੱਢਿਆ, ਲੱਸੀ ਕਿਸੇ ਕੰਮ ਦੀ ਨਹੀਂ। ਗੰਨੇ ਦੇ ਵਿੱਚੋਂ ਜਦੋਂ ਰਸ ਨੂੰ ਕੱਢ ਲਿਆ, ਜਿਹੜੀ ਬਾਕੀ ਦੀ ਫੋਕ ਰਹਿ ਗਈ ਉਹ ਕਿਸੇ ਕੰਮ ਦੀ ਨਹੀਂ। ਕਹਿੰਦੇ :

***ਰੰਗ ਮਜੀਠਹੁੰ ਨਿਕਲੈ ਅਢੁ ਲਹੈ ਨ ਸੋਈ।***

ਜਦੋਂ ਮਜੀਠ ਵਿੱਚੋਂ ਰੰਗ ਕੱਢ ਲਿਆ ਤੇ ਪਿਆਰਿਓ ! ਉਹਦਾ ਫਿਰ ਕੌਡੀ ਵੀ ਮੁੱਲ ਨਹੀਂ ਰਹਿ ਜਾਂਦਾ। ਜਿਹੜੀ ਬਾਕੀ ਦੀ ਫੋਕ ਏ,ਉਹ ਸਾਰੀ ਕੂੜੇ ਦੇ ਵਿਚ ਸੁੱਟੀ ਜਾਂਦੀ ਏ।

ਭਾਈ ਗੁਰਦਾਸ ਜੀ ਨੇ ਅਗਲਾ ਫੁਰਮਾਨ ਕੀਤਾ :

***ਵਾਸ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ।***

ਕਹਿੰਦੇ—ਜੇ ਫੁੱਲਾਂ ਦੇ ਵਿੱਚੋਂ ਸੁਗੰਧੀ ਕੱਢ ਦਿਓ, ਫੁੱਲ ਜਿਹੜੇ ਨੇ, ਗੁਲਾਬ ਦਾ ਫੁੱਲ ਏ, ਕੋਈ ਸੂਰਜਮੁੱਖੀ ਦਾ ਫੁੱਲ ਏ, ਕੋਈ ਗੇਂਦੇ ਦਾ ਫੁੱਲ ਏ, ਕਹਿੰਦੇ—ਫੁੱਲ ਦੇ ਵਿੱਚੋਂ ਜਦੋਂ ਵਾਸਨਾ ਖ਼ਤਮ ਹੋ ਗਈ, ਸੁਗੰਧੀ ਖ਼ਤਮ ਹੋ ਗਈ, ਜਦੋਂ ਫੁੱਲ ਸੜ ਗਏ, ਸੁੱਕ ਗਏ, ਉਨ੍ਹਾਂ ਦੀ ਵੀ ਫਿਰ ਕੋਈ ਵੈਲੀਓ ਨਾ ਰਹੀ। ਉਹ ਫੁੱਲਾਂ ਦੀ ਵੈਲੀਊ ਉਦੋਂ ਤੱਕ ਏ ਜਦ ਤੱਕ ਵਿਚ ਸੁਗੰਧੀ ਮੌਜੂਦ ਏ। ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ। ਅੱਗੇ ਕਹਿੰਦੇ :

***ਕਾਂਇਆ ਹੰਸੁ ਵਿਛੁੰਨਿਆਂ ਤਿਸੁ ਕੋ ਨ ਸਥੋਈ।***

ਕਹਿੰਦੇ—ਜਦੋਂ ਇਸ ਦੇਹ ਦੇ ਵਿੱਚੋਂ ਆਤਮਾ ਨਿਕਲ ਜਾਂਦੀ ਏ, ਫਿਰ ਇਹਦਾ ਕੋਈ ਵੀ ਸਾਥੀ ਨਹੀਂ, ਫਿਰ ਇਸ ਦੇਹ ਨੂੰ ਵੀ ਅੱਗ ਦੇ ਹਵਾਲੇ ਹੀ ਕੀਤਾ ਜਾਂਦਾ ਹੈ।

ਤੇ ਅਖ਼ੀਰ 'ਤੇ ਤੋੜਾ ਕਿੱਥੇ ਭੰਨਿਆ? ਕਹਿੰਦੇ :

***ਬੇਮੁਖ ਸੁਕੇ ਰੁਖ ਜਿਉਂ ਵੇਖੈ ਸਭ ਲੋਈ॥ ੧੨॥*** (ਵਾਰ ੩੪)

ਕਹਿੰਦੇ—ਜਿਹੜੇ ਬੇਮੁੱਖ ਨੇ, ਜਿਹੜੇ ਆਪਣੇ ਗੁਰੂ ਤੋਂ ਮੂੰਹ ਮੋੜ ਲੈਂਦੇ ਨੇ, ਜਿਹੜੇ ਆਪਣੇ ਮਾਲਕ ਦੇ ਸਨਮੁੱਖ ਨਹੀਂ ਰਹਿੰਦੇ, ਮਾਲਕ ਦੇ ਬਚਨਾਂ ਮੁਤਾਬਕ ਆਪਣਾ ਜੀਵਨ ਨਹੀਂ ਬਤੀਤ ਕਰਦੇ, ਉਹ ਸੁੱਕੇ ਰੁੱਖ ਦੇ ਵਾਂਗੂੰ ਨੇ ਬੇਮੁਖ। ਕਹਿੰਦੇ—ਜਿਹੜੇ ਸੁੱਕੇ ਰੁੱਖ ਨੇ, ਉਹ ਸੁੱਕੇ ਰੁੱਖ, ਹੁਣ ਜਿਹੜੇ ਰੁੱਖ ਦੇ ਉਤੇ ਪੱਤੇ ਹੀ ਨਹੀਂ, ਜਿਸ ਰੁੱਖ ਦੇ ਉਤੇ ਕੋਈ ਫਲ ਹੀ ਨਹੀਂ, ਫੁੱਲ ਹੀ ਨਹੀਂ, ਉਨ੍ਹਾਂ ਨੂੰ ਤੇ ਕੇਵਲ ਅੱਗ ਹੀ ਲੱਗਣੀ ਏ। ਆਖੋ : ਵਾਹਿਗੁਰੂ–

ਵਾਹਿਗੁਰੂ।

ਕਹਿੰਦੇ—ਇਸੇ ਤਰ੍ਹਾਂ ਉਹ ਲੋਕ ਨੇ, ਜਿਹੜੇ ਗੁਰੂ ਤੋਂ ਬੇਮੁਖ ਹੋ ਚੁੱਕੇ ਨੇ, ਜਿਵੇਂ ਸੁੱਕਾ ਰੁੱਖ ਏ, ਉਹ ਸੁੱਕੇ ਰੁੱਖ ਦੀ ਨਿਆਈਂ ਨੇ। ਸਿੱਖ ਦੀ ਵੀ ਵੈਲੀਊ ਉਦੋਂ ਤੱਕ ਹੀ ਏ, ਜਦ ਤੱਕ ਉਹ ਆਪਣੇ ਮਾਲਕ ਦੇ ਹੁਕਮਾਂ ਮੁਤਾਬਕ ਚਲਦਾ ਹੈ। ਜਦ ਤੱਕ ਮਾਲਕ ਦੇ ਦਿੱਤੇ ਹੋਏ ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਦਾ ਹੈ, ਸਿੱਖ ਦੀ ਵੀ ਵੁਕਤ ਉਦੋਂ ਤੱਕ ਹੀ ਰਹਿੰਦੀ ਹੈ। ਜਦੋਂ ਸਿੱਖ ਨੇ ਆਪਣੀਆਂ ਮਰਜ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਆਪਣੇ ਗੁਰੂ ਤੋਂ ਪਿੱਠ ਕਰ ਲਈ, ਜਦੋਂ ਸਿੱਖ ਨੇ ਆਪਣੇ ਮਾਲਕ ਦੇ ਬਚਨਾਂ ਨੂੰ ਕਮਾਉਣਾ ਛੱਡ ਦਿੱਤਾ, ਜਿਵੇਂ ਬਾਕੀ ਚੀਜ਼ਾਂ ਦੀ ਵੈਲੀਊ ਗੁਣਾਂ ਤੋਂ ਬਿਨਾਂ ਖ਼ਤਮ ਹੋ ਗਈ, ਉਹ ਗੁਰੂ ਦੇ ਦਿੱਤੇ ਹੋਏ ਗੁਣਾਂ ਤੋਂ ਬਿਨਾਂ ਸਿੱਖਾ ! ਤੇਰੀ ਵੈਲੀਊ ਵੀ ਖ਼ਤਮ ਹੋ ਜਾਣੀ ਏ। ਆਖੋ : ਵਾਹਿਗੁਰੂ-ਵਾਹਿਗੁਰੂ।

ਗੁਰਮੁਖ ਬਣ।

***ਜਿਨੀ ਗੁਰਮੁਖਿ ਨਾਮੁ ਧਿਆਇਆ***

ਪਰ ਗੁਰਮੁਖ ਕੌਣ ਏ? ਕਹਿੰਦੇ—ਗੁਰਮੁਖ ਤੇ ਉਹ ਹੀ ਏ, ਜਿਹੜਾ ਹਰ ਵੇਲੇ ਖਿੜ੍ਹਿਆ ਰਹਿੰਦਾ ਏ। ਦੁੱਖ ਵਿਚ ਵੀ ਖਿੜ੍ਹਿਆ, ਸੁਖ ਵਿਚ ਵੀ ਖਿੜ੍ਹਿਆ, ਕੋਈ ਉਤਰਾਈ, ਚੜ੍ਹਾਈ ਦਾ ਸਮਾਂ ਆ ਗਿਆ ਤਾਂ ਵੀ ਖਿੜ੍ਹਿਆ ਰਹਿੰਦਾ ਹੈ। ਤੇ ਜੇ ਕਿਤੇ ਉਹ ਰੋਂਦਾ ਵੀ ਏ, ਉਹ ਸਾਡੇ ਤੁਹਾਡੇ ਵਾਂਗੂੰ ਨਹੀਂ ਰੋਂਦਾ। ਉਹ ਤੇ ਗੁਰੂ ਦੇ ਦਰਸ਼ਨਾਂ ਦੇ ਬੈਰਾਗ ਵਿਚ ਰੋਂਦਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ। ਕਹਿੰਦੇ :

***ਗੁਰਮੁਖਿ ਹਸੈ ਗੁਰਮੁਖਿ ਰੋਵੈ॥ ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥***

**(ਅੰਗ ੧੪੨੨)**

ਕਿਡੀ ਹੈਰਾਨਗੀ ਦੀ ਗੱਲ ਕਿ ਗੁਰਮੁਖ ਜੋ ਵੀ ਕਰਦਾ, ਉਹਦੀ ਭਗਤੀ ਏ। ਹੁਣ ਜਿਹੜਾ ਅਸਲੀਅਤ ਵਿਚ ਜੁੜਿਆ ਬੰਦਾ ਏ, ਗੁਰਮੁਖ ਏ, ਉਹਨੂੰ ਕੋਈ ਸਪੈਸ਼ਲ ਚੌਕੜੇ ਮਾਰਨ ਦੀ ਲੋੜ ਨਹੀਂ ਪੈਣੀ। ਇੱਥੇ ਗਲਤ ਮਤਲਬ ਨਾ ਸਮਝਿਓ ਕਿ ਚੌਕੜੇ ਮਾਰਨੇ ਨਹੀਂ। ਜਿਹੜਾ ਗੁਰਮੁਖ ਅਸਲ 'ਚ ਜੁੜਿਆ ਹੈ, ਉਹਨੂੰ ਕੋਈ ਸਪੈਸ਼ਲ ਚੌਕੜੀ ਮਾਰ ਕੇ, ਅੱਖਾਂ ਬੰਦ ਕਰਕੇ, ਗੁਰੂ ਦਾ ਧਿਆਨ ਧਰਨ ਦੀ ਲੋੜ ਨਹੀਂ। ਉਹ ਜੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਵੇ, ਉਹਦਾ ਧਿਆਨ ਉਸੇ ਤਰ੍ਹਾਂ ਪ੍ਰਪੱਕ ਜੁੜਿਆ ਹੋਇਆ ਹੈ। ਜੇ ਉਹ ਕਿਸੇ ਨਾਲ ਗੱਲਬਾਤ ਵੀ ਕਰਦਾ ਪਿਆ ਹੈ, ਉਹਦਾ ਧਿਆਨ ਲੱਗਿਆ ਹੀ ਪਿਆ ਹੈ। ਜੇ ਆਪਣੇ ਬੱਚਿਆਂ ਨਾਲ ਬੈਠਾ ਦੁੱਖ-ਸੁੱਖ ਫਰੋਲਦਾ ਹੈ ਉਹਦਾ ਧਿਆਨ ਲੱਗਿਆ ਹੀ ਪਿਆ ਹੈ। ਉਹਦੀ ਤੇ ਭਗਤੀ ਹੋਈ ਜਾ ਰਹੀ ਏ। ਉਹਦਾ ਤੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣਾ ਵੀ ਭਗਤੀ। ਉਹਦਾ ਪਿਆਰਿਓ! ਕਿਸੇ ਨਾਲ ਗੱਲਬਾਤ ਕਰਨਾ ਵੀ ਭਗਤੀ। ਉਹਦਾ ਹੱਸਣਾ

ਵੀ ਭਗਤੀ, ਉਹਦਾ ਬੈਰਾਗ ਕਰਨਾ ਵੀ ਭਗਤੀ, ਉਹਦਾ ਆਪਣੇ ਬੱਚਿਆਂ 'ਚ ਬੈਠ ਕੇ ਪਰਿਵਾਰ ਵਿਚ ਬਹਿ ਕੇ ਦੁੱਖ-ਸੁੱਖ ਫਰੋਲਣਾ ਵੀ ਭਗਤੀ। ਉਹਦਾ ਖੇਤੀਬਾੜੀ ਕਰਨਾ ਵੀ ਭਗਤੀ। ਉਹਦਾ ਕਿਰਤ ਕਰਨਾ ਵੀ ਭਗਤੀ। ਪਿਆਰਿਓ! ਜਿਹੜਾ ਵੀ ਉਹ ਕੰਮ-ਕਾਜ ਕਰ ਰਿਹਾ, ਗੁਰਮੁਖ ਦਾ ਹਰ ਕਾਰਜ ਹੀ ਭਗਤੀ ਬਣ ਜਾਂਦਾ ਏ। ਆਖੋ: ਵਾਹਿਗੁਰੂ-ਵਾਹਿਗੁਰੂ।

ਕਿਉਂ ਭਗਤੀ ਬਣ ਜਾਂਦਾ ਹੈ? ਕਿਉਂਕਿ ਉਹਨੇ ਹਰ ਕਾਰਜ ਕੀਤਾ ਆਪਣੇ ਮਾਲਕ ਦੇ ਹੁਕਮ ਮੁਤਾਬਕ। ਉਹਨੇ ਹਰ ਕਾਰਜ ਕੀਤਾ ਹੈ ਆਪਣੇ ਮਾਲਕ ਦੇ ਸਨਮੁਖ ਰਹਿ ਕੇ। ਹੁਣ ਤੁਸੀਂ ਪਿਆਰਿਓ ! ਮਾਂਵਾਂ ਬੈਠੀਆਂ ਨੇ, ਇਥੇ ਛੋਟੇ ਬੱਚੇ ਨੇ ਤੁਹਾਡੇ ਕਈਆਂ ਦੇ ਮੰਨ ਲਓ। ਜੇ ਤੁਹਾਡੀਆਂ ਉਮਰਾਂ ਬੀਤ ਗਈਆਂ, ਤੁਹਾਡੇ ਘਰ 'ਚ ਪੋਤਰੇ ਹੋਣਗੇ, ਪੋਤਰੀਆਂ ਹੋਣਗੀਆਂ, ਦੋਹਤਰੇ-ਦੋਹਤਰੀਆਂ ਹੋਣਗੀਆਂ, ਪਰ ਜਿਹੜੀ ਮਾਂ ਏ, ਕਦੀ ਨੋਟ ਕਰਨਾ, ਮਾਂ ਨੇ ਆਪਣੇ ਬੱਚੇ ਨੂੰ ਯਾਦ ਕਰਨਾ ਹੋਵੇ, ਉਹਨੂੰ ਵਾਜਾ ਖੋਲ੍ਹ ਕੇ ਬੈਠਣ ਦੀ ਲੋੜ ਪਏਗੀ ਕਦੀ? ਮੈਂ ਤੇ ਆਪਣੇ ਬੱਚਿਆਂ ਨੂੰ ਯਾਦ ਕਰਨ ਲੱਗੀ ਹਾਂ, ਮੈਂ ਤੇ ਵਾਜਾ ਖੋਲ੍ਹ ਕੇ ਬਹਿਣਾ ਹੈ। ਇੱਦਾਂ ਨਹੀਂ ਨਾ ਹੁੰਦਾ। ਮਾਂ ਦੀ ਤੇ ਹਰ ਵੇਲੇ ਯਾਦ ਵਿਚ ਬੱਚਾ ਵੱਸਿਆ ਹੀ ਹੋਇਆ ਹੈ। ਬਾਹਰ ਖੇਡਣ ਵੀ ਗਿਆ, ਤਾਂ ਵੀ ਮਾਂ ਦਾ ਧਿਆਨ ਬੱਚੇ ਵੱਲ ਏ। ਹਾਏ ! ਮੇਰੇ ਪੁੱਤਰ ਨੂੰ ਭੁੱਖ ਲੱਗੀ ਹੋਣੀ ਏ, ਹਾਏ ! ਮੇਰੀ ਧੀ ਨੂੰ ਭੁੱਖ ਲੱਗ ਗਈ ਹੋਣੀ ਏ। ਦੋ ਘੰਟੇ ਬੀਤ ਗਏ ਨੇ ਕੁਝ ਨਹੀਂ ਖਾਧਾ ਇਹਨੇ। ਬਸ ਇਸੇ ਤਰ੍ਹਾਂ ਹੀ ਹੁੰਦਾ ਹੈ।

ਗੁਰਮੁਖ ਕੁਝ ਵੀ ਕਰਦਾ ਹੈ, ਖੇਤੀਬਾੜੀ ਕਰ ਰਿਹਾ ਹੈ, ਤਾਂ ਵੀ ਉਹਦੀ ਭਗਤੀ। ਮਹਾਰਾਜ ਨੇ ਸਾਨੂੰ ਆਲਸੀ ਨਹੀਂ ਬਣਾਇਆ ਕਿ ਤੂੰ ਕੰਮ-ਕਾਰ ਹੀ ਛੱਡ ਦੇ। ਜਿਹੜੀ ਬਾਣੀ ਦੀ ਪੰਕਤੀ ਏ :

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥*** (ਅੰਗ ੧੨)

ਹੁਣ ਏਨੀ ਗੱਲ ਸੁਣ ਕੇ, ਪੜ੍ਹ ਕੇ, ਅਸੀਂ ਕਹੀਏ ਕਿ ਕੰਮ-ਕਾਰ ਹੀ ਬੰਦ ਕਰ ਦੇਈਏ, ਮਹਾਰਾਜ ਕਹਿੰਦੇ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਫਿਰ ਤੇ ਬਹਿ ਜਾਵੋ ਵਿਹਲੇ, ਫਿਰ ਪਾਲਣਾ ਛੱਡ ਦਿਓ ਬੱਚਿਆਂ ਨੂੰ, ਮਹਾਰਾਜ ਨੇ ਕਿਹਾ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਇਹਦੀ ਗਹਿਰਾਈ ਏ, ਇਹਦਾ ਮਤਲਬ ਕੀ ਏ? ਮਹਾਰਾਜ ਕਹਿੰਦੇ—ਜਿਹੜਾ

ਸਾਰਾ-ਸਾਰਾ ਦਿਨ ਕਿਸੇ ਦੀ ਨਿੰਦਿਆ ਕਰਦਾ ਹੈ, ਮਹਾਰਾਜ ਕਹਿੰਦੇ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਜਿਹੜਾ ਝੂਠ ਬੋਲਦਾ ਹੈ ਗੱਲ-ਗੱਲ 'ਤੇ, ਆਹ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਜਿਹੜਾ ਆਲਸ ਕਰਦਾ ਹੈ, ਆਹ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਜਿਹੜਾ ਸੰਗਤ ਵਿਚ ਨਹੀਂ ਆਉਂਦਾ, ਹਰ ਵੇਲੇ ਬਸ ਮਾੜੀਆਂ ਚੀਜ਼ਾਂ ਵੱਲ ਲੱਗਾ ਰਹਿਣਾ, ਆਹ :

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

ਕੰਮ-ਕਾਰ ਕਰ, ਪ੍ਰੈਕਟੀਕਲ ਜੀਵਨ ਬਣਾ, ਪਿਆਰਿਆ ! ਆਪਣੇ ਮਾਲਕ ਦੇ ਸਨਮੁੱਖ ਰਹਿ ਕੇ ਸਭ ਕੁਝ ਕਰ, ਪਿਤਾ ਜੀ ਨੂੰ ਚੰਗੀ ਲੱਗਦੀ ਸੇਵਾ, ਮੈਂ ਕਰਨ ਲੱਗ ਪਿਆਂ, ਮੈਂ ਗੁਰੂ ਦੇ ਸਨਮੁੱਖ ਹੋ ਗਿਆ। ਪਿਤਾ ਜੀ ਕਹਿੰਦੇ ਤੂੰ ਮਾੜੀ ਸੰਗਤ ਤੋਂ ਬਚ ਕੇ ਰਹਿ, ਮੈਂ ਮਾੜੀ ਸੰਗਤ ਦਾ ਤਿਆਗ ਕਰ ਦਿੱਤਾ ਅੱਜ ਤੋਂ, ਮੈਂ ਸ਼ਰਾਬ ਪੀਣੀ ਛੱਡ ਦਿੱਤੀ, ਮੈਂ ਨਸ਼ਿਆਂ ਦਾ ਤਿਆਗ ਕਰ ਦਿੱਤਾ। ਮੈਂ ਕੁਸੰਗੀਆਂ ਦਾ ਸੰਗ ਕਰਨਾ ਛੱਡ ਦਿੱਤਾ, ਮੈਂ ਗੁਰੂ ਦੇ ਸਨਮੁੱਖ ਹੋ ਗਿਆ। ਆਹ ਚੀਜ਼ ਪਿਤਾ ਜੀ ਮਾਲਕ ਸਾਨੂੰ ਕਹਿ ਰਹੇ ਨੇ। ਪਿਆਰਿਓ! ਗੁਰਮੁਖ ਬਣ ਜਾ, ਆਪਣੇ ਮਾਲਕ ਦੇ ਸਨਮੁਖ ਰਹਿ, ਜਦੋਂ ਤੂੰ ਮਾਲਕ ਦੇ ਸਨਮੁਖ ਰਹੇਂਗਾ, ਤੇਰਾ ਹੱਸਣਾ ਵੀ ਭਗਤੀ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।

ਇਹ ਗੱਲ ਥੋੜ੍ਹੀ ਕਿ ਗੁਰਮੁਖ ਹੱਸਦੇ ਹੀ ਨਹੀਂ, ਸਦਾ ਮੱਥੇ 'ਤੇ ਤਿਊੜੀਆਂ ਹੀ ਪਾਈ ਰੱਖਦੇ ਨੇ, ਨਹੀਂ। ਗੁਰਮੁਖ ਤੇ ਉਹ ਹੈ ਜਿਹਦੇ ਵੱਲ ਕੋਈ ਵੇਖੇ, ਉਹਦੀ ਵੀ ਭੁੱਖ ਲੱਥ ਜਾਵੇ, ਉਹਨੂੰ ਵੀ ਆਪਣੇ ਰੋਗ ਭੁੱਲ ਜਾਣ, ਜੀ ਵਾਹ ! ਗੁਰਮੁਖਾਂ ਦਾ ਚੇਹਰਾ ਵੇਖਿਆ ਕੀ ਖਿੜ੍ਹ ਰਿਹਾ ਸੀ ਚਿਹਰਾ? ਅਨੰਦ ਆ ਗਿਆ, ਉਨ੍ਹਾਂ ਦੇ ਚਿਹਰੇ ਵੱਲ ਵੇਖ ਕੇ। ਜਦੋਂ ਬੋਲਦੇ ਸੀ ਦਿਲ ਨਹੀਂ ਸੀ ਕਰਦਾ ਉਦੋਂ ਅੱਖਾਂ ਏਧਰ-ਓਧਰ ਕਰਨ ਦਾ।

ਗੁਰਮੁਖ ਇਹ ਥੋੜ੍ਹੀ ਕਿ ਹਰ ਵੇਲੇ ਬਸ ਸੜਿਆਂ ਵਾਂਗ ਦੂਜਿਆਂ ਨੂੰ ਪਈ ਜਾਵੇ, ਦੂਜਿਆਂ ਨੂੰ ਕੁਝ ਸਮਝੇ ਹੀ ਨਾ। ਸੰਗਤ ਵਿਚ ਤੇ ਖਿੜ੍ਹ ਕੇ ਬੈਠਾ ਹੈ, ਘਰ ਗਿਆ ਤੇ ਘਰਵਾਲੀ ਨੂੰ ਟੁੱਟ-ਟੁੱਟ ਕੇ ਪੈਣ ਲੱਗ ਪਿਆ। ਬੱਚਿਆਂ ਨੂੰ ਟੁੱਟ-ਟੁੱਟ ਕੇ ਪੈਣ ਲੱਗ ਪਿਆ। ਉਹ ਵੀ ਕਹਿਣ, ਤੁਸੀਂ ਕੀਰਤਨ ਤੋਂ ਆਏ ਹੋ, ਕੀ ਕਰ ਕੇ ਆਏ ਹੋ। ਉਥੇ ਤੇ ਜਦੋਂ ਕੈਮਰਾ ਸਾਹਮਣੇ ਵੱਜਦਾ ਸੀ ਅੱਖਾਂ ਬੰਦ ਕਰਕੇ ਵਾਹਿਗੁਰੂ-ਵਾਹਿਗੁਰੂ ਇਹ ਕਰਦਾ ਸੀ। ਹੁਣ ਘਰ ਆ ਕੇ ਕੀ ਸੱਪ ਸੁੰਘ ਗਿਆ? ਕਹਿ ਦਿਓ : ਵਾਹਿਗੁਰੂ-ਵਾਹਿਗੁਰੂ।

ਗੁਰਮੁਖ ਉਹ ਥੋੜ੍ਹੀ ਹੈ, ਪਿਆਰਿਓ ! ਸੱਚੀ ਗੱਲ ਹੈ, ਅਸੀਂ ਸੰਗਤ ਵਿਚ ਬਹਿ ਕੇ ਜਿੱਦਾਂ ਦਾ ਆਪਣੇ-ਆਪ ਨੂੰ ਵਿਖਾਉਣੇ ਹਾਂ, ਘਰ 'ਚ ਵੀ ਓਦਾਂ ਦੇ ਰਹੀਏ। ਜਿਵੇਂ ਇੱਥੇ

ਸਾਡੇ ਚਿਹਰੇ ਖਿੜ੍ਹੇ ਨੇ, ਘਰ ਜਾ ਕੇ ਵੀ ਖਿੜ੍ਹਣ, ਘਰਦਿਆਂ ਨੂੰ ਪਤਾ ਲੱਗੇ ਕਿ ਸੱਚਮੁਚ ਸੰਗਤ 'ਚੋਂ ਆਏ ਹਾਂ। ਗੁਰਮੁਖ ਉਹ ਹੈ ਪਿਆਰਿਓ ! ਜਿਹੜਾ ਆਪਣੇ ਮਾਲਕ ਦੇ ਸਨਮੁਖ ਰਹਿੰਦਾ ਹੈ। ਸੜੂ-ਸੜੂ ਨਹੀਂ ਕਰਦੇ ਉਹਦੇ ਚਿਹਰੇ। ਮੱਥੇ 'ਤੇ ਤਿਊੜੀਆਂ ਨਹੀਂ ਪਾਈ ਰੱਖਦੇ। ਉਨ੍ਹਾਂ ਦੇ ਚਿਹਰੇ 'ਤੇ ਹਰ ਵੇਲੇ ਖਿੜ੍ਹੇ ਰਹਿੰਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਤੁਸੀਂ ਕਹੋਗੇ ਭਾਈ ਅਮਨਦੀਪ ਸਿੰਘ ਆਪਣੇ ਕੋਲੋਂ ਕਹੀ ਜਾਂਦਾ ਹੈ, ਆਪਣੇ ਕੋਲੋਂ ਨਹੀਂ, ਗੁਰੂ ਰਾਮਦਾਸ ਜੀ ਕਹਿੰਦੇ ਹਨ :

***ਗੁਰਮੁਖਿ ਹਸੈ ਗੁਰਮੁਖਿ ਰੋਵੈ॥ ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥***

**(ਅੰਗ ੧੪੨੨)**

ਜੋ ਵੀ ਗੁਰਮੁਖ ਨੇ, ਗੁਰਮੁਖ ਵਾਜਾ ਲੈ ਕੇ ਬਹਿ ਗਿਆ ਹੈ ਤਾਂ ਵੀ ਭਗਤੀ ਹੋ ਰਹੀ ਏ। ਵਾਜੇ ਦੇ ਬਿਨਾਂ ਜੇ ਗੁਟਕਾ ਸਾਹਿਬ ਲੈ ਕੇ ਨਿਤਨੇਮ ਕਰ ਰਿਹਾ ਹੈ ਤਾਂ ਵੀ ਭਗਤੀ ਏ। ਜੇ ਆਪਣੀ ਦੁਕਾਨ 'ਤੇ ਬੈਠਾ ਏ, ਗਾਹਕ ਦਾ ਇੰਤਜਾਰ ਕੀਤਾ, ਇਕ ਗਾਹਕ ਨੂੰ ਵਣਜਿਆ, ਦੂਜੇ ਦਾ ਇੰਤਜਾਰ ਕਰਦਾ ਹੈ ਉਹ ਵੀ ਭਗਤੀ ਏ। ਜੇ ਗਾਹਕ ਨੂੰ ਸੌਦਾ ਵੀ ਦੇ ਰਿਹਾ ਏ, ਉਹ ਵੀ ਭਗਤੀ ਬਣ ਗਈ, ਕਿਉਂਕਿ ਉਹਨੇ ਤੇ ਆਪਣੇ ਮਾਲਕ ਦੇ ਹੁਕਮ ਮੁਤਾਬਕ ਸਭ ਕੁਝ ਕਰਨਾ ਏ। ਧੰਨ ਗੁਰੂ ਰਾਮਦਾਸ ਜੀ...। ਧੰਨ ਬਾਬਾ ਦੀਪ ਸਿੰਘ ਜੀ।

***ਗੁਰਮੁਖਿ ਹੋਵੈ ਸੁ ਕਰੇ ਵੀਚਾਰੁ॥*** **(ਅੰਗ ੧੪੨੨)**

ਕਹਿੰਦੇ—ਗੁਰਮੁਖ ਉਹ ਹੈ ਜਿਹੜਾ ਆਪਣੇ ਮਾਲਕ ਦੀ ਸ਼ਰਣ ਵਿਚ ਆ ਕੇ ਆਪਣੇ ਮਾਲਕ ਦੀ ਸਿਫਤ-ਸਾਲਾਹ ਕਰਦਾ ਹੈ, ਉਹਦੀ ਸਿਫਤ-ਸਾਲਾਹ ਦੀ ਵੀਚਾਰ ਕਰਦਾ ਹੈ ਤੇ ਉਸ ਦੋਂ ਬਾਅਦ ਆਪਣੇ ਜੀਵਨ 'ਚ ਢਾਲਦਾ ਹੈ ਉਹ ਗੁਰਮੁਖ ਏ :

***ਗੁਰਮੁਖਿ ਨਾਨਕ ਪਾਵੈ ਪਾਰੁ॥ ੧੪॥*** **(ਅੰਗ ੧੪੨੨)**

ਤੇ ਜਦੋਂ ਗੁਰੂ ਦੇ ਦਿੱਤੇ ਹੋਏ ਗੁਣਾਂ ਨੂੰ ਆਪਣੇ ਅੰਦਰ ਵਸਾ ਲਿਆ ਹੈ ਗੁਰਮੁਖ ਨੇ, ਸਨਮੁਖ ਰਹਿਣਾ ਸ਼ੁਰੂ ਕਰ ਦਿੱਤਾ ਏ, ਮਾਲਕ ਦੇ ਤੇ ਗੁਰੂ ਦੇ ਜਿਹੜੇ ਗੁਣ ਨੇ, ਫਿਰ ਆਪਣੇ ਅੰਦਰ ਹੌਲੀ-ਹੌਲੀ ਵਸਾਉਣ ਲੱਗ ਪਿਆ ਅੰਦਰ, ਨਿਮਾਣਾਪਨ ਆ ਗਿਆ, ਅੰਦਰ ਨਿਮਰਤਾ ਆ ਗਈ, ਅੰਦਰ ਨਿਰਵੈਰਤਾ ਆ ਗਈ, ਈਰਖਾ ਅੰਦਰੋਂ ਨਿਕਲ ਗਈ, ਕਲਾ-ਕਲੇਸ਼ ਅੰਦਰੋਂ ਨਿਕਲ ਗਏ, ਦੁਬਿਧਾ ਅੰਦਰੋਂ ਨਿਕਲ ਗਈ, ਪਰਾਈ ਤਾਤ ਅੰਦਰੋਂ ਨਿਕਲ ਗਈ, ਘੱਟ ਬੋਲਣ ਵਾਲਾ ਸੁਭਾਅ ਬਣ ਗਿਆ, ਘੱਟ ਖਾਣ ਵਾਲਾ ਸੁਭਾਅ ਬਣ ਗਿਆ, ਘੱਟ ਸੌਣ ਵਾਲਾ ਸੁਭਾਅ ਬਣ ਗਿਆ, ਗੁਰਮੁਖ ਜਦੋਂ ਪਿਆਰਿਓ ! ਆਪਣੇ ਗੁਰੂ ਦੇ ਦਿੱਤੇ ਗੁਣ ਆਪਣੇ ਅੰਦਰ ਵਸਾਉਣ ਲੱਗ ਪਿਆ ਤੇ ਸਤਿਗੁਰੂ ਕਹਿੰਦੇ—ਇਸ ਸੰਸਾਰ ਸਾਗਰ ਤੋਂ ਉਹ ਪਾਰ ਲੰਘ ਜਾਂਦਾ ਹੈ। ਮਤਲਬ ਕੀ ਉਸ ਗੁਰਮੁਖ ਨੂੰ ਕੋਈ ਵੀ ਬੁਰਿਆਈ ਛੂਹ ਨਹੀਂ ਸਕਦੀ। ਉਸ ਗੁਰਮੁਖ ਨੂੰ ਕੋਈ ਵੀ ਮਾੜੀ ਚੀਜ਼ ਛੂਹ ਨਹੀਂ ਸਕਦੀ, ਜਿਹੜਾ ਆਪਣੇ ਮਾਲਕ ਦੇ ਹਰ ਵੇਲੇ ਸਨਮੁਖ ਰਹਿੰਦਾ ਹੈ। ਆਖੋ : ਧੰਨ

ਗੁਰੂ ਰਾਮਦਾਸ ਜੀ...। ਧੰਨ ਬਾਬਾ ਦੀਪ ਸਿੰਘ ਜੀ।

ਮੈਂ ਬੇਨਤੀ ਕਰਦਾ ਹਾਂ, ਇਹ ਬੜੇ ਪਿਆਰ ਨਾਲ ਪੜ੍ਹਿਓ, ਮਹਾਰਾਜ ਕਹਿੰਦੇ :

***ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥***

ਜਿਹੜੇ ਪ੍ਰਮੇਸ਼ਰ ਦੀ ਸ਼ਰਨ ਵਿਚ ਆ ਕੇ ਉਹਦਾ ਨਾਮ ਸਿਮਰਦੇ ਨੇ, ਉਹਦੇ ਗੁਣ ਗ੍ਰਹਿਣ ਕਰਦੇ ਨੇ, ਉਨ੍ਹਾਂ ਦੇ ਜੀਵਨ ਦੇ ਵਿਚ ਫਿਰ ਕੋਈ ਰੁਕਾਵਟਾਂ ਦਾ ਵਿਘਨ ਨਹੀਂ ਪੈਂਦਾ। ਅੱਗੇ ਜੀ :

***ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥***

ਕਹਿੰਦੇ—ਜਿਨ੍ਹੇ ਆਪਣੇ ਮਾਲਕ ਪਿਤਾ ਨੂੰ ਮਨਾ ਲਿਆ, ਮਾਲਕ ਦੇ ਗੁਣ ਆਪਣੇ ਅੰਦਰ ਧਾਰਨ ਕਰਨੇ ਸ਼ੁਰੂ ਕਰ ਦਿੱਤੇ, ਆਪਣਾ ਜੀਵਨ ਉੱਚਾ ਸੁੱਚਾ ਬਣਾ ਲਿਆ, ਮਾਲਕ ਨੂੰ ਪ੍ਰਸੰਨ ਕਰ ਲਿਆ ਤੇ ਕਹਿੰਦੇ—ਜਿਨ੍ਹੇ ਮਾਲਕ ਨੂੰ ਪ੍ਰਸੰਨ ਕਰ ਲਿਆ ਤੇ ਫਿਰ ਹਰੇਕ ਜੀਵ ਉਹਦਾ ਆਦਰ-ਮਾਣ ਸਤਿਕਾਰ ਕਰਨ ਲੱਗ ਪੈਂਦਾ ਹੈ। ਇਥੇ ਹੀ ਨਹੀਂ, ਲੋਕ ਵਿਚ ਹੀ ਨਹੀਂ, ਪ੍ਰਲੋਕ ਵਿਚ ਵੀ ਉਸ ਭਗਤ ਪਿਆਰੇ ਦੀ ਫਿਰ ਜੈ-ਜੈਕਾਰ ਹੁੰਦੀ ਏ। ਆਖੋ : ਧੰਨ ਗੁਰੂ ਰਾਮਦਾਸ ਜੀ....।

***ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ॥***

ਹਰ ਬੰਦਾ ਸੁੱਖ ਚਾਹੁੰਦਾ ਹੈ ਪਰ ਅੱਜ ਸੁੱਖ ਹੈ ਕੱਲ ਦੁੱਖ ਵੀ ਬਣ ਜਾਂਦੇ ਨੇ, ਪਰ ਸਦਾ-ਸਦਾ ਤੇਰੇ ਅੰਦਰ ਸੁੱਖ ਵੱਸ ਜਾਣਗੇ, ਆਤਮਿਕ ਅਨੰਦ ਵੱਧ ਜਾਏਗਾ, ਪਰ ਕਦੋਂ? ਜਦੋਂ ਤੂੰ ਆਪਣੇ ਮਾਲਕ ਦੇ ਦੱਸੇ ਮੁਤਾਬਕ ਸੇਵਾ ਕਰੇਂਗਾ, ਕਾਰ ਕਮਾਏਂਗਾ। ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਜੀ :

***ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ॥੨॥***

ਕਹਿੰਦੇ—ਜਿਹੜੇ ਗੁਰੂ ਦਾ ਪੱਲਾ ਫੜ ਲੈਂਦੇ ਨੇ, ਫਿਰ ਪ੍ਰਮੇਸ਼ਰ ਦੀ ਖ਼ੁਸ਼ੀ ਉਨ੍ਹਾਂ ਦੀ ਝੋਲੀ 'ਚ ਪੈ ਜਾਂਦੀ ਏ, ਕਿਉਂਕਿ ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫ਼ਰਕ ਹੈ ਹੀ ਨਹੀਂ। ਆਖੋ : ਵਾਹਿਗੁਰੂ-ਵਾਹਿਗੁਰੂ।

ਥੋੜ੍ਹੇ ਕੁ ਮਿੰਟ ਰਹਿ ਗਏ ਨੇ ਅੱਜ ਇਹ ਸ਼ਬਦ ਪੜ੍ਹਿਆ ਆਪਾਂ :

***ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥***

ਉਨ੍ਹਾਂ ਨੂੰ ਸਾਰਾ ਸੰਸਾਰ ਪੂਜਦਾ ਹੈ ਜਿਨ੍ਹਾਂ ਨੇ ਆਪਣੇ ਮਾਲਕ ਨੂੰ ਮਨਾ ਲਿਆ ਹੈ। ਬਾਬਾ ਦੀਪ ਸਿੰਘ ਜੀ ਵਰਗਿਆਂ ਨੂੰ :

***ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥***
***ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥***
***ਹਰਿ ਕੇ ਨਾਮ ਕੇ ਬਿਆਪਾਰੀ॥....***

ਇਹ ਸ਼ਬਦ ਪੜ੍ਹੋ, ਉਸ ਤੋਂ ਬਾਅਦ ਆਪਾਂ ਸਮਾਪਤੀ ਕਰ ਦੇਣੀ ਹੈ। ਬਾਕੀ ਜਿਹੜੀਆਂ ਵਿਚਾਰਾਂ ਰਹਿ ਗਈਆਂ ਕਰਨ ਵਾਲੀਆਂ, ਅਗਲੇ ਦੀਵਾਨਾਂ ਦੇ ਵਿਚ ਫਿਰ ਮੈਂ ਇਹਨਾਂ ਵਿਚਾਰਾਂ ਨੂੰ ਅੱਗੇ ਤੋਰਾਂਗਾ। ਗੁਰੂ ਸੇਵਾ ਲਵੇ।

***ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥***
***ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥***
***ਹਰਿ ਕੇ ਨਾਮ ਕੇ ਬਿਆਪਾਰੀ॥....***
***ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ।੧॥ ਰਹਾਉ॥***
***ਹਰਿ ਕੇ ਨਾਮ ਕੇ ਬਿਆਪਾਰੀ॥....***
***ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ॥***
***ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ॥ ੨॥***
***ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ॥***
***ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ॥ ੩॥***
***ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ॥***
***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ॥ ੪॥ ੨॥***

(ਅੰਗ ੧੧੨੩)

***ਨਿਬਹੀ ਖੇਪ ਹਮਾਰੀ॥***

ਬੋਲੋ :

***ਨਾਮ ਕੇ ਬਿਆਪਾਰੀ॥.... ਹਰਿ ਕੇ ਨਾਮ ਕੇ ਬਿਆਪਾਰੀ॥....***

ਸਤਿਨਾਮੁ ਸਤਿਨਾਮੁ ਸਤਿਨਾਮੁ ਜੀ।

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਜੀ।....

***ਨਾਮ ਕੇ ਬਿਆਪਾਰੀ॥ ਹਰਿ ਕੇ ਨਾਮ ਕੇ ਬਿਆਪਾਰੀ॥....***

ਵਾਹਿਗੁਰੂ ਜੀ ਜੈਕਾਰਾ ਬੋਲੋ ਪਿਆਰ ਨਾਲ :

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਸਾਰੀਆਂ ਸੰਗਤਾਂ ਜੋ ਦੂਰੋਂ ਨੇੜਿਓਂ ਚੱਲ ਕੇ ਆਈਆਂ, ਸਭ ਨੂੰ ਜੀ ਆਇਆਂ ਨੂੰ।

ਧੰਨਵਾਦ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

✧

# ਬਾਬਾ ਬੋਲਨਾ ਕਿਆ ਕਹੀਐ॥

(ਅੰਗ ੮੭੦)

ਅੱਜ ਦੇ ਦੀਵਾਨ ਦੇ ਵਿਚ ਮੈਂ ਬੜੀ ਅਹਿਮ ਵੀਚਾਰ ਕਰਨੀ ਏ। ਉਹ ਵੀਚਾਰ ਹੈ ਸਾਡੇ ਬੋਲਣ ਦੇ ਉਤੇ ਕਿ ਸਾਨੂੰ ਕੀ ਬੋਲਣਾ ਚਾਹੀਦਾ ਏ, ਕੀ ਨਹੀਂ ਬੋਲਣਾ ਚਾਹੀਦਾ। ਕਿਸ ਸਮੇਂ ਬੋਲਣਾ ਹੈ, ਕਿਸ ਸਮੇਂ ਨਹੀਂ ਬੋਲਣਾ, ਕਿਉਂਕਿ ਸਾਡੇ ਬੋਲਣ ਦੇ ਉਤੇ ਬੜੀ ਨਿਰਭਰ ਕਰਦੀ ਏ ਹਰ ਗੱਲ। ਜ਼ਰਾ ਜਿੰਨੇ ਗਲਤ ਬੋਲ ਬੋਲੇ ਤੇ ਪ੍ਰੀਤੀਆਂ ਟੁੱਟ ਜਾਂਦੀਆਂ ਨੇ ਤੇ ਜ਼ਰਾ ਜਿੰਨੇ ਬੋਲੇ ਹੋਏ ਸਹੀ ਬੋਲ, ਪਈਆਂ ਹੋਈਆਂ ਨਫ਼ਰਤ ਦੀਆਂ ਕੰਧਾਂ ਨੂੰ ਢਾਹ ਦਿੰਦੇ ਨੇ। ਸਾਡੇ ਜੀਵਨ ਦੇ ਵਿਚ ਬੋਲਾਂ ਦਾ ਬੜਾ ਹੀ ਪ੍ਰਭਾਵ ਏ। ਬੋਲਾਂ ਦਾ ਬੜਾ ਹੀ ਅਸਰ ਹੈ। ਇਸੇ ਹੀ ਸਬਜੈਕਟ ਨੂੰ, ਇਸ ਵਿਸ਼ੇ ਨੂੰ ਲੈ ਕੇ ਅੱਜ ਮੈਂ ਤੁਹਾਡੇ ਸਨਮੁਖ ਹਾਜ਼ਰੀ ਭਰਨੀ ਏ।

ਆਓ, ਪਹਿਲਾਂ ਮੈਂ ਸ਼ਬਦ ਪੜ੍ਹਾਂ, ਸਾਰੀ ਸੰਗਤ ਆਪਣਾ ਜਿਹੜਾ ਨਿਸ਼ਾਨਾ, ਆਪਣਾ ਜਿਹੜਾ ਮੋਟਿਵ ਏ, ਆਪਣਾ ਜਿਹੜਾ ਮਕਸਦ ਏ, ਜਿਸ ਮਕਸਦ ਨੂੰ ਲੈ ਕੇ ਅਸੀਂ ਚੱਲੇ ਹਾਂ ਉਹਨੂੰ ਦੁਹਰਾਓ :

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਸਾਰੇ ਫਤਹਿ ਬੁਲਾਓ ਜੀ :

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅੱਜ ਜਿਹੜਾ ਮੈਂ ਸ਼ਬਦ ਪੜ੍ਹਨਾ ਹੈ, ਭਗਤ ਕਬੀਰ ਸਾਹਿਬ ਜੀ ਦਾ ਉਚਾਰਣ ਕੀਤਾ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੮੭੦ ਅੰਗ ਦੇ ਉਤੇ ਇਹ ਸ਼ਬਦ ਦਰਜ ਏ :

***ਬਾਬਾ ਬੋਲਨਾ ਕਿਆ ਕਹੀਐ॥***
***ਜੈਸੇ ਰਾਮ ਨਾਮ ਰਵਿ ਰਹੀਐ॥ ੧ ॥ ਰਹਾਉ॥*** (ਅੰਗ ੮੭੦)

ਆਓ, ਇਹ ਸ਼ਬਦ ਦਾ ਰਲ-ਮਿਲ ਕੇ ਗਾਇਨ ਕਰੀਏ ਤੇ ਨਾਲ-ਨਾਲ ਸਾਰੇ ਕੀਰਤਨ ਕਰਨ ਦੀ ਕਿਰਪਾ ਕਰਿਓ ਜੀ :

***ਬਾਬਾ ਬੋਲਨਾ ਕਿਆ ਕਹੀਐ॥***
***ਜੈਸੇ ਰਾਮ ਨਾਮ ਰਵਿ ਰਹੀਐ॥ ੧ ॥ ਰਹਾਉ॥.....***

ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

***ਸੰਤੁ ਮਿਲੈ ਕਿਛੁ ਸੁਨੀਐ ਕਹੀਐ॥***

*ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥....* (ਅੰਗ ੮੭੦)
*ਬਾਬਾ ਬੋਲਨਾ ਕਿਆ ਕਹੀਐ॥*
*ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥....*

ਧੰਨ ਗੁਰੂ ਰਾਮਦਾਸ ਜੀ.......। ਖੰਡੇ ਵਾਲਿਆ !

*ਸੰਤਨ ਸਿਉ ਬੋਲੇ ਉਪਕਾਰੀ॥ ਮੂਰਖ ਸਿਉ ਬੋਲੇ ਝਖ ਮਾਰੀ॥੨॥....*

ਪੜ੍ਹੋ :

*ਬਾਬਾ ਬੋਲਨਾ ਕਿਆ ਕਹੀਐ॥*
*ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥....*
*ਬੋਲਤ ਬੋਲਤ ਬਢਹਿ ਬਿਕਾਰਾ॥*
*ਬਿਨੁ ਬੋਲੇ ਕਿਆ ਕਰਹਿ ਬੀਚਾਰਾ॥ ੩॥....*
*ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥੧॥....*
*ਕਹੁ ਕਬੀਰ ਛੂਛਾ ਘਟੁ ਬੋਲੈ॥*
*ਭਰਿਆ ਹੋਇ ਸੁ ਕਬਹੁ ਨ ਡੋਲੈ॥੪॥ ੧॥......* (ਅੰਗ ੮੭੦)
*ਬਾਬਾ ਬੋਲਨਾ ਕਿਆ ਕਹੀਐ॥*
*ਜੈਸੇ ਰਾਮ ਨਾਮ ਰਵਿ ਰਹੀਐ॥ ੧॥....*
*ਬਾਬਾ ਬੋਲੀਐ ਪਤਿ ਹੋਇ॥*
*ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥*
(ਅੰਗ ੧੫)

*ਬਾਬਾ ਬੋਲਨਾ ਕਿਆ ਕਹੀਐ॥....*
*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥*
*ਬਾਬਾ ਬੋਲਨਾ ਕਿਆ ਕਹੀਐ॥....*
*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥*
*ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥ ੩॥* (ਅੰਗ ੧੫)
*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥*
*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥*
*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*
*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*

*ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ ੪॥....* (ਅੰਗ ੨)
*ਬਾਬਾ ਬੋਲਨਾ ਕਿਆ ਕਹੀਐ॥....*
*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਬਾਬਾ ਬੋਲਨਾ ਕਿਆ ਕਹੀਐ॥....*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥* (ਅੰਗ ੪੭੩)
*ਬਾਬਾ ਬੋਲਨਾ ਕਿਆ ਕਹੀਐ॥....*
*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥* (ਅੰਗ ੧੩੮੪)

ਇਕ ਵੀ ਆਪਣੇ ਮੂੰਹੋਂ ਫਿੱਕਾ ਬਚਨ ਨਾ ਬੋਲੋ, ਕਿਉਂਕਿ ਜਿਹਨੂੰ ਤੂੰ ਫਿੱਕਾ ਬਚਨ ਬੋਲ ਰਿਹਾ ਹੈਂ, ਇਸ ਗੱਲ ਦਾ ਧਿਆਨ ਰੱਖੀਂ, ਜਿਹੜਾ ਮਾਲਕ ਤੇਰੇ ਹਿਰਦੇ ਵਿਚ ਵੱਸ ਰਿਹਾ ਹੈ ਉਹਦੇ ਅੰਦਰ ਵੀ ਉਹ ਹੀ ਬੈਠਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਕਿਸੇ ਨੂੰ ਕਦੀ ਵੀ ਕੋਈ ਫਿੱਕਾ ਬਚਨ ਨਾ ਬੋਲ, ਕਿਉਂਕਿ ਸਾਰਿਆਂ ਦੇ ਵਿਚ ਉਹ ਸੱਚਾ ਧਨੀ, ਉਹ ਮਾਲਕ ਵੱਸ ਰਿਹਾ ਹੈ। ਕਿਸੇ ਦਾ ਵੀ ਦਿਲ ਨਾ ਦੁਖਾ, ਕਿਉਂਕਿ ਇਹ ਜਿੰਨੇ ਵੀ ਸਾਰੇ ਜੀਵ ਨੇ, ਇਹ ਪ੍ਰਮੇਸ਼ਰ ਦੇ ਅਮੋਲਕ ਮੋਤੀ ਨੇ :

ਆਖੋ : ਵਾਹਿਗੁਰੂ-ਵਾਹਿਗੁਰੂ

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥...* (ਅੰਗ ੧੩੮੪)
*ਬਾਬਾ ਬੋਲਨਾ ਕਿਆ ਕਹੀਐ॥....*
*ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥*
*ਬੋਲੈ ਕਉੜਾ ਜਿਹਬਾ ਕੀ ਫੂੜਿ॥*
*ਸਦਾ ਭੂਖੀ ਪਿਰੁ ਜਾਨੈ ਦੂਰਿ॥੧॥....* (ਅੰਗ ੩੯੪)
*ਬਾਬਾ ਬੋਲਨਾ ਕਿਆ ਕਹੀਐ॥*
*ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥....*

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ........

ਧੰਨ ਗੁਰੂ ਰਾਮਦਾਸ ਜੀ, ਪਿਆਰ ਨਾਲ ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਹੇ ਬਾਬਾ ! ਜ਼ੁਬਾਨ ਮੈਨੂੰ ਮਿਲੀ, ਮਿਲੀ ਏ, ਬੋਲਣ ਲਈ। ਨਾ ਬੋਲਣ ਵਾਲੇ ਬੰਦੇ ਨੂੰ ਕਈ ਵਾਰ ਲੋਕ ਬੇਜ਼ੁਬਾਨ ਵੀ ਕਹਿ ਦਿੰਦੇ ਨੇ। ਕਈ ਵਾਰੀ ਸ਼ੰਕਾ ਵੀ ਪ੍ਰਤੀਤ ਹੁੰਦਾ ਹੈ ਉਨ੍ਹਾਂ ਦੇ ਉਤੇ, ਜਿਹੜੇ ਬੋਲਦੇ ਨਹੀਂ। ਕੀ ਸ਼ੰਕਾ ਪ੍ਰਤੀਤ ਹੁੰਦਾ ਹੈ? ਲੋਕ ਆਮ ਤੌਰ 'ਤੇ

ਕਹਿੰਦੇ—ਪਤਾ ਨਹੀਂ ਇਹਦੇ ਮੂੰਹ ਵਿੱਚ ਜ਼ੁਬਾਨ ਹੈ ਵੀ ਏ ਕਿ ਨਹੀਂ।

ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ

ਜ਼ੁਬਾਨ ਦਾ ਬੋਲਣਾ ਹੀ ਇਹਦੀ ਹੋਂਦ ਦਾ ਪ੍ਰਤੀਕ ਏ। ਜ਼ੁਬਾਨ ਦਾ ਮੇਨ ਕੰਮ ਹੀ ਬੋਲਣਾ ਹੈ। ਸਵਾਦ ਵੀ ਲੈਂਦੀ ਏ ਜ਼ੁਬਾਨ, ਕੋਈ ਚੀਜ਼ ਜ਼ੁਬਾਨ ਦੇ ਉਤੇ ਰੱਖੋ ਤੇ ਪਤਾ ਚਲ ਜਾਂਦਾ ਏ ਬੰਦੇ ਨੂੰ, ਲੂਣ ਵਾਲੀ ਏ, ਇਹ ਮਿੱਠੀ ਏ, ਇਹ ਕੌੜੀ ਏ, ਇਹ ਖੱਟੀ ਏ। ਪਰ ਮੇਨ ਕੰਮ ਜ਼ੁਬਾਨ ਦਾ ਬੋਲਣਾ ਹੈ। ਬੋਲਣਾ ਹੀ ਜ਼ੁਬਾਨ ਦੀ ਹੋਂਦ ਦਾ ਪ੍ਰਤੀਕ ਏ ਤੇ ਪਿਆਰਿਓ ! ਕਈ ਵਾਰੀ ਤੁਸੀਂ ਨੋਟ ਕੀਤਾ ਹੋਏਗਾ, ਕਈ ਜ਼ਬਾਨਾਂ ਇਹੋ ਜਿਹੀਆਂ ਬੋਲ ਬੋਲਦੀਆਂ ਨੇ, ਜਿਨ੍ਹਾਂ ਦੇ ਬੋਲੇ ਹੋਏ ਬੋਲਾਂ ਨੂੰ, ਸੁਨਣ ਵਾਸਤੇ ਦੁਨੀਆਂ ਤਰਸਦੀ ਏ। ਆਖੋ ਵਾਹਿਗੁਰੂ-ਵਾਹਿਗੁਰੂ।

ਕਈ ਜ਼ੁਬਾਨਾਂ ਇਹੋ ਜਿਹੇ ਬੋਲ ਬੋਲਦੀਆਂ ਨੇ, ਜਿਨ੍ਹਾਂ ਦੇ ਬੋਲ ਸੁਨਣ ਵਾਸਤੇ ਲੋਕ ਤਰਸਦੇ ਨੇ, ਦੁਨੀਆਂ ਤਰਸਦੀ ਏ ਤੇ ਜਦ ਉਹ ਕਿਤੇ ਬੋਲ ਬੋਲਦੇ ਨੇ, ਇਉਂ ਲੱਗਦਾ ਏ 'ਅਮਿਓ ਚਲੇ ਝਰਨੇ', ਜਿਵੇਂ ਅੰਮ੍ਰਿਤ ਦੇ ਝਰਨੇ ਚੱਲ ਰਹੇ ਹੋਣ। ਤੇ ਇਹੋ ਜਿਹਾ ਸਰੀਰ ਕਿਤੇ ਇਸ ਦੁਨੀਆਂ ਤੋਂ ਚਲੇ ਵੀ ਜਾਵੇਗਾ ਪਿਆਰਿਓ ! ਉਹਦੇ ਬੋਲ ਸਦੀਆਂ ਤੱਕ ਲੋਕ ਸੁਣਦੇ ਨੇ, ਕਿਆ ਇਹਨੇ ਬੋਲਿਆ ਏ, ਆਪਣੇ ਵਕਤ ਦਾ ਕਿੱਡਾ ਵੱਡਾ ਬੁਲਾਰਾ ਸੀ। ਕਿੱਡੇ ਪਿਆਰੇ ਬੋਲ, ਬੋਲ ਗਿਆ ਏ। ਕਿੰਨਾ ਪਿਆਰਾ ਇਹ ਦੁਨੀਆਂ ਨੂੰ ਸਹੀ ਮਾਰਗ ਦਿਖਾ ਗਿਆ ਬੋਲ ਬੋਲ ਕੇ। ਆਖੋ : ਵਾਹਿਗੁਰੂ-ਵਾਹਿਗੁਰੂ।

ਕਈ ਜ਼ੁਬਾਨਾਂ ਇਹੋ ਜਿਹੀਆਂ ਨੇ, ਜਦੋਂ ਬੋਲ ਬੋਲਦੀਆਂ ਨੇ ਤੇ ਲੋਕ ਤਰਸਦੇ ਨੇ ਤੇ ਕਈ ਪਿਆਰਿਓ ! ਏਹੋ ਜਿਹੀਆਂ ਜ਼ੁਬਾਨਾਂ ਨੇ, ਜਦੋਂ ਉਹ ਕਿਤੇ ਬੋਲ ਬੋਲਣ, ਸਾਹਮਣੇ ਵਾਲਿਆਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੰਦੀਆਂ ਨੇ। ਲੋਕਾਂ ਦੇ ਕੰਨ ਉਹ ਅਵਾਜ਼ਾਂ ਸੁਣਨੀਆਂ ਚਾਹੁੰਦੇ ਹੀ ਨਹੀਂ। ਜਦੋਂ ਉਹ ਕੁੜਤਣ ਭਰੀ ਜ਼ੁਬਾਨ ਖੁੱਲ੍ਹਦੀ ਏ ਤੇ ਸਾਹਮਣੇ ਵਾਲਿਆਂ ਦੇ ਹਿਰਦੇ ਵਿਚ ਵੀ ਉਹ ਕੁੜਤਣ ਹੀ ਪੈਦਾ ਕਰ ਦਿੰਦੀ ਏ। ਤੇ ਸੱਚਾਈ ਏ ਜਦੋਂ ਪਿਆਰ ਵਾਲੀ ਜ਼ੁਬਾਨ ਖੁੱਲ੍ਹਦੀ ਏ, ਉਹ ਨਫ਼ਰਤ ਵਾਲਿਆਂ ਦੇ ਅੰਦਰ ਵੀ ਪਿਆਰ ਹੀ ਪੈਦਾ ਕਰ ਦਿੰਦੀ ਏ।

ਇਹ ਜ਼ੁਬਾਨ ਹੀ ਏ, ਜਿਹੜੀ ਤਖ਼ਤ 'ਤੇ ਵੀ ਬੰਦੇ ਨੂੰ ਬਿਠਾ ਸਕਦੀ ਏ ਤੇ ਤਖ਼ਤੇ 'ਤੇ ਵੀ ਲਟਕਾ ਸਕਦੀ ਏ। ਇਹ ਜ਼ੁਬਾਨ ਹੀ ਏ, ਇਹ ਬੋਲ ਹੀ ਨੇ, ਜਿਹੜੇ ਬੋਲ ਪਈਆਂ ਹੋਈਆਂ ਨਫ਼ਰਤਾਂ ਦੀਆਂ ਦੀਵਾਰਾਂ ਨੂੰ ਢਾਹ ਵੀ ਸਕਦੇ ਨੇ ਤੇ ਪਿਆਰਿਓ ! ਨਫ਼ਰਤ ਦੀਆਂ ਦੀਵਾਰਾਂ ਨੂੰ ਖੜ੍ਹੀਆਂ ਵੀ ਕਰ ਸਕਦੇ ਨੇ।

ਆਖੋ : ਧੰਨ ਗੁਰੂ ਰਾਮਦਾਸ ਜੀ...।

ਪਿਆਰ ਨਾਲ ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਜਦੋਂ ਬੰਦਾ ਫਿੱਕਾ ਬੋਲਦਾ ਏ, ਹੁਣੇ ਬਾਬਾ ਫਰੀਦ ਜੀ ਦੀਆਂ ਤੁਸੀਂ ਪੰਕਤੀਆਂ

ਸੁਣੀਆਂ ਨੇ ਜਦੋਂ ਬੰਦਾ ਫਿੱਕਾ ਬੋਲਦਾ ਹੈ, ਸਾਹਮਣੇ ਵਾਲੇ ਦੇ ਹਿਰਦੇ ਨੂੰ ਦੁਖਾਉਂਦਾ ਹੈ ਤੇ ਉਸ ਹਿਰਦੇ ਵਿਚ ਵੀ ਤੇ ਪ੍ਰਮੇਸ਼ਰ, ਉਸ ਹਿਰਦੇ ਵਿਚ ਤੇ ਖਸਮ, ਉਸ ਹਿਰਦੇ ਵਿਚ ਵੀ ਤੇ ਮਾਲਕ ਬੈਠਾ ਹੈ।

ਇਹ ਜ਼ੁਬਾਨ ਇਕ ਤਾਲਾ ਹੈ ਤਾਲਾ। ਤੇ ਜਦੋਂ ਇਹ ਤਾਲਾ ਖੁੱਲ੍ਹਦਾ ਹੈ, ਪਤਾ ਲੱਗ ਜਾਂਦਾ ਹੈ ਅੰਦਰ ਜਿਹੜੀ ਦੁਕਾਨ ਏ, ਉਹ ਸੋਨੇ ਦੀ ਏ ਕਿ ਕੋਇਲੇ ਦੀ ਦੁਕਾਨ ਏ। ਪਤਾ ਲੱਗ ਜਾਂਦਾ ਹੈ। ਕਿਸੇ ਮਹਾਂਪੁਰਸ਼ ਬਾਰੇ ਤੁਸੀਂ ਜਾਨਣਾ ਹੋਵੇ, ਉਹਦੀ ਪਛਾਣ ਕਰਨੀ ਹੋਵੇ, ਪਹਿਲੋਂ ਉਹਦੇ ਨਾਲ ਰਹੋ। ਕਿਸੇ ਬੰਦੇ ਬਾਰੇ ਜਾਨਣਾ ਹੋਵੇ, ਪਹਿਲੇ ਇਕ-ਦੋ ਦਿਨ ਉਹਦੇ ਨਾਲ ਰਹੋ ਤੇ ਪਿਆਰਿਓ ! ਉਹਦੀ ਗੁਫਤਾਰ ਤੋਂ ਪਤਾ ਲੱਗ ਜਾਏਗਾ, ਉਹਦੇ ਬੋਲ-ਚਾਲ ਤੋਂ ਪਤਾ ਲੱਗ ਜਾਏਗਾ ਕਿ ਇਹਦਾ ਜੀਵਨ ਕਿਹੋ ਜਿਹਾ ਹੈ। ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਦੇਖੋ ! ਇਹ ਜਿੰਨੇ ਪ੍ਰੇਮੀ ਜਿੱਥੇ ਵੀ ਸੁਣ ਰਹੇ ਹੋ, ਮੇਰੀ ਵੀ ਅਰਦਾਸ ਕਰਿਓ, ਆਪਣੀ ਵੀ, ਇਹ ਜ਼ੁਬਾਨ ਤੋਂ ਜਦੋਂ ਵੀ ਅਸੀਂ ਬੋਲੀਏ ਤੇ ਮਿੱਠੇ ਬੋਲ ਹੀ ਬੋਲੀਏ। ਕਿਉਂਕਿ ਉਹ ਪ੍ਰਮੇਸ਼ਰ ਵੀ ਮਿੱਠ-ਬੋਲੜਾ ਹੈ।

ਹੁਣ ਤੁਸੀਂ ਸਿਆਣੇ ਓ ! ਹੁਣ ਮੰਨ ਲਓ ਮੈਂ ਇੰਗਲਿਸ਼ ਬੋਲ ਰਿਹਾਂ। ਤੁਹਾਨੂੰ ਇੰਗਲਿਸ਼ ਦੀ ਸਮਝ ਹੀ ਕੋਈ ਨਹੀਂ। ਦੱਸੋ ! ਕਦੀ ਅਸੀਂ ਇਕ-ਦੂਜੇ ਦੀ ਗੱਲ ਸਮਝ ਪਾਵਾਂਗੇ? ਕਦੀ ਵੀ ਨਹੀਂ ਸਮਝ ਪਾਵਾਂਗੇ। ਅਸੀਂ ਲੋਕ ਜਾਂਦੇ ਹਾਂ ਕੀਰਤਨ ਕਰਨ ਵਾਸਤੇ ਮਦਰਾਸ ਵਾਲੀ ਸਾਈਡ 'ਤੇ। ਮਦਰਾਸੀ ਲੋਕ ਆਪਣੀ ਬੋਲੀ ਬੋਲਦੇ ਨੇ, ਤਾਮਿਲ ਭਾਸ਼ਾ ਬੋਲਦੇ ਨੇ, ਸਾਨੂੰ ਸਮਝ ਨਹੀਂ ਆਉਂਦੀ। ਕਈ ਹੋਰ ਸ਼ਹਿਰਾਂ 'ਚ ਅਸੀਂ ਜਾਂਦੇ ਹਾਂ, ਕਰਨਾਟਕਾ ਵੱਲ ਜਾਈਦਾ, ਕਨੜ ਬੋਲੀ ਬੋਲਦੇ ਨੇ। ਮਹਾਰਾਸ਼ਟਰ ਵੱਲ ਜਾਈਦਾ, ਉਹ ਮਰਾਠੀ ਬੋਲੀ ਬੋਲਦੇ ਨੇ, ਸਾਨੂੰ ਸਮਝ ਨਹੀਂ ਆਉਂਦੀ। ਹੁਣ ਉਹ ਆਪਣੀ ਬੋਲੀ ਬੋਲਦੇ ਜਾਣ, ਅਸੀਂ ਆਪਣੀ ਬੋਲੀ, ਬੋਲੀ ਜਾਈਏ, ਕਦੀ ਵੀ ਅਸੀਂ ਇਕ ਦੂਜੇ ਦੀ ਗੱਲ ਫੋਲੋ ਨਹੀਂ ਕਰ ਪਾਵਾਂਗੇ। ਸਮਝ ਨਹੀਂ ਪਾਵਾਂਗੇ। ਹੋਣਾ ਕੀ ਚਾਹੀਦਾ ਏ ਜੇ ਉਹਦੇ ਨਾਲ ਗੱਲ ਕਰਨੀ ਏ ਜਾਂ ਤੇ ਉਸ ਬੰਦੇ ਨੂੰ ਵਿਚੋਲਾ ਪਾਈਏ, ਜਿਹੜਾ ਉਨ੍ਹਾਂ ਦੀ ਬੋਲੀ ਜਾਣਦਾ ਹੈ ਜਾਂ ਫਿਰ ਸਾਨੂੰ ਵੀ ਉਨ੍ਹਾਂ ਦੀ ਬੋਲੀ ਸਿਖਣੀ ਪਏਗੀ। ਇਕ-ਦੂਜੇ ਦੀ ਬੋਲੀ ਦੀ ਸਮਝ ਤਾਂ ਹੀ ਲੱਗੇਗੀ। ਜੇ ਉਹ ਬੋਲੀ ਸਾਨੂੰ ਬੋਲਣੀ ਆਉਂਦੀ ਏ, ਸਮਝ ਵੀ ਆਉਂਦੀ ਏ, ਮੈਂ ਕੁਝ ਹੋਰ ਬੋਲਾਂ, ਸਾਹਮਣੇ ਵਾਲਾ ਕੁਝ ਹੋਰ ਬੋਲ ਰਿਹਾ ਹੈ, ਮੈਂ ਕੁਝ ਹੋਰ ਸਮਝਾਉਣਾ ਚਾਹ ਰਿਹਾਂ, ਸਾਹਮਣੇ ਵਾਲੇ ਦੀ ਬੋਲੀ ਕੁਝ ਹੋਰ, ਉਹ ਸਮਝਦਾ ਹੀ ਨਹੀਂ, ਗੱਲ ਨਹੀਂ ਬਣੇਗੀ।

ਇਸੇ ਤਰ੍ਹਾਂ ਪਿਆਰਿਓ ! ਜਿਹੜਾ ਅਸੀਂ ਫਿੱਕਾ ਬੋਲ ਬੋਲਦੇ ਹਾਂ, ਜਿਹੜੇ ਕੌੜੇ ਬੋਲ ਬੋਲਦੇ ਹਾਂ, ਮੇਰੇ ਪ੍ਰਮੇਸ਼ਰ ਦੀ ਦਰਗਾਹ ਦੇ ਵਿਚ ਇਹ ਬੋਲੇ ਹੋਏ ਕੌੜੇ ਬੋਲ ਪ੍ਰਵਾਨ ਚੜ੍ਹਦੇ

ਹੀ ਨਹੀਂ। ਕਿਉਂ ਨਹੀਂ ਚੜ੍ਹਦੇ? ਉਹਨੂੰ ਇਹ ਬੋਲ ਚੰਗੇ ਹੀ ਨਹੀਂ ਲੱਗਦੇ। ਕਿਉਂ ਨਹੀਂ ਚੰਗੇ ਲੱਗਦੇ? ਕਿਉਂਕਿ ਉਹ ਤੇ ਮਿਠ-ਬੋਲੜਾ ਏ। ਇਹਦਾ ਮਤਲਬ ਜੇ ਅਸੀਂ ਉਹਦੇ ਚਰਨਾਂ ਵਿਚ ਕਬੂਲ ਹੋਣਾ ਚਾਹੁੰਦੇ ਹਾਂ, ਸਾਨੂੰ ਵੀ ਫਿਰ ਮਿੱਠੇ ਬੋਲ ਬੋਲਣੇ ਹੀ ਪੈਣੇ ਨੇ, ਮਿੱਠੇ ਬੋਲ।

ਅੰਦਰੋਂ ਮਿਠਾਸ। ਅੰਦਰੋਂ ਮਿਠਾਸ ਦਾ ਮਤਲਬ, ਅੰਦਰੋਂ ਨਿਮਾਣਾਪਨ ਰੱਖਣਾ ਪੈਣਾ ਹੈ, ਨਿਮਰਤਾ ਰੱਖਣੀ ਪੈਣੀ ਹੈ, ਮਿਠਾਸ ਰੱਖਣੀ ਪੈਣੀ ਹੈ, ਕਿਉਂਕਿ ਉਹ ਵੀ ਮਿੱਠ-ਬੋਲੜਾ ਹੈ। ਤੂੰ ਵੀ ਜੇ ਉਹਦੇ ਪਾਏ ਹੋਏ ਪੂਰਨਿਆਂ 'ਤੇ ਚੱਲੇਂਗਾ ਗੱਲ ਤਾਂ ਬਣੇਗੀ। ਕਿਉਂ? ਉਹ ਮਿਠ-ਬੋਲੜਾ ਹੈ, ਤੂੰ ਮਿੱਠੇ ਬੋਲ ਜਾਣਦਾ ਨਹੀਂ ਤੇ ਝੋਲੀਆਂ ਕਿਥੋਂ ਭਰਵਾ ਲਵੇਂਗਾ? ਆਖੋ: ਵਾਹਿਗੁਰੂ...। ਧੰਨ ਗੁਰੂ ਰਾਮਦਾਸ ਜੀ...।

ਭਾਈ ਗੁਰਦਾਸ ਜੀ ਦੀਆਂ ਵਾਰਾਂ ਕੱਢਿਓ ਜੀ :

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***

ਇਸ ਵਾਰ ਦੇ ਵਿਚ ਭਾਈ ਸਾਹਿਬ ਨੇ ਬੜਾ ਪਿਆਰਾ ਜ਼ਿਕਰ ਕੀਤਾ ਹੈ, ਕਹਿੰਦੇ— ਜਿਹੜਾ ਰੁੱਖਾ ਬੰਦਾ ਹੈ, ਉਹ ਹਮੇਸ਼ਾ ਰੁੱਖੇ ਬੋਲ ਹੀ ਬੋਲੇਗਾ। ਤੇ ਇਕ ਗੱਲ ਆਪਣੇ ਜ਼ਹਿਨ ਵਿਚ ਬਿਠਾਇਓ, ਉਹ ਜਿਹਦਾ ਸੁਭਾਅ ਹੀ, ਰੁੱਖੇ ਬੋਲ ਬੋਲਣਾ ਏ, ਉਹ ਕਦੀ ਆਪਣਾ ਸੁਭਾਅ ਨਹੀਂ ਛੱਡੇਗਾ ਤੇ ਜਿਹੜਾ ਬੰਦਾ ਮਿੱਠ ਬੋਲੜਾ ਏ, ਉਹਨੇ ਵੀ ਆਪਣਾ ਸੁਭਾਅ ਕਦੇ ਨਹੀਂ ਛੱਡਣਾ। ਇਸ ਵਾਰ ਦੇ ਵਿਚ ਭਾਈ ਸਾਹਿਬ ਕਹਿੰਦੇ ਹਨ :

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***

ਰੁੱਖੇ ਬੋਲ ਬੋਲੇ ਭਗਵਾਨ ਨੂੰ, ਭਗਵਾਨ ਜੀ ! ਮੈਂ ਤੇ ਤੁਹਾਨੂੰ ਰਾਜਾ ਸਮਝਦਾ ਸਾਂ, ਪਰ ਤੁਹਾਡੇ ਅੰਦਰ ਰਾਜਿਆਂ ਵਾਲੀ ਗੱਲਬਾਤ ਹੈ ਕੋਈ ਨਹੀਂ। ਮੇਰੇ ਮਖਮਲੀ ਗੱਦਿਆਂ ਨੂੰ ਤੁਸੀਂ ਛੱਡ ਦਿੱਤਾ। ਦੁਰਯੋਧਨ ਕਹਿ ਰਿਹਾ ਹੈ ਸ੍ਰੀ ਕ੍ਰਿਸ਼ਨ ਜੀ ਨੂੰ—"ਮੇਰੇ ਮਖਮਲੀ ਗੱਦਿਆਂ ਨੂੰ ਛੱਡ ਦਿੱਤਾ, ਮੈਂ ਤੁਹਾਡਾ ਏਨਾ ਸਨਮਾਨ ਕਰਨਾ ਸੀ। ਏਨੀ ਆਓ-ਭਗਤ ਕਰਨੀ ਸੀ। ਮੈਂ ਆਪਣੇ ਅਹਿਲਕਾਰ ਖਲ੍ਹਾਰੇ ਸੀ ਤੁਹਾਡੀ ਆਉ-ਭਗਤ ਵਾਸਤੇ, ਤੁਹਾਡੇ ਸਵਾਗਤ ਵਾਸਤੇ, ਪਰ ਤੁਸੀਂ ਤੇ ਮੇਰੇ ਘਰ ਆਏ ਹੀ ਨਹੀਂ। ਇਕ ਗੋਲੇ ਦੇ ਘਰ ਆ ਗਏ। ਬਿਦਰ ਦੇ ਘਰ ਆ ਗਏ। ਤੁਹਾਡੇ ਵਿਚ ਰਾਜਿਆਂ ਵਾਲੀ ਕੋਈ ਗੱਲ ਨਹੀਂ ਹੈ।"

ਆਖੋ : ਵਾਹਿਗੁਰੂ-ਵਾਹਿਗੁਰੂ।

ਰੁੱਖੇ ਬੋਲ ਬੋਲਦਾ ਭਗਵਾਨ ਨੂੰ, ਪਰ ਕਿੱਡੀ ਹੈਰਾਨਗੀ ਦੀ ਗੱਲ ਏ, ਇਹ ਰੁੱਖੇ ਬੋਲ ਬੋਲਦਾ ਹੈ :

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਣੁਖਾ।***

ਮੇਰੀ ਸਭਾ ਦੇ ਵਿਚ ਤੇ ਇਹ ਸ਼ਿੰਗਾਰ ਨੇ, ਵੱਡੇ-ਵੱਡੇ ਬੰਦੇ ਭੀਖਮ, ਦ੍ਰੋਣਾ ਅਚਾਰੀਆ, ਕਰਣ ਵਰਗੇ :

*ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।*

ਜਦੋਂ ਇਹ ਰੁੱਖੇ ਬੋਲ ਬੋਲਦਾ ਹੈ ਦੁਰਯੋਧਨ ਭਗਵਾਨ ਨੂੰ। ਭਗਵਾਨ ਜੀ ਨੇ ਰੁੱਖੇ ਬੋਲਾਂ ਦਾ ਜਵਾਬ ਰੁੱਖੇ ਬੋਲਾਂ ਨਾਲ ਨਹੀਂ ਦਿੱਤਾ :

*ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।*
*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।*

ਤੇਰੇ ਅੰਦਰ ਪ੍ਰੇਮ ਨਹੀਂ, ਤੇਰੇ ਅੰਦਰ ਭਾਉ ਨਹੀਂ, ਤੇਰੇ ਅੰਦਰ ਮਿਠਾਸ ਨਹੀਂ, ਮੈਂ ਤੇ ਜਿਹੜੇ ਨਿਮਰਤਾ ਵਾਲੇ ਨੇ, ਜਿਹੜੇ ਭਾਉ ਵਾਲੇ ਨੇ, ਜਿਹੜੇ ਨਿਮਾਣੇ ਨੇ, ਜਿਹੜੇ ਮਿੱਠ-ਬੋਲੜੇ ਨੇ, ਮੈਂ ਤੇ ਹਮੇਸ਼ਾ ਉਨ੍ਹਾਂ ਦੀ ਪੈਜ ਰੱਖਦਾ ਹਾਂ। ਆਖੋ : ਵਾਹਿਗੁਰੂ-ਵਾਹਿਗੁਰੂ।

ਜਿਹੜਾ ਪਿਆਰ ਬਿਦਰ ਦੇ ਅੰਦਰ ਏ, ਦੁਰਜੋਧਨ ਤੇਰੇ ਅੰਦਰ ਨਹੀਂ ਹੈ। ਤੂੰ ਤੇ ਰੁੱਖੇ ਬੋਲ ਬੋਲਦਾ ਹੈਂ ਤੇ ਤੇਰੇ ਰੁੱਖੇ ਬੋਲਾਂ ਦੇ ਕਰਕੇ ਤੇਰੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਵੀ ਮੈਨੂੰ ਚੰਗੇ ਨਹੀਂ ਲੱਗਣੇ। ਭਾਵੇਂ ਬਿਦਰ ਗਰੀਬ ਏ ਉਹਦੇ ਕੋਲ ਮਿਠਾਸ ਹੈ, ਉਹਦੇ ਕੋਲ ਨਿਮਰਤਾ ਹੈ, ਉਹਦੇ ਕੋਲ ਨਿਮਾਣਾਪਨ ਹੈ। ਭਾਵੇਂ ਉਹਦੇ ਘਰ ਅਲੂਣਾ ਸਾਗ ਹੀ ਖਾ ਲਵਾਂਗਾ, ਅਲੂਣਾ ਸਾਗ ਵੀ ਮੇਰੇ ਮਨ ਨੂੰ ਭਾਏਗਾ। ਕਿਉਂ? ਕਿਉਂਕਿ ਉਹਦੇ ਘਰ ਜਾ ਕੇ ਪ੍ਰਸ਼ਾਦਾ ਛਕ ਰਿਹਾ ਹਾਂ ਜਿਹਦੇ ਅੰਦਰ ਮਿਠਾਸ ਤੇ ਨਿਮਰਤਾ ਵੱਸੀ ਹੋਈ ਹੈ।

ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।.....

*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।*
*ਗੋਬਿੰਦ ਭਾਉ ਭਗਤਿ ਦਾ ਭੁਖਾ॥ ੭॥* (ਵਾਰ ੧੦)

ਵੇਖੋ ! ਇਹ ਜਿੰਨੇ ਵੀ ਪ੍ਰੇਮੀ, ਜਿੱਥੇ ਸੁਣ ਰਹੇ ਹੋ, ਅਸੀਂ ਜੇ ਸੰਗਤ ਕਰਦੇ ਹਾਂ ਨਿਤਾਪ੍ਰਤੀ ਤੇ ਇਹ ਕੋਸ਼ਿਸ਼ ਕਰੀਏ ਕਿ ਔਗੁਣ ਦਾ ਤਿਆਗ ਕਰੀਏ, ਫਿੱਕੇ ਬੋਲ ਬੋਲਣ ਵਾਲੇ ਔਗੁਣ ਦਾ। ਕਿਉਂਕਿ ਜਦੋਂ ਬੰਦਾ ਫਿੱਕੇ ਬੋਲ ਬੋਲਦਾ ਏ, ਜਿਹਨੂੰ ਬੋਲਦਾ ਏ, ਉਹਦਾ ਹਿਰਦਾ ਤੇ ਦੁੱਖਦਾ ਹੀ ਏ, ਉਹਦੇ ਅੰਦਰ ਜਿਹੜਾ ਪ੍ਰਮੇਸ਼ਰ ਬੈਠਾ ਹੈ, ਉਹਦਾ ਹਿਰਦਾ ਵੀ ਬਹੁਤ ਦੁਖੀ ਹੁੰਦਾ ਏ। ਧੰਨ ਗੁਰੂ ਰਾਮਦਾਸ ਜੀ....। ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਇਹ ਮੇਰੀ ਬੇਨਤੀ ਏ, ਜੇ ਸੰਸਾਰ ਵਿਚ ਪਿਆਰ, ਸਾਂਝ, ਭਾਈਚਾਰਾ, ਪ੍ਰੇਮ ਚਾਹੁੰਦੇ ਹੋ ਤੇ ਇਕ ਦੂਜੇ ਨੂੰ ਕੁੜਤਣ ਭਰੇ ਸ਼ਬਦ ਕਦੀ ਨਾ ਬੋਲੋ। ਵੇਖੋ ! ਦਿਲ ਦੁਖਦਾ ਹੈ। ਕਈ ਵਾਰੀ ਅਨਜਾਣਪੁਣੇ ਦੇ ਕਰਕੇ ਬੰਦੇ ਨੂੰ ਤੇ ਫਿੱਕੇ ਬੋਲ ਕਈ ਬੋਲਦੇ ਨੇ, ਪਰ ਇੱਥੋਂ ਤੱਕ ਮਤ ਦੇ ਉਤੇ ਪੜਦਾ ਪੈ ਜਾਂਦਾ ਹੈ, ਗੁਰੂ ਸਾਹਿਬ, ਗੁਰੂ ਦੇ ਪਿਆਰੇ ਮਹਾਂਪੁਰਖ, ਕਰਨੀ ਵਾਲੇ ਸ਼ਹੀਦ ਸਿੰਘ, ਕਿਸੇ ਪੀਰ-ਪੈਗੰਬਰ ਨੂੰ ਵੀ ਫਿੱਕੇ ਬੋਲ ਬੋਲਣ ਲੱਗਿਆਂ ਮਨ ਨਹੀਂ

ਡਰਦਾ ਕਈ ਵਾਰੀ। ਮੈਂ ਕਹਿਣਾਂ ਜਿਹੜੇ ਏਦਾਂ ਦਾ ਕੰਮ ਕਰਦੇ ਨੇ, ਉਨ੍ਹਾਂ ਦੀਆਂ ਕੁਲਾਂ ਨੂੰ ਵੀ ਲੇਖੇ ਦੇਣੇ ਪੈ ਜਾਂਦੇ ਨੇ। ਪਿੱਛੇ ਜਿਹੇ ਅਸੀਂ ਤੱਕਿਆ ਹੀ ਏ। ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਬਾਰੇ ਕਿੰਨੇ ਅਪਸ਼ਬਦ ਬੋਲੇ। ਮੈਂ ਕਹਿਣਾ ਕੁਲਾਂ ਨੂੰ ਵੀ ਲੇਖਾ ਦੇਣਾ ਪੈ ਜਾਣਾ ਹੈ। ਕੀਤਾ ਤੂੰ ਏਂ, ਭੁਗਤਣਾ ਤੇਰੇ ਬੱਚਿਆਂ ਨੂੰ ਪੈਣਾ ਏ। ਆਖੋ : ਵਾਹਿਗੁਰੂ-ਵਾਹਿਗੁਰੂ।

ਕਦੀ ਵੀ ਇਹੋ ਜਿਹੇ ਫਿੱਕੇ ਬੋਲ ਨਾ ਬੋਲੀਏ, ਜਿਨ੍ਹਾਂ ਬੋਲਾਂ ਨੂੰ ਬੋਲਣ ਦੇ ਨਾਲ ਦੀਵਾਰਾਂ ਖੜ੍ਹੀਆਂ ਹੋ ਜਾਣ। ਇਕ ਦੂਜੇ ਅੰਦਰ ਕੁੜਤਣ ਪੈਦਾ ਹੋਵੇ ਤੇ ਜੇ ਚਾਹੁੰਣੇ ਹਾਂ ਪਿਆਰਿਓ ! ਇਹ ਨਫ਼ਰਤ ਦੀਆਂ ਦੀਵਾਰਾਂ ਢਹਿ ਜਾਣ, ਚਾਹੁੰਣੇ ਹਾਂ ਹਰ ਪਾਸੇ ਪ੍ਰੇਮ ਦੀ ਲਹਿਰ ਉਠ ਜਾਵੇ ਤੇ ਇਕ ਦੂਜੇ ਨੂੰ ਮਿੱਠਾ ਬੋਲਣਾ ਸ਼ੁਰੂ ਕਰੀਏ। ਕੁੜਤਣ ਭਰਿਆ ਜ਼ਹਿਰ ਕਿਸੇ ਦੇ ਉਤੇ ਨਾ ਸੁੱਟੀਏ। ਕਿਉਂਕਿ ਫਿੱਕੇ ਬੋਲ ਸੰਸਾਰ ਨੂੰ ਚੀਰ ਕੇ ਰੱਖ ਦਿੰਦੇ ਨੇ। ਇਹ ਸ਼ਬਦ ਦੇ ਵਿਚ ਭਗਤ ਕਬੀਰ ਜੀ ਨੇ ਬੜਾ ਪਿਆਰਾ ਸਾਨੂੰ ਉਪਦੇਸ਼ ਦਿੱਤਾ ਹੈ। ਮੈਂ ਬੇਨਤੀ ਕਰਦਾ ਹਾਂ, ਪੜ੍ਹਿਓ ਰਹਾਉ ਵਾਲੀਆਂ ਪੰਕਤੀਆਂ :

***ਬਾਬਾ ਬੋਲਨਾ ਕਿਆ ਕਹੀਐ॥***

ਹੇ ਭਾਈ ! ਹੇ ਬਾਬਾ ! ਓ ਬੰਦਿਆ ! ਇਸ ਸੰਸਾਰ ਵਿਚ ਰਹਿੰਦਿਆਂ ਕਿਹੋ ਜਿਹੇ ਬੋਲ ਬੋਲਣੇ ਚਾਹੀਦੇ ਨੇ ਤੇ ਅੱਗੇ ਫਿਰ ਪੰਕਤੀ ਦੇ ਵਿਚ ਸਪੱਸ਼ਟ ਕੀਤਾ :

***ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥*** (ਅੰਗ ੮੭੦)

ਕਹਿੰਦੇ—ਬੋਲ ਜੇ ਬੋਲਣੇ ਈ, ਇਹੋ ਜਿਹੇ ਬੋਲ ਬੋਲ, ਜਿਨ੍ਹਾਂ ਦੀ ਬਰਕਤ ਦੇ ਨਾਲ ਪ੍ਰਮੇਸ਼ਰ ਦੇ ਨਾਮ ਦੇ ਅੰਦਰ ਸੁਰਤ ਟਿਕੀ ਰਹੇ। ਇਹੋ ਜਿਹੇ ਬੋਲ ਬੋਲ।

ਸਵਾਲ ਕੀਤਾ—ਇਹ ਜਗਤ ਦੇ ਵਿਚ ਰਹਿੰਦਿਆਂ ਕਿਹੋ ਜਿਹੇ ਬੋਲ ਬੋਲੀਏ ਤੇ ਸਾਰੇ ਸ਼ਬਦ ਦੇ ਵਿਚ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ ਭਗਤ ਕਬੀਰ ਜੀ ਨੇ। ਕਿਵੇਂ ਕਹਿ ਰਹੇ ਨੇ ਪੜ੍ਹਿਓ :

***ਸੰਤੁ ਮਿਲੈ ਕਿਛੁ ਸੁਨੀਐ ਕਹੀਐ॥*** (ਅੰਗ ੮੭੦)

ਕਹਿੰਦੇ—ਜੇ ਜੀਵਨ ਦੇ ਵਿਚ ਕੋਈ ਭਲਾ ਮਨੁੱਖ ਮਿਲ ਗਿਆ, ਕੋਈ ਮਹਾਂਪੁਰਖ ਮਿਲ ਗਿਆ, ਕੋਈ ਕਰਨੀ ਕਮਾਈ ਵਾਲਾ ਗੁਰਸਿੱਖ ਮਿਲ ਗਿਆ, ਕਹਿੰਦੇ, ਉਹਦੇ ਕੋਲ ਬਹਿ ਕੇ ਉਹਦੀ ਸਿੱਖਿਆ ਨੂੰ ਸੁਣ ਤੇ ਜਿਹੜੀਆਂ ਤੇਰੀ ਜ਼ਿੰਦਗੀ ਦੇ ਵਿਚ ਚਲਦਿਆਂ-ਚਲਦਿਆਂ ਕੋਈ ਗੁੰਝਲਾਂ ਆਉਂਦੀਆਂ ਨੇ, ਕੋਈ ਅੜਚਣਾਂ ਆਉਂਦੀਆਂ ਨੇ, ਉਨ੍ਹਾਂ ਬਾਰੇ ਵੀ ਉਨ੍ਹਾਂ ਕੋਲੋਂ ਜਾਣਕਾਰੀ ਲੈ। ਉਨ੍ਹਾਂ ਨਾਲ ਬਹਿ ਕੇ ਮਹਾਂਪੁਰਖਾਂ ਨਾਲ ਕਰਨੀ ਕਮਾਈ ਵਾਲਿਆਂ ਨਾਲ ਵਿਚਾਰਾਂ ਕਰ। ਉਨ੍ਹਾਂ ਕੋਲੋਂ ਪੁੱਛ—ਨਾਮ ਜਪਣ ਵਾਲਿਓ ! ਜਿਸ ਰਸ ਵਿਚ ਤੁਸੀਂ ਜੁੜਦੇ ਹੋ, ਉਹ ਰਸ ਮੇਰੀ ਵੀ ਝੋਲੀ ਵਿਚ ਪੈ ਜਾਵੇ। ਕਿਹੜਾ ਢੰਗ ਮੈਂ ਅਪਨਾਵਾਂ, ਕਿਵੇਂ ਮੈਂ ਚੌਕੜਾ ਮਾਰਾਂ, ਕਿਵੇਂ ਮੈਂ ਅੰਮ੍ਰਿਤ ਵੇਲਾ ਸੰਭਾਲਾਂ, ਕਿਵੇਂ ਮੈਂ ਨਿਤਨੇਮ ਦਾ ਪਹਿਰਾ ਵਧਾਵਾਂ ਕਿ ਮੈਂ ਵੀ ਗੁਰੂ ਦੀ ਮਿਹਰ ਦਾ ਪਾਤਰ ਬਣ ਜਾਵਾਂ।

ਕਹਿੰਦੇ—ਜਦੋਂ ਕੋਈ ਮਹਾਂਪੁਰਖ ਮਿਲੇ, ਭਲਾ ਮਨੁੱਖ ਮਿਲੇ, ਉਹਦੀ ਸਿੱਖਿਆ ਨੂੰ ਸੁਣ, ਤੇ ਜਿਹੜੀਆਂ ਤੇਰੇ ਰਾਹ ਵਿਚ ਅੜਚਣਾਂ ਨੇ, ਗੁੰਝਲਾਂ ਨੇ, ਉਹਦੇ ਬਾਰੇ ਵੀ ਤੂੰ ਉਨ੍ਹਾਂ ਕੋਲੋਂ ਰਸਤਾ ਪੁੱਛ ਕੇ, ਫਿਰ ਉਨ੍ਹਾਂ ਦੇ ਦੱਸੇ ਹੋਏ ਮਾਰਗ ਦੇ ਉਤੇ ਤੁਰਨ ਦਾ ਜਤਨ ਕਰ।

***ਸੰਤੁ ਮਿਲੈ ਕਿਛੁ ਸੁਨੀਐ ਕਹੀਐ॥***

ਅੱਗੇ ਜੀ :

***ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥***

ਦੇਖੋ ! ਉਹ ਆ ਗਿਆ :

***ਬਾਬਾ ਬੋਲਨਾ ਕਿਆ ਕਹੀਐ॥***

ਕਿੱਥੇ ਬੋਲਣਾ ਚਾਹੀਦਾ, ਕਿੱਥੇ ਨਹੀਂ ਬੋਲਣਾ ਚਾਹੀਦਾ, ਕਹਿੰਦੇ—ਜੇ ਕੋਈ ਸੰਤ ਮਿਲਿਆ ਹੈ, ਕਮਾਈ ਵਾਲਾ ਮਿਲਿਆ ਹੈ, ਨਿਮਰਤਾ ਨਾਲ ਉਹਦੇ ਕੋਲ ਬਹਿ। ਉਹਦੇ ਕੋਲੋਂ ਗੁਰੂ ਨਾਲ ਜੁੜਣ ਦੀਆਂ ਗੱਲਾਂ ਪੁੱਛ। ਆਪਣੇ ਜੀਵਨ ਦੀਆਂ ਗੁੰਝਲਾਂ ਬਾਰੇ ਜਾਣਕਾਰੀ ਹਾਸਲ ਕਰ ਤੇ ਜਿਹੜੀ ਸਿੱਖਿਆ ਉਹ ਦੇਣ, ਉਹਨੂੰ ਸੁਣ ਕੇ ਮੰਨ।

ਪਰ ਜੇ ਕੋਈ ਮੂਰਖ ਮਿਲ ਜਾਵੇ, ਭੈੜਾ ਬੰਦਾ ਮਿਲ ਜਾਵੇ, ਅਸੰਤ ਮਿਲ ਜਾਵੇ, ਜਿੰਨ੍ਹੇ ਮੇਰਾ ਸਮਾਂ ਨਿੰਦਿਆ, ਚੁਗਲੀ ਵਿਚ ਹੀ ਬਰਬਾਦ ਕਰਨਾ ਹੈ, ਜਿੰਨ੍ਹੇ ਮੇਰਾ ਸਮਾਂ ਮਾੜੀਆਂ ਚੀਜ਼ਾਂ ਵਿਚ ਹੀ ਬਰਬਾਦ ਕਰਨਾ ਹੈ ਕਹਿੰਦੇ—ਫਿਰ ਉਹਦੀਆਂ ਗੱਲਾਂ ਸੁਣਨ ਲਈ ਬਹਿ ਨਾ, ਉਹਦੇ ਸਾਹਮਣੇ ਚੁੱਪ ਕਰ ਜਾ। ਉਥੇ ਚੁੱਪ ਰਹਿਣਾ ਹੀ ਠੀਕ ਏ। ਉਹਦੇ ਕੋਲ ਕੋਈ ਸਵਾਲ ਜਵਾਬ ਨਾ ਕਰ। ਉਹਦੇ ਅੱਗੇ ਚੁੱਪ ਹੀ ਰਹਿ। ਕਿਉਂ? ਕਿਉਂਕਿ ਜੇ ਤੂੰ ਉਹਦੇ ਨਾਲ ਬੋਲਣਾ ਸ਼ੁਰੂ ਕਰ ਦਿੱਤਾ, ਉਹਨੇ ਗੱਲਾਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਤੇਰੇ ਸਵਾਸ ਐਵੇਂ ਹੀ ਅਜ਼ਾਇਆਂ ਜਾਣੇ ਨੇ। ਕਿਉਂਕਿ ਉਹ ਆਪ ਤੇ ਜੁੜਿਆ ਨਹੀਂ, ਉਹਨੇ ਗੱਲਾਂ ਵੀ ਉਹੀ ਕਰਨੀਆਂ ਨੇ ਟੁੱਟਣ ਵਾਲੀਆਂ, ਮਾੜੇ ਕੰਮਾਂ ਵਾਲੀਆਂ ਤੇ ਜਦੋਂ ਤੂੰ ਉਹਦੇ ਨਾਲ ਕੋਈ ਬੋਲ-ਚਾਲ ਸ਼ੁਰੂ ਕਰ ਦਿੱਤੀ ਤਾਂ ਪਿਆਰਿਆ ! ਤੈਨੂੰ ਵੀ ਉਹ ਮਾੜੇ ਪਾਸੇ ਪ੍ਰੇਰਨਾ ਦੇ ਸਕਦਾ ਹੈ। ਇਸ ਕਰਕੇ ਮਹਾਂਪੁਰਖ ਮਿਲਣ ਉਨ੍ਹਾਂ ਦੇ ਕੋਲ ਬਹਿ, ਉਨ੍ਹਾਂ ਦੀਆਂ ਗੱਲਾਂ ਸੁਣ ਵੀ, ਉਨ੍ਹਾਂ ਕੋਲੋਂ ਆਪਣੇ ਜੀਵਨ ਬਾਰੇ ਸਿੱਖਿਆ ਵੀ ਲੈ, ਉਨ੍ਹਾਂ ਨਾਲ ਗੱਲਬਾਤ ਕਰ, ਪਰ ਜੇ ਅਸੰਤ ਮਿਲ ਜਾਏ ਤੇ ਉਥੇ ਫਿਰ :

***ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥***

ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਜੀ :

***ਸੰਤਨ ਸਿਉ ਬੋਲੇ ਉਪਕਾਰੀ॥*** (ਅੰਗ ੮੭੦)

ਕਬੀਰ ਸਾਹਿਬ ! ਮੈਨੂੰ ਇਕ ਗੱਲ ਤੇ ਦੱਸੋ ! ਤੁਸੀਂ ਕਹਿੰਦੇ ਹੋ ਸੰਤਾਂ, ਮਹਾਂਪੁਰਖਾਂ ਨਾਲ ਗੱਲਾਂਬਾਤਾਂ ਕਰ। ਜਦੋਂ ਮੈਂ ਮਹਾਂਪੁਰਖਾਂ ਨਾਲ ਬਹਿ ਕੇ ਉਨ੍ਹਾਂ ਦੀ ਸੰਗਤ ਵਿਚ ਉਨ੍ਹਾਂ ਨਾਲ ਕੋਈ ਗੱਲਬਾਤ ਕਰਾਂਗਾ ਤੇ ਹੋਏਗਾ ਕੀ? ਕਹਿੰਦੇ—ਜਦੋਂ ਤੂੰ ਮਹਾਂਪੁਰਖਾਂ ਦੇ ਨਾਲ

ਬਹਿ ਕੇ ਕੋਈ ਗੱਲਬਾਤ ਕਰੇਂਗਾ, ਉਨ੍ਹਾਂ ਨਾਲ ਕੀਤੀ ਹੋਈ ਵਿਚਾਰ, ਉਨ੍ਹਾਂ ਨਾਲ ਕੀਤੀ ਹੋਈ ਗੱਲਬਾਤ ਦਾ ਕੋਈ ਨਾ ਕੋਈ ਭਲਾ ਹੀ ਸਿੱਟਾ ਨਿਕਲੇਗਾ। ਉਨ੍ਹਾਂ 'ਚੋਂ ਵੀ ਕੋਈ ਨਾ ਕੋਈ ਲੋਕ-ਭਲਾਈ ਦੀ ਗੱਲ ਨਿਕਲੇਗੀ। ਉਨ੍ਹਾਂ ਗੱਲਾਂ 'ਚੋਂ ਤੇਰੀ ਆਪਣੀ ਭਲਿਆਈ ਦੀ ਕੋਈ ਨਾ ਕੋਈ ਗੱਲ ਨਿਕਲੇਗੀ, ਉਨ੍ਹਾਂ ਦੀਆਂ ਗੱਲਾਂ ਦੇ ਵਿੱਚੋਂ ਸਮਾਜ ਦੀ ਭਲਿਆਈ ਦੀ ਕੋਈ ਨਾ ਕੋਈ ਗੱਲ ਨਿਕਲੇਗੀ। ਕਿਉਂਕਿ ਭਲਿਆਂ ਦੀ ਸੰਗਤ ਵਿੱਚੋਂ ਭਲਿਆਈ ਮਿਲਦੀ ਏ।

***ਸੰਤਨ ਸਿਉ ਬੋਲੇ ਉਪਕਾਰੀ॥***

ਅੱਗੇ ਜੀ :

***ਮੂਰਖ ਸਿਉ ਬੋਲੇ ਝਖ ਮਾਰੀ॥ ੨ ॥***

ਕਹਿੰਦੇ—ਜਦੋਂ ਤੂੰ ਸੰਤਾਂ-ਮਹਾਂਪੁਰਖਾਂ ਨਾਲ ਕੋਈ ਬਚਨ ਕਰੇਂਗਾ, ਕੋਈ ਵਿਚਾਰ-ਵਟਾਂਦਰਾ ਕਰੇਂਗਾ, ਭਲਿਆਈ ਵਾਲਿਆਂ ਨਾਲ ਗੱਲ ਕੀਤਿਆਂ ਭਲਿਆਈ ਹੀ ਬਾਹਰ ਨਿਕਲਣੀ ਹੈ। ਉਹਦਾ ਸਿੱਟਾ ਵੀ ਭਲਿਆਈ ਵਾਲਾ ਹੀ ਨਿਕਲੇਗਾ, ਤੇ ਜੇ ਮੂਰਖਾਂ ਨਾਲ ਕੁਝ ਬੋਲੇਂਗਾ, ਮੂਰਖਾਂ ਨਾਲ ਬੋਲਣਾ ਤੇਰਾ ਕਿਸੇ ਕੰਮ ਨਹੀਂ ਆਉਣਾ। ਮੂਰਖ ਹਮੇਸ਼ਾ ਤੈਨੂੰ ਖਪਾ ਦੇਣਗੇ। ਉਨ੍ਹਾਂ ਨਾਲ ਗੱਲਬਾਤ ਕੀਤੀ ਵੀ ਵਿਅਰਥ ਹੀ ਜਾਏਗੀ। ਆਖੋ: ਵਾਹਿਗੁਰੂ-ਵਾਹਿਗੁਰੂ।

ਤਾਂ ਹੀ ਮਹਾਰਾਜ ਨੇ ਕਿਹਾ :

***ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥***<br>
***ਮੂਰਖੈ ਨਾਲਿ ਨ ਲੁਝੀਐ॥੧੯॥*** (ਅੰਗ ੪੭੩)

ਕੋਈ ਮੂਰਖ ਬੰਦਾ ਤੇਰੇ ਨਾਲ ਬਹਿਸ ਕਰ ਰਿਹਾ ਹੈ, ਉਹਦੀ ਬਹਿਸ ਨੂੰ ਵਧਾ ਨਾ, ਮੈਂ ਕਹਿਨਾ ਕਿ ਮੇਰੀ ਆਪਣੀ ਗੱਲ ਏ, ਮੈਂ ਕਹਿਨਾ ਭਾਵੇਂ ਉਥੇ ਹੱਥ ਜੋੜ ਦਿਓ, ਭਾਈ! ਤੂੰ ਹੀ ਚੰਗਾ ਹੈਂ, ਮੈਂ ਹੀ ਗਲਤ ਹਾਂ। ਮੈਂ ਕਹਿਨਾ, ਏਨੀ ਗੱਲ ਕਹੀ ਹੋਈ ਤੁਹਾਡੇ ਕਿੰਨੇ ਅਜਾਇਆ ਜਾਣ ਵਾਲੇ ਸਵਾਸਾਂ ਨੂੰ ਬਚਾਅ ਲਏਗੀ। ਭਈ ! ਤੂੰ ਹੀ ਠੀਕ ਹੈਂ। ਕਿਉਂਕਿ ਮੂਰਖ ਬੰਦੇ ਨਾਲ ਜਿੰਨੀ ਮਰਜ਼ੀ ਤੁਸੀਂ ਬਹਿਸ ਕਰੀ ਚੱਲੋ, ਜੋ ਉਹਨੇ ਆਪਣੇ ਦਿਮਾਗ਼ ਵਿਚ ਪ੍ਰਸ਼ਨ ਦਾ ਉੱਤਰ ਫਿਟ ਕੀਤਾ ਹੈ, ਜੇ ਤੁਸੀਂ ਉਹਦੇ ਮੁਤਾਬਕ, ਉਹਦਾ ਜਵਾਬ ਨਹੀਂ ਨਾ ਦਿਉਗੇ, ਉਦੋਂ ਤੱਕ ਉਹਦੀ ਤਸੱਲੀ ਨਹੀਂ ਹੋਣੀ। ਜੋ ਉਹਨੇ ਆਪਣੇ ਦਿਮਾਗ਼ ਵਿਚ ਉੱਤਰ ਫਿਟ ਕੀਤਾ ਹੈ। ਜਦੋਂ ਕੋਈ ਬੰਦਾ ਸਵਾਲ ਕਰਦਾ ਹੈ ਦੂਜੇ ਕੋਲੋਂ, ਕਈ ਵਾਰੀ ਉਹਨੇ ਉਸੇ ਪ੍ਰਸ਼ਨ ਦਾ ਉੱਤਰ ਆਪਣੇ ਮੁਤਾਬਕ ਆਪਣੇ ਦਿਮਾਗ਼ ਵਿਚ ਭਰਿਆ ਹੁੰਦਾ ਹੈ ਤੇ ਜਦ ਤੱਕ ਸਾਹਮਣੇ ਵਾਲਾ ਉਹੋ ਜਿਹਾ ਜਵਾਬ ਨਾ ਦੇਵੇ, ਉਦੋਂ ਤੱਕ ਉਹ ਮੰਨਦਾ ਹੀ ਨਹੀਂ। ਇਸ ਨਾਲ ਕਿੰਨੇ ਸਵਾਸ ਅਜ਼ਾਇਆਂ ਜਾਂਦੇ ਨੇ। ਕਿੰਨਾ ਟਾਈਮ ਵਿਅਰਥ ਜਾਂਦਾ ਹੈ। ਇਸ ਕਰਕੇ ਭਲਾ ਇਹੋ ਹੀ ਹੈ ਕਿ ਭਾਈ ! ਮੂਰਖ ਬੰਦਿਆਂ ਨਾਲ ਵਿਅਰਥ ਬੋਲ ਹੀ

ਨਾ ਬੋਲੋ। ਬੇਵਕੂਫਾਂ ਨਾਲ ਬੋਲਣਾ ਐਵੇਂ ਬਿਨਾਂ ਵਜ੍ਹਾ ਹੀ ਬਕਵਾਸ ਏ। ਐਵੇਂ ਬਿਨਾਂ ਵਜ੍ਹਾ ਖੱਪ-ਖੱਪ ਕੇ ਆਪਣਾ ਸਮਾਂ ਵਿਅਰਥ ਗਵਾਉਣਾ ਏ। ਅੱਗੇ ਜੀ :

***ਬੋਲਤ ਬੋਲਤ ਬਢਹਿ ਬਿਕਾਰਾ॥***

ਤੇ ਜਿਉਂ-ਜਿਉਂ ਬੰਦਾ, ਮੂਰਖ ਬੰਦੇ ਨਾਲ ਗੱਲਾਂ ਕਰਦਾ ਹੈ, ਉਹਦੇ ਕੁਸੰਗ ਕਰਨ ਨਾਲ ਅੰਦਰ ਵਿਕਾਰ ਹੀ ਵਧਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਤੇ ਇਹਦਾ ਮਤਲਬ ਇਹ ਨਹੀਂ ਕਿਸੇ ਨਾਲ ਤੂੰ ਬਹਿਣਾ ਖਲੋਣਾ ਨਹੀਂ, ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰਨੀ। ਗੱਲਬਾਤ ਕਰਨੀ ਏ, ਪਰ ਭੁੱਲੇ ਨਾ, ਉਹਦੇ ਨਾਲ ਗੱਲਬਾਤ ਕਰ, ਜਿਹੜਾ ਗੁਰੂ ਨਾਲ ਜੋੜਣ ਵਾਲਾ ਹੋਵੇ, ਜਿਹੜਾ ਭਲਿਆਈ ਦੇ ਕਾਰਜ ਕਰਦਾ ਹੋਵੇ।

***ਸੰਤੁ ਮਿਲੈ ਕਿਛੁ ਸੁਨੀਐ ਕਹੀਐ॥***
***ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥***
***ਬਾਬਾ ਬੋਲਨਾ ਕਿਆ ਕਹੀਐ॥***
***ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥***

ਕਹਿੰਦੇ—ਜੇ ਤੂੰ ਮੂਰਖ ਬੰਦਿਆਂ ਨਾਲ ਬੋਲੀ ਜਾਏਂਗਾ, ਬਹਿਸਾਂ ਕਰੀ ਜਾਏਂਗਾ, ਮੂਰਖ ਬੰਦੇ ਨਾਲ ਜਿਉਂ-ਜਿਉਂ ਤੂੰ ਗੱਲਾਂ ਵਧਾਏਂਗਾ, ਉਹਦੇ ਕੁਸੰਗ ਦਾ ਤੇਰੇ ਉਤੇ ਅਜਿਹਾ ਗਹਿਰਾ ਅਸਰ ਪਏਗਾ ਕਿ ਤੇਰੇ ਅੰਦਰ ਵਿਕਾਰ ਵਧਦੇ ਜਾਣਗੇ। ਉਸ ਕੁਸੰਗ ਦਾ ਸਿੱਟਾ ਤੇਰੇ ਉਤੇ ਪੈਂਦਾ ਜਾਏਗਾ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ...। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਅੱਜ ਦੇ ਕੀਰਤਨ ਦੇ ਵਿੱਚੋਂ ਆਹ ਸਿੱਖਣਾ ਹੈ ਆਪਾਂ। ਬੋਲਣਾ ਬੰਦ ਨਹੀਂ ਕਰਨਾ। ਬਸ ਆਹ ਘੁੰਡੀ ਆਪਣੇ ਅੰਦਰ ਵਸਾਉਣੀ ਏ ਕਿ ਕਿੱਥੇ ਮੈਂ ਬੋਲਣਾ ਹੈ ਕਿੱਥੇ ਨਹੀਂ ਬੋਲਣਾ। ਜਿੱਥੇ ਬੋਲਣ ਦੇ ਨਾਲ ਤੈਨੂੰ ਪਤੈ ਕਲਾ-ਕਲੇਸ਼ ਵੱਧ ਜਾਣਾ, ਦੋ ਮਿੰਟ ਚੁੱਪ ਹੋ ਜਾਵੀਂ, ਕੀ ਫਰਕ ਪੈ ਜਾਣਾ ਹੈ। ਬਾਬਾ ਨੰਦ ਸਿੰਘ ਜੀ ਦੇ ਬਚਨ ਨੇ, ਕਹਿੰਦੇ—ਤੇਰੀ ਰੱਖੀ ਦੋ ਮਿੰਟ ਦੀ ਨਿਮਰਤਾ ਕਈ ਵਾਰੀ ਘਰ ਦੇ ਵਿਚ ਵੱਡੇ-ਵੱਡੇ ਪਾੜਾਂ ਦੇ ਪੈਣ ਵਾਲੇ ਸਮੇਂ ਨੂੰ ਟਾਲ ਦਿੰਦੀ ਏ। ਧੰਨ ਗੁਰੂ ਰਾਮਦਾਸ ਜੀ।.....

ਪਤਾ ਹੈ ਮੇਰੇ ਬੋਲਣ ਦੇ ਨਾਲ ਇੱਥੇ ਅੱਗ ਦੇ ਵਿਚ ਪਾਣੀ ਵਾਲਾ ਕੰਮ ਨਹੀਂ, ਅੱਗ ਦੇ ਵਿਚ ਤੇਲ ਵਾਲਾ ਕੰਮ ਹੋਣਾ ਹੈ, ਮਹੌਲ ਇੱਥੇ ਤੱਤਾ ਹੈ, ਨਾ ਬੋਲ, ਚੁੱਪ ਹੋ ਜਾ। ਇਹ ਤੇ ਤੂੰ ਵੇਖਣਾ ਹੈ, ਕਿਹੜੇ ਵੇਲੇ ਬੋਲਣਾ ਏ ਕਿਹੜੇ ਵੇਲੇ ਨਹੀਂ ਬੋਲਣਾ। ਕੀਹਦੇ ਨਾਲ ਬੋਲਣਾ ਏ, ਕਿਹੋ ਜਿਹਾ ਬੋਲਣਾ ਏ, ਕੀਹਦੇ ਨਾਲ ਨਹੀਂ ਬੋਲਣਾ। ਇਹ ਤੇ ਮਹਾਰਾਜ ਨੇ ਸਾਨੂੰ ਬਾਣੀ ਦੇ ਵਿਚ ਸਪੱਸ਼ਟ ਕਰਕੇ ਸਮਝਾ ਦਿੱਤੀਆਂ ਨੇ ਚੀਜ਼ਾਂ। ਚਲਣਾ ਤੇ ਅਸੀਂ ਤੁਸੀਂ ਏ। ਆਖੋ : ਵਾਹਿਗੁਰੂ-ਵਾਹਿਗੁਰੂ।

ਕੋਈ ਮਹਾਂਪੁਰਖ ਮਿਲੇ ਕਮਾਈ ਵਾਲਾ, ਉਹਨੂੰ ਵੇਖ ਕੇ ਅਸੀਂ ਮੂੰਹ ਫੇਰ ਲਈਏ, ਉਹਦੀ ਨਿੰਦਿਆ ਹੀ ਕਰੀ ਚੱਲੀਏ, ਉਹ ਤੇ ਏਦਾਂ ਦਾ, ਉਹ ਏਦਾਂ ਦਾ ਤੇ ਫਿਰ ਇਹਦਾ ਮਤਲਬ ਗੁਰਬਾਣੀ ਦੇ ਆਸ਼ੇ ਤੋਂ ਅਸੀਂ ਭਟਕ ਗਏ ਹਾਂ। ਤੂੰ ਕਮਾਈ ਵਾਲਿਆਂ ਨੂੰ ਵੇਖ ਕੇ ਮੱਥੇ ਵੱਟ ਪਾਉਣਾ ਸ਼ੁਰੂ ਕਰ ਦਿੱਤਾ, ਦੰਦ ਪੀਚਣੇ ਸ਼ੁਰੂ ਕਰ ਦਿੱਤੇ, ਉਨ੍ਹਾਂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ। ਨਹੀਂ ਭਾਈ ! ਕਮਾਈ ਵਾਲਿਆਂ ਦੇ ਕੋਲ ਬਹਿ।

***ਪੂਛਉ ਸੰਤ ਮੇਰੋ ਠਾਕੁਰੁ ਕੈਸਾ॥*** (ਅੰਗ ੧੨੩੭)

ਉਹਦੇ ਕੋਲੋਂ ਪੁੱਛ ਜਿਸ ਦੇ ਪਿਆਰ ਦੇ ਵਿਚ ਤੁਸੀਂ ਜੁੜਦੇ ਹੋ, ਜਿਸ ਦੇ ਨਾਮ ਦੇ ਰਸ ਵਿਚ ਤੁਸੀਂ ਜੁੜਦੇ ਹੋ, ਜਿਸ ਦਾ ਨਾਮ ਹਰ ਵੇਲੇ ਤੁਸੀਂ ਲੈਂਦੇ ਹੋ। ਉਹ ਠਾਕੁਰ ਦਿਸਦਾ ਕਿਹੋ ਜਿਹਾ ਹੈ।

ਆਖੋ : ਵਾਹਿਗੁਰੂ...। ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਕਹਿੰਦੇ—ਜੇ ਮੂਰਖਾਂ ਨਾਲ ਹੀ ਬੋਲੀ ਜਾਏਂਗਾ ਤੇ ਉਨ੍ਹਾਂ ਨਾਲ ਜਿਉਂ-ਜਿਉਂ ਬੋਲੇਂਗਾ, ਕੁਸੰਗੀਆਂ ਨਾਲ ਜਿਉਂ-ਜਿਉਂ ਬੋਲੇਂਗਾ, ਮਾੜੇ ਪੁਰਸ਼ਾਂ ਦੇ ਨਾਲ ਜਿਉਂ-ਜਿਉਂ ਬੋਲੇਂਗਾ, ਜਿਉਂ-ਜਿਉਂ ਉਨ੍ਹਾਂ ਦਾ ਕੁਸੰਗ ਕਰੇਂਗਾ, ਉਹਦੇ ਨਾਲ ਤੇਰੇ ਅੰਦਰ ਵਿਕਾਰ ਹੀ ਵਿਕਾਰ ਵਧਦੇ ਜਾਣੇ ਨੇ।

***ਬੋਲਤ ਬੋਲਤ ਬਢਹਿ ਬਿਕਾਰਾ॥***

ਅੱਗੇ ਕੀ ਏ?

***ਬਿਨੁ ਬੋਲੇ ਕਿਆ ਕਰਹਿ ਬੀਚਾਰਾ॥ ੩ ॥***

ਇਹਦਾ ਮਤਲਬ ਇਹ ਥੋੜ੍ਹੀ ਏ ਕਿ ਤੂੰ ਬੋਲਣਾ ਹੀ ਬੰਦ ਕਰ ਦੇਣਾ ਏ। ਕਹਿੰਦੇ—ਬੋਲਣਾ ਏ, ਇਹ ਨਹੀਂ ਕਿ ਮੂਰਖਾਂ ਦੇ ਕੋਲ ਵੀ ਨਹੀਂ ਬਹਿ ਰਿਹਾਂ ਤੇ ਹੁਣ ਮਹਾਂਪੁਰਖਾਂ ਦੇ ਕੋਲ ਵੀ ਨਹੀਂ ਬੈਠਣਾ। ਕਹਿੰਦੇ—ਜੇ ਭਲਿਆਂ ਦੇ ਪਾਸ ਨਹੀਂ ਬੈਠੇਂਗਾ, ਵਿਚਾਰ ਨਹੀਂ ਕਰੇਂਗਾ ਤੇਰੇ ਅੰਦਰ ਤਰੱਕੀ ਕਿਵੇਂ ਹੋਏਗੀ? ਪਿਆਰਿਆ ! ਜੇ ਭਲੇ ਮਨੁੱਖਾਂ ਨਾਲ ਨਹੀਂ ਬੋਲੇਂਗਾ, ਜੇ ਭਲੇ ਮਨੁੱਖਾਂ ਦੇ ਨਾਲ ਨਹੀਂ ਕੋਈ ਵਿਚਾਰ ਕਰੇਂਗਾ, ਉਨ੍ਹਾਂ ਨਾਲ ਕੋਈ ਬਚਨ ਨਹੀਂ ਕਰੇਂਗਾ, ਉਨ੍ਹਾਂ ਮਹਾਂਪੁਰਖਾਂ ਨਾਲ ਨਹੀਂ ਗੱਲਬਾਤ ਕਰੇਂਗਾ ਤੇ ਪਿਆਰਿਆ ! ਤੇਰੇ ਅੰਦਰਲੀ ਤਰੱਕੀ ਨਹੀਂ ਹੋ ਸਕਦੀ। ਮਹਾਂਪੁਰਖਾਂ ਨਾਲ ਗੱਲਬਾਤ ਕਰਨੀ ਏ। ਮੂਰਖਾਂ ਨਾਲ ਨਹੀਂ ਕਰਨੀ ਗੱਲਬਾਤ। ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਕੀ ਏ?

***ਕਹੁ ਕਬੀਰ ਛੂਛਾ ਘਟੁ ਬੋਲੈ॥***

ਕਬੀਰ ਸਾਹਿਬ ਕਹਿੰਦੇ—ਸੱਚੀ ਗੱਲ ਤੇ ਇਹ ਹੈ ਪਿਆਰਿਓ ! ਘੜਾ ਹੋਵੇ ਖਾਲੀ, ਤੇ ਖਾਲੀ ਘੜਾ ਬਹੁਤਾ ਹੀ ਬੋਲਦਾ ਹੈ ਤੇ ਜੇ ਕਿਤੇ ਉਹ ਹੀ ਘੜੇ ਦੇ ਵਿਚ ਪਾ ਦਿਓ ਪਾਣੀ, ਜਦੋਂ ਪਾਣੀ ਪਾ ਦਿਓਗੇ ਤੇ ਉਹ ਫਿਰ ਘੱਟ ਬੋਲੇਗਾ। ਉਹ ਡੋਲੇਗਾ ਨਹੀਂ ਤੇ ਬਸ ਏਹੀ ਚੀਜ਼ ਏ, ਜਦੋਂ ਬੰਦਾ ਨਾਮ ਨਾਲ ਜੁੜ ਜਾਂਦਾ ਹੈ, ਨਾਮ ਦੇ ਨਾਲ ਆਪਣੇ ਆਪ ਨੂੰ ਭਰਨ

ਲੱਗ ਜਾਂਦਾ ਹੈ ਤੇ ਫਾਲਤੂ ਦੀਆਂ ਗੱਲਾਂ ਤੋਂ ਉਹ ਦੂਰ ਹੁੰਦਾ ਜਾਂਦਾ ਹੈ। ਬਹੁਤੀਆਂ ਜਿਹੜੀਆਂ ਫਾਲਤੂ ਗੱਲਾਂ ਨੇ, ਕੇਵਲ ਤੇ ਕੇਵਲ ਉਹੀ ਕਰਦੇ ਨੇ ਜਿਹੜੇ ਗੁਣਹੀਣ ਨੇ, ਜਿਹੜੇ ਖਾਲੀ ਨੇ। ਜਿਹੜੇ ਨਾਮ ਦੇ ਨਾਲ ਭਰ ਗਏ ਤੇ ਅੰਦਰੋਂ ਐਟੋਮੈਟਿਕ ਇਹ ਵਿਕਾਰ, ਇਹ ਫਾਲਤੂ ਦੀਆਂ ਗੱਲਾਂ ਅੰਦਰੋਂ ਨਿਕਲ ਜਾਂਦੀਆਂ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਜਿਵੇਂ ਘੜਾ ਖਾਲੀ ਏ ਉਹ ਰੌਲਾ ਜ਼ਿਆਦਾ ਪਾਉਂਦਾ ਹੈ। ਪਾਣੀ ਜਦੋਂ ਉਹਦੇ ਅੰਦਰ ਪੈ ਗਿਆ, ਰੌਲਾ ਉਹਦਾ ਘੱਟ ਗਿਆ, ਹਿਲਣਾ ਜੁਲਣਾ ਵੀ ਘੱਟ ਗਿਆ, ਡੋਲਣਾ ਵੀ ਉਹਦਾ ਘੱਟ ਗਿਆ।

***ਕਹੁ ਕਬੀਰ ਛੂਛਾ ਘਟੁ ਬੋਲੈ॥***
***ਭਰਿਆ ਹੋਇ ਸੁ ਕਬਹੁ ਨ ਡੋਲੈ॥੪॥੧॥*** (ਅੰਗ ੮੭੦)

ਕਹਿੰਦੇ—ਜਿਹੜਾ ਗੁਣਵਾਨ ਮਨੁੱਖ ਹੈ, ਉਹ ਤੇ ਅਡੋਲ ਹੈ, ਜਿਹੜਾ ਗੁਣਾਂ ਦੇ ਨਾਲ ਲਬਾ-ਲਬ ਭਰੀ ਜਾ ਰਿਹਾ ਹੈ ਉਹ ਫਿਰ ਅਡੋਲ ਹੋਈ ਜਾ ਰਿਹਾ ਹੈ, ਉਹਦਾ ਹਿਲਣਾ ਜੁਲਣਾ ਘੱਟ ਜਾਏਗਾ। ਉਹਦਾ ਫਿਰ ਫਾਲਤੂ ਬੋਲਣਾ ਘੱਟ ਜਾਏਗਾ। ਉਹਦਾ ਫਿਰ ਪਿਆਰਿਓ ! ਹਰ ਕਦਮ ਗੁਰੂ ਆਸ਼ੇ ਮੁਤਾਬਕ ਹੋਵੇਗਾ ਜੇ ਭਰ ਗਿਆ ਗੁਣਾਂ ਦੇ ਨਾਲ। ਇਸ ਕਰਕੇ ਭਗਤ ਜੀ ਕਹਿੰਦੇ—ਜਗਤ ਦੇ ਵਿਚ ਕੋਈ ਇਹੋ ਜਿਹਾ ਉਦਮ ਕਰ, ਜਿਸ ਨਾਲ ਤੇਰੇ ਅੰਦਰ ਗੁਣ ਵਧਦੇ ਜਾਣ। ਆਖੋ : ਵਾਹਿਗੁਰੂ-ਵਾਹਿਗੁਰੂ।

ਤੇ ਇਹ ਗੁਣ ਤੇਰੇ ਅੰਦਰ ਵਧਣਗੇ ਨਾਮ ਜਪਣ ਦੇ, ਬੰਦਗੀ ਕਰਨ ਦੇ, ਨਿਮਰਤਾ ਦੇ, ਨਿਰਵੈਰਤਾ ਦੇ, ਘੱਟ ਖਾਣ ਦੇ, ਘੱਟ ਬੋਲਣ ਦੇ, ਘੱਟ ਸੌਣ ਦੇ ਗੁਣ ਤੇਰੇ ਅੰਦਰ ਵਧਣਗੇ। ਪਰ ਵਧਣਗੇ ਉਦੋਂ ਹੀ ਜਦੋਂ ਤੂੰ ਭਲਿਆਂ ਦੀ ਸੰਗਤ ਕਰੇਂਗਾ।

ਵੇਖੋ ! ਕਬੀਰ ਸਾਹਿਬ ਨੇ ਤੋੜਾ ਲਿਆ ਕੇ ਕਿੱਥੇ ਭੰਨਿਆ ਹੈ। ਕਹਿੰਦੇ—ਤੂੰ ਮਹਾਂਪੁਰਖਾਂ ਦੀ, ਕਮਾਈ ਵਾਲਿਆਂ ਦੀ, ਬਾਬਾ ਦੀਪ ਸਿੰਘ ਵਰਗਿਆਂ ਦੀ ਸੰਗਤ ਕਰ। ਜਦੋਂ ਉਨ੍ਹਾਂ ਦੀ ਸੰਗਤ ਕਰੇਂਗਾ, ਭਾਈ ! ਤੇਰੇ ਅੰਦਰ ਫਿਰ ਰੰਗ ਲੱਗਣਾ ਸ਼ੁਰੂ ਹੋ ਜਾਏਗਾ। ਅੱਜ ਦੇ ਸ਼ਬਦ ਵਿਚ ਭਗਤ ਜੀ ਨੇ ਇਹ ਬੜਾ ਪਿਆਰਾ ਸਾਨੂੰ ਉਪਦੇਸ਼ ਦਿੱਤਾ ਹੈ। ਕਿੱਥੇ ਬੋਲਣਾ ਹੈ, ਕਿੱਥੇ ਨਹੀਂ ਬੋਲਣਾ, ਕੀ ਬੋਲਣਾ ਹੈ, ਕੀ ਨਹੀਂ ਬੋਲਣਾ? ਇਹ ਗੁਣ ਆਪਣੇ ਅੰਦਰ ਜ਼ਰੂਰ ਧਾਰੀਏ। ਕੀਰਤਨ ਦੀ ਸਮਾਪਤੀ ਕਰਦੇ ਆਂ।

ਗੁਰੂ ਕ੍ਰਿਪਾ ਕਰੇ, ਬਖ਼ਸ਼ਿਸ਼ ਕਰੇ, ਰਹਿਮਤ ਕਰੇ, ਭੁੱਲ ਚੁੱਕ ਦੀ ਖਿਮਾ ਕਰ ਦੇਣਾ। ਕੱਲ ਦੇ ਦੀਵਾਨ ਵਿਚ ਫਿਰ ਤੁਹਾਡੇ ਦੀਦਾਰ ਹੋਣ, ਇਸ ਚੀਜ਼ ਨੂੰ ਮੁੱਖ ਰੱਖ ਕੇ ਮੈਂ ਤੁਹਾਡੇ ਕੋਲੋਂ ਖਿਮਾ ਮੰਗਦਾ ਹਾਂ। ਪਿਆਰ ਨਾਲ ਸਾਰੇ ਫਤਹਿ ਬੁਲਾਓ ਜੀ!

ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਹਿ॥

✧

# ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥

**(ਅੰਗ ੧੪੦੪)**

ਧੰਨ ਗੁਰੂ ਰਾਮਦਾਸ ਜੀ-ਧੰਨ ਗੁਰੂ ਰਾਮਦਾਸ ਜੀ।

ਸਾਰੇ ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਕਈ ਵਾਰੀ ਬੰਦਾ ਕੋਈ ਚੀਜ਼ ਦੀ ਪ੍ਰੇਸ਼ਾਨੀ 'ਚ ਹੋਵੇ, ਕਹਿੰਦਾ—ਜੀ ! ਮੇਰਾ ਕੰਮ ਤੇ ਅਪਸੈਟ ਹੋ ਗਿਆ ਹੈ। ਸੋਚਿਆ ਕੁਝ ਹੋਰ ਸੀ, ਹੋ ਕੁਝ ਹੋਰ ਗਿਆ ਹੈ। ਇੱਦਾਂ ਹੀ ਕਰਦੇ ਹਾਂ ਨਾ ਆਪਾਂ। ਸੋਚਦੇ ਹਾਂ ਜੀ ਮੇਰਾ ਪ੍ਰੋਗਰਾਮ ਤੇ ਏਦਾਂ ਬਣਿਆ ਸੀ, ਮੈਂ ਫਲਾਣੀ ਜਗ੍ਹਾ 'ਤੇ ਏਦਾਂ ਜਾਣਾ ਸੀ ਪਰ ਮੇਰਾ ਤੇ ਪ੍ਰੋਗਰਾਮ ਸਾਰਾ ਅਪਸੈਟ ਹੋ ਗਿਆ। ਪਰ ਜ਼ਰਾ ਇਹਦੇ ਵਿੱਚੋਂ ਵੀ ਪੌਜਿਟਿਵੀਟੀ ਲਉਗੇ ਤੇ ਤੁਹਾਨੂੰ ਏਦਾਂ ਪ੍ਰਤੀਤ ਹੋਏਗਾ, ਪ੍ਰੋਗਰਾਮ ਅਪਸੈਟ ਨਹੀਂ ਹੋਇਆ ਅਪ ਵਾਲੇ ਨੇ ਸਾਰਾ ਪ੍ਰੋਗਰਾਮ ਸੈਟ ਕਰਕੇ ਰੱਖਿਆ ਹੈ।

ਉਹਨੂੰ ਪਤਾ ਹੈ ਕਿਹੜੇ ਵੇਲੇ ਮੈਂ ਤੇਰੇ ਕੋਲੋਂ ਕਿਹੜੀ ਸੇਵਾ ਲੈਣੀ ਏ, ਕਿਹੜੇ ਵੇਲੇ ਮੈਂ ਤੈਨੂੰ ਕਿਹੜੀ ਦਾਤ ਦੇਣੀ ਏ, ਕਿਹੜੇ ਵੇਲੇ ਮੈਂ ਤੈਨੂੰ ਕਿਹੜੇ ਕਾਰਜ ਵਾਸਤੇ ਚੁਣਨਾ ਹੈ, ਇਹ ਤੇ ਉਹਨੂੰ ਪਤਾ ਹੈ। ਅਸੀਂ ਕਈ ਵਾਰ ਕਹਿਣੇ ਹਾਂ ਪ੍ਰੋਗਰਾਮ ਅਪਸੈਟ ਹੋ ਗਿਆ, ਪਰ ਅਪਸੈਟ ਨਹੀਂ, ਅਪ ਵਾਲੇ ਨੇ ਪ੍ਰੋਗਰਾਮ ਸੈਟ ਕਰ ਦਿੱਤਾ।

ਦੋ ਤਿੰਨ ਦਿਨ ਪਹਿਲਾਂ ਵੀ ਮੈਂ ਕੀਰਤਨ ਦੇ ਵਿਚ ਇਹ ਬੇਨਤੀ ਕੀਤੀ ਸੀ ਕਿ ਇਕ ਬੰਦਾ, ਉਹਨੇ ਆਪਣਾ ਪੇਟ ਕੱਟ-ਕੱਟ ਕੇ, ਥੋੜ੍ਹੇ-ਥੋੜ੍ਹੇ ਪੈਸੇ ਜੋੜਣੇ ਸ਼ੁਰੂ ਕੀਤੇ। ਘਰ 'ਚ ਗਰੀਬੀ ਸੀ। ਝੌਂਪੜੀ 'ਚ ਰਹਿੰਦਾ ਸੀ ਤੇ ਪੈਸੇ ਜੋੜਣੇ ਜਦੋਂ ਸ਼ੁਰੂ ਕੀਤੇ ਤੇ ਘਰਵਾਲੀ ਪੁੱਛਦੀ ਏ, ''ਜੀ ! ਤੁਸੀਂ ਪੈਸੇ ਕਿਉਂ ਜੋੜ ਰਹੇ ਹੋ? ਜਿੰਨੀ ਕਮਾਈ ਏ ਮਸਾਂ ਤੇ ਸਾਡਾ ਗੁਜ਼ਾਰਾ ਚੱਲਦਾ ਹੈ, ਪਰ ਤੁਸੀਂ ਏਹਦੇ ਵਿੱਚੋਂ ਵੀ ਥੋੜ੍ਹੇ-ਥੋੜ੍ਹੇ ਬਚਾਅ ਕੇ ਰੱਖਣੇ ਕਿਉਂ ਸ਼ੁਰੂ ਕਰ ਦਿੱਤੇ ਨੇ?'' ਉਹ ਬੰਦਾ ਪਤਾ ਕੀ ਕਹਿੰਦਾ—''ਮੈਂ ਤਾਂ ਇਸ ਕਰਕੇ ਪੈਸੇ ਜੋੜ ਰਿਹਾਂ, ਅਸੀਂ ਝੌਂਪੜੀ 'ਚ ਰਹਿਣੇ ਹਾਂ, ਦਸ-ਬਾਰ੍ਹਾਂ ਸਾਲਾਂ ਦੇ ਵਿਚ ਮੇਰੇ ਕੋਲ ਜ਼ਿਆਦਾ ਧਨ ਰਾਸ਼ੀ ਇਕੱਠੀ ਹੋ ਜਾਏਗੀ ਤੇ ਉਸ ਤੋਂ ਬਾਅਦ ਮੈਂ ਇਕ ਸੋਹਣਾ ਜਿਹਾ ਮਕਾਨ ਬਣਾਵਾਂਗਾ। ਜਦੋਂ ਸਾਡਾ ਮਕਾਨ ਬਣ ਕੇ ਤਿਆਰ ਹੋ ਜਾਏਗਾ ਤੇ ਅਸੀਂ ਸਾਰਾ ਪਰਿਵਾਰ ਉਸ ਮਕਾਨ ਦੇ ਵਿਚ ਖ਼ੁਸ਼ੀ-ਖ਼ੁਸ਼ੀ ਰਹਾਂਗੇ। ਤਾਂ ਕਰਕੇ ਮੈਂ ਪੈਸੇ ਜੋੜ ਰਿਹਾ ਹਾਂ।'' ਘਰਵਾਲੀ ਕਹਿੰਦੀ—''ਸੋਚ ਤੇ ਤੁਹਾਡੀ ਅੱਛੀ ਏ, ਤੁਹਾਡੀ ਸੋਚ ਤੇ ਵਧੀਆ ਏ ਕਿ ਝੌਂਪੜੀ ਦੇ ਵਿਚ ਰਹਿੰਦਿਆਂ ਜਦੋਂ ਬਾਰਸ਼ ਪੈਂਦੀ ਏ, ਕਈ ਵਾਰੀ ਝੌਂਪੜੀ ਚੋਣ ਲੱਗ ਪੈਂਦੀ ਏ। ਕਈ ਵਾਰ ਜਦੋਂ ਕੋਈ

ਆਇਆ ਗਿਆ ਹੁੰਦਾ ਏ, ਉਹਨੂੰ ਆਪਣੇ ਕੋਲ ਠਹਿਰਾਉਣਾ ਵੀ ਔਖਾ ਹੁੰਦਾ ਹੈ। ਰਿਸ਼ਤੇਦਾਰਾਂ ਨੂੰ ਰਾਤ ਠਹਿਰਾ ਵੀ ਨਹੀਂ ਸਕਦੇ। ਸਾਡੀ ਜਗ੍ਹਾ ਬੜੀ ਛੋਟੀ ਏ। ਤੁਹਾਡੀ ਸੋਚ ਬੜੀ ਅੱਛੀ ਏ ਜੋ ਤੁਸੀਂ ਸੋਚਿਆ ਏ ਕਿ ਦਸ-ਬਾਰ੍ਹਾਂ ਸਾਲਾਂ ਦੇ ਵਿਚ ਤੁਸੀਂ ਪੈਸਾ ਇਕੱਠਾ ਕਰ ਕੇ ਇਕ ਮਕਾਨ ਬਣਾ ਲਓਗੇ।''

ਹੁਣ ਗੱਲ ਸੁਣਿਓ ! ਦਸ-ਬਾਰ੍ਹਾਂ ਸਾਲ ਉਹ ਬੰਦਾ ਆਪਣਾ ਪੇਟ ਕੱਟ-ਕੱਟ ਕੇ ਪੈਸੇ ਜੋੜਦਾ ਰਿਹਾ। ਮਕਾਨ ਬਣਾ ਕੇ ਇਹਨੇ ਤਿਆਰ ਵੀ ਕਰਵਾ ਲਿਆ। ਦਸਾਂ-ਬਾਰ੍ਹਾਂ ਸਾਲਾਂ ਬਾਅਦ ਪੈਸੇ ਇਕੱਠੇ ਹੋਏ ਮਕਾਨ ਤਿਆਰ ਕਰਦਿਆਂ ਵੀ ਅੱਠ-ਦਸ ਮਹੀਨੇ ਲੱਗੇ। ਤਿਆਰ ਹੋ ਗਿਆ ਤੇ ਹੁਣ ਮੰਨ ਲਓ, ਕੱਲ ਦੇ ਦਿਨ ਮਕਾਨ ਦੇ ਵਿਚ ਐਂਟਰੀ ਕਰਨੀ ਹੈ, ਕੱਲ ਦੇ ਦਿਨ। ਮਨ ਦੇ ਵਿਚ ਸਾਰੀ ਵਿਉਂਤਬੰਦੀ ਕੀਤੀ ਹੋਈ ਏ, ਕਿੱਦਾਂ ਅਸੀਂ ਕੱਲ ਸਮਾਨ ਸ਼ਿਫਟ ਕਰਾਂਗੇ। ਸਾਰਾ ਪਰਿਵਾਰ ਅਸੀਂ ਏਦਾਂ ਜਾ ਕੇ ਉਸ ਮਕਾਨ ਵਿਚ ਰਹਾਂਗੇ। ਅੱਜ ਦਾ ਹੀ ਤਕਰੀਬਨ ਤਿਆਰੀ ਦਾ ਕੰਮ ਰਹਿ ਗਿਆ, ਕੱਲ ਅਸੀਂ ਸ਼ਿਫਟ ਹੋ ਜਾਵਾਂਗੇ।

ਹੁਣ ਜਦ ਅੱਜ ਸੁੱਤੇ ਆਪਣੀ ਝੌਂਪੜੀ ਦੇ ਵਿਚ, ਆ ਕੇ ਕਿਸੇ ਨੇ ਖ਼ਬਰ ਕੀ ਸੁਣਾਈ? ਕਹਿੰਦਾ—ਤੈਨੂੰ ਪਤਾ ਲੱਗਾ ਏ, ਹੁਣੇ ਭੂਚਾਲ ਆਇਆ ਸੀ। ਕਹਿੰਦਾ—ਹਾਂ ਭੂਚਾਲ ਬੜਾ ਜ਼ਬਰਦਸਤ ਸੀ। ਕਹਿੰਦਾ—''ਤੈਨੂੰ ਸੁਣ ਕੇ ਬੜਾ ਦੁੱਖ ਲੱਗੇਗਾ ਕਿ ਇਸ ਭੂਚਾਲ ਦੇ ਕਾਰਣ, ਜਿਹੜਾ ਤੇਰਾ ਨਵਾਂ ਮਕਾਨ ਬਣਿਆ ਸੀ, ਉਹ ਡਿੱਗ ਪਿਆ ਹੈ। ਜਿਹਦੇ ਵਿਚ ਕੱਲ ਤੂੰ ਜਾਣਾ ਸੀ। ਉਹ ਤੇਰਾ ਨਵਾਂ ਮਕਾਨ ਡਿੱਗ ਪਿਆ ਹੈ।'' ਉਹ ਜਿਹੜਾ ਬੰਦਾ, ਉਹਨੇ ਹੱਸਣਾ ਸ਼ੁਰੂ ਕਰ ਦਿੱਤਾ ਤੇ ਜਿਹੜਾ ਸੁਨੇਹਾ ਲੈ ਕੇ ਆਇਆ, ਕਹਿੰਦਾ, ''ਵੇਖੋ ! ਇਹਨੂੰ ਸਦਮਾ ਕਿੰਨਾ ਗਹਿਰਾ ਲੱਗਾ ਹੈ।'' ਹੈ ਵੀ ਸਦਮੇ ਵਾਲੀ ਗੱਲ। ਕੱਲ ਜਾਣਾ ਹੈ ਮਕਾਨ ਵਿਚ, ਅੱਜ ਖ਼ਬਰ ਮਿਲ ਗਈ ਕਿ ਮਕਾਨ ਡਿੱਗ ਪਿਆ, ਢਹਿ-ਢੇਰੀ ਹੋ ਗਿਆ। ਉਹ ਕਹਿੰਦਾ—''ਵੇਖੋ ! ਇਹਨੂੰ ਕਿੱਡਾ ਤਗੜਾ ਸਦਮਾ ਲੱਗ ਗਿਆ ਹੈ। ਸਦਮੇ ਦੇ ਵਿਚ ਇਹ ਪਾਗਲ ਹੋ ਗਿਆ ਹੈ।''

ਅਗਲੇ ਦਿਨ ਇਕ ਚੀਜ਼ ਦੀ ਹੈਰਾਨਗੀ ਦੀ ਹੱਦ ਹੋਰ ਨਾ ਰਹੀ। ਪਤਾ ਕਿਹੜੀ? ਇਹ ਬੰਦਾ ਜਿਹਦਾ ਮਕਾਨ ਡਿੱਗਿਆ ਏ, ਇਹਨੇ ਕੀਤਾ ਕੀ, ਮਠਿਆਈ ਬਜ਼ਾਰੋਂ ਲਈ ਤੇ ਲੋਕਾਂ ਦੇ ਵਿਚ ਮਠਿਆਈਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਤੇ ਲੋਕੀਂ ਗੱਲਾਂ ਕਰਨ ਲੱਗ ਪਏ, ਕਹਿੰਦੇ—ਵੇਖੋ ! ਚੰਗਾ ਭਲਾ ਬੰਦਾ ਸੀ ਪਰ ਮਕਾਨ ਡਿੱਗਣ ਦੇ ਸਦਮੇ ਨੇ ਇਹਨੂੰ ਪਾਗਲ ਕਰ ਦਿੱਤਾ ਹੈ। ਐਡਾ ਵੱਡਾ ਇਹਦੇ ਦਿਮਾਗ਼ ਦੇ ਉਤੇ ਅਸਰ ਹੋਇਆ ਹੈ ਕਿ ਉਹ ਸਦਮੇ ਨੂੰ ਬਰਦਾਸ਼ਤ ਨਹੀਂ ਕਰ ਪਾਇਆ। ਪਾਗਲ ਹੋ ਗਿਆ ਹੈ। ਇਹਨੂੰ ਤੇ ਦੁੱਖ ਮਨਾਉਣਾ ਚਾਹੀਦਾ ਸੀ। ਇਹ ਤੇ ਖ਼ੁਸ਼ੀਆਂ ਵਿਚ ਮਠਿਆਈਆਂ ਵੰਡ ਰਿਹਾ ਹੈ। ਜਿਹਦਾ ਮਕਾਨ ਡਿੱਗਿਆ ਹੈ ਉਹ ਖ਼ੁਸ਼ੀਆਂ ਦੇ ਵਿਚ ਮਠਿਆਈਆਂ ਵੰਡ ਰਿਹਾ ਹੈ। ਵੇਖੋ ! ਇਹਦੇ ਨਾਲ ਕਿੰਨੀ ਮਾੜੀ ਹੋਈ?

ਇਕ ਬੰਦੇ ਨੇ ਇਹਨੂੰ ਮੋਢੇ ਤੋਂ ਫੜ ਕੇ ਹਿਲਾਇਆ ਹੈ। ਕਹਿੰਦਾ— ''ਤੂੰ ਕਮਲਾ ਹੋ ਗਿਆ ਹੈਂ? ਤੇਰਾ ਨਵਾਂ ਮਕਾਨ ਡਿੱਗ ਪਿਆ ਹੈ। ਜਿਹੜੀ ਦਸ-ਬਾਰ੍ਹਾਂ ਸਾਲਾਂ ਦੀ ਦੌਲਤ ਇਕੱਠੀ ਕੀਤੀ, ਪੂੰਜੀ ਇਕੱਠੀ ਕੀਤੀ, ਉਹਦੇ ਨਾਲ ਮਕਾਨ ਬਣਾਇਆ। ਇਕ ਦਿਨ ਬਾਅਦ ਤੂੰ ਸ਼ਿਫਟ ਕਰਨਾ ਸੀ ਉਸ ਮਕਾਨ ਵਿਚ, ਤੇਰਾ ਮਕਾਨ ਡਿੱਗ ਪਿਆ ਹੈ। ਤੂੰ ਝੱਲਾ ਹੋ ਗਿਆ ਹੈਂ, ਮਠਿਆਈਆਂ ਕਿਉਂ ਵੰਡ ਰਿਹਾ ਹੈਂ? ਤੈਨੂੰ ਤੇ ਦੁੱਖ ਮਨਾਉਣਾ ਚਾਹੀਦਾ ਸੀ। ਲੱਗਦਾ ਤੇਰੇ ਕੋਲੋਂ ਇਹ ਚੀਜ਼ ਦਾ ਸਦਮਾ ਬਰਦਾਸ਼ਤ ਨਹੀਂ ਹੋਇਆ।''

ਅੱਗੋਂ ਉਹ ਹੱਸ ਕੇ ਕਹਿੰਦਾ— ''ਮੈਂ ਬਿਲਕੁਲ ਹੋਸ਼ ਦੇ ਵਿਚ ਹਾਂ। ਮੈਨੂੰ ਪਤਾ ਹੈ ਮੇਰਾ ਮਕਾਨ ਡਿੱਗਿਆ। ਇਹ ਛੋਟੀ ਗੱਲ ਨਹੀਂ। ਇਹ ਮੈਂ ਮਾਇਆ ਇਕੱਠੀ ਕੀਤੀ ਸੀ। ਐਨਾ ਸਭ ਕੁਝ ਕੀਤਾ ਸੀ। ਮਕਾਨ ਬੜੀ ਮਿਹਨਤ ਨਾਲ ਬਣਾਇਆ ਸੀ। ਸ਼ਿਫਟ ਕਰਨਾ ਸੀ ਇਕ ਦਿਨ ਬਾਅਦ। ਇਕ ਦਿਨ ਪਹਿਲੇ ਮੇਰਾ ਮਕਾਨ ਡਿੱਗ ਪਿਆ ਮੈਨੂੰ ਪਤਾ ਹੈ।''
''ਭਈ ! ਜੇ ਪਤਾ ਹੈ ਤੇ ਖ਼ੁਸ਼ੀ ਦੇ ਵਿਚ ਮਠਿਆਈਆਂ ਕਿਉਂ ਵੰਡ ਰਿਹਾਂ ਹੈਂ, ਤੈਨੂੰ ਤੇ ਰੋਣਾ ਚਾਹੀਦਾ ਹੈ, ਤੈਨੂੰ ਤੇ ਦੁੱਖ ਮਨਾਉਣਾ ਚਾਹੀਦਾ ਹੈ।''

ਉਹ ਕਹਿੰਦਾ— ''ਭੋਲਿਓ ! ਮੈਂ ਖ਼ੁਸ਼ ਨਾ ਹੋਵਾਂ ਤੇ ਦੱਸੋ ਹੋਰ ਕੀ ਕਰਾਂ? ਮੇਰਾ ਮਕਾਨ ਡਿੱਗਿਆ, ਮੈਨੂੰ ਪਤਾ ਹੈ। ਮੈਂ ਕੱਲ ਉਸ ਮਕਾਨ ਵਿਚ ਸ਼ਿਫਟ ਹੋਣਾ ਸੀ। ਪਰ ਇਹੋ ਹੀ ਚੀਜ਼ ਸੋਚੋ, ਜੇ ਦੋ ਦਿਨ ਬਾਅਦ ਭੂਚਾਲ ਆਉਂਦਾ ਤੇ ਦੋ ਦਿਨ ਬਾਅਦ ਮੇਰਾ ਮਕਾਨ ਡਿੱਗਦਾ। ਮੈਂ ਮਕਾਨ ਵਿਚ ਸ਼ਿਫਟ ਹੋ ਗਿਆ ਹੁੰਦਾ ਤੇ ਮੇਰੇ ਪਰਿਵਾਰ ਦੇ ਕਿਸੇ ਵੀ ਜੀਅ ਨੇ ਬਚਣਾ ਨਹੀਂ ਸੀ। ਆਖੋ : ਵਾਹਿਗੁਰੂ-ਵਾਹਿਗੁਰੂ।

ਮੈਂ ਤੇ ਉਹਦਾ ਸ਼ੁਕਰ ਕਰ ਰਿਹਾ ਹਾਂ ਕਿ ਗਰੀਬ ਨਿਵਾਜ਼ ਪਾਤਿਸ਼ਾਹ ! ਜੋ ਵੀ ਤੂੰ ਭਾਣਾ ਵਰਤਾਇਆ, ਇਕ ਦਿਨ ਪਹਿਲਾਂ ਹੀ ਵਰਤਾ ਦਿੱਤਾ ਈ। ਜੇ ਦੋ ਦਿਨ ਬਾਅਦ ਇਹ ਚੀਜ਼ ਵਰਤਦੀ, ਦੋ ਦਿਨਾਂ ਬਾਅਦ ਭੂਚਾਲ ਆਉਂਦਾ, ਮੈਂ ਸੁੱਤਾ ਹੁੰਦਾ ਘਰ ਵਿਚ, ਮੇਰੇ ਬੱਚੇ ਸੁੱਤੇ ਹੁੰਦੇ, ਮੇਰੀ ਘਰਵਾਲੀ ਸੁੱਤੀ ਹੁੰਦੀ, ਭੂਚਾਲ ਆ ਜਾਂਦਾ, ਐਡਾ ਜ਼ਬਰਦਸਤ ਭੂਚਾਲ, ਮੇਰਾ ਮਕਾਨ ਰਿਹਾ ਹੀ ਨਹੀਂ। ਅਸੀਂ ਵੀ ਅੰਦਰ ਸੁੱਤੇ ਹੁੰਦੇ ਤਾਂ ਸਾਡਾ ਕੀ ਹਾਲ ਹੋਣਾ ਸੀ? ਮੈਂ ਤਾਂ ਕਰਕੇ ਇਹ ਮਠਿਆਈ ਵੰਡ ਰਿਹਾ ਹਾਂ।''

ਦੇਖੋ ! ਸੋਚ ਐ ਬੰਦੇ ਦੀ। ਹਰ ਕੰਮ ਦੇ ਵਿਚ ਪੋਜ਼ਿਟਿਵਿਟੀ ਸੋਚੋਗੇ, ਮੈਂ ਕਹਿਣਾਂ, ਆਉਣ ਵਾਲੇ ਦੁੱਖ ਵੀ ਸੁੱਖ ਲੱਗਣਗੇ। ਉਦਾਂ ਪ੍ਰਮੇਸ਼ਰ ਕਦੇ ਵੀ ਪਰਚਾ ਨਾ ਪਾਵੇ, ਮੈਂ ਤਕਰੀਬਨ ਰੋਜ਼ ਇਹ ਲਫ਼ਜ਼ ਬੋਲਦਾਂ। ਪਰਚਿਆਂ 'ਚੋਂ ਅਸੀਂ ਫੇਲ੍ਹ ਸੀ, ਹਾਂ, ਫੇਲ੍ਹ ਹੀ ਰਹਿਣਾ ਹੈ। ਪਰ ਪਿਆਰਿਓ ! ਜੋ ਜ਼ਿੰਦਗੀ ਵਿਚ ਨਿੱਕਾ ਮੋਟਾ ਕੁਝ ਵਾਪਰ ਰਿਹਾ ਹੈ, ਜਦੋਂ ਬੰਦਾ ਹਰ ਚੀਜ਼ ਵਿਚ ਪੋਜ਼ਿਟਿਵੀਟੀ ਹੋ ਕੇ ਸੋਚੇਗਾ, ਫਿਰ ਇਹ ਕਹੇਗਾ— ਆਹ ਕਿਤੇ ਚੀਜ਼ ਨਾ ਨਾ ਬਣਦੀ, ਹੋ ਸਕਦਾ ਮੈਂ ਕਦੀ ਨਿਤਨੇਮ ਕਰਨਾ ਹੀ ਨਹੀਂ ਸੀ। ਹਰ ਚੀਜ਼ ਵਿਚ ਪੋਜ਼ਿਟਿਵੀਟੀ ਰੱਖੋਗੇ ਤੇ ਫਿਰ ਉਹਦਾ ਹਰ ਕੀਤਾ ਹੋਇਆ ਕੰਮ ਚੰਗਾ ਲੱਗੇਗਾ। ਉਹਦੇ ਹਰ

ਕੀਤੇ ਹੋਏ ਕੰਮ 'ਤੇ ਤੁਸੀਂ ਕਹੋਗੇ, ਧੰਨ ਗੁਰੂ ਰਾਮਦਾਸ ਜੀ ਤੁਹਾਡਾ ਸ਼ੁਕਰ ਹੈ।

ਸਾਰੇ ਆਖੋ : ਧੰਨ ਗੁਰੂ ਰਾਮਦਾਸ ਜੀ ਤੁਹਾਡਾ ਸ਼ੁਕਰ ਹੈ।

ਹਰ ਚੀਜ਼ ਨੂੰ ਪੋਜਿਟਿਵ ਸੋਚੋ। ਨੈਗੇਟਿਵ ਨਾ ਸੋਚੋ। ਮੈਂ ਸੱਚ ਕਹਿਣਾ, ਜਦੋਂ ਤੁਸੀਂ ਹਰ ਚੀਜ਼ ਨੂੰ ਪੋਜਿਟਿਵ ਸੋਚੋਗੇ, ਤੁਹਾਨੂੰ ਏਦਾਂ ਮਹਿਸੂਸ ਹੋਏਗਾ, ਮੈਂ ਤੇ ਇੱਕਲਾ ਹੈ ਹੀ ਨਹੀਂ, ਗੁਰੂ ਰਾਮਦਾਸ ਜੀ ਮੇਰੇ ਨਾਲ ਨੇ, ਮੇਰੇ ਸਾਰੇ ਕਾਰਜ ਆਪ ਹੀ ਕਰਾਈ ਜਾ ਰਹੇ ਹਨ। ਜਦੋਂ ਹਰ ਚੀਜ਼ ਨੂੰ ਪੋਜਿਟਿਵ ਢੰਗ ਨਾਲ ਲਓਗੇ, ਤੁਹਾਨੂੰ ਏਦਾਂ ਮਹਿਸੂਸ ਹੋਏਗਾ, ਜਿਵੇਂ ਬਾਬਾ ਦੀਪ ਸਿੰਘ ਜੀ ਆਪ ਹੀ ਸਾਰੀਆਂ ਬਿਧਾਂ ਬਣਾ ਰਹੇ ਨੇ। ਕਿਉਂਕਿ ਕਰਨ ਵਾਲਾ ਵੀ ਤੂੰ ਏਂ ਤੇ ਕਾਰਨ ਵੀ ਤੂੰਹ ਏਂ। ਹਰ ਚੀਜ਼ ਦਾ ਕਾਰਨ ਵੀ ਤੂੰ ਏਂ।

ਆਖੋ : ਧੰਨ ਗੁਰੂ ਰਾਮਦਾਸ ਜੀ।......ਧੰਨ ਬਾਬਾ ਦੀਪ ਸਿੰਘ ਜੀ।.....

ਇਹ ਤੇ ਪਿਤਾ ਜੀ ਦਾ ਸ਼ੁਕਰਾਨਾ ਕਿ ਪਿਤਾ ਜੀ ਨੇ ਬਿਧ ਬਣਾ ਕੇ, ਸਾਨੂੰ ਸਾਰਿਆਂ ਨੂੰ ਆਪਣੀ ਗੋਦ ਵਿਚ ਬਿਠਾ ਲਿਆ। ਮਹਾਂਪੁਰਖ ਸਾਡੇ ਬੜੇ ਪਿਆਰੇ ਸਤਿਕਾਰਯੋਗ ਸਤਿਪੁਰਸ਼ ਭਾਈ ਸਾਹਿਬ ਗੁਰਇਕਬਾਲ ਸਿੰਘ ਜੀ ਹਰ ਵੇਲੇ ਜਿਨ੍ਹਾਂ ਦਾ ਹੱਥ ਏ, ਸਾਡੇ ਸਿਰ 'ਤੇ, ਹੁਣ ਵੀ ਬੈਠੇ ਸੰਗਤ ਵਿਚ ਅਸੀਸ ਬਖ਼ਸ਼ ਰਹੇ ਨੇ ਤੇ ਥੋੜ੍ਹੇ ਜਿਹੇ ਮਿੰਟ ਆਪਾਂ ਲਾਉਣੇ ਨੇ, ਸਤਿਗੁਰ ਸੇਵਾ ਲਵੇ, ਪਿਤਾ ਜੀ ਕਿਰਪਾ ਕਰਨ, ਉਸ ਤੋਂ ਪਹਿਲਾਂ ਆਓ ! ਜਿਹੜਾ ਰੋਜ਼ ਇਕ ਆਪਣਾ ਨਿਸ਼ਾਨਾ ਅਸੀਂ ਬੋਲਦੇ ਹਾਂ, ਉਹ ਬੋਲ ਕੇ, ਫਤਹਿ ਬੁਲਾ ਕੇ ਸ਼ਬਦ ਪੜ੍ਹੀਏ। ਸਾਰੇ ਆਖੋ :

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਸਾਰੇ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਭੱਟਾਂ ਦੇ ਸਵੱਈਆਂ ਦੇ ਵਿੱਚੋਂ ਮਥਰਾ ਭੱਟ ਜੀ ਦਾ ਉਚਾਰਣ ਕੀਤਾ ਇਹ ਸਵੱਈਆ ਮੈਂ ਪੜ੍ਹ ਰਿਹਾ :

***ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ***
***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥ ੫ ॥*** **(ਅੰਗ ੧੪੦੪)**

ਆਓ ! ਬੜੇ ਪਿਆਰ ਦੇ ਵਿਚ ਸਾਰੀ ਸੰਗਤ ਗਾਇਨ ਕਰਿਓ ! ਕੋਈ ਰਸਨਾ ਵਾਂਝੀ ਨਾ ਰਹੇ ਜੀ। ਪੜ੍ਹਿਓ :

***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥.....***

ਪੜ੍ਹੋ : ***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥......***

***ਗੁਰ ਰਾਮਦਾਸ ਕਉ॥......***

***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥......***

ਗੁਰੂ ਰਾਮਦਾਸ ਜੀ।....ਸਾਰੇ ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਧ੍ਰਾਨੁ ਧਰੈ ਫਿਰਤ ਸਗਲ ਜੁਗ.....*

*ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ॥....* (ਅੰਗ ੧੪੦੪)

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥......*

ਬੋਲੋ ਜੀ :

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*

ਧੰਨ ਗੁਰੂ ਰਾਮਦਾਸ ਜੀ।....

*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ*

*ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥....* (ਅੰਗ ੧੪੦੪)

ਬੋਲੋ ਜੀ :

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*

ਧੰਨ ਗੁਰੂ ਰਾਮਦਾਸ ਜੀ।.....

*ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ*

*ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥* (ਅੰਗ ੧੪੦੪)

ਸਾਰੇ ਬੋਲੋ ਜੀ :

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥......*

*ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*

*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ*

*ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*

*ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥*

*ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ*

*ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥ ੩ ॥..* (ਅੰਗ ੧੪੦੬)

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*

*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥*

*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥*

*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥*

*ਜਿਨੀ ਤੂੰ ਸੇਵਿਆ....*

ਧੰਨ ਗੁਰੂ ਰਾਮਦਾਸ ਜੀ,

*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥* (ਅੰਗ ੯੬੮)
*ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥*
*ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥ ੧॥*
*ਸਭਿ ਕੁਸਲ ਖੇਮ ਪ੍ਰਭਿ ਧਾਰੇ॥*
*ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ॥ ਰਹਾਉ॥*
*ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥*
*ਨਾਨਕ ਨਾਮੁ ਧਿਆਇਆ॥*
*ਆਦਿ ਪੁਰਖ ਪ੍ਰਭੁ ਪਾਇਆ॥ ੨॥ ੧॥ ੬੫॥....* (ਅੰਗ ੬੨੫)
*ਧੰਨੁ ਸੁ ਤੇਰਾ ਥਾਨ ਹੈ.....*
*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥*
*ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ ੨੮ ॥* (ਅੰਗ ੧੪੧੨)
ਬੋਲੋ ਜੀ : *ਧੰਨੁ ਸੁ ਤੇਰਾ ਥਾਨ ਹੈ.....*

ਧੰਨ ਗੁਰੂ ਰਾਮਦਾਸ ਜੀ....

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*
*ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ ੭॥* (ਅੰਗ ੯੬੮)
*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*

ਧੰਨ ਗੁਰੂ ਰਾਮਦਾਸ ਜੀ....

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।........

*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥....*

ਧੰਨ ਗੁਰੂ ਰਾਮਦਾਸ ਜੀ।.......ਧੰਨ ਬਾਬਾ ਦੀਪ ਸਿੰਘ ਜੀ।......

ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦਾ ਪਾਵਨ ਪਵਿੱਤਰ ਆਗਮਨ ਪੁਰਬ ਦਾ ਦਿਨ ਅਸੀਂ ਸਾਰੇ ਰਲ-ਮਿਲ ਕੇ ਮਨਾ ਰਹੇ ਹਾਂ। ਗੁਰੂ ਰਾਮਦਾਸ ਪਿਤਾ ਏਡੇ ਨੇ ਪਿਆਰਿਓ ! ਜਿਹਦੇ ਵੱਲ ਵੀ ਮਿਹਰ ਦੀ ਨਿਗਾਹ ਕਰਦੇ ਨੇ, ਇਕੱਲੀਆਂ ਉਹਦੀਆਂ ਝੋਲੀਆਂ ਹੀ ਨਹੀਂ ਭਰਦੇ, ਉਹਨੂੰ ਵੀ ਲੱਖਾਂ ਕਰੋੜਾਂ ਦੀਆਂ ਝੋਲੀਆਂ ਭਰਨ ਵਾਲਾ ਬਣਾ ਦਿੰਦੇ ਨੇ।

ਬੜੇ ਪਿਆਰੇ ਦਾਤੇ ਗੁਰੂ ਰਾਮਦਾਸ, ਅੱਜ ਸਾਰੀ ਸ੍ਰਿਸ਼ਟੀ ਜਿਨ੍ਹਾਂ ਦੇ ਦਰ ਦੇ ਉਤੋਂ ਝੋਲੀਆਂ ਭਰਵਾ ਰਹੀ ਏ। ਉਹ ਦਾਤੇ ਦੇ ਇਸ ਜਗ੍ਹਾ 'ਤੇ ਪਹੁੰਚਣ ਤੱਕ ਦਾ ਸਫਰ ਬੜਾ ਪਿਆਰਾ ਏ ਗੁਰੂ ਰਾਮਦਾਸ ਜੀ ਦਾ। ਮੈਂ ਸੱਚ ਕਹਿ ਰਿਹਾ ਹਾਂ, ਮੈਂ ਜੋ ਆਪਣੇ ਅੱਗੇ ਕਾਰਡ ਰੱਖਿਆ ਏ, ਤੁਹਾਡੇ ਨਾਲ ਜਿਹੜੀ ਵਿਚਾਰ ਸਾਂਝੀ ਕਰਨੀ ਏ, ਉਹਦੇ 'ਤੇ ਇਹ ਲਿਖਿਆ ਹੈ— ਭਾਈ ਧਰਮ ਦਾਸ ਜਦੋਂ ਗੁਰੂ ਰਾਮਦਾਸ ਜੀ ਦੇ ਕੋਲ ਆਇਆ ਤੇ ਆ ਕੇ ਬੇਨਤੀ ਕੀਤੀ ਸੀ— ''ਮਹਾਰਾਜ ! ਮੈਂ ਗ੍ਰਹਿਸਤੀ ਹਾਂ ਤੇ ਨਾ ਚਾਹੁੰਦਿਆਂ ਹੋਇਆਂ ਵੀ ਕਿਤੇ ਨਾ ਕਿਤੇ ਝੂਠ ਪਾਪ ਹੋ ਹੀ ਜਾਂਦੇ ਨੇ। ਕੋਈ ਸੁਮਤ ਬਖ਼ਸ਼ੋ।''

ਉਹ ਜ਼ਿਕਰ ਮੈਂ ਸਾਂਝਾ ਕਰਨ ਲਈ ਬੈਠਾ ਸਾਂ। ਪਰ ਏਥੇ ਬੈਠ ਕੇ ਮੇਰੇ ਗੁਰੂ ਰਾਮਦਾਸ ਜੀ, ਮੇਰਾ ਹੈਂਡਲ ਕਿਤੇ ਹੋਰ ਮੋੜ ਰਹੇ ਨੇ। ਤੇ ਕੀ ਗੁਰੂ ਰਾਮਦਾਸ ਚਾਹੁੰਦੇ ਹਨ ਇਹ ਤੇ ਉਹੀ ਜਾਣਦੇ ਨੇ, ਕਿਉਂਕਿ ਬਿਧ ਬਣਾ ਕੇ ਮੇਰੇ ਕੋਲੋਂ ਇਹ ਬੋਲ ਬੁਲਵਾਉਣ ਲੱਗੇ ਨੇ।

ਦੇਖੋ ! ਅੱਜ ਸਾਰੀ ਸ੍ਰਿਸ਼ਟੀ ਜਿਨ੍ਹਾਂ ਦੇ ਦਰ ਦੇ ਉਤੋਂ ਝੋਲੀਆਂ ਭਰਵਾ ਰਹੀ ਏ, ਉਨ੍ਹਾਂ ਦਾ ਨਾਮ ਏ ਧੰਨ ਗੁਰੂ ਰਾਮਦਾਸ ਜੀ ਤੇ ਇਹ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦਾ ਇਹ ਜਿਹੜਾ ਸਫ਼ਰ ਏ, ਸਫ਼ਰ ਪਿਆਰਾ ਵੀ ਏ, ਨਿਰਾਲਾ ਵੀ ਏ, ਸਾਨੂੰ ਸਿੱਖਿਆ ਦੇਣ ਵਾਲਾ ਵੀ ਏ ਤੇ ਸਾਡੇ ਡੋਲਦੇ ਹੋਏ ਮਨ ਨੂੰ ਹੌਂਸਲਾ ਦੇਣ ਵਾਲਾ ਵੀ ਏ। ਮਾਲਕ ਪਿਤਾ ਜੀ ਦਾ ਸਫ਼ਰ ਆਹ :

ਰਾਮਦਾਸ, ਭਾਈ ਜੇਠਾ, ਭਾਈ ਜੇਠੇ ਤੋਂ ਰਾਮਦਾਸ ਤੋਂ :

***ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ***
***ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥ ੩ ॥*** **(ਅੰਗ ੧੪੦੬)**

ਇਹ ਸਫ਼ਰ ਬੜਾ ਪਿਆਰਾ, ਬੜਾ ਨਿਰਾਲਾ, ਬੜਾ ਅਨੋਖਾ, ਸਾਨੂੰ ਡੋਲਦਿਆਂ ਨੂੰ ਹੌਂਸਲਾ ਦੇਣ ਵਾਲਾ ਹੈ। ਅਸੀਂ ਤੇ ਕਈ ਵਾਰੀ ਨਿੱਕੀ-ਨਿੱਕੀ ਗੱਲ ਦੇ ਉਤੇ ਡੋਲ ਜਾਂਦੇ ਹਾਂ। ਮੈਨੂੰ ਫਲਾਣੇ ਨੇ ਏਦਾਂ ਕਿਉਂ ਕਹਿ ਦਿੱਤਾ, ਉਹਨੇ ਏਦਾਂ ਕਿਉਂ ਕਰ ਦਿੱਤਾ। ਭਈ, ਉਹਦੇ ਕਰਮ ਨੇ ਉਹ ਜਾਣੇ। ਉਹਦੇ ਕਰਮਾਂ ਦੇ ਕਰਕੇ ਤੂੰ ਆਪਣੇ ਕਰਮ ਕਿਉਂ ਖ਼ਰਾਬ ਕਰਦਾ ਹੈਂ। ਅਸੀਂ ਨਿੱਕੀ-ਨਿੱਕੀ ਗੱਲ 'ਤੇ ਡੋਲਦੇ ਹਾਂ। ਉਹ ਗੁਰੂ ਰਾਮਦਾਸ ਪਿਤਾ ਨੇ ਸਾਨੂੰ ਬੜਾ ਪਿਆਰਾ ਹੌਂਸਲਾ ਦਿੱਤਾ, ਬੜੀ ਪਿਆਰੀ ਸੋਚ ਦਿੱਤੀ।

ਦੋ ਸਾਲ ਦੀ ਉਮਰ ਗੁਰੂ ਰਾਮਦਾਸ ਸਾਹਿਬ ਜੀ ਦੀ। ਬਚਪਨ ਦਾ ਨਾਮ ਰਾਮਦਾਸ ਹੈ। ਦੋ ਸਾਲ ਦੀ ਉਮਰ ਤੇ ਸਿਰ 'ਤੇ ਪਿਆਰਿਓ, ਮਾਤਾ ਦਾ ਸਾਇਆ ਉੱਠ ਗਿਆ। ਹੁਣ ਦੋ ਸਾਲ ਦੇ ਬੱਚੇ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਜਾਵੇ ਕਿੰਨਾ ਔਖਾ ਹੈ। ਉਸ ਬੱਚੇ ਦੀ ਪਰਵਰਿਸ਼ ਹੋਣੀ ਕਿੰਨੀ ਔਖੀ ਏ। ਪਰ ਲੋਕਾਂ ਨੇ ਰਿਸ਼ਤੇਦਾਰਾਂ ਨੇ ਮਨ ਵਿਚ ਇਹ ਗੱਲ ਰੱਖੀ, ਚੱਲੋ ! ਕੋਈ ਗੱਲ ਨਹੀਂ, ਦੋ ਸਾਲ ਦਾ ਬੱਚਾ ਹੈ, ਮਾਂ ਦਾ ਸਾਇਆ ਉਠਿਆ ਏ, ਬਾਪ ਤੇ ਅਜੇ ਮੌਜੂਦ ਏ। ਪਿਤਾ ਹਰਦਾਸ ਜੀ, ਉਹ ਤੇ ਮੌਜੂਦ ਨੇ, ਪਾਲ ਲੈਣਗੇ। ਔਖੇ

ਸੌਖੇ ਹੋ ਕੇ ਪਾਲ ਲੈਣਗੇ।

ਪਰ ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਹੈ—ਤਕਰੀਬਨ ਸੱਤ ਸਾਲ ਦੀ ਉਮਰ ਦੇ ਵਿਚ ਗੁਰੂ ਰਾਮਦਾਸ ਪਿਤਾ ਦੇ ਸਿਰ ਤੋਂ ਬਾਪ ਦਾ ਸਾਇਆ ਵੀ ਉੱਠ ਗਿਆ। ਹੁਣ ਜਦੋਂ ਬਾਪ ਦਾ ਸਾਇਆ ਉੱਠਿਆ, ਹੁਣ ਗੱਲ ਸਾਰੇ ਧਿਆਨ ਨਾਲ ਸੁਣਿਓ, ਮੇਰੀ ਬੇਨਤੀ ਏ: ਨਾਨੀ ਮਾਂ ਆਈ, ਘਰ ਨੂੰ ਲਾਇਆ ਤਾਲਾ ਤੇ ਲੈ ਕੇ ਚੱਲੀ ਏ ਬਾਸਰਕੇ ਨਾਨਕੇ ਨਗਰ ਗੁਰੂ ਰਾਮਦਾਸ ਜੀ ਨੂੰ। ਤੇ ਜਦੋਂ ਲਾਇਆ ਤਾਲਾ ਤੇ ਪੁੱਛਦੇ ਨੇ ਸਾਹਿਬ, ਬਚਪਨ ਦੀ ਉਮਰ ਏ—''ਨਾਨੀ ਮਾਂ ! ਇਹ ਤਾਲਾ ਅੱਜ ਘਰ ਨੂੰ ਵੱਜ ਤੇ ਗਿਆ, ਇਹ ਤਾਲਾ ਖੁੱਲ੍ਹੇਗਾ ਕਦੋਂ?'' ਤੇ ਨਾਨੀ ਮਾਂ ਕਹਿੰਦੀ—''ਪੁੱਤਰਾ ! ਜਿਸ ਪ੍ਰਮੇਸ਼ਰ ਦੇ ਹੁਕਮ ਦੇ ਨਾਲ ਤਾਲਾ ਵਜਿਆ ਏ, ਇਹ ਤੇ ਹੁਣ ਉਹੀ ਜਾਣਦਾ ਹੈ।'' ਆਖੋ : ਵਾਹਿਗੁਰੂ-ਵਾਹਿਗੁਰੂ।

ਹੁਣ ਜਦੋਂ ਨਾਨੀ ਮਾਂ ਲੈ ਕੇ ਆਈ ਬਾਸਰਕੇ ਨਗਰ, ਇਕ ਦਿਨ ਗੁਰੂ ਰਾਮਦਾਸ ਜੀ, ਕਈ ਥਾਂਵਾਂ 'ਤੇ ਭਾਈ ਜੇਠਾ ਜੀ ਵੀ ਕਹਿੰਦੇ ਨੇ। ਕਈ ਥਾਂਵਾਂ 'ਤੇ ਰਾਮਦਾਸ ਵੀ ਕਿਹਾ ਜਾਂਦਾ ਹੈ। ਉਹ ਤੇ ਖੇਡ ਰਹੇ ਨੇ ਬੱਚਿਆਂ ਦੇ ਨਾਲ। ਗੱਲ ਸੁਣਿਓ ! ਖੇਡਦਿਆਂ-ਖੇਡਦਿਆਂ ਕੁਝ ਮਿੰਟਾਂ ਦੇ ਬਾਅਦ ਆ ਗਏ ਆਪਣੀ ਨਾਨੀ ਦੇ ਕੋਲ। ਜਦੋਂ ਨਾਨੀ ਦੇ ਕੋਲ ਵਾਪਸ ਆਏ ਤੇ ਨਾਨੀ ਮਾਂ ਪੁੱਛਦੀ ਏ—''ਪੁੱਤਰਾ ! ਤੈਨੂੰ ਬੱਚਿਆਂ ਨੇ ਖਿਡਾਇਆ ਨਹੀਂ, ਤੂੰ ਆ ਗਿਆਂ ਬੜੀ ਜਲਦੀ। ਉਨ੍ਹਾਂ ਨਾਲ ਤੇਰੀ ਮਿੱਤਰਤਾਈ ਨਹੀਂ ਹੋਈ?'' ਉਸ ਵੇਲੇ ਭਾਈ ਜੇਠਾ ਜੀ ਬੋਲੇ—''ਨਾਨੀ ਮਾਂ ! ਬੱਚਿਆਂ ਨਾਲ ਮੇਰੀ ਮਿੱਤਰਤਾਈ ਵੀ ਹੋ ਗਈ। ਮੈਂ ਖੇਡ ਵੀ ਰਿਹਾ ਸਾਂ।'' ''ਫਿਰ ਬੱਚਿਆ ! ਜਲਦੀ ਨਾਲ ਵਾਪਸ ਕਿਉਂ ਆ ਗਿਆਂ?'' ''ਨਾਨੀ ਮਾਂ ! ਇਕ ਦੋ ਬੱਚਿਆਂ ਦੀਆਂ ਮਾਂਵਾਂ ਆਈਆਂ। ਬੱਚਿਆਂ ਨੂੰ ਬਾਂਹੋਂ ਫੜ ਕੇ ਲੈ ਗਈਆਂ ਤੇ ਏਨੀ ਗੱਲ ਕਹਿ ਦਿੱਤੀ, ਇਹ ਬੜਾ ਹੀ ਮਨਹੂਸ ਏ, ਜਿਹੜਾ ਆਪਣੇ ਮਾਤਾ-ਪਿਤਾ ਨੂੰ ਖਾ ਗਿਆ ਹੈ। ਇਹਦੇ ਨਾਲ ਤੁਸੀਂ ਖੇਡਣਾ ਨਹੀਂ, ਅੱਜ ਤੋਂ ਬਾਅਦ। ਦੱਸ ਨਾਨੀ ! ਮੈਂ ਸੱਚਮੁਚ ਏਦਾਂ ਦਾ, ਮੈਂ ਆਪਣੀ ਮਾਂ, ਆਪਣੇ ਬਾਪ ਨੂੰ ਖਾ ਗਿਆ।''

ਤੇ ਉਸ ਵੇਲੇ ਨਾਨੀ ਨੇ ਪੁੱਤ ਨੂੰ ਗਲਵੱਕੜੀ ਨਾਲ ਲਾਇਆ ਤੇ ਮੁੱਖੋਂ ਏਨੀ ਗੱਲ ਕਹੀ, ਕਹਿੰਦੀ—''ਨਾ ਪੁੱਤਰਾ ! ਜਿਹੜੀਆਂ ਮਾਂਵਾਂ ਅੱਜ ਆਪਣੇ ਬੱਚਿਆਂ ਨੂੰ ਤੇਰੇ ਕੋਲੋਂ ਦੂਰ ਲੈ ਗਈਆਂ ਨੇ, ਕਹਿ ਗਈਆਂ ਨੇ ਤੇਰੇ ਦਰਸ਼ਨ ਕਰਨੇ ਵੀ ਮਾੜੇ ਨੇ, ਓ ਬੱਚਿਆ ! ਇਕ ਸਮਾਂ ਆਏਗਾ, ਜਿਹੜੀਆਂ ਅੱਜ ਤੇਰੇ ਦਰਸ਼ਨ ਨਹੀਂ ਕਰਨੇ ਚਾਹੁੰਦੀਆਂ, ਇਕ ਸਮਾਂ ਆਏਗਾ ਤੇਰੇ ਦਰਸ਼ਨ ਕਰਨ ਵਾਸਤੇ ਸੰਗਤਾਂ ਦੀਆਂ ਵੱਡੀਆਂ-ਵੱਡੀਆਂ ਕਤਾਰਾਂ ਲੱਗਿਆ ਕਰਨਗੀਆਂ। ਤੇਰੇ ਅੱਜ ਜਿਹੜੇ ਦੀਦਾਰ ਨਹੀਂ ਕਰਨਾਂ ਚਾਹੁੰਦੇ, ਇਕ ਸਮਾਂ ਆਏਗਾ ਤੇਰੇ ਦਰਸ਼ਨਾਂ ਵਾਸਤੇ ਤਰਸਿਆ ਕਰਨਗੇ।''

ਤੇ ਅੱਜ ਉਹ ਸਮਾਂ ਆਇਆ ਹੈ। ਆਪਣੀਆਂ ਅੱਖੀਆਂ ਨਾਲ ਤੱਕਦੇ ਹੋ, ਤਿੰਨ-ਤਿੰਨ, ਚਾਰ-ਚਾਰ ਘੰਟੇ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਅਸਥਾਨ 'ਤੇ ਅੰਦਰ ਜਾਣ

ਵਾਸਤੇ ਕਤਾਰਾਂ ਦੇ ਵਿਚ ਲੱਗਣਾ ਪੈਂਦਾ ਹੈ ਤੇ ਜਦੋਂ ਅੰਮ੍ਰਿਤ ਵੇਲੇ ਵੀ ਪਿਤਾ ਜੀ ਨੇ ਆਉਣਾ ਹੁੰਦਾ ਹੈ ਤੇ ਸੰਗਤਾਂ ਦਰਵਾਜ਼ੇ 'ਤੇ ਖਲੋਤੀਆਂ ਹੁੰਦੀਆਂ ਨੇ, ਕਿਵਾੜ ਖੁੱਲ੍ਹਣ ਦਾ ਇੰਤਜ਼ਾਰ ਕਰਦੀਆਂ ਨੇ ਤੇ ਪੜ੍ਹਦੀਆਂ ਨੇ :

***ਦਰਮਾਦੇ ਠਾਢੇ ਦਰਬਾਰਿ॥***
***ਤੁਝ ਬਿਨੁ ਸੁਰਤਿ ਕਰੈ ਕੋ ਮੇਰੀ***
***ਦਰਸਨੁ ਦੀਜੈ ਖੋਲ੍ਹਿ ਕਿਵਾਰ॥੧ ॥ਰਹਾਉ॥*** (ਅੰਗ ੮੫੬)

ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਮੈਂ ਗੱਲ ਕਰ ਰਿਹਾਂ ਦੁਨੀਆਂ ਦੀ, ਇਹ ਕਿਸੇ ਪਾਸੇ ਜੀਉਣ ਨਹੀਂ ਦਿੰਦੀ। ਕਿਸੇ ਪਾਸੇ ਵੀ। ਇਨ੍ਹਾਂ ਦੀ ਪ੍ਰਵਾਹ ਨਾ ਕਰਿਆ ਕਰੋ ਜੀ। ਪ੍ਰਵਾਹ ਕਰੋ ਬਸ ਆਪਣੇ ਸਾਹਿਬ ਦੀ, ਆਪਣੇ ਮਾਲਕ ਦੀ, ਆਪਣੇ ਗੁਰੂ ਪ੍ਰਮੇਸ਼ਰ ਦੀ। ਪ੍ਰਵਾਹ ਕਰਨੀ ਆਪਣੇ ਨਿਤਨੇਮ ਦੀ ਕਰੋ। ਪ੍ਰਵਾਹ ਕਰਨੀ ਆਪਣੇ ਪ੍ਰੈਕਟੀਕਲ ਜੀਵਨ ਦੀ ਕਰੋ। ਪ੍ਰਵਾਹ ਕਰਨੀ ਏ, ਆਪਣੇ ਜੀਵਨ ਨੂੰ ਉਚਾਈ ਵੱਲ ਕਿਵੇਂ ਲੈ ਕੇ ਜਾਣਾ ਏ? ਆਹ ਚੀਜ਼ ਦੀ ਪ੍ਰਵਾਹ ਕਰੋ। ਲੋਕਾਂ ਦੀਆਂ ਗੱਲਾਂ ਦੀ ਚਿੰਤਾ ਨਾ ਲਾਓ। ਉਹੀ ਲੋਕ ਨੇ ਜਿਹੜੇ ਕਹਿੰਦੇ, ਇਹਦੇ ਨਾਲ ਖਿਡਾਉਣਾ ਨਹੀਂ ਬੱਚਿਆਂ ਨੂੰ, ਅੱਜ ਦੁਨੀਆਂ ਤਰਸਦੀ ਏ।

ਸਮਾਂ ਸੀ ਜਦੋਂ ਰਿਸ਼ਤੇਦਾਰਾਂ ਨੇ ਇਹੋ ਜਿਹੀਆਂ ਬੋਲੀਆਂ ਮਾਰੀਆਂ, ਇਹੋ ਜਿਹੀਆਂ ਗੱਲਾਂ ਕੀਤੀਆਂ ਕਿ ਇਹ ਜੇਠਾ ਏ ਨਾ, ਨਾਨੀ ਕਦ ਤੱਕ ਪਾਲੇਗੀ? ਕਦ ਤੱਕ ਰੋਟੀ ਪਾਣੀ ਚੱਲੇਗਾ? ਇਕ ਵੇਲੇ ਖਾਂਦਾ ਏ ਤੇ ਦੂਜੇ ਵੇਲੇ ਦੀ ਚਿੰਤਾ ਹੁੰਦੀ ਏ। ਬਸ ਥੋੜ੍ਹੇ ਜਿਹੇ ਸਮੇਂ ਦੀ ਖੇਡ ਰਹਿ ਗਏ, ਇਹਨੇ ਤੇ ਭੁੱਖਿਆਂ ਹੀ ਮਰ ਜਾਣਾ ਹੈ। ਪਰ ਪਿਆਰਿਓ ! ਲੋਕਾਂ ਨੂੰ ਕੀ ਪਤਾ ਹੈ ਜਿਹਦੇ ਬਾਰੇ ਅਸੀਂ ਕਹਿਣੇਂ ਹਾਂ ਇਕ ਵੇਲੇ ਖਾਣੀ ਇਹਨੇ ਦੂਜੇ ਵੇਲੇ ਖਾਣ ਦੀ ਚਿੰਤਾ ਏ, ਇਹਨੂੰ ਤੇ ਖਾਣ ਨੂੰ ਨਹੀਂ ਮਿਲਦਾ। ਉਨ੍ਹਾਂ ਨੂੰ ਕੀ ਪਤਾ ਸੀ ਇਸ ਗੁਰੂ ਰਾਮਦਾਸ ਨੇ ਜਦੋਂ ਬਹਿਣਾ ਹੈ ਗੱਦੀ ਦੇ ਉਤੇ, ਸ੍ਰਿਸ਼ਟੀ ਦਾ ਬਣਨਾ ਮਾਲਕ, ਸੰਸਾਰ ਦੀਆਂ ਭਰਨੀਆਂ ਨੇ ਝੋਲੀਆਂ, ਇਕ ਇਹੋ ਜਿਹਾ ਅਸਥਾਨ ਬਣਾ ਦੇਣਾ ਹੈ, ਇਹੋ ਜਿਹਾ ਅਸਥਾਨ ਜਿੱਥੇ ਕੀਰਤਨ ਦਾ ਲੰਗਰ ਵੀ ਚੱਲੇਗਾ, ਪੇਟ ਦਾ ਲੰਗਰ ਵੀ ਚੱਲੇਗਾ। ਜਿਹਦੇ ਬਾਬਤ ਕਿਹਾ ਜਾਂਦਾ ਏ ਇਕ ਵੇਲੇ ਖਾਂਦਾ ਏ ਦੂਜੇ ਵੇਲੇ ਦੀ ਚਿੰਤਾ ਏ, ਉਹਦੇ ਦਰ 'ਤੇ ਹੀ ਰੋਜ਼ਾਨਾ ਲੱਖਾਂ ਦੀ ਗਿਣਤੀ ਦੇ ਵਿਚ ਸੰਗਤਾਂ ਪ੍ਰਸ਼ਾਦਾ ਛਕਿਆ ਕਰਨਗੀਆਂ।

ਧੰਨ ਗੁਰੂ ਰਾਮਦਾਸ ਜੀ।....ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਸੱਚਾਈ ਏ ਸੱਚਾਈ, ਲੋਕਾਂ ਦੀ ਪ੍ਰਵਾਹ ਨਾ ਕਰੋ ਜੀ, ਮੇਰੀ ਬੇਨਤੀ ਏ। ਪਿਤਾ ਜੀ ਦਾ ਜੀਵਨ ਸਾਨੂੰ ਬੜੀ ਵੱਡੀ ਸਪੋਟ ਦੇ ਰਿਹਾ ਹੈ। ਬੜਾ ਵੱਡਾ ਹੌਂਸਲਾ ਦੇ ਰਿਹਾ ਹੈ। ਤੂੰ ਤੇ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਡੋਲਦਾ ਹੈਂ, ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਤੂੰ ਡੋਲ ਨਾ। ਆਪਣਾ ਬਸ ਜੀਵਨ ਉੱਚਾ ਬਣਾਉਣ ਦਾ ਯਤਨ ਕਰ। ਸਮਾਂ ਆਏਗਾ ਜਿਹੜੇ ਤੈਨੂੰ

ਮੂੰਹ ਲਾ ਕੇ ਰਾਜ਼ੀ ਨਹੀਂ, ਤੇਰੇ ਚਰਨਾਂ ਵਿਚ ਜਗ੍ਹਾ ਮੰਗਿਆ ਕਰਨਗੇ।

ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਉਸ ਵੇਲੇ ਬੜਿਆਂ ਨੇ ਗੱਲਾਂ ਕੀਤੀਆਂ, ਇਹਦੇ ਕੋਲ ਕੱਪੜੇ ਵੀ ਬਹੁਤੇ ਨਹੀਂ, ਇਕ ਦੋ ਜੋੜੇ ਹੀ ਨੇ, ਕਦ ਤੱਕ ਤਨ ਢੱਕਿਆ ਰਹੇਗਾ। ਲੋਕਾਂ ਕੋਲੋਂ ਮੰਗ-ਮੰਗ ਕੇ ਕੱਪੜੇ ਪਾਉਣੇ ਨੇ ਇਹਨੇ। ਇਹਦੇ ਕੋਲ ਤੇ ਜੋੜੇ ਵੀ ਨਹੀਂ ਇਕ ਦੋ ਤੋਂ ਵੱਧ। ਪਰ ਪਿਆਰਿਓ! ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜਦੋਂ ਗੁਰਗੱਦੀ 'ਤੇ ਬੈਠੇ, ਉਦੋਂ ਵੀ ਬਖ਼ਸ਼ਿਸ਼ਾਂ ਵਰਤੀਆਂ, ਵਰਤਾਈਆਂ ਪਿਤਾ ਜੀ ਨੇ ਤੇ ਅੱਜ ਦੀ ਤਰੀਕ ਤੱਕ ਜਿਹੜੇ ਉਦੋਂ ਕਹਿੰਦੇ ਸੀ, ਇਹਦੇ ਕੋਲ ਤੇ ਇਕ ਦੋ ਜੋੜੇ ਕੱਪੜੇ ਨੇ, ਤੇ ਅੱਜ ਦੀ ਤਰੀਕ ਦੇ ਵਿੱਚ ਧੰਨ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦੇ ਦਰ ਦੇ ਉਤੇ ਲੱਖਾਂ-ਲੱਖਾਂ ਦੇ ਰੋਜ਼ ਰੁਮਾਲੇ ਸਾਹਿਬ ਚੜ੍ਹਦੇ ਨੇ। ਮੇਰਾ ਗੁਰੂ ਰਾਮਦਾਸ ਏਨੇ ਠਾਠ ਨਾਲ ਰਹਿੰਦਾ ਹੈ। ਇੰਨੇ ਠਾਠ ਨੇ ਮੇਰੇ ਗੁਰੂ ਰਾਮਦਾਸ ਬਾਪੂ ਦੇ। ਇਕ ਵਾਰੀ ਜਿਹੜਾ ਬਸਤਰ ਮੇਰਾ ਗੁਰੂ ਰਾਮਦਾਸ ਪਹਿਨ ਲੈਂਦਾ ਹੈ ਦੂਜੀ ਵਾਰੀ ਉਹ ਬਸਤਰ ਸਤਿਗੁਰਾਂ ਦੇ ਦਰ ਦੇ ਉਤੇ ਆਉਂਦਾ ਨਹੀਂ।

ਪਿਆਰਿਓ ! ਜਿਹੜਾ ਬਸਤਰ ਚੜ੍ਹਾਉਂਦਾ ਹੈ, ਮੰਨ ਲਓ ਮੈਂ ਹੀ ਚੜ੍ਹਾਉਣਾ ਹੈ। ਹੁਣ ਮੇਰੇ ਮਨ ਦਾ ਫੁਰਨਾ ਬਣਿਆ ਕੀ ਮੈਂ ਆਪਣੇ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਦੇ ਦਰ ਦੇ ਉਤੇ ਆਪਣੀ ਹਾਜ਼ਰੀ ਲਾਉਣੀ ਏ, ਕੱਲ ਰੁਮਾਲਾ ਸਾਹਿਬ ਭੇਟਾ ਕਰਨਾ ਹੈ, ਪਿਤਾ ਜੀ ਦੇ ਚਰਨਾਂ ਵਿਚ ਸੈਟ ਦੀ ਹਾਜ਼ਰੀ ਲਾਉਣੀ ਹੈ ਤੇ ਮੇਰੀ ਵਾਰੀ ਕੱਲ ਥੋੜ੍ਹੀ ਆ ਜਾਣੀ ਏ। ਭਾਵੇਂ ਮੈਂ ਜਿੰਨਾ ਮਰਜ਼ੀ ਅਰਬਾਂਪਤੀ ਹੋਵਾਂ, ਭਾਵੇਂ ਜਿੰਨਾ ਮਰਜ਼ੀ ਮੈਂ ਕਰੋੜਾਂਪਤੀ ਹਾਂ। ਪਿਆਰਿਓ ! ਜੇ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦੇ ਦਰ ਦੇ ਉਤੇ ਲੱਖਾਂ-ਲੱਖਾਂ ਦੇ ਸੈਟ ਸੰਗਤਾਂ ਭੇਟਾ ਕਰ ਰਹੀਆਂ ਨੇ ਤੇ ਸੈਟ ਚੜ੍ਹਾਉਣ ਦੀ ਵਾਰੀ ਦੋ-ਦੋ, ਤਿੰਨ-ਤਿੰਨ ਸਾਲ ਨਹੀਂ ਆ ਰਹੀ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥ ਆਖੋ : ਧੰਨ ਗੁਰੂ ਰਾਮਦਾਸ ਜੀ।.....

ਇਹ ਤੇ ਗੁਰੂ ਰਾਮਦਾਸ ਜੀ ਦੀ ਹਰ ਪਾਸੇ ਜੈ ਜੈਕਾਰ ਹੈ ਤੇ ਜੈ ਜੈਕਾਰ ਹੋਵੇ ਵੀ ਕਿਉਂ ਨਾ, ਕਿਉਂਕਿ ਗੁਰੂ ਅਮਰਦਾਸ ਸੱਚੇ ਪਾਤਸ਼ਾਹ ਜੀ ਨੇ ਆਪਣਾ ਰੂਪ ਹੀ ਬਣਾ ਲਿਆ। ਪ੍ਰਮੇਸ਼ਰ ਹੀ ਬਣਾ ਦਿੱਤਾ। ਕਈ ਕਹਿੰਦੇ ਸੀ, ਇਨ੍ਹਾਂ ਨੂੰ ਧੀ ਕਿੰਨੇ ਦੇਣੀ ਐ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਜਦ ਤੱਕ ਗੁਰੂ ਰਾਮਦਾਸ ਜੀ ਦੀ ਬਾਣੀ ਹੀ ਨਹੀਂ ਪੜ੍ਹੀ ਜਾਏਗੀ, ਉਦੋਂ ਤੱਕ ਕਿਸੇ ਦੀ ਧੀ ਦਾ ਅਨੰਦ ਕਾਰਜ ਹੋ ਹੀ ਨਹੀਂ ਸਕੇਗਾ। ਕਿਸੇ ਜੋੜੇ ਦਾ ਅਨੰਦ ਕਾਰਜ ਹੋ ਹੀ ਨਹੀਂ ਸਕੇਗਾ।

ਗੁਰੂ ਰਾਮਦਾਸ ਬਣਨ ਤੱਕ ਦਾ ਸਫ਼ਰ ਬੜਾ ਪਿਆਰਾ ਏ, ਬੜਾ ਨਿਰਾਲਾ ਏ। ਸੀਸ ਝੁਕਦਾ ਹੈ, ਮਾਣ ਵੀ ਆਉਂਦਾ ਹੈ ਤੇ ਅੰਦਰ ਰੋਮ-ਰੋਮ ਖਿੜ੍ਹਦਾ ਵੀ ਏ। ਇਕ ਵਾਰੀ ਪੰਕਤੀਆਂ ਪੜ੍ਹਿਓ, ਥੋੜ੍ਹੇ ਜਿਹੇ ਮਿੰਟ ਬਾਕੀ ਨੇ, ਸਤਿਗੁਰੂ ਸੇਵਾ ਲਵੇ। ਬਖ਼ਸ਼ਿਸ਼ ਕਰੇ। ਸਾਰੀ

ਸੰਗਤ ਪਿਆਰ ਨਾਲ ਹਾਜ਼ਰੀ ਲਾਇਓ ਜੀ :

***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥......***

ਵਾਹਿਗੁਰੂ-ਵਾਹਿਗੁਰੂ।

***ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥......***

ਧੰਨ ਗੁਰੂ ਰਾਮਦਾਸ ਜੀ।.....

ਉਸ ਸਮੇਂ ਕਈਆਂ ਨੇ ਇਹ ਵੀ ਬੋਲੀ ਮਾਰੀ, ਮਾਤਾ-ਪਿਤਾ, ਭੈਣ-ਭਰਾ ਕੋਈ ਨਹੀਂ, ਇਹ ਤੇ ਉਜੜ ਗਿਆ। ਪਰ ਪਿਆਰਿਓ ! ਜਿਹੜੇ ਕਹਿੰਦੇ ਸੀ ਉਜੜ ਗਿਆ। ਸਮਾਂ ਆਇਆ, ਉਨ੍ਹਾਂ ਨੇ ਜਦੋਂ ਤਕਿਆ ਜਿਹਦੇ ਬਾਬਤ ਅਸੀਂ ਗੱਲਾਂ ਕਰਦੇ ਸਾਂ ਇਹ ਤੇ ਉਜੜ ਗਿਆ, ਇਸ ਜੇਠੇ ਨੇ, ਏਸ ਰਾਮਦਾਸ ਨੇ ਤੇ ਇਹੋ ਜਿਹੀ ਨਗਰੀ ਵਸਾ ਦਿੱਤੀ ਏ ਕਿ ਇਸ ਨਗਰੀ ਨੂੰ ਉਜਾੜਨ ਵਾਲੇ ਤੇ ਉਜੜ ਜਾਣਗੇ, ਪਰ ਨਗਰੀ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕੇਗਾ।

***ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥*** (ਅੰਗ ੧੩੬੨)

ਗੁਰੂ ਰਾਮਦਾਸ ਸੱਚੇ ਪਾਤਸ਼ਾਹ ! ਇਕ ਛੋਟਾ ਜਿਹਾ ਜ਼ਿਕਰ ਕਹਿ ਕੇ ਮੈਂ ਫਤਹਿ ਬੁਲਾਉਣ ਲੱਗਾ ਹਾਂ। ਸਮਾਪਤੀ ਦੇ ਨੇੜੇ ਹੋ ਰਿਹਾ ਏ ਸਮਾਂ।

ਇਕ ਵਾਰੀ ਬੋਲੋ : ਵਾਹਿਗੁਰੂ।.....ਧੰਨ ਗੁਰੂ ਰਾਮਦਾਸ ਜੀ।.....

ਮੇਰੇ ਕਲਗੀਧਰ ਪਿਤਾ ਜੀ ਬਿਰਾਜਮਾਨ ਨੇ ਆਗਰੇ ਦੀ ਧਰਤੀ 'ਤੇ। ਜਦੋਂ ਮੇਰੇ ਮਾਲਕ ਜੀ ਨੰਦੇੜ ਵੱਲ ਜਾ ਰਹੇ ਸਨ ਇਹ ਉਦੋਂ ਦੀ ਗੱਲ ਏ। ਜੰਗਾਂ-ਯੁੱਧਾਂ ਤੋਂ ਬਾਅਦ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋ ਚੁੱਕੀ। ਪਿਤਾ ਜੀ ਨੰਦੇੜ ਵੱਲ ਜਦੋਂ ਜਾ ਰਹੇ, ਆਗਰੇ ਦੀ ਧਰਤੀ 'ਤੇ ਬਿਰਾਜਮਾਨ। ਬਹਾਦਰ ਸ਼ਾਹ ਆਇਆ, ਪਿਤਾ ਜੀ ਦੇ ਦੀਦਾਰ ਕਰਨ। ਜਦੋਂ ਆਇਆ ਆਪਣੀ ਬੇਗਮ ਦੇ ਨਾਲ ਬਹੁਤ ਸਾਰੀਆਂ ਭੇਟਾਵਾਂ ਲੈ ਕੇ ਆਇਆ, ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਕਰਾਨਾ ਕਰਨ ਕਿ ਪਿਤਾ ਜੀ ਤੁਹਾਡੀ ਬਖ਼ਸ਼ਿਸ਼ ਨਾਲ ਮੈਨੂੰ ਰਾਜ ਭਾਗ ਮਿਲਿਆ ਹੈ। ਹੁਣ ਜਦੋਂ ਆਇਆ ਸ਼ੁਕਰਾਨਾ ਕਰਨ ਵਾਸਤੇ ਤੇ ਅਜੇ ਚੰਦ ਕਦਮਾਂ ਦੀ ਦੂਰੀ 'ਤੇ, ਤੇ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ—''ਆ ਬਹਾਦਰ ਸ਼ਾਹ ! ਤੈਨੂੰ ਵੇਖ ਕੇ ਸਾਨੂੰ ਗੁਰੂ ਰਾਮਦਾਸ ਜੀ ਦੀ ਯਾਦ ਆ ਗਈ ਏ।'' ਉਹ ਕੋਲ ਹੋਇਆ ਤੇ ਬੋਲਿਆ, ''ਮਾਲਕ ਪਿਤਾ ਜੀ ! ਧੰਨ ਭਾਗ, ਮੇਰੇ ਵੱਲ ਵੇਖ ਕੇ ਤੁਹਾਨੂੰ ਗੁਰੂ ਰਾਮਦਾਸ ਜੀ ਦੀ ਯਾਦ ਆਈ, ਜੇ ਬਚਨ ਕੀਤਾ ਤੇ ਰਾਜ਼ ਵੀ ਖੋਲ੍ਹ ਦਿਓ। ਕਿਉਂ ਯਾਦ ਆਈ?''

ਤੇ ਉਸ ਸਮੇਂ ਮੇਰੇ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਮੁਬਾਰਕ ਰਸਨਾ ਤੋਂ ਬਚਨ ਕੀਤਾ। ਕਹਿੰਦੇ—ਇਹ ਉਦੋਂ ਦੀ ਗੱਲ ਏ, ਜਦੋਂ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਸਾਹਿਬ ਦੀ ਨਗਰੀ ਵਸਾ ਰਹੇ ਸੀ ਤੇ ਉਸ ਵਕਤ ਬੇਅੰਤ ਸੰਗਤਾਂ ਆ ਕੇ ਹਾਜ਼ਰੀਆਂ ਭਰਦੀਆਂ ਸਨ ਤੇ ਗੁਰੂ ਰਾਮਦਾਸ ਜੀ ਤਕਰੀਬਨ ਸੱਤ ਕੁ ਸਾਲ ਗੁਰਤਾ ਗੱਦੀ 'ਤੇ ਰਹੇ।

ਬਾਬਾ ਬੁੱਢਾ ਸਾਹਿਬ ਜੀ ਨੂੰ ਇਕ ਦਿਨ ਏਨੀ ਗੱਲ ਆਖੀ, ਬਾਬਾ ਜੀ ! ਸਾਡੀ ਉਮਰ ਥੋੜ੍ਹੀ ਏ, ਕਾਰਜ ਬੜੇ ਨੇ। ਜਿੱਥੇ ਸੰਗਤਾਂ ਆ ਕੇ ਸੇਵਾ ਕਰਦੀਆਂ ਨੇ ਤੇ ਕੁਝ ਦਿਹਾੜੀ 'ਤੇ ਮਿਸਤਰੀ ਤੇ ਮਜ਼ਦੂਰ ਵੀ ਸੇਵਾ ਲਈ ਇਸ ਕਾਰਜ 'ਤੇ ਲਾਓ। ਬਾਬਾ ਜੀ ਨੇ ਪ੍ਰੇਰਨਾ ਕੀਤੀ, ਬਹੁਤ ਸਾਰੇ ਦਿਹਾੜੀ 'ਤੇ ਮਿਸਤਰੀ ਮਜ਼ਦੂਰ ਵੀ ਨਾਲ ਲੱਗ ਕੇ ਸੇਵਾ ਕਰਾਉਂਦੇ ਰਹੇ। ਸੰਧਿਆ ਦਾ ਜਦੋਂ ਸਮਾਂ ਹੁੰਦਾ ਸੀ, ਧੰਨ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਦੋ ਲਾਈਨਾਂ ਲਾਉਂਦੇ ਸੀ—ਇਕ ਨਿਸ਼ਕਾਮਤਾ ਵਾਲਿਆਂ ਦੀ ਲਾਈਨ, ਨਿਸ਼ਕਾਮਤਾ ਨਾਲ ਜਿਹੜੇ ਸੇਵਾ ਕਰਦੇ ਸੀ, ਪ੍ਰੇਮ ਨਾਲ ਸੇਵਾ ਕਰਦੇ ਸੀ, ਉਨ੍ਹਾਂ ਨੂੰ ਆਪਣੀ ਰਸਨਾ ਤੋਂ ਵਰ ਦੇਣੇ। ਆਪਣੇ ਮੁਬਾਰਕ ਹੱਥਾਂ ਤੋਂ ਪ੍ਰਸ਼ਾਦ ਦੇਣਾ। ਅਸੀਸਾਂ ਦੇਣੀਆਂ। ਦੂਜੀ ਲਾਈਨ ਦੀ ਡਿਊਟੀ ਬਾਬਾ ਬੁੱਢਾ ਸਾਹਿਬ ਜੀ ਦੀ ਲਾਈ ਸੀ। ਇਹ ਦਿਹਾੜੀਦਾਰਾਂ ਨੂੰ ਤੁਸੀਂ ਉਨ੍ਹਾਂ ਦੀ ਦਿਹਾੜੀ ਦੇਣੀ ਏ। ਇਕ ਨੂਰਾ ਮੁਸਲਮਾਨ, ਖੋਤੀ ਏ ਜਿਹਦੇ ਕੋਲ। ਗੱਡਾ ਨਾਲ ਲੈ ਕੇ ਖੋਤੀ ਨੂੰ ਅੱਗੇ ਬੰਨ੍ਹਿਆ ਏ ਗੱਡੇ ਦੇ, ਤੇ ਸੇਵਾ ਦੇ ਵਿਚ ਉਹਨੇ ਹਾਜ਼ਰੀ ਲਾਉਣੀ ਸ਼ੁਰੂ ਕੀਤੀ। ਪਰ ਹਾਜ਼ਰੀ ਲਾਉਂਦਾ ਹੈ ਦਿਹਾੜੀ ਲੈ ਕੇ, ਜੋ ਵੀ ਇਹਦੀ ਦਿਹਾੜੀ ਬਣਦੀ ਏ, ਸ਼ਾਮ ਦੇ ਵੇਲੇ ਬਾਬਾ ਬੁੱਢਾ ਸਾਹਿਬ ਕੋਲੋਂ ਲੈਂਦਾ ਹੈ ਤੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਹੈ।

ਮੈਂ ਗੱਲ ਛੋਟੀ ਕਰਾਂ। ਸਮਾਂ ਲੰਘਦਾ ਜਾ ਰਿਹਾ ਹੈ ਤੇ ਇਕ ਦਿਨ ਨੂਰੇ ਨੇ ਤੱਕਿਆ, ਗੁਰੂ ਰਾਮਦਾਸ ਪਾਤਸ਼ਾਹ ਜਿੰਨੀਆਂ ਬਖ਼ਸ਼ਿਸ਼ਾਂ, ਇਹ ਨਿਸ਼ਕਾਮਤਾ ਵਾਲਿਆਂ ਨੂੰ ਦਿੰਦੇ ਨੇ, ਪਿਆਰ ਨਾਲ ਸੇਵਾਵਾਂ ਕਰਨ ਵਾਲਿਆਂ ਨੂੰ ਦਿੰਦੇ ਨੇ, ਦਿਹਾੜੀ ਵਾਲਿਆਂ ਨੂੰ ਆਪਣੇ ਹੱਥਾਂ ਨਾਲ ਮਹਾਰਾਜ ਨੇ ਬਹੁਤ ਘੱਟ ਪ੍ਰਸ਼ਾਦਿ ਦਿੱਤਾ ਹੈ, ਆਪਣੀ ਰਸਨਾ ਤੋਂ ਬਹੁਤ ਘੱਟ ਇਨ੍ਹਾਂ ਪ੍ਰਤੀ ਬਚਨ ਕੀਤੇ ਨੇ। ਜਿੰਨੀਆਂ ਬਖ਼ਸ਼ਿਸ਼ਾਂ ਉਨ੍ਹਾਂ ਨੂੰ ਮਿਲਦੀਆਂ ਨੇ, ਦਿਹਾੜੀ ਵਾਲਿਆਂ ਨੂੰ ਨਹੀਂ ਮਿਲਦੀਆਂ। ਤੇ ਮਨ 'ਚ ਆਈ ਗੱਲ, ਕਿਉਂ ਨਾ ਹੋਵੇ ਨੂਰਿਆ, ਕੱਲ ਦਾ ਜਿਹੜਾ ਦਿਨ ਐ, ਤੂੰ ਵੀ ਨਿਸ਼ਕਾਮਤਾ ਨਾਲ ਸੇਵਾ ਕਰ ਗੁਰੂ ਘਰ ਦੀ।

ਹੁਣ ਇਹਨੇ ਇੱਦਾਂ ਹੀ ਕੀਤਾ। ਅਗਲੇ ਦਿਨ ਆਪਣੇ ਮਨ ਨੂੰ ਪੱਕਿਆਂ ਕਰਕੇ ਤੇ ਇਹ ਗੁਣ ਰੱਖਿਆ ਵਿਚ। ਇਹ ਨਹੀਂ ਅੱਜ ਤੇ ਮੈਂ ਨਿਸ਼ਕਾਮਤਾ ਨਾਲ ਸੇਵਾ ਕਰਨੀ ਐ, ਅੱਗੇ ਤੇ ਮੈਂ 9 ਵਜੇ ਜਾਂਦਾ, ਅੱਜ ਤੇ ਦਸ-ਗਿਆਰ੍ਹਾਂ ਵਜੇ ਜਾਵਾਂਗਾ। ਫਿਰ ਤੇ ਸੇਵਾ ਤੇ ਨਾ ਹੋਈ ਜੀ। ਤੂੰ ਨਿਸ਼ਕਾਮ ਕਾਹਦਾ ਹੋ ਗਿਆ ਫਿਰ। ਨਿਸ਼ਕਾਮਤਾ ਤੇ ਤੈਨੂੰ ਇਹ ਸਿਖਾਉਂਦੀ ਏ ਜੇ ਦਿਹਾੜੀ ਲੈ ਕੇ ਕੰਮ ਕਰਨ 10 ਵਜੇ ਆਉਂਦਾ ਐਂ ਤੂੰ ਅੱਠ ਵਜੇ ਹਾਜ਼ਰ ਹੋ ਜਾ। ਕਿਉਂ? ਕਿਉਂਕਿ ਜਿਸ ਦਰ ਦੀ ਸੇਵਾ ਕਰਨ ਲੱਗਿਆ ਐਂ, ਉਸ ਦਰ ਨੂੰ ਜਦੋਂ ਆਪਣਾ ਦਰ ਆਪਣਾ ਘਰ ਸਮਝ ਕੇ ਸੇਵਾ ਕਰੇਂਗਾ, ਬਖ਼ਸ਼ਿਸ਼ਾਂ ਉਦੋਂ ਵਰਤਣੀਆਂ ਨੇ।

ਉਦੋਂ ਬਾਕੀ ਦਿਨਾਂ 'ਚ ਮੰਨ ਲਓ 9 ਵਜੇ ਆਉਂਦਾ ਏ, ਅੱਜ 7-8 ਵਜੇ ਹੀ ਆ ਗਿਆ। ਮਨ ਵਿਚ ਚਾਅ ਬੜਾ ਐ। ਜਿਹੜੀਆਂ ਬਖ਼ਸ਼ਿਸ਼ਾਂ ਦੂਜੀ ਲਾਈਨ ਵਾਲਿਆਂ ਨੂੰ ਗੁਰੂ ਰਾਮਦਾਸ ਦਿੰਦੇ ਨੇ, ਅੱਜ ਮੈਂ ਉਹ ਬਖ਼ਸ਼ਿਸ਼ਾਂ ਲੈਣੀਆਂ ਨੇ। ਤੇ ਸਾਰਾ ਦਿਨ ਸੇਵਾ ਕੀਤੀ।

ਨਾ ਭੁੱਖ ਵੇਖੀ, ਨਾ ਪਿਆਸ ਵੇਖੀ, ਨਾ ਧੁੱਪ, ਨਾ ਛਾਂ, ਬੜੀ ਭਾਵਨਾ ਨਾਲ ਸੇਵਾ ਕੀਤੀ ਤੇ ਜਦੋਂ ਹੋਈ ਸ਼ਾਮ ਤੇ ਲੱਗ ਗਿਆ ਲਾਈਨ ਦੇ ਵਿਚ, ਜਿੱਥੇ ਗੁਰੂ ਰਾਮਦਾਸ ਜੀ ਬਖ਼ਸ਼ਿਸ਼ਾਂ ਦੇ ਰਹੇ ਨੇ। ਮਹਾਰਾਜ ਕਿਸੇ ਨੂੰ ਕੋਈ ਵਰ, ਕਿਸੇ ਨੂੰ ਕੋਈ ਵਰ, ਕਿਸੇ ਨੂੰ ਕੋਈ ਬਖ਼ਸ਼ਿਸ਼। ਜਦੋਂ ਇਹਦੀ ਵਾਰੀ ਆਈ, ਨੂਰੇ ਦੀ, ਤੇ ਮਹਾਰਾਜ ਨੇ ਜਦੋਂ ਤੱਕਿਆ, ਸਾਹਿਬ ਜਾਣਦੇ ਤੇ ਸਭ ਕੁਝ ਨੇ। ਹੁਣ ਇਹਦੇ ਮੂੰਹੋਂ ਵੀ ਤੇ ਕਢਵਾਉਣਾ ਏ। ਇਹਦੀ ਭਾਵਨਾ ਦਾ ਦੂਜਿਆਂ ਨੂੰ ਵੀ ਤੇ ਦੱਸਣਾ ਐ। ਤੇ ਸਾਹਿਬ ਕਹਿੰਦੇ—''ਨੂਰਿਆ ! ਲੱਗਦਾ ਐ ਅੱਜ ਤੂੰ ਗਲਤ ਲਾਈਨ ਵਿਚ ਲੱਗ ਗਿਆ ਐਂ। ਗਲਤ ਕਤਾਰ ਵਿਚ ਖਲ੍ਹੋ ਗਿਆ ਐਂ। ਦਿਹਾੜੀ ਵਾਲਿਆਂ ਦੀ ਲਾਈਨ ਤੇ ਦੂਜੀ ਏ। ਬਾਬਾ ਬੁੱਢਾ ਸਾਹਿਬ ਉਨ੍ਹਾਂ ਨੂੰ ਦਿਹਾੜੀ ਦੇ ਰਹੇ ਨੇ। ਲੱਗਦਾ ਅੱਜ ਗਲਤ ਲਾਈਨ 'ਚ, ਗਲਤ ਕਤਾਰ 'ਚ ਖੜ੍ਹ ਗਿਆ ਐਂ।'' ਇਹਦੀਆਂ ਅੱਖਾਂ 'ਚ ਹੰਝੂ ਆ ਗਏ। ਕਹਿਣ ਲੱਗਾ, ''ਮਾਲਕ ਪਿਤਾ ਜੀ ! ਜੇ ਸੱਚ ਪੁੱਛਦੇ ਹੋ, ਅੱਜ ਜ਼ਿੰਦਗੀ ਵਿਚ ਪਹਿਲੀ ਵਾਰੀ ਮੈਂ ਸਹੀ ਕਤਾਰ ਵਿਚ ਲੱਗਿਆ ਹਾਂ, ਪਹਿਲੀ ਵਾਰੀ।''

ਮਹਾਰਾਜ ਬੜੇ ਪ੍ਰਸੰਨ ਹੋਏ। ਮਹਾਰਾਜ ਕਹਿੰਦੇ—''ਦੱਸ ਕਿਹੜੀ ਭਾਵਨਾ ਨਾਲ ਅੱਜ ਸੇਵਾ ਕੀਤੀ ਹੈ?'' ਕਹਿੰਦਾ—''ਮਹਾਰਾਜ ! ਜਿੰਨੀਆਂ ਬਖ਼ਸ਼ਿਸ਼ਾਂ ਇਨ੍ਹਾਂ ਨੂੰ ਦਿੰਦੇ ਹੋ, ਕਿਨਕਾ ਮੇਰੀ ਝੋਲੀ ਵੀ ਪਾ ਦਿਓ।'' ਮਹਾਰਾਜ ਇਹਦੀ ਅੰਦਰਲੀ ਭਾਵਨਾ ਤੱਕ ਕੇ ਪਤਾ ਕੀ ਕਹਿੰਦੇ? ਕਹਿੰਦੇ—''ਨੂਰਿਆ ! ਤੂੰ ਨਿਹਾਲ, ਨਿਹਾਲ, ਨਿਹਾਲ। ਤੇਰੀ ਜਿਹੜੀ ਦੁੱਖ-ਦਲਿਦਰੀ ਏ, ਜਿਹੜਾ ਘਰ ਦਾ ਕਲੇਸ਼ ਏ, ਜਿਹੜੀ ਕੰਗਾਲਤਾ ਏ, ਗੁਰੂ ਨਾਨਕ ਦੇ ਘਰ ਵਿੱਚੋਂ ਉਹ ਕੱਟੀ ਗਈ। ਇਕ ਦਿਨ ਦੀ ਸੇਵਾ ਦੇ ਬਦਲੇ ਤੇਰਾ ਦੁੱਖ, ਤੇਰੀ ਗਰੀਬੀ, ਤੇਰੀ ਕੰਗਾਲਤਾ ਕੱਟੀ ਗਈ ਤੇ ਗੱਲ ਇੱਥੋਂ ਤੱਕ ਖ਼ਤਮ ਨਹੀਂ, ਨੂਰਿਆ! ਸਮਾਂ ਆਏਗਾ ਤੂੰ ਰਾਜ-ਭਾਗ ਦੇ ਉਤੇ ਬਿਰਾਜਮਾਨ ਹੋਵੇਂਗਾ, ਰਾਜ ਸਿੰਘਾਸਨ 'ਤੇ ਬੈਠੇਂਗਾ।'' ਮਹਾਰਾਜ ਨੇ ਇਹ ਬਚਨ ਦੇ ਦਿੱਤਾ।

ਆ ਗਿਆ ਬਾਹਰ। ਜਦੋਂ ਬਾਹਰ ਆਇਆ, ਅਚਾਨਕ ਧਿਆਨ ਆਪਣੀ ਖੋਤੀ ਵੱਲ ਪਿਆ। ਦੇਖੋ ! ਅਸੀਂ ਜਾਨਵਰਾਂ ਦੀ ਵਰਤੋਂ ਤੇ ਕਰਦੇ ਹਾਂ, ਮੱਝਾਂ, ਗਾਂਵਾਂ ਦਾ ਦੁੱਧ ਵੀ ਪੀਂਦੇ ਹਾਂ, ਪਰ ਪਿਆਰਿਓ ! ਜਿਸ ਦਿਨ ਗਾਂਵਾਂ, ਮੱਝਾਂ ਦੁੱਧ ਦੇਣਾ ਬੰਦ ਕਰ ਦੇਣ, ਉਨ੍ਹਾਂ ਦੀ ਫਿਰ ਦੇਖਭਾਲ ਕਰਨੀ ਵੀ ਛੱਡ ਦਿੰਦੇ ਹਨ। ਪਰ ਧੰਨ ਨੇ ਉਹ, ਜਿਹੜੇ ਇਹ ਸ੍ਰਿਸ਼ਟੀ ਦੇ ਵਿਚ ਬਣਾਏ ਹੋਏ ਜੀਵਾਂ ਦੀ ਵੀ ਰਖਵਾਲੀ ਕਰਦੇ ਨੇ ਤੇ ਦੇਖਭਾਲ ਵੀ ਕਰਦੇ ਨੇ। ਇਹ ਨੂਰਾ ਇਨ੍ਹਾਂ ਦੀ ਗਿਣਤੀ ਵਿਚ ਸ਼ਾਮਲ ਸੀ। ਕਹਿੰਦਾ—''ਜਿੱਥੇ ਮੈਂ ਸੇਵਾ ਕੀਤੀ, ਉਥੇ ਇਹਨੇ ਵੀ ਤੇ ਸੇਵਾ ਕੀਤੀ ਏ।'' ਅੰਦਰ ਗਿਆ ਭੱਜ ਕੇ, ''ਮਹਾਰਾਜ ! ਇਕ ਕਿਰਪਾ ਹੋਰ ਕਰ ਦਿਓ, ਜਿੱਥੇ ਮੈਂ ਸੇਵਾ ਕੀਤੀ ਸਾਰਾ ਦਿਨ ਉਥੇ ਆ ਮੇਰੇ ਜਾਨਵਰ ਨੇ ਵੀ ਸੇਵਾ ਕੀਤੀ ਏ, ਇਹਨੇ ਖੋਤੀ ਨੇ ਵੀ ਸੇਵਾ ਨਿਭਾਈ ਏ।'' ਮਹਾਰਾਜ ਗੁਰੂ ਰਾਮਦਾਸ ਕਹਿੰਦੇ—''ਜਾ ਨੂਰਿਆ ! ਤੇਰੀ ਖੋਤੀ ਵੀ ਨਿਹਾਲ।''

ਕੁਝ ਦਿਨਾਂ ਦੇ ਬਾਅਦ ਹੀ ਪਿਆਰਿਓ ! ਇਹਦੇ ਘਰ ਦੀ ਗਰੀਬੀ ਦੂਰ ਹੋਣੀ ਸ਼ੁਰੂ ਹੋ ਗਈ। ਕੰਗਾਲਤਾ ਹਟਣੀ ਸ਼ੁਰੂ ਹੋ ਗਈ। ਸੁੱਖਾਂ ਦਾ ਜੀਵਨ ਇਹਨੇ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਜੋ ਮਹਾਰਾਜ ਨੇ ਬਚਨ ਕੀਤਾ ਸਾਰੇ ਉਹ ਵਰ ਪੂਰੇ ਹੋਏ।

ਮਹਾਰਾਜ ਨੇ ਇਹ ਜ਼ਿਕਰ ਸੁਣਾਇਆ ਬਹਾਦਰ ਸ਼ਾਹ ਨੂੰ। ਕਹਿੰਦਾ—''ਮਾਲਕ ਜੀ! ਜ਼ਿਕਰ ਤੇ ਮੈਂ ਸੁਣ ਲਿਆ, ਪਰ ਸਵਾਲ ਮੇਰਾ ਉਥੇ ਦਾ ਉਥੇ ਖਲੋਤਾ ਹੈ। ਕੀ ਮੇਰੇ ਵੱਲ ਵੇਖ ਕੇ ਤੁਹਾਨੂੰ ਗੁਰੂ ਰਾਮਦਾਸ ਮਹਾਰਾਜ ਦੀ ਯਾਦ ਕਿਵੇਂ ਆਈ?'' ਤੇ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ—''ਬਹਾਦਰ ਸ਼ਾਹ ! ਨੂਰੇ ਨੂੰ ਜਿੱਥੇ ਆ ਗੱਲ ਕਹੀ ਸੀ ਕਿ ਤੇਰਾ ਦੁੱਖ, ਤੇਰਾ ਦਲਿੱਦਰ, ਤੇਰੀ ਗਰੀਬੀ ਕੱਟੀ ਗਈ ਤੇ ਨਾਲ ਇਕ ਹੋਰ ਵੀ ਤੇ ਬਚਨ ਸੀ, ਸਮਾਂ ਆਏਗਾ ਤੂੰ ਰਾਜ ਸਿੰਘਾਸਨ 'ਤੇ ਬੈਠੇਂਗਾ।'' ''ਹਾਂ ਗਰੀਬ ਨਿਵਾਜ਼! ਪਰ ਮੈਨੂੰ ਸਮਝ ਨਹੀਂ ਆ ਰਹੀ, ਮੈਨੂੰ ਵੇਖ ਕੇ ਗੁਰੂ ਰਾਮਦਾਸ ਜੀ ਦੀ ਯਾਦ ਕਿਵੇਂ ਆਈ?'' ਉਸ ਵੇਲੇ ਕਲਗੀਧਰ ਪਿਤਾ ਜੀ ਕਹਿੰਦੇ—''ਬਹਾਦਰ ਸ਼ਾਹ ! ਉਹ ਜਿਹੜਾ ਨੂਰਾ ਮੁਸਲਮਾਨ, ਉਹ ਕੋਈ ਹੋਰ ਨਹੀਂ, ਪਿਛਲੇ ਜਨਮ ਵਿਚ ਉਹ ਨੂਰਾ ਮੁਸਲਮਾਨ ਤੂੰ ਆਪ ਹੀ ਸੀ। ਤੇ ਜਿਹੜਾ ਗੁਰੂ ਰਾਮਦਾਸ ਸਾਹਿਬ ਨੇ ਬਚਨ ਦਿੱਤਾ ਹੈ, ਕੀ ਤੂੰ ਰਾਜ ਸਿੰਘਾਸਨ 'ਤੇ ਬੈਠੇਂਗਾ। ਗੁਰੂ ਰਾਮਦਾਸ ਦੇ ਦਰ ਉਤੇ ਇਕ ਦਿਨ ਦੀ ਸੇਵਾ ਕਰਨ ਦਾ ਸਦਕਾ ਤੈਨੂੰ ਇਸ ਜਨਮ ਦੇ ਵਿਚ ਬਾਦਸ਼ਾਹੀ ਮਿਲੀ ਏ।''

''ਸਤਿਗੁਰੂ ! ਮੇਰੇ ਧੰਨ ਭਾਗ। ਸਤਿਗੁਰੂ ਰਾਮਦਾਸ ਜੀ ਦੇ ਬਚਨਾਂ ਸਦਕਾ ਮੇਰੇ 'ਤੇ ਬਖ਼ਸ਼ਿਸ਼ ਵਰਤੀ ਤੇ ਇਕ ਕਿਰਪਾ ਹੋਰ ਕਰ ਦਿਓ, ਜਿਹੜੀ ਉਹ ਮੇਰੀ ਖੋਤੀ ਸੀ। ਉਹ ਜਾਨਵਰ ਨੇ ਵੀ ਤੇ ਸੇਵਾ ਕੀਤੀ ਸੀ। ਮਹਾਰਾਜ ਨੇ ਉਹਨੂੰ ਵੀ ਵਰ ਦਿੱਤਾ ਸੀ, ਉਹ ਕਿੱਥੇ?'' ਮਹਾਰਾਜ ਕਹਿੰਦੇ—''ਆਹ ਜਿਹੜੀ ਤੇਰੀ ਬੇਗਮ ਕੋਈ ਹੋਰ ਨਹੀਂ, ਪਿਛਲੇ ਜਨਮ ਦੀ ਉਹ ਖੋਤੀ ਹੀ ਏ।''

ਆਖੋ : ਵਾਹਿਗੁਰੂ-ਵਾਹਿਗੁਰੂ। ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ।

ਦੇਖੋ ! ਗੁਰੂ ਰਾਮਦਾਸ ਪਾਤਸ਼ਾਹ ਸਾਰਾ, ਜਿਹੜਾ ਪਿਤਾ ਜੀ ਦੇ ਜੀਵਨ ਦਾ ਉਹ ਸਫ਼ਰ ਏ, ਕਿੱਡਾ ਪਿਆਰਾ ਸਫ਼ਰ ਏ। ਇਕ ਵੇਲਾ ਉਹ ਲੋਕੀਂ ਗੱਲਾਂ ਕਰਦੇ ਨੇ ਤੇ ਇਕ ਵੇਲਾ ਉਹ ਆਇਆ ਕਿ ਜਿਹਦੇ ਦਰ ਦੇ ਉਤੇ ਇਕ ਦਿਨ ਦੀ ਸੇਵਾ ਦੇ ਬਦਲੇ, ਕੁਝ ਮਿੰਟਾਂ ਦੀ ਸੇਵਾ ਦੇ ਬਦਲੇ, ਬਾਦਸ਼ਾਹੀਆਂ ਮਿਲ ਰਹੀਆਂ ਨੇ।

ਆਖੋ : ਧੰਨ ਗੁਰੂ ਰਾਮਦਾਸ ਜੀ।.....

ਧੰਨ ਗੁਰੂ ਰਾਮਦਾਸ ਜੀ ਦਾ ਇਹ ਗੁਰਪੁਰਬ ਅਸੀਂ ਸਾਰੇ ਮਨਾ ਰਹੇ ਹਾਂ। ਸਾਰੀਆਂ ਸੰਗਤਾਂ ਨੂੰ ਬਹੁਤ ਬਹੁਤ ਵਧਾਈਆਂ ਜੀ। ਕੀਰਤਨ ਦੀ ਹੁਣ ਸਮਾਪਤੀ ਏ। ਗੁਰੂ ਰਾਮਦਾਸ ਜੀ ਦੇ ਜੀਵਨ ਦੇ ਵਿੱਚੋਂ ਉਹ ਬੇਅੰਤ ਗੁਣ ਅਸੀਂ ਲੈ ਸਕਦੇ ਹਾਂ, ਜੇ ਲੈਣ ਵਾਲੇ ਹੋਈਏ ਤੇ ਪਿਤਾ ਜੀ ਨੇ ਦੇਖੋ ! ਕਿੰਨੀਆਂ ਜਾਤੀਆਂ ਦੇ ਲੋਕਾਂ ਨੂੰ ਹੱਥੀਂ ਕਿਰਤ ਕਰਵਾਈ। ਆਪ

ਨਗਰ ਵਸਾਇਆ, ਬਜ਼ਾਰ ਵਸਾਏ ਤੇ ਜੇ ਗੁਰੂ ਰਾਮਦਾਸ ਜੀ ਨੇ ਤੁਹਾਨੂੰ ਕੋਈ ਬਲ ਦਿੱਤਾ ਐ, ਇਹ ਮੇਰੀ ਬੇਨਤੀ ਏ ਸਿੱਖ ਭਰਾਵਾਂ ਦੀ ਬਾਂਹ ਜ਼ਰੂਰ ਫੜਿਆ ਕਰੋ। ਜੇ ਗੁਰੂ ਰਾਮਦਾਸ ਜੀ ਨੇ ਤੁਹਾਨੂੰ ਕੋਈ ਬਲ ਦਿੱਤਾ ਏ, ਕਿਸੇ ਵੀ ਕਿਸਮ ਦਾ ਬਲ ਦਿੱਤਾ ਏ, ਪਿਆਰਿਓ! ਜੇ ਆਪਣੀ ਲਾਈਫ ਦੇ ਵਿਚ ਆਪਣੇ ਦਸਵੰਧ ਦੇ ਵਿੱਚੋਂ ਪੰਜ-ਸੱਤ ਗੁਰਸਿੱਖਾਂ ਨੂੰ ਉਨ੍ਹਾਂ ਦੇ ਪੈਰਾਂ 'ਤੇ ਖੜ੍ਹਿਆਂ ਕਰ ਦਿਓਗੇ, ਗੁਰੂ ਰਾਮਦਾਸ ਜੀ ਕਹਿਣਗੇ, ਮੇਰੀ ਖ਼ੁਸ਼ੀ ਤੇਰੇ ਨਾਲ ਏ।

ਬੇਅੰਤ ਗੁਣ, ਜਿਧਰ ਮਰਜ਼ੀ ਪਿਤਾ ਜੀ ਦੇ ਜੀਵਨ ਨੂੰ ਮੋੜ ਦਿਓ। ਹਰ ਪਾਸਿਓਂ ਹੀ ਬਖ਼ਸ਼ਿਸ਼ਾਂ ਦੇਣ ਵਾਲਾ ਪਿਤਾ ਜੀ ਦਾ ਜੀਵਨ, ਗੁਰੂ ਮਿਹਰ ਕਰੇ। ਭੁੱਲ ਚੁੱਕ ਦੀ ਖਿਮਾ। ਪਿਆਰ ਨਾਲ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਸਾਜਨੋ ਤੂ ਮੀਤੁ ਮੇਰਾ

(ਅੰਗ ੧੩੦੭)

ਧੰਨ ਗੁਰੂ ਰਾਮਦਾਸ ਜੀ-ਧੰਨ ਗੁਰੂ ਰਾਮਦਾਸ ਜੀ।
ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਪਿਆਰਿਓ ! ਅੱਜ ਫਿਰ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦਾ ਸੰਗਤ ਰੂਪੀ ਪਰਿਵਾਰ ਆਪੋ-ਆਪਣੇ ਘਰਾਂ ਦੇ ਵਿਚ ਪੀ.ਟੀ.ਸੀ. ਸਿਮਰਨ ਦੇ ਮਾਧਿਅਮ ਰਾਹੀਂ ਇਕੱਤਰ ਹੋਇਆ ਹੈ। ਅੱਜ ਵੀ ਮੈਂ ਬੜੀਆਂ ਜ਼ਰੂਰੀ-ਜ਼ਰੂਰੀ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਨੇ।

ਮਨ ਦੇ ਵਿਚ ਕੋਈ ਉਲਝਣ ਹੋਵੇ, ਫੈਸਲਾ ਲੈਣਾ ਮੁਸ਼ਕਲ ਹੋ ਰਿਹਾ ਹੋਵੇ, ਕਈ ਵਾਰੀ ਜ਼ਿੰਦਗੀ ਦੇ ਵਿਚ ਇਹੋ ਜਿਹੀ ਸਥਿਤੀ ਬਣ ਜਾਂਦੀ ਏ। ਮਨ ਵਿਚ ਕਈ ਵਾਰੀ ਇਹੋ ਜਿਹੀਆਂ ਉਲਝਣਾਂ ਆ ਜਾਂਦੀਆਂ ਨੇ, ਜਿਨ੍ਹਾਂ ਦਾ ਫੈਸਲਾ ਲੈਣਾ ਔਖਾ ਹੁੰਦਾ ਏ। ਉਸ ਸਮੇਂ ਅੰਮ੍ਰਿਤ ਵੇਲੇ ਉਠ ਕੇ, ਇਕਾਗਰਚਿਤ ਹੋ ਕੇ ਗੁਰ ਪ੍ਰਮੇਸ਼ਰ ਗੁਰੂ ਰਾਮਦਾਸ ਪਿਤਾ ਦੇ ਚਰਨਾਂ ਦਾ ਧਿਆਨ ਧਰ ਕੇ ਕੁਝ ਸਮਾਂ ਸਿਮਰਨ ਵਿਚ ਜੁੜਿਆ ਕਰੋ। ਤੇ ਜਿਵੇਂ ਕੋਈ ਮੁਸ਼ਕਲ ਆਵੇ, ਅਸੀਂ ਲੋਕਾਂ ਕੋਲੋਂ ਰਾਏ ਲੈਂਦੇ ਹਾਂ, ਜੀ ਮੈਨੂੰ ਦੱਸੋ ਇਸ ਮੁਸ਼ਕਲ ਦਾ ਹਲ ਕਿਵੇਂ ਹੋਵੇਗਾ? ਅੰਮ੍ਰਿਤ ਵੇਲੇ ਸਿਮਰਨ ਵਿਚ ਜੁੜ ਕੇ, ਗੁਰ ਪ੍ਰਮੇਸ਼ਰ ਗੁਰੂ ਰਾਮਦਾਸ ਜੀ ਕੋਲੋਂ ਰਾਏ ਲਿਆ ਕਰੋ। ਮਾਲਕ ਜੀ ! ਆਪ ਹੀ ਕਿਰਪਾ ਦਾ ਖਾਤਾ ਖੋਲ੍ਹ ਕੇ ਬਖ਼ਸ਼ਿਸ਼ ਦਾ ਖਾਤਾ ਖੋਲ੍ਹ ਕੇ ਮੈਨੂੰ ਸੁਮੱਤ ਬਖ਼ਸ਼ੋ, ਮੇਰੀ ਇਸ ਉਲਝਣ ਦਾ ਹੱਲ ਕਰੋ।

ਆਖੋ : ਵਾਹਿਗੁਰੂ-ਵਾਹਿਗੁਰੂ।

ਮੇਰੇ ਲਈ ਸਹੀ ਕੀ ਹੈ, ਗਲਤ ਕੀ ਹੈ, ਮੇਰੀ ਇਸ ਉਲਝਣ ਦਾ ਤੁਸੀਂ ਹੱਲ ਕਰੋ ਤੇ ਜਦੋਂ ਅੰਮ੍ਰਿਤ ਵੇਲੇ ਉਠ ਕੇ ਰੋਜ਼ਾਨਾ ਇਕਾਗਰਚਿਤ ਹੋ ਕੇ ਪਿਤਾ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਆਪਣੀ ਬੇਨਤੀ ਗੁਰੂ ਪ੍ਰਮੇਸ਼ਰ ਸਾਂਈ ਅੱਗੇ ਕਰਾਂਗੇ, ਫਿਰ ਪਿਆਰਿਓ ! ਸਾਡੀ ਉਲਝਣ ਦਾ ਸਾਡੀ ਮੁਸ਼ਕਲ ਦਾ ਹੱਲ ਨਿਕਲੇਗਾ ਹੀ ਨਿਕਲੇਗਾ।

ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਬਾਬਾ ਦੀਪ ਸਿੰਘ ਜੀ।

ਮੁਸਕਰਾਓ, ਹਰ ਵੇਲੇ ਮੁਸਕਰਾਓ ਤੇ ਅਸਲੀ ਗੱਲ ਏ ਧਿਆਨ ਨਾਲ ਸੁਣਿਓ ! ਹਰ ਵੇਲੇ ਚਿਹਰੇ ਦੇ ਉਤੇ ਮੁਸਕਰਾਹਟ ਰੱਖੋ। ਪਿਆਰਿਓ ! ਕਿਉਂਕਿ ਕ੍ਰੋਧ ਦੇ ਵਿਚ ਜਿਹੜੀ ਦਿੱਤੀ ਹੋਈ ਅਸੀਸ ਏ, ਉਹ ਵੀ ਬੁਰੀ ਲੱਗਦੀ ਏ ਤੇ ਮੁਸਕਰਾਹਟ ਦੇ ਵਿਚ ਬੋਲੇ ਗਏ ਬੁਰੇ ਸ਼ਬਦ ਵੀ ਕਈ ਵਾਰੀ ਮਨ ਨੂੰ ਚੰਗੇ ਲੱਗਦੇ ਨੇ। ਹਰ ਵੇਲੇ ਚਿਹਰੇ ਦੇ ਉਤੇ

ਮੁਸਕਰਾਹਟ। ਜੇ ਕੁਝ ਸਕਿੰਟਾਂ ਦੀ ਮੁਸਕਰਾਹਟ ਰੱਖਣ ਦੇ ਨਾਲ ਫੋਟੋ ਸਹੀ ਆ ਸਕਦੀ ਏ, ਜੇ ਜੀਵਨ ਦੇ ਵਿਚ ਹਰ ਵੇਲੇ ਚਿਹਰੇ ਦੇ ਉਤੇ ਮੁਸਕਰਾਹਟ ਰੱਖਾਂਗੇ ਤੇ ਸਾਡਾ ਜੀਵਨ ਕਿਉਂ ਨਹੀਂ ਸਵਰੇਗਾ। ਇਸ ਕਰਕੇ ਹਰ ਵੇਲੇ ਚੇਹਰੇ ਦੇ ਉਤੇ ਮੁਸਕਰਾਹਟ ਰੱਖਿਆ ਕਰੋ।

ਕਈ ਲੋਕਾਂ ਦੇ ਚਿਹਰੇ ਇਹੋ ਜਿਹੇ ਹੁੰਦੇ ਨੇ, ਚਿਹਰੇ ਵੱਲ ਵੇਖੋ ! ਤੇ ਅੰਦਰ ਠੰਢ ਪੈ ਜਾਂਦੀ ਏ, ਪ੍ਰਭਾਵਿਤ ਕਰਦੇ ਨੇ।

ਧੰਨ ਮਾਤਾ ਸਾਹਿਬ ਕੌਰ ਜੀ ਦਾ ਜੀਵਨ ਪੜ੍ਹ ਲਓ। ਉਨ੍ਹਾਂ ਦਾ ਚਿਹਰਾ ਵੀ ਹਰ ਵੇਲੇ ਹਸੂੰ-ਹਸੂੰ ਕਰਦਾ ਰਹਿੰਦਾ ਸੀ। ਜਿਹੜਾ ਵੀ ਕੋਈ ਮਾਂ ਜੀ ਵੱਲ ਤੱਕ ਲੈਂਦਾ ਸੀ, ਉਹ ਵੀ ਆਪਣੇ ਦੁੱਖ ਭੁੱਲ ਜਾਂਦਾ ਸੀ। ਹਰ ਵੇਲੇ ਚਿਹਰੇ ਦੇ ਉਤੇ ਮੁਸਕਰਾਹਟ ਰੱਖੋ। ਜਦੋਂ ਹਰ ਵੇਲੇ ਚਿਹਰੇ 'ਤੇ ਮੁਸਕਰਾਹਟ ਰੱਖਾਂਗੇ, ਫਿਰ ਜ਼ਿੰਦਗੀ ਦੇ ਵਿਚ ਕਈ ਇਹੋ ਜਿਹੀਆਂ ਮੁਸ਼ਕਲਾਂ ਨੇ, ਜਿਨ੍ਹਾਂ ਦੇ ਹੱਲ ਆਪੇ ਹੀ ਨਿਕਲਣੇ ਸ਼ੁਰੂ ਹੋ ਜਾਣਗੇ। ਇਸ ਕਰਕੇ ਹਰ ਵੇਲੇ ਆਪਣੇ ਚਿਹਰੇ ਦੇ ਉਤੇ ਮੁਸਕਰਾਹਟ ਰੱਖੀਏ।

ਆਖੋ : ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਅਗਲੀ ਗੱਲ ਵੀ ਬੜੀ ਪਿਆਰੀ ਏ। ਹਰ ਬੰਦਾ ਜ਼ਿੰਦਗੀ ਦੇ ਵਿਚ ਸ਼ਾਂਤੀ ਚਾਹੁੰਦਾ ਹੈ ਤੇ ਜੇ ਜ਼ਿੰਦਗੀ ਵਿਚ ਸ਼ਾਂਤੀ ਚਾਹੁੰਦੇ ਹੋ ਪਿਆਰਿਓ ! ਤੇ ਇਕ ਫਾਰਮੂਲਾ ਇਸਤੇਮਾਲ ਕਰਿਓ। ਜੇ ਜ਼ਿੰਦਗੀ ਦੇ ਵਿਚ ਸ਼ਾਂਤੀ ਚਾਹੁੰਦੇ ਹੋ ਤੇ ਲੋਕਾਂ ਦੀਆਂ ਗੱਲਾਂ ਨੂੰ ਦਿਲ 'ਤੇ ਲੈਣਾ ਛੱਡ ਦਿਓ। ਭਾਵੇਂ ਲੋਕਾਂ ਵਲੋਂ ਉਹ ਮਾਣ ਦੀਆਂ ਗੱਲਾਂ ਨੇ, ਸਨਮਾਨ ਦੀਆਂ ਗੱਲਾਂ ਨੇ, ਭਾਵੇਂ ਤੇਰੇ ਅਪਮਾਨ ਦੀਆਂ ਗੱਲਾਂ ਨੇ, ਤੇਰੀ ਇੱਜ਼ਤ ਦੀਆਂ ਗੱਲਾਂ ਨੇ, ਭਾਵੇਂ ਤੈਨੂੰ ਬੇਇੱਜ਼ਤ ਕਰਨ ਦੀਆਂ ਗੱਲਾਂ ਨੇ, ਜੇ ਜੀਵਨ ਦੇ ਵਿਚ ਸ਼ਾਂਤੀ ਚਾਹੁੰਦੇ ਹੋ, ਤੇ ਲੋਕਾਂ ਦੀਆਂ ਗੱਲਾਂ ਦੀ ਪ੍ਰਵਾਹ ਨਾ ਕਰੋ। ਲੋਕਾਂ ਦੀਆਂ ਗੱਲਾਂ ਨੂੰ ਦਿਲ 'ਤੇ ਲੈਣਾ ਛੱਡ ਦਿਓ ਤੇ ਜੇ ਲੋਕਾਂ ਦੀਆਂ ਗੱਲਾਂ ਨੂੰ ਦਿਲ 'ਤੇ ਲਾਈ ਜਾਏਂਗਾ, ਤੇ ਫਿਰ ਪਿਆਰਿਆ ! ਜੀਵਨ ਦੇ ਵਿਚ ਕਦੀ ਸ਼ਾਂਤ ਹੋ ਹੀ ਨਹੀਂ ਸਕਦਾ। ਆਖੋ : ਵਾਹਿਗੁਰੂ....। ਧੰਨ ਗੁਰੂ ਰਾਮਦਾਸ ਜੀ।....

ਅਗਲੀ ਗੱਲ ਹੋਰ, ਮੈਨੂੰ ਇਉਂ ਲੱਗਦਾ ਹੈ, ਜਿਹੜੀ ਗੱਲ ਹੁਣ ਤੁਸੀਂ ਸੁਣੋਗੇ, ਮਨ ਨੂੰ ਬੜਾ ਹੌਂਸਲਾ ਦੇਵੇਗੀ। ਮਨ ਕਈ ਵਾਰੀ ਦੁੱਖੀ ਹੁੰਦਾ ਹੈ। ਜਦੋਂ ਮਨ ਦੁੱਖੀ ਹੋਵੇ, ਆਪਣੇ ਮਨ ਕੋਲੋਂ ਇਕ ਸਵਾਲ ਕਰੋ—ਓ ਮਨਾ ! ਕਦੋਂ ਤੇ ਕਿੰਨਾ ਚਿਰ ਤੂੰ ਦੁੱਖੀ ਰਹਿਣਾ ਹੈ। ਤੇ ਮਨ ਅੰਦਰੋਂ ਅਵਾਜ਼ ਪਤਾ ਕੀ ਆਏਗੀ? ਮਨ ਕਹੇਗਾ, ਸਾਹਮਣੇ ਵਾਲੇ ਨੇ ਮੇਰੇ ਨਾਲ ਗਲਤੀ ਕੀਤੀ ਏ। ਉਹ ਜਦ ਤੱਕ ਮੇਰੇ ਕੋਲੋਂ ਆ ਕੇ ਮੁਆਫੀ ਨਹੀਂ ਮੰਗ ਲਏਗਾ, ਉਹ ਜਦ ਤੱਕ ਆਪਣੇ ਆਪ ਨੂੰ ਨਹੀਂ ਬਦਲੇਗਾ, ਆਪਣੀ ਸੋਚ ਨੂੰ ਨਹੀਂ ਬਦਲੇਗਾ, ਉਦੋਂ ਤੱਕ ਮੈਂ ਦੁੱਖੀ ਰਹਿਣਾ ਹੈ। ਤੇ ਸ਼ਾਇਦ ਏਦਾਂ ਹੋ ਹੀ ਨਾ ਪਾਵੇ। ਤੇ ਸਾਹਮਣੇ ਵਾਲਾ ਆ ਕੇ ਤੇਰੇ ਕੋਲੋਂ ਮੁਆਫੀ ਮੰਗੇ, ਕਿਉਂਕਿ ਉਹਦੇ ਮੁਤਾਬਿਕ ਉਹ ਸਹੀ ਏ ਜੋ ਉਹਨੇ ਕੀਤਾ ਏ। ਹੋ ਸਕਦਾ ਹੈ ਉਹ ਤੇਰੇ ਕੋਲੋਂ ਆ ਕੇ ਮੁਆਫੀ ਨਾ ਮੰਗੇ। ਇਹਦਾ ਮਤਲਬ ਤੂੰ ਦੁੱਖੀ

ਰਹੇਂਗਾ। ਸਾਰੀ ਜ਼ਿੰਦਗੀ ਪ੍ਰੇਸ਼ਾਨ ਹੀ ਰਹੇਂਗਾ।

ਓ ਭੋਲਿਆ ! ਦੁੱਖ ਉਦੋਂ ਤੱਕ ਏ ਜਦ ਤੱਕ ਸਾਡੇ ਅੰਦਰ ਇਹ ਚੀਜ਼ ਕਿ ਸਾਹਮਣੇ ਵਾਲਾ ਬਦਲੇ। ਸਾਹਮਣੇ ਵਾਲਾ ਨਾ ਬਦਲੇ, ਭਾਵੇਂ ਉਹ ਬਦਲ ਜਾਵੇ, ਇਹ ਚੀਜ਼ ਨੂੰ, ਇਗਨੋਰ ਕਰ, ਆਪਣੀ ਸੋਚ ਨੂੰ ਬਦਲ। ਜਦੋਂ ਤੂੰ ਆਪ ਦੀ ਸੋਚ ਨੂੰ ਬਦਲੇਂਗਾ, ਦੁੱਖ ਵਿਚ ਰਹਿ ਕੇ ਵੀ ਤੂੰ ਕਦੀ ਦੁੱਖੀ ਨਹੀਂ ਹੋ ਪਾਏਂਗਾ। ਜਦੋਂ ਤੂੰ ਆਪਣੀ ਸੋਚ ਨੂੰ ਬਦਲ ਲਵੇਂਗਾ, ਤੂੰ ਵੀ ਸੁਖੀ ਹੋ ਜਾਏਂਗਾ। ਇਹ ਨਹੀਂ, ਫਲਾਣਾ ਬਦਲੇ, ਸਾਹਮਣੇ ਵਾਲਾ ਬਦਲੇ, ਫਲਾਣਾ ਆ ਕੇ ਮੇਰੇ ਕੋਲੋਂ ਮੁਆਫੀ ਮੰਗੇ ਤਾਂ ਮੈਂ ਸੁੱਖੀ ਹੋਵਾਂਗਾ। ਤਾਂ ਮੈਂ ਸ਼ਾਂਤ ਹੋਵਾਂਗਾ। ਨਹੀਂ, ਆਪਣੀ ਸੋਚ ਨੂੰ ਬਦਲ। ਦੁੱਖ ਸਾਹਮਣੇ ਵਾਲੇ ਦੇ ਕਰਕੇ ਨਹੀਂ, ਦੁੱਖ ਤੈਨੂੰ ਤੇਰੀ ਸੋਚ ਕਰਕੇ ਲੱਗੇ ਹੋਏ ਨੇ। ਇਸ ਕਰਕੇ ਆਪਣੀ ਸੋਚ ਬਦਲ ਤੇ ਦੁੱਖ ਵੀ ਨਿਕਲ ਜਾਣਗੇ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਸਾਰੀ ਸੰਗਤ ਫਤਹਿ ਬੁਲਾਓ :

ਆਖੋ ਜੀ : ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸੰਗਤ ਜੀ ! ਬੇਨਤੀ ਏ ਅੱਜ 21 ਤਰੀਕ ਏ, ਕੱਲ ਗੁਰੂ ਰਾਮਦਾਸ ਪਿਤਾ ਜੀ ਦਾ ਆਗਮਨ ਪੁਰਬ ਏ, ਸ੍ਰਿਸ਼ਟੀ ਦੇ ਮਾਲਕ ਦਾ ਅਵਤਾਰ ਦਿਹਾੜਾ ਏ 22 ਤਰੀਕ ਨੂੰ। ਇਹ ਮੇਰੀ ਬੇਨਤੀ, ਗੁਰੂ ਰਾਮਦਾਸ ਜੀ ਦਾ ਇਹ ਆਗਮਨ ਦਿਨ ਇਹੋ ਜਿਹੇ ਢੰਗ ਨਾਲ ਮਨਾਓ ਕਿ ਆਗਮਨ ਦਿਨ ਗੁਰੂ ਰਾਮਦਾਸ ਦਾ ਸਾਡਾ ਕਰਮ ਦਿਨ ਬਣ ਜਾਏ, ਕਰਮ ਦਿਨ। ਕਰਮ ਦਿਨ ਪਤਾ ਕਿਵੇਂ? ਗੁਰੂ ਰਾਮਦਾਸ ਪਿਤਾ ਜੀ ਦਾ ਆਗਮਨ ਪੁਰਬ ਏ, ਆਗਮਨ ਦਾ ਦਿਨ ਏ, ਕਰਮ ਦਿਨ ਦੇ ਹਿਸਾਬ ਨਾਲ ਮਨਾਓ। ਜਿੰਨਾ ਵੀ ਹੋ ਸਕੇ, ਗੁਰੂ ਰਾਮਦਾਸ ਪਿਤਾ ਜੀ ਦੇ ਆਗਮਨ ਪੁਰਬ ਵਾਲੇ ਦਿਨ ਪਿਆਰਿਓ ! ਲੋੜਵੰਦਾਂ ਦੀ ਮਦਦ ਕਰਿਓ, ਜਿੰਨਾ ਵੀ ਹੋ ਸਕੇ ਗੁਰੂ ਰਾਮਦਾਸ ਪਿਤਾ ਜੀ ਦੇ ਆਗਮਨ ਪੁਰਬ ਵਾਲੇ ਦਿਨ ਆਪਣੇ ਨਿਤਨੇਮ ਨੂੰ ਵਧਾਇਓ, ਜਿੰਨਾ ਵੀ ਹੋ ਸਕੇ ਗੁਰੂ ਰਾਮਦਾਸ ਬਾਪੂ ਜੀ ਦੇ ਆਗਮਨ ਪੁਰਬ ਵਾਲੇ ਦਿਨ ਆਪਣੀ ਬੰਦਗੀ ਦਾ ਪਹਿਰਾ ਵਧਾਇਓ। ਕਰਮ ਦਿਨ, ਕਰਮ ਦਿਨ ਕਰਕੇ ਮਨਾਇਓ ਮਾਲਕ ਪਿਤਾ ਜੀ ਦਾ ਆਗਮਨ ਦਿਨ। ਔਰ ਮੈਨੂੰ ਪੱਕਾ ਵਿਸ਼ਵਾਸ ਏ ਜਦੋਂ ਤੁਸੀਂ ਆਗਮਨ ਦਿਨ ਗੁਰੂ ਰਾਮਦਾਸ ਜੀ ਦਾ ਕਰਮ ਦਿਨ ਕਰਕੇ ਮਨਾਉਗੇ ਤੇ ਇਹ ਪ੍ਰਣ ਕਰੋਗੇ ਕਿ ਮੈਂ ਚੰਗੇ ਕਰਮ ਕਰਨੇ ਨੇ ਔਰ ਇਕੱਲਾ ਇਸ ਦਿਨ ਨਹੀਂ ਕਰਨੇ, ਇਸ ਦਿਨ ਮੈਂ ਪ੍ਰਣ ਲੈਣਾ ਹੈ ਕਿ ਆਉਣ ਵਾਲੇ ਹਰ ਦਿਨ ਦੇ ਵਿਚ ਮੈਂ ਇਹੋ ਜਿਹੇ ਕਰਮ ਕਰਾਂਗਾ, ਜਿਨ੍ਹਾਂ ਕਰਮਾਂ ਨੂੰ ਕਰਨ ਦੇ ਨਾਲ ਗੁਰੂ ਰਾਮਦਾਸ ਮੇਰੇ ਉਤੇ ਰੀਝ ਜਾਣ।

ਧੰਨ ਗੁਰੂ ਰਾਮਦਾਸ ਜੀ।...ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਗੁਰੂ ਰਾਮਦਾਸ ਜੀ ਦਾ ਆਗਮਨ ਦਿਨ ਕਰਮ ਦਿਨ ਕਰਕੇ ਮਨਾਇਓ ਜੀ। ਮਹਾਰਾਜ ਤੁਹਾਡੇ ਆਗਮਨ ਦਾ ਦਿਨ ਹੈ, ਅੱਜ ਮੈਂ ਇਹੋ ਜਿਹੇ ਕਰਮ ਕਰਨੇ ਨੇ, ਜਿਹੜੇ

ਤੁਹਾਨੂੰ ਚੰਗੇ ਲੱਗਦੇ ਨੇ। ਤੁਹਾਨੂੰ ਚੰਗਾ ਲੱਗਦਾ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥* (ਅੰਗ ੩੦੫)

ਅੱਜ ਤੋਂ ਮੈਂ ਪ੍ਰਣ ਕਰਦਾ ਹਾਂ, ਤੁਹਾਡਾ ਆਗਮਨ ਦਿਨ ਹੈ, ਅੱਜ ਤੋਂ ਮੈਂ ਅੰਮ੍ਰਿਤ ਵੇਲਾ ਸੰਭਾਲਾਂਗਾ। ਬਾਣੀ ਨਾਲ ਜੁੜਾਂਗਾ। ਵੱਧ ਤੋਂ ਵੱਧ ਮੈਂ ਭਲਿਆਈ ਦੇ ਕਾਰਜ ਕਰਾਂਗਾ। ਵੱਧ ਤੋਂ ਵੱਧ ਮੈਂ ਸਮਾਜ ਭਲਿਆਈ ਦੇ ਜਿੱਥੇ ਕਾਰਜ ਕਰਾਂਗਾ, ਆਪਣੇ ਜੀਵਨ ਨੂੰ ਵੀ ਮੈਂ ਸਵਾਰਨ ਦਾ ਯਤਨ ਕਰਾਂਗਾ। ਆਖੋ : ਵਾਹਿਗੁਰੂ-ਵਾਹਿਗੁਰੂ।

ਆਓ, ਸ਼ਬਦ ਪੜ੍ਹੀਏ :

ਸ਼ਬਦ ਦੇ ਵਿਚ ਅੱਜ ਮੈਂ ਦੋ ਗੱਲਾਂ ਕਰਨੀਆਂ ਨੇ—ਸਾਡੀ ਜ਼ਿੰਦਗੀ ਦੇ ਵਿਚ ਮਿੱਤਰ ਕੌਣ ਹੋਵੇ ਤੇ ਕਿਹੋ ਜਿਹਾ ਹੋਵੇ? ਮਿੱਤਰ ਦਾ ਸਾਡੀ ਜ਼ਿੰਦਗੀ ਵਿਚ ਕੀ ਰੋਲ ਏ? ਸਤਿਗੁਰੂ ਇਹ ਸੇਵਾ ਲੈਣ। ਸ਼ਬਦ ਆਪਾਂ ਸਾਰਿਆਂ ਨੇ ਰਲ ਕੇ ਪੜ੍ਹਣਾ, ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਉਚਾਰਣ ਕੀਤਾ ੧੩੦੭-੦੮ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਅੰਗ ਦੇ ਉਤੇ ਇਹ ਸ਼ਬਦ ਦਰਜ ਜੇ :

*ਜਨ ਕੋ ਪ੍ਰਭੁ ਸੰਗੇ ਅਸਨੇਹੁ॥*
*ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥ ੧ ॥ ਰਹਾਉ॥* (ਅੰਗ ੧੩੦੭)

ਆਓ ! ਇਹ ਸ਼ਬਦ ਦਾ ਗਾਇਨ ਸਾਰੇ ਮਿਲ ਕੇ ਕਰੀਏ, ਕੋਈ ਰਸਨਾ ਵਾਂਝੀ ਨਾ ਰਹੇ :

*ਸਾਜਨੋ ਤੂ ਮੀਤੁ ਮੇਰਾ.....*
*ਗ੍ਰਿਹਿ ਤੇਰੈ ਸਭੁ ਕੇਹੁ॥ ੧ ॥ ਰਹਾਉ॥....*
*ਜਨ ਕੋ ਪ੍ਰਭੁ ਸੰਗੇ ਅਸਨੇਹੁ॥*
*ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥ ੧ ॥ ਰਹਾਉ॥.....*

ਧੰਨ ਗੁਰੂ ਰਾਮਦਾਸ ਜੀ... ਸਾਰੇ ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥੧॥......*
*ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥....*

ਧੰਨ ਗੁਰੂ ਰਾਮਦਾਸ ਜੀ।

*ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥*
*ਭੈ ਭਾਇ ਭਗਤਿ ਨਿਹਾਲ ਨਾਨਕ*
*ਸਦਾ ਸਦਾ ਕੁਰਬਾਨ॥ ੨ ॥ ੪ ॥ ੪੯ ॥.......*
*ਸਾਜਨੋ ਤੂ ਮੀਤੁ ਮੇਰਾ........*

ਧੰਨ ਗੁਰੂ ਰਾਮਦਾਸ ਜੀ।...... ਧੰਨ ਬਾਬਾ ਦੀਪ ਸਿੰਘ ਜੀ।.....

*ਸਾਜਨੋ ਤੂ ਮੀਤੁ ਮੇਰਾ.... ॥*

*ਜਾ ਕਾ ਮੀਤੁ ਸਾਜਨੁ ਹੈ ਸਮੀਆ॥*

*ਤਿਸੁ ਜਨ ਕਉ ਕਹੁ ਕਾ ਕੀ ਕਮੀਆ॥ ੧ ॥* (ਅੰਗ ੧੮੬)

*ਸਾਜਨੋ ਤੂ ਮੀਤੁ ਮੇਰਾ.... ॥*

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥*

*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩ ॥੧੨ ॥*

(ਅੰਗ ੬੭੪)

ਬੋਲੋ ਜੀ : ***ਸਾਜਨੋ ਤੂ ਮੀਤੁ ਮੇਰਾ....***

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*

*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥ ੧ ॥* (ਅੰਗ ੭੯੧)

*ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥*

*ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥*

*ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥*

*ਹਮਾਰਾ ਧੜਾ ਹਰਿ ਰਹਿਆ ਸਮਾਈ॥੧ ॥* (ਅੰਗ ੩੬੬)

*ਸਾਜਨੋ ਤੂ ਮੀਤੁ ਮੇਰਾ....*

*ਆਦਿ ਮਧਿ ਜੋ ਅੰਤਿ ਨਿਬਾਹੈ॥ ਸੋ ਸਾਜਨੁ ਮੇਰਾ ਮਨੁ ਚਾਹੈ॥ ੧ ॥*

*ਸਾਜਨੋ ਤੂ ਮੀਤੁ ਮੇਰਾ.....*

*ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥*

*ਤੇਰੇ ਸੇਵਕ ਕਉ ਕਿਸ ਕੀ ਕਾਣਿ॥ ਸਾਕਤੁ ਭੂਲਾ ਫਿਰੈ ਬੇਬਾਣਿ।੩ ॥*

(ਅੰਗ ੩੭੧)

*ਸਾਜਨੋ ਤੂ ਮੀਤੁ ਮੇਰਾ.....*

*ਗੋਪਾਲ ਤੇਰਾ ਆਰਤਾ॥*

*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ੧ ॥ ਰਹਾਉ॥*

*ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥*

*ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥ ੧ ॥*

*ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥*

*ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ ੨ ॥ ੪ ॥*

(ਅੰਗ ੬੯੫)

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥*
*ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥*
*ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥*
*ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥ ੩॥......*

(ਅੰਗ ੯੧੭)

*ਸਾਜਨੋ ਤੂ ਮੀਤੁ ਮੇਰਾ.....*
*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥*
*ਸੋਈ ਸੋਈ ਦੇਵੈ॥....*
*ਨਾਨਕ ਦਾਸੁ ਮੁਖ ਤੇ ਜੋ ਬੋਲੈ*
*ਈਹਾ ਊਹਾ ਸਚੁ ਹੋਵੈ॥ ੨॥ ੧੪॥ ੪੫॥...* (ਅੰਗ ੬੮੧)
*ਸੋਈ ਸੋਈ ਦੇਵੈ॥....*
*ਜੋ ਮਾਗਹਿ ਠਾਕੁਰ ਅਪੁਨੇ ਤੇ.....*
*ਸਾਜਨੋ ਤੂ ਮੀਤੁ ਮੇਰਾ.....*
*ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥*
*ਮਨਸਾ ਕਾ ਦਾਤਾ ਸਭ ਸੁਖ ਨਿਧਾਨੁ*
*ਅੰਮ੍ਰਿਤ ਸਰਿ ਸਦ ਹੀ ਭਰਪੂਰਾ॥ ੧॥ ਰਹਾਉ॥.....* (ਅੰਗ ੩੭੫)
*ਸਾਜਨੋ ਤੂ ਮੀਤੁ ਮੇਰਾ.....*

ਧੰਨ ਗੁਰੂ ਰਾਮਦਾਸ ਜੀ।..... ਧੰਨ ਬਾਬਾ ਦੀਪ ਸਿੰਘ ਜੀ।.....

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।......

*ਸਾਜਨੋ ਤੂ ਮੀਤੁ ਮੇਰਾ........*

ਦੁਨੀਆਂ 'ਚ ਅਸੀਂ ਹਰ ਵੇਲੇ ਸੱਜਣ ਲੱਭਦੇ ਹਾਂ। ਬੰਦੇ ਨੂੰ ਸੱਜਣਾਂ ਦੀ,ਮਿੱਤਰਾਂ ਦੀ, ਦੋਸਤਾਂ ਦੀ ਜੀਵਨ ਦੇ ਵਿਚ ਬੜੀ ਲੋੜ ਹੁੰਦੀ ਏ। ਸੱਜਣਾਂ ਤੋਂ ਬਿਨਾਂ ਜੀਵਨ ਕੱਟਣਾ ਔਖਾ ਹੋ ਜਾਂਦਾ ਏ। ਸੱਜਣਾਂ ਦੇ ਨਾਲ ਜੀਵਨ ਸੁਖਾਲਾ ਬਣ ਜਾਂਦਾ ਏ। ਦੁਨੀਆਂ ਤੇ ਇਥੋਂ ਤੱਕ ਕਹਿੰਦੇ ਏ, ਕੱਲਾ ਰੁੱਖ ਵੀ ਬੜਾ ਮਾੜਾ ਹੈ।

ਇਸੇ ਕਰਕੇ ਹੀ ਪਿਆਰਿਓ ! ਬੰਦਾ ਆਪਣੀ ਜ਼ਿੰਦਗੀ ਦੇ ਵਿੱਚ ਸੱਜਣਾਂ ਦੀ ਗਿਣਤੀ ਦਿਨੋਂ ਦਿਨ ਵਧਾਉਣੀ ਚਾਹੁੰਦਾ ਹੈ ਪਰ ਇਹ ਗੱਲ ਵੱਖਰੀ ਏ ਕਿ ਬੰਦਾ ਚਾਹੁੰਦਿਆਂ ਹੋਇਆਂ ਵੀ ਕਈ ਵਾਰੀ ਸਹੀ ਚੋਣ ਨਹੀਂ ਕਰ ਪਾਉਂਦਾ ਤੇ ਕਈ ਵਾਰੀ ਅਨਜਾਣਪੁਣੇ ਵਿਚ ਇਹੋ ਜਿਹੇ ਬੰਦਿਆਂ ਦੇ ਘੇਰੇ ਵਿਚ ਫਸ ਜਾਂਦਾ ਹੈ, ਸਮਝਦਾ ਉਨ੍ਹਾਂ

ਨੂੰ ਸੱਜਣ ਹੀ ਹੈ ਪਰ ਅਸਲੀਅਤ ਦੇ ਵਿਚ ਉਹ ਸੱਜਣਾਂ ਦੇ ਰੂਪ ਵਿਚ ਦੁਸ਼ਮਣ ਹੀ ਹੁੰਦੇ ਨੇ। ਕਈ ਵਾਰੀ ਬੰਦਾ ਸਮਝਦਾ ਸੱਜਣ ਏ, ਫਲਾਣਾ ਬੰਦਾ ਮੇਰਾ ਸੱਜਣ ਏ, ਮੇਰਾ ਮਿੱਤਰ ਏ, ਮੇਰਾ ਦੋਸਤ ਏ, ਪਰ ਅਸਲੀਅਤ ਦੇ ਵਿਚ ਉਹ ਸੱਜਣ ਹੁੰਦਾ ਨਹੀਂ। ਇਸੇ ਲਈ ਤੇ ਸਤਿਗੁਰਾਂ ਨੇ ਬਾਣੀ ਦੇ ਵਿਚ ਕਿਹਾ :

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥ ੧ ॥***(ਅੰਗ ੧੧੦੨)

ਸੱਜਣਾਂ ਦੀ ਜਗ੍ਹਾ ਕਈ ਵਾਰੀ ਬੰਦਾ ਇਹੋ ਜਿਹੇ ਬੰਦਿਆਂ ਦੇ ਘੇਰੇ ਵਿੱਚ ਫਸ ਜਾਂਦਾ ਹੈ ਜਿਹੜੇ ਕੇਵਲ ਦਿਖਾਵੇ ਮਾਤਰ ਕਰਕੇ ਹੀ ਬੰਦੇ ਦੇ ਨਾਲ ਹੁੰਦੇ ਨੇ। ਦੁੱਖ ਵੰਡਾਉਣ ਦੀ ਜਗ੍ਹਾ ਦੁੱਖ ਵਧਾਉਣ ਵਾਲੇ ਹੁੰਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਪਿਆਰਿਓ ! ਲੋੜ ਪੈਣ 'ਤੇ ਪਿੱਠ 'ਤੇ ਲੱਤ ਮਾਰ ਕੇ ਭੱਜਣ ਵਾਲਿਆਂ ਦੇ ਵਿਚ ਸਭ ਤੋਂ ਪਹਿਲੇ ਨੰਬਰ 'ਤੇ ਉਹ ਹੁੰਦੇ ਨੇ, ਜਿਨ੍ਹਾਂ ਨੂੰ ਕਈ ਵਾਰੀ ਬੰਦਾ ਸੱਜਣ ਸਮਝ ਲੈਂਦਾ ਹੈ। ਪਰ ਅਸਲੀਅਤ ਦੇ ਵਿਚ ਸੱਜਣ ਕੌਣ ਨੇ? ਮਾਲਕ ਪਿਤਾ ਜੀ ਬਾਣੀ 'ਚ ਕਹਿੰਦੇ :

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧ ॥ ਰਹਾਉ॥*** (ਅੰਗ ੭੨੯)

ਇਹਦਾ ਮਤਲਬ ਸੱਜਣਾਂ-ਸੱਜਣਾਂ 'ਚ ਫਰਕ ਹੋ ਗਿਆ। ਮਿੱਤਰ-ਮਿੱਤਰ 'ਚ ਫਰਕ ਹੋ ਗਿਆ ਤੇ ਇਕ ਗੱਲ ਆਪਣੇ ਜਿਹਨ ਵਿਚ ਪੱਕੀ ਬੈਠਾ, ਕਿਸੇ ਨਾਲ ਯਾਰੀ ਲਾਉਣ ਤੋਂ ਪਹਿਲਾਂ ਉਹਨੂੰ ਪਰਖ ਕੇ ਵੇਖ ਲੈ, ਪਰਖ ਕੇ।

**ਯਾਰੀ ਪਰਖੀਏ ਯਾਰਾਂ ਦੀ, ਜਦ ਮਾਰ ਪਵੇ ਤਲਵਾਰਾਂ ਦੀ।**

ਸੱਚਾਈ ਏ, ਕਈ ਵਾਰੀ ਬੰਦੇ ਦੀ ਜ਼ਿੰਦਗੀ ਵਿੱਚ ਸੁੱਖਾਂ ਦਾ ਸੂਰਜ ਸਿਖਰ 'ਤੇ ਜਦੋਂ ਹੁੰਦਾ ਹੈ, ਸੁੱਖਾਂ ਦਾ ਸੂਰਜ। ਧਨ-ਦੌਲਤ ਦਾ ਸੂਰਜ ਸਿਖਰ 'ਤੇ ਹੁੰਦਾ ਹੈ, ਉਸ ਵੇਲੇ ਬੜੇ ਹੀ ਮਿੱਤਰ ਬਣ ਜਾਂਦੇ ਨੇ, ਬੜੇ ਹੀ ਦੋਸਤ ਬਣ ਜਾਂਦੇ ਨੇ, ਬੜੇ ਰਿਸ਼ਤੇਦਾਰ ਬਣ ਜਾਂਦੇ ਨੇ। ਪਰ ਪਿਆਰਿਓ ! ਜਦੋਂ ਉਹ ਸੁੱਖਾਂ ਦੇ ਸੂਰਜ ਦੀ ਸ਼ਾਮ ਪੈਂਦੀ ਏ, ਜਦੋਂ ਉਹ ਸੁੱਖਾਂ ਦਾ ਸੂਰਜ ਢਲ ਜਾਂਦਾ ਹੈ, ਜਦੋਂ ਰਾਤ ਪੈ ਜਾਂਦੀ ਏ ਦੁੱਖਾਂ ਦੀ ਤੇ ਉਦੋਂ ਇਹ ਸਾਰੇ ਚਿਹਰੇ ਅਲੋਪ ਹੋ ਜਾਂਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

***ਇਹ ਜਗਿ ਮੀਤੁ ਨ ਦੇਖਿਓ ਕੋਈ॥***
***ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧ ॥ ਰਹਾਉ॥***
(ਅੰਗ ੬੩੩)

ਸਾਹਿਬ ਕਹਿੰਦੇ :

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧ ॥*

**(ਅੰਗ ੬੩੪)**

ਜਦੋਂ ਸੁੱਖਾਂ ਦਾ ਸੂਰਜ ਢੱਲ ਗਿਆ ਤੇ ਫਿਰ ਪਿਆਰਿਓ ! ਚਿਹਰੇ ਅਲੋਪ ਹੋ ਜਾਂਦੇ ਨੇ, ਜਿਹੜੇ ਜੀਉਣ ਮਰਨ ਦੀਆਂ ਕਸਮਾਂ ਖਾਂਦੇ ਨੇ, ਅਸੀਂ ਨਾਲ ਨਿਭਾਂਗੇ, ਉਹ ਫਿਰ ਪਿੱਠ 'ਤੇ ਲੱਤ ਮਾਰ ਕੇ ਦੌੜ ਜਾਂਦੇ ਨੇ।

ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।...

ਤੇ ਫਿਰ ਪਿਆਰਿਓ ! ਇਹ ਜਿੰਨੇ ਵੀ ਅਸੀਂ ਦੁਨਿਆਵੀ ਸੱਜਣ ਬਣਾਉਂਦੇ ਹਾਂ, ਮਿੱਤਰ ਬਣਾਉਣੇ ਹਾਂ, ਚੱਲੋ ! ਕਿਸੇ ਹੱਦ ਤੱਕ ਤੇ ਠੀਕ ਏ, ਪਰ ਏਨਾ ਭਰੋਸਾ ਬੰਦਾ ਕਈ ਵਾਰ ਕਰ ਲੈਂਦਾ, ਭਈ ਇਹ ਮੇਰੇ ਨਾਲ ਨਿਭੇਗਾ। ਜਿੰਨਾ ਭਰੋਸਾ ਅਸੀਂ ਦੁਨਿਆਵੀ ਸੱਜਣਾਂ 'ਤੇ ਕਰਦੇ ਹਾਂ, ਜਿੰਨਾ ਵਿਸ਼ਵਾਸ ਅਸੀਂ ਇਨ੍ਹਾਂ ਦੁਨਿਆਵੀ ਸੱਜਣਾਂ 'ਤੇ ਕਰਦੇ ਹਾਂ, ਕਿਤੇ ਅਸਲੀਅਤ ਦੇ ਵਿਚ ਜਿਹੜਾ ਸੱਜਣ ਏ, ਗੁਰੂ ਰਾਮਦਾਸ, ਬਾਬਾ ਦੀਪ ਸਿੰਘ ਉਤੇ ਇੰਨਾ ਵਿਸ਼ਵਾਸ ਕਰਕੇ ਵੇਖੀਏ, ਉਹ ਕਦੀ ਵੀ ਵਿਸ਼ਵਾਸਘਾਤ ਸਾਡੇ ਨਾਲ ਨਹੀਂ ਕਰਨਗੇ। ਅਸਲੀਅਤ ਵਿਚ ਸੱਜਣ ਉਹੋ ਹੀ ਏ, ਬਾਕੀ ਦੇ ਸੱਜਣਾਂ ਦੀ ਮੁਥਾਜੀ ਛੱਡੀਏ। ਅਸਲੀਅਤ ਵਿਚ ਉਹ ਸੱਜਣ ਬਣਾਈਏ, ਜਿਹੜਾ ਹਰ ਵੇਲੇ ਨਾਲ ਨਿਭਦਾ ਏ।

ਹੁਣ ਤੁਸੀਂ ਸਿਆਣੇ ਹੋ, ਕੋਈ ਸਾਡਾ ਮਿੱਤਰ ਏ, ਮਿੱਤਰ ਦੇ ਕੋਲੋਂ ਸਾਨੂੰ ਕਦੀ ਕਿਸੇ ਚੀਜ਼ ਦੀ ਲੋੜ, ਜਿਹੜੇ ਕੱਚੇ ਹੁੰਦੇ, ਥੱਲੇ ਦੀ ਕੈਟਾਗਿਰੀ ਦੇ, ਕਈ ਵਾਰੀ ਪਹਿਲੀ ਵਾਰ ਦੇ ਵਿਚ ਹੀ ਮੂੰਹ ਮੋੜ ਲੈਂਦੇ ਨੇ ਤੇ ਜਿਹਨੂੰ ਕਈ ਵਾਰੀ ਬੰਦਾ ਪੱਕਾ ਸਮਝਦਾ ਹੈ, ਇਹ ਮੇਰਾ ਪੱਕਾ ਮਿੱਤਰ ਏ, ਇਕ ਵਾਰੀ ਮਦਦ ਕਰ ਦੇਵੇਗਾ, ਦੂਜੀ ਵਾਰੀ ਮਦਦ ਕਰ ਦੇਵੇਗਾ, ਤੀਜੀ ਵਾਰੀ ਮਦਦ ਕਰ ਦੇਵੇਗਾ, ਮੇਰੀ ਮੰਗ ਨੂੰ ਸੁਣ ਕੇ ਹੋ ਸਕਦਾ, ਫਿਰ ਬਾਂਹ ਫੜ ਲਵੇ, ਜਦੋਂ ਚੌਥੀ, ਪੰਜਵੀਂ ਵਾਰੀ, ਛੇਵੀਂ, ਸੱਤਵੀਂ ਵਾਰੀ ਤੂੰ ਉਹਦੇ ਕੋਲ ਜਾ ਕੇ ਫਰਿਆਦ ਕਰੇਂਗਾ, ਉਹ ਆਪਣੇ ਅੰਦਰ ਇਹੀ ਕਹੇਗਾ, ਇਹਨੇ ਤੇ ਰੋਜ਼ ਦਾ ਪਖੰਡ ਬਣਾ ਲਿਆ ਹੈ। ਇਹ ਤੇ ਮੂੰਹ ਚੁੱਕ ਕੇ ਰੋਜ਼ ਮੇਰੇ ਕੋਲੋਂ ਮੰਗਣ ਆ ਜਾਂਦਾ ਹੈ। ਕਈ ਵਾਰੀ ਤੈਨੂੰ ਵੇਖ ਕੇ ਆਪਣੇ ਬੂਹੇ ਵੀ ਬੰਦ ਕਰ ਲਏਗਾ। ਫੋਨ ਸੁਣਨੇ ਵੀ ਤੇਰੇ ਬੰਦ ਕਰ ਦਏਗਾ। ਤੇ ਜੇ ਕਿਤੇ ਫੋਨ ਗਲਤੀ ਨਾਲ ਤੂੰ ਦੂਜੇ ਨੰਬਰ ਤੋਂ ਕੀਤਾ, ਇਹਨੇ ਚੱਕ ਵੀ ਲਿਆ ਤੇ ਇਹ ਕਹਿ ਕੇ ਬੰਦ ਕਰ ਦਏਗਾ, ਮੇਰੇ ਕੋਲ ਸਮਾਂ ਨਹੀਂ, ਮੈਂ ਬੜਾ ਬਿਜ਼ੀ ਹਾਂ, ਫਿਰ ਕਿਤੇ ਫੋਨ ਕਰੀਂ।

ਕਿੱਡੀ ਹੈਰਾਨਗੀ ਦੀ ਗੱਲ ਏ, ਤੈਨੂੰ ਆਪਣੇ ਮਿੱਤਰ ਦੇ ਕੋਲ ਪੰਜ-ਛੇ ਵਾਰੀ ਕੰਮ ਪਿਆ, ਉਹਨੇ ਤੈਨੂੰ ਵੇਖ ਕੇ ਦਰਵਾਜ਼ਾ ਬੰਦ ਕਰ ਲਿਆ। ਪਰ ਜਿਨ੍ਹਾਂ ਦਾ ਕੱਲ ਆਗਮਨ ਦਿਨ ਏ ਧੰਨ ਗੁਰੂ ਰਾਮਦਾਸ ਪਿਤਾ ਜੀ ਦਾ, ਪਿਆਰਿਓ ! ਉਨ੍ਹਾਂ ਦੇ ਦਰ ਦੇ ਉਤੇ ਤੂੰ

ਰੋਜ਼ ਹੀ ਜਾਂਦਾ ਹੈਂ ਤੇ ਰੋਜ਼ ਇਕੱਲਾ ਜਾਂਦਾ ਥੋੜ੍ਹੀ ਏਂ, ਰੋਜ਼ ਆਪਣੀਆਂ ਮੰਗਾਂ ਵੀ ਮੰਗਦਾ ਹੈਂ। ਲੱਖਾਂ, ਕਰੋੜਾਂ ਦੀ ਗਿਣਤੀ ਦੇ ਵਿਚ, ਜਦੋਂ ਰੋਜ਼ਾਨਾ ਗੁਰੂ ਰਾਮਦਾਸ ਦੇ ਦਰ ਉਤੇ ਆ ਕੇ ਵੀ ਇਹ ਸੰਗਤਾਂ ਆਪੋ-ਆਪਣੇ ਘਰਾਂ 'ਚ ਵੀ ਇਹ ਗੁਰੂ ਰਾਮਦਾਸ ਦੀ ਭਾਵਨਾ ਬਣਾ ਕੇ ਰੋਜ਼ਾਨਾ ਹੀ ਕਿੰਨੀਆਂ ਮੰਗਾਂ ਮੰਗਦੀਆਂ ਨੇ। ਕਿੰਨੀਆਂ ਮੰਗਾਂ ਅਸੀਂ ਮੰਗਦੇ ਹਾਂ ਰੋਜ਼, ਕਿੰਨੀਆਂ ਮੰਗਾਂ ਸੰਗਤਾਂ ਮੰਗਦੀਆਂ ਨੇ ਰੋਜ਼। ਪਰ ਕਿੱਡੀ ਹੈਰਾਨਗੀ ਦੀ ਕਿੱਡੀ ਪਿਆਰੀ ਇਹ ਗੱਲ ਏ ਪਿਆਰਿਓ ! ਦੁਨਿਆਵੀ ਮਿੱਤਰ ਤੋਂ ਪੰਜ-ਛੇ ਵਾਰੀ ਤੂੰ ਉਹਦੇ ਕੋਲੋਂ ਕੁਛ ਮੰਗਿਆ, ਤੇਰੀ ਜ਼ਰੂਰਤ ਵੱਲ ਵੇਖ ਕੇ ਉਹਨੇ ਆਪਣੇ ਇਕ ਦਿਨ ਬੂਹੇ ਕਰ ਲਏ ਬੰਦ। ਪਰ ਗੁਰੂ ਰਾਮਦਾਸ ਦੇ ਦਰ ਤੋਂ ਤੂੰ ਰੋਜ਼ ਹੀ ਮੰਗਦਾ ਜਾ, ਨਿਤਾਪ੍ਰਤੀ ਤੂੰ ਮੰਗਦਾ ਜਾ, ਪਰ ਗੁਰੂ ਰਾਮਦਾਸ ਨਿਤਾਪ੍ਰਤੀ ਤੇਰੀਆਂ ਮੰਗਾਂ ਸੁਣਦਾ ਵੀ ਏ, ਤੇਰੀਆਂ ਝੋਲੀਆਂ ਵੀ ਭਰੀ ਜਾਂਦਾ ਏ ਤੇ ਕਦੀ ਤੇਰੇ ਲਈ ਆਪਣੇ ਘਰ ਦੇ ਬੂਹੇ ਵੀ ਬੰਦ ਨਹੀਂ ਕਰਦਾ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।...

ਅਸੀਂ ਦੁਨਿਆਵੀ ਜਿਹੜੇ ਮਿੱਤਰ ਬਣਾਉਂਦੇ ਹਾਂ, ਪੰਜਵੀਂ, ਛੇਵੀਂ ਵਾਰੀ, ਚੌਥੀ ਪੰਜਵੀਂ ਵਾਰੀ ਉਨ੍ਹਾਂ ਕੋਲੋਂ ਕੁੱਛ ਮੰਗੀਏ, ਯਾਰੀ ਟੁੱਟ ਜਾਂਦੀ ਏ। ਪਰ ਗੁਰੂ ਰਾਮਦਾਸ ਜੀ ਕੋਲੋਂ ਰੋਜ਼ ਹੀ ਮੰਗੀ, ਚੱਲੋ ! ਬਾਬਾ ਦੀਪ ਸਿੰਘ ਜੀ ਕੋਲੋਂ ਰੋਜ਼ ਹੀ ਮੰਗੀ ਚੱਲੋ, ਯਾਰੀ ਤੋੜਦਾ ਹੀ ਨਹੀਂ।

ਮਹਾਰਾਜ ਨੇ ਬਾਣੀ 'ਚ ਕਿਹਾ ਹੈ :

***ਅਪਨੇ ਲੋਭ ਕਉ ਕੀਨੋ ਮੀਤੁ॥***

ਬੰਦਾ ਲੋਭ ਕਰਕੇ ਆਪਣਾ ਮਿੱਤਰ ਬਣਾ ਲੈਂਦਾ ਹੈ, ਮੈਨੂੰ ਆਹ ਵੀ ਚਾਹੀਦਾ ਹੈ, ਮੈਨੂੰ ਉਹ ਵੀ ਚਾਹੀਦਾ ਹੈ, ਆਹ ਵੀ ਮੰਗ ਹੈ ਮੇਰੀ।

ਕਹਿੰਦੇ :

***ਸਗਲ ਮਨੋਰਥ ਮੁਕਤਿ ਪਦੁ ਦੀਤੁ॥ ੧ ॥*** (ਅੰਗ ੧੯੫)

ਕਹਿੰਦੇ—ਉਹ ਇਹੋ ਜਿਹਾ ਮਿੱਤਰ ਏ, ਉਹਨੂੰ ਪਤਾ ਏ, ਇਹਨੇ ਲੋਭ ਕਰਕੇ ਮੇਰੇ ਨਾਲ ਯਾਰੀ ਲਾਈ ਏ, ਇਹਨੇ ਇਹ ਮੰਗਾਂ ਮੰਗਣੀਆਂ ਨੇ ਤਾਂ ਇਹ ਮੇਰੇ ਦਰ 'ਤੇ ਆ ਰਿਹਾ ਹੈ। ਪਰ ਕਿੱਡੀ ਹੈਰਾਨਗੀ ਦੀ ਗੱਲ ਏ ਕਿ ਉਹ ਰੋਜ਼ਾਨਾ ਇਹ ਚੀਜ਼ ਵੇਖਦਾ ਹੈ ਕਿ ਇਹ ਲੋਭ ਵਸ ਹੋ ਕੇ ਮੇਰੇ ਚਰਨਾਂ ਨਾਲ ਜੁੜਿਆ ਹੈ। ਇਹ ਚੀਜ਼ ਵੇਖਦਿਆਂ ਹੋਇਆਂ ਵੀ ਪਿਆਰਿਓ ! ਸਾਰੇ ਪਦਾਰਥਾਂ ਨਾਲ ਵੀ ਝੋਲੀਆਂ ਭਰਦਾ ਹੈ ਤੇ ਸਾਨੂੰ ਮੁਕਤੀ ਵੀ ਦਿੰਦਾ ਹੈ। ਅਸਲੀਅਤ ਵਿੱਚ ਮੁਕਤੀ ਕੀ ਏ? ਜਿਉਂਦਿਆਂ ਜੀਅ ਮੁਕਤੀ ਕੀ ਏ? ਅੰਦਰੋਂ 'ਮੇਰ ਤੇਰ' ਨਿਕਲ ਗਈ, ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨਿਕਲ ਗਈਆਂ, ਨਿਮਰਤਾ ਆ ਗਈ, ਨਿਰਵੈਰਤਾ ਆ ਗਈ। ਹਰ ਇਕ ਦੇ ਵਿਚ ਹੁਣ ਗੁਰੂ ਰਾਮਦਾਸ ਜੀ ਨਜ਼ਰ ਆਉਂਦੇ ਨੇ। ਜਿਉਂਦਿਆਂ ਜੀਅ ਮੁਕਤੀ ਦੇ ਦਿੰਦਾ ਹੈ। ਪਰ ਉਹਨੂੰ ਪਤਾ ਹੈ :

***ਅਪਨੇ ਲੋਭ ਕਉ ਕੀਨੋ ਮੀਤੁ॥***

ਲੋਭ ਵਸ ਹੋ ਕੇ ਮੇਰੇ ਨਾਲ ਜੁੜਿਆ ਹੈ ਪਰ ਸਤਿਗੁਰੂ ਕਰਦੇ ਕੀ?

***ਸਗਲ ਮਨੋਰਥ ਮੁਕਤਿ ਪਦੁ ਦੀਤੁ॥ ੧ ॥***

ਆਖੋ : ਵਾਹਿਗੁਰੂ-ਵਾਹਿਗੁਰੂ। ਤੇ ਫਿਰ ਸਾਹਿਬ ਕਹਿੰਦੇ :

***ਐਸਾ ਮੀਤੁ ਕਰਹੁ ਸਭੁ ਕੋਇ॥***

ਫਿਰ ਇਹੋ ਜਿਹੇ ਨਾਲ ਯਾਰੀ ਲਾਓ :

***ਐਸਾ ਮੀਤੁ ਕਰਹੁ ਸਭੁ ਕੋਇ॥***

***ਜਾ ਤੇ ਬਿਰਥਾ ਕੋਇ ਨ ਹੋਇ॥ ੧ ॥ ਰਹਾਉ॥*** (ਅੰਗ ੧੯੫)

ਪਿਆਰਿਆ ! ਦੁਨਿਆਵੀ ਮਿੱਤਰਾਂ ਨਾਲ ਯਾਰੀ ਪਾਏਂਗਾ, ਜਦੋਂ ਮਾਇਆ ਗਈ, ਸਾਰਿਆਂ ਨੇ ਸਾਥ ਛੱਡ ਦੇਣਾ ਹੈ, ਸੁੱਖ ਗਏ, ਸਭ ਨੇ ਸਾਥ ਛੱਡ ਦੇਣਾ ਹੈ। ਮਾਇਆ ਜਾਣ ਦੀ ਦੇਰ ਏ, ਸਾਰੇ ਸੰਗੀ-ਸਾਥੀ ਛੁੱਟ ਜਾਂਦੇ ਨੇ। ਓ ਭੋਲਿਆ ! ਜੇ ਦੁਨੀਆਂ ਦੇ ਮਿੱਤਰ ਬਣਾਏਂਗਾ, ਦੁਨਿਆਵੀ ਮਿੱਤਰ ਜਿਉਂਦਿਆਂ-ਜੀਅ ਸਾਥ ਛੱਡ ਦੇਣਗੇ। ਪਰ ਜੇ ਗੁਰੂ ਰਾਮਦਾਸ, ਬਾਬਾ ਦੀਪ ਸਿੰਘ ਨੂੰ ਆਪਣਾ ਮਿੱਤਰ ਬਣਾਏਂਗਾ, ਉਹ ਇਹੋ ਜਿਹੇ ਮਿੱਤਰ ਨੇ, ਮਰਨ ਤੋਂ ਬਾਅਦ ਵੀ ਤੇਰਾ ਸਾਥ ਨਹੀਂ ਛੱਡਣਗੇ।

ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਉਹਦੇ ਨਾਲ ਆਪਣੀ ਯਾਰੀ ਲਾਈਏ ਪਿਆਰਿਓ ! ਜਿਹੜਾ ਜਿਉਂਦਿਆਂ ਵੀ ਸਾਥ ਦਿੰਦਾ ਹੈ ਤੇ ਮਰਨ ਤੋਂ ਬਾਅਦ ਵੀ ਬਾਂਹ ਨਹੀਂ ਛੱਡਦਾ। ਇਕ ਵਾਰ ਬੋਲੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।...ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਫਿਰ ਉਹਦੇ ਨਾਲ ਯਾਰੀ ਲਾਈਏ, ਉਹਨੂੰ ਆਪਣਾ ਮਿੱਤਰ ਬਣਾਈਏ, ਜਿਹੜਾ ਇਸ ਲੋਕ ਵਿਚ ਵੀ ਤੇ ਪ੍ਰਲੋਕ ਵਿਚ ਵੀ ਸਾਡੀ ਬਾਂਹ ਫੜੀ ਰੱਖਦਾ ਹੈ। ਜਿਹੜਾ ਹਲਤ ਵੀ ਸਵਾਰਦਾ ਹੈ ਤੇ ਪਲਤ ਵੀ ਸਵਾਰਦਾ ਹੈ। ਅੱਜ ਪੱਕਾ ਪ੍ਰਣ ਕਰੀਏ, ਕੱਲ ਪਿਤਾ ਜੀ ਦਾ ਆਗਮਨ ਪੁਰਬ ਏ ਤੇ ਇਹ ਪੱਕਾ ਪ੍ਰਣ ਕਰੀਏ, ਅਸੀਂ ਗੁਰੂ ਰਾਮਦਾਸ ਪਿਤਾ ਜੀ ਦੇ ਚਰਨਾਂ ਦੇ ਨਾਲ ਆਪਣਾ ਨਾਤਾ ਜੋੜਣਾ ਹੀ ਜੋੜਣਾ ਹੈ। ਤੁਸੀਂ ਪਿਆਰ ਭਰਿਆ ਉੱਦਮ ਕਰੋ, ਇਕ ਕਦਮ ਪਿਆਰ ਦਾ ਵਧਾਓ, ਪਿਆਰਿਓ ! ਉਹ ਤੇ ਕਰੋੜਾਂ ਕਦਮ ਅਗਾਂਹ ਹੋ ਕੇ ਬਹੁੜੀ ਕਰੇਗਾ। ਉਹਦੇ ਨਾਲ ਅੰਦਰੋਂ ਆਪਣੀ ਯਾਰੀ ਪਾਈਏ।

ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਹੁਣ ਇਸ ਸ਼ਬਦ ਦੇ ਵਿਚ ਸਤਿਗੁਰਾਂ ਨੇ ਹੋਰ ਕੀ-ਕੀ ਫੁਰਮਾਨ ਕੀਤਾ ਏ, ਮੈਂ ਬੇਨਤੀ ਕਰਦਾਂ, ਪੜ੍ਹਿਓ ! ਪਿਆਰ ਨਾਲ :

***ਜਨ ਕੌ ਪ੍ਰਭੁ ਸੰਗੇ ਅਸਨੇਹੁ॥***

ਕਹਿੰਦੇ—ਹੇ ਧੰਨ ਗੁਰੂ ਰਾਮਦਾਸ ਗੁਰੂ ਪ੍ਰਮੇਸ਼ਰ ਸਾਂਈ ਜੀ ! ਤੁਸੀਂ ਆਪਣੇ ਸੇਵਕਾਂ

ਦੇ ਸਿਰ ਦੇ ਉਤੇ ਹਰ ਵੇਲੇ ਮਿਹਰ ਭਰਿਆ ਹੱਥ ਰੱਖਦੇ ਹੋ, ਆਪਣੇ ਸੇਵਕਾਂ ਦੇ ਸਿਰ ਦੇ ਉਤੇ ਰਾਖੇ ਬਣ ਕੇ ਨਿਭਦੇ ਹੋ ਤੇ ਸੇਵਕ ਕੌਣ ਏ? ਜਿਹੜੇ ਤੁਹਾਡੇ ਚਰਨਾਂ ਦੇ ਨਾਲ ਅੰਦਰੋਂ ਪ੍ਰੀਤੀ ਕਰਦੇ ਨੇ, ਜਿਨ੍ਹਾਂ ਦੇ ਹਿਰਦੇ ਵਿਚ ਤੁਹਾਡਾ ਪਿਆਰ ਟਿਕਿਆ ਰਹਿੰਦਾ ਹੈ। ਹਰ ਵੇਲੇ ਤੁਸੀਂ ਫਿਰ ਉਨ੍ਹਾਂ ਦੇ ਸਿਰ ਦੇ ਉਤੇ ਰਾਖੇ ਬਣ ਕੇ ਉਨ੍ਹਾਂ ਦੀ ਰਖਵਾਲੀ ਕਰਦੇ ਹੋ। ਅੱਗੇ ਜੀ :

***ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥ ੧॥ ਰਹਾਉ॥***

ਹੇ ਪ੍ਰਭੂ ਜੀ ! ਹੇ ਪ੍ਰਮੇਸ਼ਰ ਜੀ ! ਮਾਲਕ ਪਿਤਾ ਜੀ ! ਤੁਸੀਂ ਮੇਰੇ ਸੱਜਣ ਹੋ। ਤੁਸੀਂ ਮੇਰੇ ਮਿੱਤਰ ਹੋ ਤੇ ਮਿੱਤਰ ਵੀ ਇਹੋ ਜਿਹੇ ਹੋ ਕਿ ਕਿਸੇ ਦੇ ਘਰ ਵਿਚ ਬਹੁਤ ਕੁੱਛ ਤੇ ਹੋ ਸਕਦਾ, ਸਭ ਕੁਝ ਨਹੀਂ। ਸਭ ਕੁਝ ਹੈ ਤੇ ਕੇਵਲ ਤੇ ਕੇਵਲ ਤੁਹਾਡੇ ਘਰ ਦੇ ਵਿਚ। ਤੁਸੀਂ ਇਹੋ ਜਿਹੇ ਮੇਰੇ ਮਿੱਤਰ ਹੋ, ਇਹੋ ਜਿਹੇ ਸੱਜਣ ਹੋ, ਜਿਸ ਸੱਜਣ ਦੇ ਘਰ ਦੇ ਵਿਚ ਸਭ ਕੁਝ ਮੌਜੂਦ ਏ। ਅੱਗੇ ਜੀ :

***ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥ ੧॥***

ਹੇ ਗੁਰ ਪ੍ਰਮੇਸ਼ਰ ਸਾਂਈਂ ਗੁਰੂ ਰਾਮਦਾਸ ਜੀ ! ਤੁਹਾਡੇ ਘਰ ਵਿਚ ਸਭ ਕੁੱਛ ਮੌਜੂਦ ਏ ਤੇ ਮੈਂ ਤੁਹਾਡੇ ਕੋਲੋਂ ਇੱਜ਼ਤ ਮੰਗਦਾ ਹਾਂ। ਹਰ ਪਾਸੇ ਮੇਰੀ ਇੱਜ਼ਤ ਹੋਵੇ। ਹਰ ਪਾਸੇ ਇੱਜ਼ਤ ਹੋਵੇ ਤੇ ਪਿਤਾ ਜੀ ! ਇੱਜ਼ਤ ਦੇ ਨਾਲ-ਨਾਲ ਤੁਹਾਡਾ ਸਹਾਰਾ, ਤੁਹਾਡਾ ਆਸਰਾ ਵੀ ਮੰਗਦਾ ਹਾਂ, ਤੁਹਾਡੇ ਆਸਰੇ ਤੋਂ ਬਿਨਾਂ ਮੈਂ ਇਕ ਕਦਮ ਵੀ ਨਹੀਂ ਚੱਲ ਸਕਦਾ। ਤੁਹਾਡਾ ਆਸਰਾ ਵੀ ਮੇਰੇ ਕੋਲ ਹੋਵੇ, ਮੇਰੀ ਇੱਜ਼ਤ ਵੀ ਬਣੇ ਤੇ ਮੈਨੂੰ ਧਨ ਪਦਾਰਥ ਵੀ ਮਿਲਣ। ਮੈਂ ਗ੍ਰਹਿਸਤੀ ਹਾਂ, ਮੈਨੂੰ ਧਨ ਪਦਾਰਥਾਂ ਦੀ ਲੋੜ ਬੜੀ ਏ, ਕਿਉਂਕਿ ਇਹ ਬਾਬਾ ਨੰਦ ਸਿੰਘ ਜੀ ਦੇ ਬਚਨ ਨੇ, ਕਹਿੰਦੇ—"ਉਹ ਗ੍ਰਹਿਸਤੀ ਕੌਡੀ ਦਾ ਨਹੀਂ, ਜਿਹਦੇ ਕੋਲ ਮਾਇਆ ਨਹੀਂ ਤੇ ਉਹ ਸਾਧੂ ਵੀ ਕੌਡੀ ਦਾ ਨਹੀਂ, ਜਿਹੜਾ ਮਾਇਆ ਦੇ ਨਾਲ ਜੱਫਾ ਪਾ ਕੇ ਬੈਠਾ ਹੈ।" ਆਖੋ : ਵਾਹਿਗੁਰੂ-ਵਾਹਿਗੁਰੂ।

ਪਿਤਾ ਜੀ ! ਤੁਹਾਡੇ ਦਰ ਤੋਂ ਮੈਂ ਇੱਜ਼ਤ ਵੀ ਮੰਗਦਾਂ, ਤੁਹਾਡਾ ਸਹਾਰਾ ਵੀ ਮੰਗਦਾਂ, ਤੁਹਾਡਾ ਆਸਰਾ ਵੀ ਮੰਗਦਾਂ। ਧਨ ਪਦਾਰਥ ਵੀ ਤੇ ਪੁੱਤਰਾਂ, ਧੀਆਂ ਦੀ ਮੰਗ ਵੀ ਮੈਂ ਤੁਹਾਡੇ ਕੋਲੋਂ ਕਰ ਰਿਹਾਂ ਤੇ ਜਿੱਥੇ ਆਹ ਕਿਰਪਾ ਕਰੋ, ਮੈਨੂੰ ਤੰਦਰੁਸਤੀ ਵੀ ਬਖ਼ਸ਼ੋ। ਸਰੀਰਕ ਦੇਹ ਅਰੋਗਤਾ ਵੀ ਮੇਰੀ ਝੋਲੀ ਦੇ ਵਿਚ ਪਾਓ। ਸਰੀਰ ਮੇਰਾ ਅਰੋਗ ਰਹੇ, ਸਰੀਰਕ ਅਰੋਗਤਾ ਵੀ ਮੈਂ ਤੁਹਾਡੇ ਕੋਲੋਂ ਹੀ ਮੰਗਦਾ ਹਾਂ।

***ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥***

ਹੇ ਪ੍ਰਮੇਸ਼ਰ ਸਾਂਈ ! ਤੁਸੀਂ ਵਿਕਾਰਾਂ ਤੋਂ ਖਲਾਸੀ ਦੇਣ ਵਾਲੇ ਹੋ, ਜੀਵਨ ਦੀ ਸਹੀ ਜਾਚ ਸਿਖਾਉਣ ਵਾਲੇ ਵੀ ਤੁਸੀਂ, ਮੈਨੂੰ ਰੋਜ਼ੀ ਰੋਟੀ, ਭੋਜਨ ਦੇਣ ਵਾਲੇ ਵੀ ਤੁਸੀਂ ਤੇ ਸਭ ਤੋਂ ਉੱਚੇ ਅਨੰਦ ਤੇ ਸੁੱਖਾਂ ਦੇ ਖ਼ਜ਼ਾਨੇ ਦੇਣ ਵਾਲੇ ਵੀ ਤੁਸੀਂ ਆਪ ਹੀ ਹੋ।

ਆਖੋ : ਵਾਹਿਗੁਰੂ-ਵਾਹਿਗੁਰੂ।

*ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ॥ ੨॥ ੪॥ ੪੯॥*

ਮਾਲਕ ਪਿਤਾ ਜੀ ਕਹਿੰਦੇ—ਮੈਂ ਤੁਹਾਡੇ ਤੋਂ ਸਦਕੇ ਜਾਂਦਾ ਹਾਂ ਤੇ ਉਨ੍ਹਾਂ ਤੋਂ ਵੀ ਸਦਕੇ ਜਾਂਦਾ ਹਾਂ, ਜਿਹੜੇ ਤੁਹਾਡੇ ਨਿਰਮਲ ਭਉ ਦੇ ਵਿਚ ਟਿਕ ਤੁਹਾਡੀ ਭਗਤੀ ਕਰਦੇ ਨੇ, ਮੈਂ ਉਨ੍ਹਾਂ ਤੋਂ ਵੀ ਵਾਰਨੇ, ਬਲਿਹਾਰਨੇ ਜਾਂਦਾ ਹਾਂ। ਦੇਖੋ ! ਕਿੱਡੀ ਪਿਆਰੀ ਸੁਮੱਤ ਦਿੱਤੀ ਏ। ਇਹ ਕੀ ਇਸ਼ਾਰਾ ਐ ਕਿ ਭੋਲਿਆ ! ਜਦੋਂ ਤੂੰ ਕੋਈ ਫਾਈਲ ਰੱਖੀ, ਗੁਰੂ ਰਾਮਦਾਸ ਜੀ ਦੇ ਟੇਬਲ 'ਤੇ, ਸਮਝ ਲੈ ਤੇਰੇ ਕਿਸੇ ਔਗੁਣ ਕਰਕੇ ਨਹੀਂ ਮਨਜ਼ੂਰ ਹੋ ਰਹੀ। ਤੂੰ ਬਾਬਾ ਦੀਪ ਸਿੰਘ ਵਰਗਿਆਂ ਨੂੰ ਵਿਚੋਲਾ ਪਾ ਲੈ, ਗੁਰੂ ਤੇਰੀ ਫਾਈਲ ਨੂੰ ਰਿਜੈਕਟ ਕਰ ਹੀ ਨਹੀਂ ਸਕਦਾ।

ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਸਤਿਗੁਰੂ ਕਿਰਪਾ ਕਰੇ, ਅੱਜ ਦੇ ਸ਼ਬਦ ਦੇ ਵਿਚ ਬਹੁਤ ਹੀ ਪਿਆਰੀ ਸੁਮੱਤ ਮਾਲਕ ਨੇ ਬਖ਼ਸ਼ੀ ਏ। ਗੁਰੂ ਰਾਮਦਾਸ ਪਿਤਾ ਜੀ ਦੇ ਆਗਮਨ ਪੁਰਬ ਦੀਆਂ ਸਾਰੀਆਂ ਸੰਗਤਾਂ ਨੂੰ ਵਧਾਈਆਂ। ਕੱਲ ਦੇ ਦੀਵਾਨ ਵਿਚ ਫਿਰ ਤੁਹਾਡੇ ਦੀਦਾਰ ਹੋਣ। ਇਸ ਚੀਜ਼ ਨੂੰ ਮੁੱਖ ਰੱਖ ਕੇ ਮੈਂ ਆਗਿਆ ਮੰਗਦਾਂ। ਪਿਆਰ ਨਾਲ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਗੁਰ ਰਾਮਦਾਸ ਤੇਰੀ ਸਰਣ॥

(ਅੰਗ ੧੪੦੬)

ਧੰਨ ਗੁਰੂ ਰਾਮਦਾਸ ਜੀ-ਧੰਨ ਗੁਰੂ ਰਾਮਦਾਸ ਜੀ।

ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਆਓ ! ਬੜੇ ਪਿਆਰ ਵਿਚ ਸ਼ਬਦ ਪੜ੍ਹੀਏ ਭੱਟ ਸਲ੍ਹ ਜੀ ਦਾ ਉਚਾਰਣ ਕੀਤਾ ਸਵੱਈਆ ਹੈ ੧੪੦੬ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤੇ ਦਰਜ ਹੈ। ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਉਤੇ ਦੇਖੋ, ਕਿੱਡੀ ਤਗੜੀ ਭਾਵਨਾ ਭੱਟ ਸਾਹਿਬਾਨ ਨੇ ਬਣਾਈ ਏ। ਮੈਂ ਕਹਿਨਾ, ਜਦੋਂ ਭੱਟਾਂ ਦੇ ਸਵੱਈਏ ਪੜ੍ਹੀਐ ਤੇ ਭਾਵਨਾ ਟਿਕਦੀ ਏ ਗੁਰੂ ਰਾਮਦਾਸ 'ਤੇ ਗੁਰ ਪ੍ਰਮੇਸ਼ਰ ਵਰਗੀ ਭਾਵਨਾ ਬਣਦੀ ਏ। ਜਦੋਂ ਭੱਟਾਂ ਦੇ ਸਵੱਈਏ ਪਿਆਰ ਵਿਚ ਪੜ੍ਹਦੇ ਹੋ ਪਿਆਰਿਓ ! ਜਿਹੜਾ ਇਹ ਸਵੱਈਏ ਪਿਆਰ ਵਿਚ ਪੜ੍ਹਦਾ ਹੈ, ਪਿਆਰ ਨਾਲ ਸੁਣਦਾ ਹੈ ਉਹ ਰੱਬ ਵੱਖਰਾ ਤੇ ਗੁਰੂ ਰਾਮਦਾਸ ਜੀ ਵੱਖਰਾ ਨਹੀਂ ਸਮਝਦਾ।

ਜਦੋਂ ਭੱਟਾਂ ਦੇ ਸਵੱਈਏ ਪੜ੍ਹੋ ਫਿਰ ਰੱਬ ਵੱਖਰਾ, ਗੁਰੂ ਵੱਖਰਾ, ਇਹ ਨਹੀਂ ਭੱਟ ਕਹਿੰਦੇ? ਆ ਤੈਨੂੰ ਮੈਂ ਦੱਸਾਂ, ਗੁਰੂ ਰਾਮਦਾਸ ਵਿਚ ਤੇ ਰੱਬ ਵਿਚ ਕੋਈ ਫ਼ਰਕ ਹੈ ਹੀ ਨਹੀਂ। ਭੱਟ ਸਾਹਿਬ ਕਹਿੰਦੇ :

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*** (ਅੰਗ ੧੪੦੬)

ਹੇ ਗੁਰੂ ਰਾਮਦਾਸ ਜੀ ! ਚਾਰੇ ਜੁੱਗਾਂ ਵਿਚ ਤੁਸੀਂ ਆਪ ਹੀ ਵਰਤ ਰਹੇ ਹੋ। ਸਤਿਜੁਗ ਵਿਚ ਵੀ, ਤ੍ਰੇਤੇ ਵਿਚ ਵੀ, ਦੁਆਪਰ ਵਿਚ ਵੀ, ਕਲਜੁਗ ਵਿਚ ਵੀ। ਕੋਈ ਹੋਰ ਨਹੀਂ, ਗੁਰ ਪ੍ਰਮੇਸ਼ਰ ਸਾਈਂ ਤੁਸੀਂ ਹੀ ਵਰਤ ਰਹੇ ਹੋ। ਤੁਸੀਂ ਹੀ ਪ੍ਰਮੇਸ਼ਰ ਹੋ, ਪ੍ਰਮੇਸ਼ਰ ਹੋਰ ਕੋਈ ਵੱਖਰਾ ਨਹੀਂ। ਸਤਿਜੁਗ ਵਿਚ ਵੀ ਤੁਸੀਂ ਪ੍ਰਮੇਸ਼ਰ ਸੀ, ਤ੍ਰੇਤੇ ਵਿਚ ਵੀ ਤੁਸੀਂ ਪ੍ਰਮੇਸ਼ਰ ਸੀ, ਦੁਆਪਰ ਵਿਚ ਵੀ ਤੁਸੀਂ ਪ੍ਰਮੇਸ਼ਰ ਸੀ ਗੁਰੂ ਰਾਮਦਾਸ ਤੇ ਕਲਜੁਗ ਵੇਲੇ ਵੀ ਤੁਸੀਂ ਆਪ ਹੀ ਬੈਠੇ ਹੋ। ਆਖੋ : ਧੰਨ ਗੁਰੂ ਰਾਮਦਾਸ। ਧੰਨ ਗੁਰੂ ਰਾਮਦਾਸ।

***ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥*** (ਅੰਗ ੧੪੦੬)

ਕਹਿੰਦੇ—ਦੇਵੀ ਦੇਵਤੇ ਵੀ, ਮਨੁੱਖ ਵੀ, ਸਾਧਿਕ ਵੀ ਜਿਹੜੇ ਸਾਧਨਾ ਕਰਦੇ ਨੇ, ਸਿਧ ਵੀ ਤੇ ਸਿੱਖ ਵੀ ਕਹਿੰਦੇ—ਸ਼ੁਰੂ ਤੋਂ ਲੈ ਕੇ ਹੁਣ ਤੱਕ ਸਾਰੇ ਹੀ ਤੈਨੂੰ ਸੇਂਵਦੇ ਨੇ। ਸਾਰੇ ਤੇਰੀ ਹੀ ਅਰਾਧਨਾ ਕਰਦੇ ਨੇ, ਤੇਰੀ ਹੀ ਸੇਵਾ ਕਰਦੇ ਨੇ, ਸਾਰੇ ਤੇਰੇ ਹੀ ਮੁਰੀਦ ਨੇ, ਭਾਵੇਂ

ਕੋਈ ਦੇਵੀ-ਦੇਵਤਾ ਏ, ਭਾਵੇਂ ਕੋਈ ਯੋਗ ਸਾਧਨਾ ਕਰਨ ਵਾਲਾ ਏ, ਭਾਵੇਂ ਕੋਈ ਦੈਵੀ ਪੁਰਸ਼ ਏ, ਭਾਵੇਂ ਕੋਈ ਅਭਿਆਸੀ ਪੁਰਸ਼ ਏ, ਭਾਵੇਂ ਕੋਈ ਪੂਰਨ ਪੁਰਸ਼ ਏ, ਬ੍ਰਹਮ ਗਿਆਨੀ ਏ, ਭਾਵੇਂ ਕੋਈ ਮੁਰੀਦ ਏ, ਭਾਵੇਂ ਕੋਈ ਸੇਵਾਦਾਰ ਏ, ਜਿਹੜਾ ਜਿੱਥੇ-ਜਿੱਥੇ ਵੀ ਲੱਗਿਆ ਏ, ਭੱਟ ਸਾਹਿਬ ਕਹਿੰਦੇ—ਮੈਨੂੰ ਤੇ ਇਉਂ ਹੀ ਪ੍ਰਤੀਤ ਹੁੰਦਾ ਏ ਸਾਰੇ ਤੇਰੀ ਹੀ ਸੇਵਾ ਵਿਚ ਹੀ ਹਾਜ਼ਰ ਨੇ, ਕਿਉਂਕਿ ਗੁਰੂ ਰਾਮਦਾਸ ਜੀ :

*ਤੂ ਸਤਿਗੁਰੁ ਚਹੁ ਜੁਗੀ*

ਸਾਰੇ ਬੋਲੋ :

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥*

ਅੱਗੇ ਕਹਿੰਦੇ :

*ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥* (ਅੰਗ ੧੪੦੬)

ਕਹਿੰਦੇ—ਆਦਿ ਤੋਂ ਸ਼ੁਰੂਆਤ ਤੋਂ। ਆਦਿ ਤੋਂ ਵੀ ਤੇ ਜੁੱਗਾਂ ਦੇ ਆਦਿ ਤੋਂ ਵੀ, ਇਕ ਹੈ ਸ਼ੁਰੂਆਤ, ਸ਼ੁਰੂਆਤ ਹੋਈ, ਸ਼ੁਰੂਆਤ ਕਰਨ ਵਾਲੇ ਵੀ ਤੁਸੀਂ ਇਸ ਸ੍ਰਿਸ਼ਟੀ ਦੇ ਆਪ ਹੀ ਹੋ। ਨਿਰੰਕਾਰ ਹੋ ਤੁਸੀਂ। ਤੁਸੀਂ ਹੀ ਸਭ ਤੋਂ ਪਹਿਲੇ ਤੁਹਾਡੇ ਪਹਿਲੇ ਤੇ ਕੁਝ ਹੈ ਹੀ ਨਹੀਂ ਸੀ। ਆਦਿ ਤੋਂ ਤੁਸੀਂ ਹੀ ਹੋ। ਜੁੱਗਾਂ ਨੂੰ ਬਣਾਉਣ ਵਾਲੇ ਵੀ ਤੁਸੀਂ ਹੀ ਹੋ ਧੰਨ ਗੁਰੂ ਰਾਮਦਾਸ ਜੀ। ਤਿੰਨਾਂ ਲੋਕਾਂ ਦੇ ਵਿਚ ਆਪ ਤੁਸੀਂ ਆਪ ਸੱਤਾਧਾਰੀ ਹੋ ਕੇ ਬੈਠੇ ਹੋਏ ਹੋ।

ਤੁਸੀਂ ਜੁੱਗਾਂ ਦੇ ਸ਼ੁਰੂ ਵਿਚ, ਅਰੰਭ ਵਿਚ, ਕਿਉਂਕਿ ਜੱਗ ਤੁਹਾਡੇ ਤੋਂ ਬਿਨਾਂ ਹੈ ਹੀ ਨਹੀਂ, ਸ੍ਰਿਸ਼ਟੀ ਤੁਹਾਡੇ ਤੋਂ ਬਿਨਾਂ ਹੈ ਹੀ ਨਹੀਂ ਤੇ ਤੁਸੀਂ ਸਾਰਿਆਂ ਨੂੰ ਆਸਰਾ ਦੇਣ ਵਾਲੇ ਹੋ। ਤੁਸੀਂ ਹੀ ਸਾਰਿਆਂ ਦੇ ਵਿਚ ਆਪਣੀ ਸੱਤਾ ਧਾਰ ਕੇ ਬੈਠੇ ਹੋਏ ਹੋ। ਤੁਸੀਂ ਸਾਰਿਆਂ ਦੇ ਸਹਾਰੇ ਆਪ ਹੋ।

*ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥*

ਅੱਗੇ ਕਹਿੰਦੇ :

*ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥* (ਅੰਗ ੧੪੦੬)

ਸਲ੍ਹ ਭੱਟ ਜੀ ਕਹਿੰਦੇ—ਹੇ ਗੁਰੂ ਰਾਮਦਾਸ ਜੀ ! ਮੇਰੇ ਲਈ ਤੇ ਤੁਸੀਂ ਉਹ ਹੋ, ਵੇਦ ਸ਼ਾਸਤਰਾਂ ਨੂੰ ਜਿੰਨੇ ਬਚਾਇਆ ਸੀ (ਵਰਾਹ ਰੂਪ ਹੋ ਕੇ)। ਤੁਸੀਂ ਬੁਢੇਪੇ ਦੇ ਸਮੇਂ ਵੀ ਜਮਾਂ ਦੇ ਉਤੇ ਅਸਵਾਰ ਹੋ, ਭਾਵ ਆਪ ਨੂੰ ਇਨ੍ਹਾਂ ਦਾ ਡਰ ਹੈ ਹੀ ਨਹੀਂ ਹੈ, ਨਾ ਬੁਢੇਪੇ ਦਾ ਤੁਹਾਨੂੰ ਡਰ, ਕਿਉਂਕਿ ਤੁਸੀਂ ਤੇ ਪ੍ਰਮੇਸ਼ਰ ਹੋ, ਜੂਨਾਂ ਤੋਂ ਬਾਹਰ ਹੋ ਤੇ ਨਾ ਹੀ ਜਮਾਂ ਦਾ ਤੁਹਾਨੂੰ ਡਰ, ਕਿਉਂਕਿ ਜਮ ਵੀ ਤੁਹਾਡੇ ਹੁਕਮ ਦੇ ਵਿਚ ਹੀ ਚਲਦੇ ਹਨ। ਜਮਾਂ ਦੇ ਸਿਰ ਦੇ ਉਤੇ ਅਸਵਾਰੀ ਕਰਦੇ ਹੋ ਤੁਸੀਂ। ਜਮ ਤੁਹਾਡੇ ਹੁਕਮ 'ਚ ਚਲਦੇ ਨੇ। ਜਮ ਵੀ ਤੁਹਾਡੇ ਕੋਲੋਂ ਡਰਦੇ ਨੇ। ਹਰ ਕੋਈ ਤੁਹਾਡੇ ਹੁਕਮ ਵਿਚ ਚਲ ਰਿਹਾ ਹੈ। ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਤੁਹਾਡੇ ਇਸ਼ਾਰਿਆਂ ਦੇ ਨਾਲ ਚਲ ਰਹੀ ਏ। ਧੰਨ ਗੁਰੂ ਰਾਮਦਾਸ ਜੀ ਕਿਉਂ

ਚਲ ਰਹੀ ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਤੁਹਾਡੇ ਹੁਕਮ ਦੇ ਵਿਚ, ਕਿਉਂਕਿ :

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥***

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।..... ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ। ਅੱਗੇ ਕਹਿੰਦੇ :

***ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥***

ਕਹਿੰਦੇ—ਗੁਰੂ ਅਮਰਦਾਸ ਜੀ ਨੇ ਤੁਹਾਨੂੰ ਅਟੱਲ ਕਰ ਦਿੱਤਾ ਤੇ ਤੁਸੀਂ ਮੁਕਤ ਹੋ ਤੇ ਜਿਹੜਾ ਵੀ ਤੁਹਾਡੇ ਚਰਨਾਂ ਨਾਲ ਲੱਗ ਜਾਂਦਾ ਹੈ, ਤੁਸੀਂ ਉਨ੍ਹਾਂ ਨੂੰ ਵੀ ਮੁਕਤ ਕਰ ਦਿੰਦੇ ਹੋ। ਤੁਸੀਂ ਆਪ ਤੇ ਮੁਕਤ ਹੋ, ਤੁਸੀਂ ਰੱਬ ਹੋ, ਪ੍ਰਮੇਸ਼ਰ ਹੋ ਤੇ ਸਾਰੇ ਜਹਾਨ ਨੂੰ ਮੁਕਤੀ ਦੇਣ ਵਾਲੇ, ਮੁਕਤੀ ਦੇ ਦਾਤੇ ਵੀ ਤੁਸੀਂ ਆਪ ਹੀ ਹੋ। ਸਾਰਿਆਂ ਨੂੰ ਪਾਰ ਉਤਾਰਨ ਵਾਲੇ, ਪਾਰ ਉਤਾਰਾ ਕਰਨ ਵਾਲੇ, ਇਕ ਵੱਡੇ ਜਹਾਜ਼ ਦੀ ਨਿਆਈਂ ਹੋ ਤੁਸੀਂ। ਜਿਹੜਾ ਵੀ ਸ਼ਰਧਾ ਤੇ ਭਾਵਨਾ ਦੇ ਨਾਲ ਤੁਹਾਡੀ ਵਡਿਆਈ ਕਰਦਾ ਹੈ, ਤੁਹਾਡੇ ਸਿਫਤ ਰੂਪ ਜਹਾਜ਼ ਵਿਚ ਚੜ੍ਹਦਾ ਹੈ, ਤੁਸੀਂ ਉਹਨੂੰ ਵੀ ਮੁਕਤ ਕਰ ਦਿੰਦੇ ਹੋ।

ਗੁਰੂ ਅਮਰਦਾਸ ਜੀ ਨੇ ਤੁਹਾਨੂੰ ਅਟੱਲ ਕਰ ਦਿੱਤਾ। ਤੁਸੀਂ ਤੇ ਮੁਕਤ ਹੋ ਹੀ, ਜਿਹੜਾ ਤੁਹਾਡੇ ਚਰਨਾਂ ਦੇ ਨਾਲ ਜੁੜਦਾ ਹੈ, ਮੁਕਤੀ ਉਹਦੇ ਚਰਨਾਂ ਵੱਲ ਵੀ ਤੁਸੀਂ ਆਪ ਹੀ ਤੋਰ ਦਿੰਦੇ ਹੋ। ਉਹਨੂੰ ਵੀ ਤੁਸੀਂ ਮੁਕਤ ਹੀ ਕਰ ਦਿੰਦੇ ਹੋ। ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਤੇ ਸਲ੍ਹ ਭੱਟ ਜੀ ਕਹਿੰਦੇ—ਹੇ ਗੁਰੂ ਰਾਮਦਾਸ ! ਮੈਂ ਇਕ ਚੀਜ਼ ਨੋਟ ਕੀਤੀ ਏ ਕਿ ਜਿਹੜਾ ਵੀ ਬੰਦਾ ਤੁਹਾਡੀ ਸ਼ਰਣ ਵਿਚ ਆਇਆ ਹੈ, ਉਹ ਫਿਰ ਪਾਪਾਂ ਤੇ ਜਮਾਂ ਤੋਂ ਡਰਦਾ ਨਹੀਂ। ਭਾਵ ਪਾਪਾਂ ਦੀ ਪ੍ਰਵਾਹ ਨਹੀਂ ਕਰਦਾ, ਡਰਦਾ ਨਹੀਂ ਪਾਪਾਂ ਤੋਂ, ਕਿਉਂਕਿ ਤੁਸੀਂ ਉਹਦੇ ਸਾਥੀ ਹੋ। ਤੇ ਤੁਸੀਂ ਉਹਦੇ ਅੰਦਰ ਇਹੋ ਜਿਹੀ ਚੀਜ਼ ਭਰ ਦਿੱਤੀ ਏ ਕਿ ਉਹਨੂੰ ਕਿਸੇ ਬਦੀ ਦਾ ਡਰ ਹੈ ਹੀ ਨਹੀਂ, ਮਾੜੀ ਚੀਜ਼ ਦਾ ਡਰ ਹੈ ਹੀ ਨਹੀਂ, ਕਿਸੇ ਪਾਪ ਦਾ ਅੰਦਰ ਡਰ, ਪਾਪ ਦਾ ਜੋ ਭੈਅ ਹੀ ਨਹੀਂ। ਕਿਉਂਕਿ ਉਹ ਪਾਪਾਂ ਤੋਂ ਮੁਕਤ ਹੋ ਗਏ। ਡਰੇ ਤੇ ਉਹ, ਜਿਹੜਾ ਪਾਪ ਕਮਾਵੇ। ਉਹ ਪਾਪ ਕਮਾਉਂਦਾ ਹੀ ਨਹੀਂ ਤੇ ਡਰ ਫਿਰ ਕਾਹਦਾ। ਉਹ ਤੇ ਫਿਰ ਪਾਪਾਂ ਤੋਂ ਵੀ ਤੇ ਜਮਾਂ ਤੋਂ ਵੀ ਡਰਦਾ ਨਹੀਂ। ਜਮਾਂ ਦੀ ਵੀ ਪ੍ਰਵਾਹ ਨਹੀਂ ਕਰਦਾ। ਪਾਪਾਂ ਤੋਂ ਵੀ ਉਹਨੂੰ ਡਰ ਨਹੀਂ ਲੱਗਦਾ। ਕਿਉਂ ਨਹੀਂ ਲੱਗਦਾ? ਕਿਉਂਕਿ ਉਹਦਾ ਜਿਹੜਾ ਜੀਵਨ ਏ, ਉਹ ਪੁੰਨਾਂ ਵਾਲਾ ਬਣ ਗਿਆ। ਪਾਪਾਂ ਤੋਂ ਉਹਦੇ ਅੰਦਰੋਂ ਉਹਨੂੰ ਛੁਟਕਾਰਾ ਮਿਲ ਚੁੱਕਿਆ ਹੈ। ਕਹਿ ਦਿਓ : ਧੰਨ ਗੁਰੂ ਰਾਮਦਾਸ ਜੀ।.....ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਤੇ ਜਾਂ ਇਦਾਂ ਵੀ ਕਹਿ ਲਈਏ—ਹੇ ਗੁਰੂ ਰਾਮਦਾਸ ਪਿਤਾ ! ਸਲ੍ਹ ਭੱਟ ਜੀ ਕਹਿੰਦੇ, ਜਿਹੜੇ ਬੰਦੇ ਤੁਹਾਡੀ ਸ਼ਰਣ ਵਿਚ ਆ ਜਾਂਦੇ ਨੇ, ਤੁਸੀਂ ਤੇ ਪਾਪਾਂ ਦਾ ਨਾਸ ਕਰਨ ਵਾਲੇ

ਹੋ, ਜਮਾਂ ਦਾ ਭੈਅ ਵੀ ਤੁਸੀਂ ਆਪ ਹੀ ਮੁਕਾਉਣ ਵਾਲੇ ਹੋ। ਇਸ ਕਰਕੇ ਮੈਂ ਤੁਹਾਡੀ ਸ਼ਰਣ ਵਿਚ ਆਇਆਂ। ਮੇਰੇ ਅੰਦਰੋਂ ਵੀ ਤੁਸੀਂ ਪਾਪਾਂ ਦਾ ਨਾਸ ਕਰੋ ਤੇ ਜਮਾਂ ਦਾ ਭੈਅ ਵੀ ਤੁਸੀਂ ਆਪ ਹੀ ਮੁਕਾ ਦਿਓ।

***ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥ ੨ ॥ ੬੦ ॥***

**(ਅੰਗ ੧੪੦੬)**

ਆਓ ! ਬੜੇ ਪਿਆਰ ਨਾਲ ਇਸ ਸਵਈਏ ਦਾ ਗਾਇਨ ਸਾਰੀ ਸੰਗਤ ਕਰੀਏ। ਕੋਈ ਰਸਨਾ ਵਾਂਝੀ ਨਾ ਰਹਿ ਜਾਵੇ :

***ਗੁਰ ਰਾਮਦਾਸ ਤੇਰੀ ਸਰਣ॥....***

ਧੰਨ ਗੁਰੂ ਰਾਮਦਾਸ ਜੀ।.....

***ਗੁਰ ਰਾਮਦਾਸ ਤੇਰੀ ਸਰਣ॥....***

***ਅਘ ਅੰਤਕ ਬਦੈ ਨ ਸਲ੍ਯ ਕਵਿ.....***

***ਗੁਰ ਰਾਮਦਾਸ ਤੇਰੀ ਸਰਣ॥....***

ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥....***

***ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥....***

***ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥....***

ਧੰਨ ਗੁਰੂ ਰਾਮਦਾਸ।

***ਗੁਰ ਰਾਮਦਾਸ ਤੇਰੀ ਸਰਣ॥....***

ਧੰਨ ਬਾਬਾ ਦੀਪ ਸਿੰਘ ਜੀ।

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥***
***ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥***
***ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ॥***
***ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥***
***ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥***
***ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥***

ਲਵਾਓ ਹਾਜ਼ਰੀਆਂ :

***ਗੁਰ ਰਾਮਦਾਸ ਤੇਰੀ ਸਰਣ॥....***

***ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥....***

***ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥....***

ਗੁਰੂ ਰਾਮਦਾਸ ਜੀ :

*ਗੁਰ ਰਾਮਦਾਸ ਤੇਰੀ ਸਰਣ॥....*

*ਅਘ ਅੰਤਕ ਬਦੈ ਨ ਸਲੵ ਕਵਿ.....*

*ਗੁਰ ਰਾਮਦਾਸ ਤੇਰੀ ਸਰਣ॥....*

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ॥ ੪ ॥ ੫੮ ॥* (ਅੰਗ ੧੪੦੬)

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਠਾਕੁਰ ਤੁਮ੍ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ॥ ੧ ॥ ਰਹਾਉ ॥* (ਅੰਗ ੧੨੧੮)

*ਠਾਕੁਰ ਤੁਮ੍ ਸਰਣਾਈ ਆਇਆ॥*

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥*
*ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥* (ਅੰਗ ੭੬੩)

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ॥*
*ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥*
*ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥*
*ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ॥੪ ॥ ੧੦ ॥ ੧੭ ॥*
(ਅੰਗ ੪੫੦)

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਸਤਿਗੁਰ ਆਇਓ ਸਰਣਿ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧ ॥ ਰਹਾਉ ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥*
*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥੧ ॥*
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥*

*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥ ੨ ॥ ੪ ॥ ੯ ॥*

(ਅੰਗ ੭੧੩)

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥*

*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩॥੧੨॥*

(ਅੰਗ ੬੭੪)

*ਗੁਰ ਰਾਮਦਾਸ ਤੇਰੀ ਸਰਣ॥....* (ਅੰਗ ੧੪੦੬)

*ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥....*

ਸਭ ਜੁੜ ਜਾਵੋ :

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।.....

*ਗੁਰ ਰਾਮਦਾਸ ਤੇਰੀ ਸਰਣ॥....*

ਧੰਨ ਗੁਰੂ ਰਾਮਦਾਸ ਜੀ।.....

ਪਿਆਰ ਨਾਲ ਸਾਰੇ ਆਖੋ ਜੀ : ਧੰਨ ਬਾਬਾ ਦੀਪ ਸਿੰਘ ਜੀ।

ਪਿਤਾ ਜੀ ਦੇ ਚਰਨਾਂ ਦੇ ਵਿਚ ਆਹ ਤਰਲਾ ਪਾਇਓ, ਹੇ ਗੁਰੂ ਰਾਮਦਾਸ ਜੀ ! ਤੁਸੀਂ ਪਾਪਾਂ ਦਾ ਨਾਸ ਕਰਨ ਵਾਲੇ ਹੋ। ਜਮਾਂ ਤੋਂ ਵੀ ਛੁਟਕਾਰਾ ਦੇਣ ਵਾਲੇ ਵੀ ਤੁਸੀਂ ਹੋ। ਆਪ ਪ੍ਰਮੇਸ਼ਰ ਹੋ, ਆਪ ਜੀ ਰੱਬ ਹੋ, ਇਸ ਕਰਕੇ ਮੈਂ ਤੁਹਾਡੀ ਸ਼ਰਣ ਵਿਚ ਆਇਆਂ ਤੇ ਸ਼ਰਣ ਆਇਆਂ ਦੀ ਲਾਜ ਤੁਸੀਂ ਰੱਖੋ, ਕਿਉਂਕਿ ਤੁਹਾਡਾ ਬਿਰਧ ਏ :

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ..... ॥* (ਅੰਗ ੫੪੪)

ਤੁਹਾਡਾ ਬਿਰਧ ਏ ਜਿਹੜਾ ਵੀ ਤੁਹਾਡੀ ਸ਼ਰਣ ਵਿਚ ਆ ਜਾਂਦਾ ਹੈ, ਤੁਸੀਂ ਫਿਰ ਉਹਦੀ ਪੈਜ ਰੱਖ ਲੈਂਦੇ ਹੋ ਤੇ ਮੈਂ ਗਰੀਬ ਵੀ ਤੁਹਾਡੀ ਸ਼ਰਣ ਵਿੱਚ ਆਇਆਂ ਤੇ ਮੈਂ ਗਰੀਬ ਦੇ ਸਿਰ 'ਤੇ ਵੀ ਆਪਣਾ ਹੱਥ ਰੱਖੋ ਜੀ। ਆਖੋ : ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਤੇ ਸ਼ਰਣ ਵਿਚ ਆ ਕੇ ਜਿੱਥੇ ਕਹਿਣਾ ਹੈ, ਮਾਲਕ ਜੀ ! ਜਮਾਂ ਤੋਂ ਤੁਸੀਂ ਮੈਨੂੰ ਛੁਟਕਾਰਾ ਦਿਵਾ ਦਿਓ। ਜਿਉਂਦਿਆਂ-ਜੀਅ ਵੀ ਵਿਕਾਰਾਂ ਰੂਪੀ ਜਿਹੜੇ ਜਮ ਮੈਨੂੰ ਚਿੰਬੜੇ ਨੇ ਇਨ੍ਹਾਂ ਤੋਂ ਵੀ, ਮਰਨ ਤੋਂ ਬਾਅਦ ਵੀ ਜਿਹੜੇ ਜਮ ਨੇ ਉਨ੍ਹਾਂ ਤੋਂ ਵੀ, ਮੇਰੇ ਪਾਪਾਂ ਦਾ, ਮੇਰੇ ਅਉਗੁਣਾਂ ਦਾ ਖ਼ਾਤਮਾ ਵੀ ਕਰੋ ਤੇ ਸ਼ਰਣ ਵਿਚ ਆ ਕੇ ਇਕ ਹੋਰ ਅਰਦਾਸ ਕਰਿਓ, ਹੇ ਗੁਰੂ ਰਾਮਦਾਸ ! ਮੈਨੂੰ ਢਾਈ ਅੱਖਰ ਪ੍ਰੇਮਾ-ਭਗਤੀ ਦਾ ਇਕ ਕਿਨਕਾ ਦੇ ਦਿਓ। ਜਿਹੋ ਜਿਹਾ ਪ੍ਰੇਮ ਤੁਸੀਂ ਕੀਤਾ ਗੁਰੂ ਅਮਰਦਾਸ ਪਾਤਸ਼ਾਹ ਨਾਲ, ਜਿਸ ਪ੍ਰੇਮ ਵੱਲ ਤੱਕ ਕੇ ਗੁਰੂ ਅਮਰਦਾਸ ਜੀ ਨੇ ਤੁਹਾਨੂੰ ਅਟੱਲ ਪਦਵੀ ਦੇ ਦਿੱਤੀ। ਅਟੱਲ ਕਰ ਦਿੱਤਾ :

ਆਖੋ : ਵਾਹਿਗੁਰੂ-ਵਾਹਿਗੁਰੂ।

***ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥*** (ਅੰਗ ੧੪੦੬)

ਜਿਸ ਪ੍ਰੇਮਾ-ਭਗਤੀ ਵੱਲ ਵੇਖ ਕੇ ਗੁਰੂ ਅਮਰਦਾਸ ਨੇ ਇਹੋ ਜਿਹੀਆਂ ਬਖ਼ਸ਼ਿਸ਼ਾਂ ਤੁਹਾਨੂੰ ਦਿੱਤੀਆਂ, ਤੁਹਾਨੂੰ ਤੇ ਮੁਕਤ ਕੀਤਾ ਈ, ਤੁਹਾਨੂੰ ਤੇ ਆਪਣਾ ਰੂਪ ਬਣਾਇਆ ਈ, ਪਰ ਜਿਹੜਾ ਤੁਹਾਡੇ ਚਰਨਾਂ ਵਿਚ ਪਿਆਰ ਨਾਲ ਆ ਕੇ ਝੁਕ ਜਾਂਦਾ ਹੈ, ਤੁਸੀਂ ਉਨ੍ਹਾਂ ਨੂੰ ਵੀ ਮੁਕਤੀ ਦੇ ਦਿੰਦੇ ਹੋ। ਇਕੱਲੀਆਂ ਉਨ੍ਹਾਂ ਦੀਆਂ ਝੋਲੀਆਂ ਹੀ ਨਹੀਂ ਭਰਦੇ, ਉਨ੍ਹਾਂ ਨੂੰ ਵੀ ਸੰਸਾਰ ਦੀਆਂ ਝੋਲੀਆਂ ਭਰਨ ਵਾਲਾ ਬਣਾ ਦਿੰਦੇ ਹੋ। ਜਿਸ ਪ੍ਰੇਮ ਵੱਲ ਵੇਖ ਕੇ ਗੁਰੂ ਅਮਰਦਾਸ ਜੀ ਨੇ ਤੁਹਾਨੂੰ ਇੰਨੀਆਂ ਬਖ਼ਸ਼ਿਸ਼ਾਂ ਦਿੱਤੀਆਂ :

***ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ***

***ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ ੪॥*** (ਅੰਗ ੧੩੯੯)

ਇੰਨੀਆਂ ਬਖ਼ਸ਼ਿਸ਼ਾਂ ਤੇ ਪਿਤਾ ਜੀ ! ਇਕ ਪ੍ਰੇਮਾ-ਭਗਤੀ ਦਾ ਕਿਨਕਾ ਮੇਰੀ ਝੋਲੀ ਵਿਚ ਵੀ ਤੇ ਪਾ ਦਿਓ। ਮੇਰੀ ਸਾਰੀ ਜ਼ਿੰਦਗੀ ਕਿਤੇ ਇਦਾਂ ਨਾ ਲੰਘ ਜਾਵੇ। ਮੈਂ ਤੁਹਾਡੇ ਚਰਨਾਂ ਵਿਚ ਆਵਾਂ ਵੀ, ਮੈਂ ਤੁਹਾਡੇ ਦਰ 'ਤੇ ਆਵਾਂ ਵੀ, ਤੁਹਾਡਾ ਨਾਮ ਵੀ ਜਪਾਂ, ਮਨ ਵਿਚ ਇਹੋ ਹੀ ਗੱਲ ਰੱਖਾਂ, ਰੱਬ ਹੋਰ ਤੇ ਗੁਰੂ ਰਾਮਦਾਸ ਹੋਰ ਹੈ, ਨਹੀਂ। ਇਹੋ ਜਿਹੀ ਮੈਨੂੰ ਭਾਵਨਾ ਦੀ ਅੱਖ ਦੇ ਦਿਓ, ਜਿਹੋ ਜਿਹੀ ਅੱਖ ਤੁਸੀਂ ਭੱਟਾਂ ਨੂੰ ਦਿੱਤੀ ਏ, ਜਿਨ੍ਹਾਂ ਨੇ ਪਿਆਰ ਵਿਚ ਏਨੀ ਗੱਲ ਕਹਿ ਦਿੱਤੀ :

***ਤੂ ਸਤਿਗੁਰੁ ਚਹੁ ਜੁਗੀ.....*** (ਅੰਗ ੧੪੦੬)

ਚਾਰੇ ਜੁੱਗਾਂ ਦੇ ਵਿਚ ਤੂੰ ਹੀ ਹੈਂ ਗੁਰੂ ਰਾਮਦਾਸ। ਇਹੋ ਜਿਹਾ ਇਕ ਪ੍ਰੇਮਾ-ਭਗਤੀ ਦਾ ਕਿਨਕਾ ਮੈਨੂੰ ਵੀ ਤੇ ਦੇ ਦਿਓ, ਤੁਹਾਡੇ ਘਰ ਕਿਹੜਾ ਘਾਟਾ ਹੈ। ਜਿਹੋ ਜਿਹਾ ਪ੍ਰੇਮ ਤੁਸੀਂ ਕੀਤਾ ਹੈ ਗੁਰੂ ਅਮਰਦਾਸ ਜੀ ਨਾਲ, ਕਿਨਕਾ ਮੈਨੂੰ ਵੀ ਦੇ ਦਿਓ। ਪਤਾ ਕਿੰਨਾ ਪ੍ਰੇਮ ਕੀਤਾ। ਮਹਾਰਾਜ ਜਦੋਂ ਲਾਹੌਰ ਗਏ ਕਚਹਿਰੀ 'ਚ ਪੇਸ਼ੀ 'ਤੇ। ਮੈਂ ਉਧਰ ਨਹੀਂ ਜਾਣਾ, ਜਿਹੜੀ ਗੱਲ ਮੈਂ ਕਰਨੀ ਏ, ਸਮਾਂ ਸੀਮਿਤ ਏ ਆਪਣੇ ਕੋਲ। ਹੁਣ ਗੁਰੂ ਅਮਰਦਾਸ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਿਕ ਮਹਾਰਾਜ ਗਏ ਸੀ ਲਾਹੌਰ। ਜਦੋਂ ਕਚਹਿਰੀ ਦੇ ਵਿਚ ਗੁਰੂ ਅਮਰਦਾਸ ਸੱਚੇ ਪਾਤਸ਼ਾਹ ਦੀ ਬਖ਼ਸ਼ਿਸ਼ ਦਾ ਸਦਕਾ ਸਵਾਲਾਂ ਦੇ ਦਿੱਤੇ ਜਵਾਬ ਤੇ ਸਾਹਮਣੇ ਵਾਲਿਆਂ ਦੀ ਤਸੱਲੀ ਹੋ ਗਈ।

ਤੇ ਹੁਣ ਜਦੋਂ ਲਾਹੌਰ ਦੇ ਬਜ਼ਾਰਾਂ 'ਚੋਂ ਲੰਘ ਕੇ ਵਾਪਸ ਆ ਰਹੇ ਨੇ ਮਹਾਰਾਜ। ਲਾਹੌਰ ਦੇ ਇਕ ਬਜ਼ਾਰ ਵਿਚ ਕੁਰਤਾ ਟੰਗਿਆ ਸੀ ਬੜਾ ਪਿਆਰਾ। ਮਹਾਰਾਜ ਨੇ ਜਦੋਂ ਕੁਰਤੇ ਵੱਲ ਤੱਕਿਆ ਬੜੀ ਸੁੰਦਰ ਕਢਾਈ ਹੋਈ, ਬੜਾ ਪਿਆਰਾ ਲੱਗਦਾ ਹੈ ਕੁਰਤਾ ਤੇ ਦੇਖੋ ! ਪ੍ਰੇਮ। ਅਸੀਂ ਕੋਈ ਚੀਜ਼ ਵੇਖਦੇ ਹਾਂ, ਸਾਨੂੰ ਸਾਡੀ ਯਾਦ ਆਉਂਦੀ ਏ ਆਪਣੀ, ਇਹ ਚੀਜ਼ ਮੇਰੇ ਕੋਲ ਹੋਵੇ। ਬਹੁਤਾ ਕਰ ਲਵਾਂਗੇ, ਸਾਡਾ ਸੋਚ ਦਾ ਦਾਇਰਾ ਇਥੇ ਪਹੁੰਚ ਜਾਏਗਾ, ਇਹ ਚੀਜ਼ ਮੇਰੇ ਪਰਿਵਾਰ ਕੋਲ, ਮੇਰੇ ਬੱਚਿਆਂ ਕੋਲ ਹੋਣੀ ਚਾਹੀਦੀ ਏ। ਹਾਂ, ਇਹ ਚੀਜ਼ ਮੇਰੇ ਮਿੱਤਰਾਂ ਦੋਸਤਾਂ ਕੋਲ ਵੀ ਹੋਣੀ ਚਾਹੀਦੀ ਏ, ਉਨ੍ਹਾਂ ਲਈ ਲੈ ਕੇ ਜਾਵਾਂ।

ਪਰ ਆਹ ਹੀ ਫ਼ਰਕ ਪ੍ਰੇਮ ਵਾਲਿਆਂ ਦੇ ਵਿੱਚ ਤੇ ਆਮ ਇਨਸਾਨ ਵਿੱਚ ਏ। ਪ੍ਰੇਮਾ-ਭਗਤੀ ਵਾਲਾ ਜਿਹੜੀ ਵੀ ਚੀਜ਼ ਤੱਕਦਾ ਹੈ ਉਹ ਚੀਜ਼ ਵੱਲ ਤੱਕ ਕੇ ਉਹਨੂੰ ਆਪਣਾ ਗੁਰੂ ਪ੍ਰਮੇਸ਼ਰ ਸਾਈਂ ਚੇਤੇ ਆਉਂਦਾ ਹੈ। ਭਾਈ ਜੇਠਾ ਜੀ ਗੁਰੂ ਰਾਮਦਾਸ ਪਿਤਾ ਲਾਹੌਰ ਦੇ ਬਜ਼ਾਰ ਵਿਚ ਕੁਰਤੇ ਵੱਲ ਤੱਕਿਆ, ਜਦੋਂ ਸੋਹਣੀ ਕਢਾਈ ਮਨ ਨੂੰ ਬੜੀ ਪਿਆਰੀ ਲੱਗੀ, ਜਦੋਂ ਉਹ ਕਢਾਈ ਦੇਖੀ, ਕੁਰਤਾ ਦੇਖਿਆ, ਕਹਿੰਦੇ, ਕਿੰਨਾ ਅੱਛਾ ਹੋਵੇ ਜੇ ਕੁਰਤਾ ਗੁਰੂ ਅਮਰਦਾਸ ਜੀ ਪਾਉਣ।

ਹੁਣ ਜੇਬ 'ਚ ਮਾਰਿਆ ਹੱਥ, ਜਿੰਨੀ ਕੀਮਤ ਕਹੀ ਦੁਕਾਨਦਾਰ ਨੇ, ਉਨੀ ਮਾਇਆ ਹੈ ਨਹੀਂ ਕੋਲ। ਹੈਨ ਤੇ ਸ੍ਰਿਸ਼ਟੀ ਦੇ ਮਾਲਕ, ਪਰ ਸਾਨੂੰ ਕਈ ਕੁਝ ਸਿਖਾ ਗਏ। ਅਸੀਂ ਸਿੱਖਣ ਵਾਲੇ ਹੋਈਏ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਵਿੱਚੋਂ ਬਹੁਤ ਕੁਝ ਸਿੱਖ ਸਕਦੇ ਹਾਂ। ਆਖੋ ਵਾਹਿਗੁਰੂ-ਵਾਹਿਗੁਰੂ।

ਅਸੀਂ ਜੇ ਸਿੱਖਣ ਵਾਲੇ ਹੋਈਏ, ਗੁਰੂ ਰਾਮਦਾਸ ਜੀ ਦੇ ਜੀਵਨ ਵਿੱਚੋਂ, ਜਿੱਥੇ ਬੇਅੰਤ ਗੁਣ ਸਿੱਖ ਸਕਦੇ ਹਾਂ ਉਥੇ ਆਹ ਵੀ ਗੁਣ ਸਿੱਖ ਸਕਦੇ ਹਾਂ ਕਿ ਅਸੀਂ ਆਪਣੇ ਵੀਰਾਂ ਨੂੰ, ਆਪਣੇ ਸਿੱਖ ਭਰਾਵਾਂ ਨੂੰ, ਜੇ ਗੁਰੂ ਨੇ ਸਾਨੂੰ ਸਮਰੱਥਾ ਦਿੱਤੀ ਏ ਤੇ ਉਨ੍ਹਾਂ ਨੂੰ ਵੀ ਪੈਰਾਂ 'ਤੇ ਸਟੈਂਡ ਕਰਨਾ ਹੈ। ਗੁਰੂ ਰਾਮਦਾਸ ਜੀ ਨੇ ਵੇਖੋ ਨਗਰੀ ਆਪ ਵਸਾਈ ਹੋਈ ਏ। ਕਿੰਨੀਆਂ ਜਾਤੀਆਂ ਦੇ ਲੋਕਾਂ ਨੂੰ ਇਕੱਠਿਆਂ ਕਰਕੇ ਇੱਥੇ ਆਪ ਆਪਣੇ ਹੱਥਾਂ ਦੇ ਨਾਲ ਉਨ੍ਹਾਂ ਨੂੰ ਕਿਰਤ ਸ਼ੁਰੂ ਕਰਵਾਈ। ਕਾਰੋਬਾਰ ਸ਼ੁਰੂ ਕਰਵਾਏ। ਤੂੰ ਗੁਰੂ ਰਾਮਦਾਸ ਦੇ ਜੀਵਨ ਦੇ ਵਿੱਚੋਂ ਇਹ ਵੀ ਸਿੱਖ ਲੈ। ਤੂੰ ਗੁਰੂ ਰਾਮਦਾਸ ਜੀ ਦੇ ਜੀਵਨ ਵਿੱਚੋਂ ਆਹ ਹੀ ਸਿੱਖ ਲੈ, ਓ ਪਿਆਰਿਆ ! ਜੇ ਗੁਰੂ ਨੇ ਤੈਨੂੰ ਸਮਰੱਥਾ ਦਿੱਤੀ ਏ, ਆਪਣੇ ਸਿੱਖ ਭਰਾਵਾਂ ਦੀ ਬਾਂਹ ਜ਼ਰੂਰ ਫੜ। ਗੁਰੂ ਰਾਮਦਾਸ ਜੀ ਬੜੇ ਖ਼ੁਸ਼ ਹੋਣਗੇ।

ਮੈਨੂੰ ਇਹ ਬੜੀ ਅੱਛੀ ਫੀਲਿੰਗ ਹੁੰਦੀ ਏ, ਬੜਾ ਮਾਣ ਮਹਿਸੂਸ ਹੁੰਦਾ ਹੈ ਜਦੋਂ ਮੇਰੇ ਅੰਦਰ ਇਹ ਤੁਸੀਂ ਫੁਰਨਾ ਪਾਇਆ ਸੰਗਤ ਜੀ ਸਕੂਲ ਵਿਚ ਗ੍ਰੰਥੀ ਸਿੰਘਾਂ ਦੇ ਬੱਚੇ ਫ੍ਰੀ ਪੜ੍ਹਣ। ਜਦੋਂ ਇਹ ਫੁਰਨਾ ਮੇਰੇ ਅੰਦਰ ਪਾਇਆ, ਜਦੋਂ ਮੈਂ ਗੁਰੂ ਰਾਮਦਾਸ ਜੀ ਦੇ ਜੀਵਨ ਵੱਲ ਤੱਕਿਆ ਤੇ ਮੇਰੇ ਅੰਦਰੋਂ ਸ਼ੁਕਰਾਨਾ ਨਿਕਲਿਆ—ਗੁਰੂ ਰਾਮਦਾਸ ਜੀ ! ਸ਼ੁਕਰ ਏ, ਸ਼ੁਕਰ ਏ, ਤੁਹਾਡੀ ਬਰਾਬਰੀ ਤੇ ਕੋਈ ਵੀ ਨਹੀਂ ਕਰ ਸਕਦਾ। ਤੁਸੀਂ ਰੱਬ ਹੋ ਪ੍ਰਮੇਸ਼ਰ ਹੋ। ਆਪਣੀ ਚਰਨ ਧੂੜੀ ਦੇ ਇਕ ਕਿਨਕੇ ਦੇ ਵਿੱਚੋਂ ਇਕ ਕਿਨਕਾ, ਕਿਨਕੇ ਦੇ ਵਿੱਚੋਂ ਇਕ ਕਿਨਕਾ, ਅਨੇਕਾਂ ਕਿਨਕਿਆਂ ਦੇ ਵਿੱਚੋਂ ਜ਼ਰਾ ਜਿੰਨੀ ਬਖ਼ਸ਼ਿਸ਼ ਦਾ ਖਾਤਾ ਤੁਸੀਂ ਰਾਮ ਤੀਰਥ ਰੋਡ ਅਸਥਾਨ 'ਤੇ ਖੋਲ੍ਹਿਆ ਹੈ ਤੇ ਜਿੱਥੇ ਗ੍ਰੰਥੀ ਸਿੰਘਾਂ ਦੇ ਬੱਚੇ ਬਿਲਕੁਲ ਫ੍ਰੀ ਸਿੱਖਿਆ ਲੈ ਰਹੇ ਨੇ। ਮੇਰੇ ਅੰਦਰ ਇਹ ਬੜੀ ਪਿਆਰੀ ਫੀਲਿੰਗ ਆਉਂਦੀ ਹੈ ਮਹਾਰਾਜ ਦੀ ਕਿਰਪਾ ਨਾਲ, ਕਿਹੜੇ-ਕਿਹੜੇ ਢੰਗ, ਦੋ ਤਿੰਨ ਸਕੀਮਾਂ ਬਣਾਈਆਂ ਹੋਈਆਂ ਨੇ ਦਿਮਾਗ ਵਿਚ, ਜਿਹਦੇ ਨਾਲ ਆਪਣੇ ਗੁਰਸਿੱਖ ਵੀਰ, ਗੁਰਸਿੱਖ ਭਰਾ ਸਟੈਂਡ ਹੋਣ। ਬਸ ! ਸਮੇਂ-ਸਮੇਂ ਸਿਰ ਮੈਂ ਉਹ ਸਕੀਮਾਂ ਤੁਹਾਡੇ ਅੱਗੇ ਰੱਖਾਂਗਾ ਤੇ ਫਿਰ ਤੁਸੀਂ ਹਰ ਪੱਖ ਤੋਂ ਨਾਲ ਤੁਰਨਾ ਹੈ।

ਕਿਉਂਕਿ ਤੁਹਾਡੇ ਤੋਂ ਬਗ਼ੈਰ ਕੋਈ ਕਾਰਜ ਨਹੀਂ ਹੋਣਾ।

ਖ਼ੈਰ ਜਿਹੜੀ ਮੈਂ ਤੁਹਾਡੇ ਨਾਲ ਗੱਲ ਕਰ ਰਿਹਾਂ, ਸਿੱਖਣਾ ਚਾਹੀਏ, ਅਸੀਂ ਗੁਰੂ ਰਾਮਦਾਸ ਜੀ ਦੇ ਜੀਵਨ ਵਿੱਚੋਂ ਬੜਾ ਕੁਝ ਸਿੱਖ ਸਕਦੇ ਹਾਂ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।...

ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਉਥੇ ਲੈ ਆਓ ਬਿਰਤੀ, ਗੁਰੂ ਰਾਮਦਾਸ ਪਿਤਾ ਜੀ ਨੇ ਦੇਖਿਆ ਕੁਰਤਾ ਤੇ ਮਨ ਵਿੱਚ ਫੁਰਨਾ ਬਣਿਆ, ਕਿੰਨਾ ਚੰਗਾ ਹੋਵੇ ਜੇ ਇਹ ਕੁਰਤਾ ਗੁਰੂ ਅਮਰਦਾਸ ਜੀ ਪਾਉਣ। ਬੋਝੇ 'ਚ ਮਾਰਿਆ ਹੱਥ ਮਾਇਆ ਨਹੀਂ, ਪਰ ਕਹਿੰਦੇ—ਕੁਰਤਾ ਪਵਾਉਣਾ ਹੈ। ਪ੍ਰੇਮਾ-ਭਗਤੀ ਦਾ ਇਕ ਨਵਾਂ ਢੰਗ ਸਿਖਾ ਦਿੱਤਾ ਨਵਾਂ ਢੰਗ। ਉਹ ਕਿਹੜਾ ਢੰਗ? ਖਲੋਤੇ ਲਾਹੌਰ ਦੇ ਬਜ਼ਾਰ ਵਿਚ ਨੇ, ਭਾਵਨਾ ਬਣਾ ਲਈ ਗੁਰੂ ਅਮਰਦਾਸ ਜੀ ਦੀ, ਭਾਵਨਾ ਦੇ ਨਾਲ ਸੁਰਤੀ ਦੇ ਨਾਲ ਉਹ ਕੁਰਤਾ ਉਥੇ ਖੜੋਤਿਆਂ-ਖੜੋਤਿਆਂ ਹੀ ਗੁਰੂ ਅਮਰਦਾਸ ਜੀ ਨੂੰ ਪੁਆਉਣਾ ਸ਼ੁਰੂ ਕਰ ਦਿੱਤਾ।

ਇਧਰ ਧੰਨ ਗੁਰੂ ਅਮਰਦਾਸ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਬੈਠੇ, ਭਾਈ ਬੱਲੂ ਜੀ ਕੋਲ ਖੜ੍ਹੋਤੇ ਨੇ। ਸੰਗਤ ਵਿਚ ਕਦੀ ਖੱਬੀ ਬਾਂਹ ਉਤਾਂਹ ਕਰਦੇ, ਕਦੀ ਸੱਜੀ ਬਾਂਹ, ਕਦੀ ਕੁਰਤੇ ਦੇ ਪੇਟ ਦੇ ਕੋਲੋਂ ਵਟ ਕੱਢਦੇ ਨੇ। ਭਾਈ ਬੱਲੂ ਜੀ ਕਹਿੰਦੇ—''ਮਹਾਰਾਜ ਪਿਤਾ ! ਇਹ ਕੀ ਕੌਤਕ ਹੈ?'' ਮਹਾਰਾਜ ਕਹਿੰਦੇ—''ਭਾਈ ਬੱਲੂ ! ਸਾਡੇ ਪਿਆਰ ਵਾਲਾ ਭਾਈ ਜੇਠਾ ਲਾਹੌਰ ਦੇ ਬਜ਼ਾਰ 'ਚ ਖੜ੍ਹੋਤਾ ਸਾਨੂੰ ਕੁਰਤਾ ਪੁਆ ਰਿਹਾ ਹੈ ਤੇ ਅਸੀਂ ਉਹਦੀ ਭਾਵਨਾ ਨੂੰ ਪੂਰਾ ਕਰਦੇ ਹਾਂ।''

ਆਖੋ : ਵਾਹਿਗੁਰੂ-ਵਾਹਿਗੁਰੂ। ਅੱਜ ਆਹ ਮੰਗੋ :

***ਗੁਰ ਰਾਮਦਾਸ ਤੇਰੀ ਸਰਣ॥***

ਤੇਰੀ ਸ਼ਰਣ ਵਿਚ ਆਏ ਹਾਂ, ਗੁਰੂ ਰਾਮਦਾਸ ਜੀ ! ਤੇਰੀ ਬਰਾਬਰੀ ਨਹੀਂ ਕਰ ਸਕਦੇ, ਪਰ ਇਕ ਕਿਨਕਾ ਪ੍ਰੇਮਾ ਭਗਤੀ ਦਾ ਮੈਂ ਗਰੀਬ ਨੂੰ ਵੀ ਦੇ ਦੇ। ਜਿਹੋ ਜਿਹਾ ਪ੍ਰੇਮ ਤੁਸੀਂ ਕੀਤਾ ਗੁਰੂ ਅਮਰਦਾਸ ਜੀ ਨਾਲ, ਇਕ ਕਿਨਕਾ ਮੈਂ ਤੁਹਾਡੇ ਨਾਲ ਵੀ ਕਰ ਸਕਾਂ, ਅੱਜ ਆਹ ਮੰਗਿਓ।

ਸਮਾਂ ਹੋ ਗਿਆ ਏ ਸਮਾਪਤੀ ਦਾ। ਕੱਲ ਦੇ ਦੀਵਾਨ ਵਿੱਚ ਫਿਰ ਮੈਂ ਤੁਹਾਡੇ ਦੀਦਾਰ ਕਰਾਂਗਾ। ਹੋ ਸਕਿਆ ਏਸੇ ਪ੍ਰਕਰਣ ਨੂੰ ਅੱਗੇ ਤੋਰ ਲਵਾਂਗੇ। ਤਦ ਤੱਕ ਦੇ ਲਈ ਤੁਸੀਂ ਸਾਨੂੰ ਆਗਿਆ ਦੇਣਾ। ਜੋ ਜੋ ਮੈਂ ਬੇਨਤੀਆਂ ਕੀਤੀਆਂ ਕੀਰਤਨ ਦੇ ਦੌਰਾਨ, ਇਨ੍ਹਾਂ ਨੂੰ ਪ੍ਰਵਾਨ ਕਰਨ ਦਾ ਯਤਨ ਕਰਿਓ। ਆਪੋ ਆਪਣੇ ਦੋਵੇਂ ਹੱਥ ਸੁਰਤੀ ਨਾਲ ਸਾਡੇ ਸਾਰਿਆਂ ਦੇ ਸਿਰਾਂ ਦੇ ਉਤੇ ਰੱਖੋ ਤੇ ਅਸੀਸ ਬਖ਼ਸ਼ੋ। ਪਿਆਰ ਨਾਲ ਸਾਰੇ ਫ਼ਤਹਿ ਬੁਲਾਓ :

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

# ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥

**(ਅੰਗ ੬੫੯)**

ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਸਿਰਫ ਗੱਲਾਂ ਕਰਕੇ ਹੀ ਕੋਈ ਸਵਰਗ ਨਹੀਂ ਪਹੁੰਚ ਸਕਦਾ, ਸਵਰਗ ਨਹੀਂ ਜਾ ਸਕਦਾ। ਅਸਲੀਅਤ ਦੇ ਵਿਚ ਨਿਰਮਲ ਜ਼ਿੰਦਗੀ ਜੀਅ ਕੇ ਹੀ ਬੰਦਾ ਜਿਉਂਦਿਆਂ ਜੀਅ ਮੁਕਤੀ ਨੂੰ ਪ੍ਰਾਪਤ ਕਰ ਸਕਦਾ ਹੈ। ਗੱਲਾਂ ਦੇ ਨਾਲ ਨਹੀਂ ਕੋਈ ਸਵਰਗ ਜਾ ਸਕਦਾ। ਪਿਆਰਿਓ ! ਨਿਰਮਲ ਜ਼ਿੰਦਗੀ ਜੀਅ ਕੇ ਹੀ ਬੰਦਾ ਮੁਕਤ ਹੋ ਸਕਦਾ ਹੈ। ਇਕ ਮੈਨੂੰ ਬੜੀ ਪਿਆਰੀ ਘਟਨਾ ਚੇਤੇ ਆਈ। ਇਕ ਛੋਟਾ ਜਿਹਾ ਬੱਚਾ ਆਪਣੇ ਘਰ ਦੇ ਬਾਹਰ ਖਲੋਤਾ ਹੈ ਤੇ ਆਪਣੀ ਮਾਂ ਦਾ ਇੰਤਜ਼ਾਰ ਕਰ ਰਿਹਾ ਹੈ। ਜਿਹੜੀ ਮਾਂ ਗਈ ਏ ਕਰਿਆਨੇ ਦੀ ਦੁਕਾਨ ਤੋਂ ਕੁਝ ਸੌਦਾ ਲੈਣ ਵਾਸਤੇ, ਕੁਝ ਸਮਾਨ ਲੈਣ ਵਾਸਤੇ। ਇਹ ਬੱਚਾ ਘਰ ਦੇ ਬਾਹਰ ਖੜ੍ਹਾ ਉਡੀਕਦਾ ਹੈ ਆਪਣੀ ਮਾਂ ਨੂੰ ਤੇ ਇੰਨੇ ਨੂੰ ਇਕ ਬੰਦਾ ਇਹਦੇ ਕੋਲੋਂ ਦੀ ਗੁਜ਼ਰਿਆ। ਪਤਾ ਕੀ ਕਹਿੰਦਾ? ਕਹਿੰਦਾ—''ਬੇਟਾ ! ਕੀ ਤੂੰ ਮੈਨੂੰ ਦੱਸ ਸਕਦਾ ਹੈਂ ਇਸ ਪਿੰਡ ਦੇ ਵਿਚ ਡਾਕਘਰ ਕਿੱਥੇ ਹੈ?'' ਤੇ ਉਸ ਛੋਟੇ ਬੱਚੇ ਨੇ ਜਵਾਬ ਦਿੱਤਾ—''ਤੁਸੀਂ ਥੋੜ੍ਹਾ ਜਿਹਾ ਅੱਗੇ ਜਾਓ, ਅੱਗੇ ਜਾ ਕੇ ਸੱਜੇ ਮੁੜਿਓ, ਅੱਠ ਦਸ ਕਦਮਾਂ ਦੀ ਦੂਰੀ 'ਤੇ ਜਦੋਂ ਚੱਲੋਗੇ ਫਿਰ ਤੁਸੀਂ ਖੱਬੇ ਮੁੜੋਗੇ ਨਾਲ ਹੀ ਡਾਕਘਰ ਹੈ।''

ਜਦੋਂ ਬੱਚੇ ਨੇ ਸਾਰਾ ਇਦਾਂ ਪਤਾ ਸਮਝਾਇਆ ਤੇ ਉਹ ਬੰਦੇ ਨੇ ਉਹਦਾ ਬੜੇ ਪਿਆਰ ਨਾਲ ਧੰਨਵਾਦ ਕੀਤਾ ਤੇ ਅੱਗੋਂ ਪਤਾ ਕੀ ਕਹਿੰਦਾ ਉਹ ਬੱਚੇ ਨੂੰ? ਕਹਿੰਦਾ—''ਮੈਂ ਸ਼ਹਿਰ ਦਾ ਪਾਦਰੀ ਹਾਂ, ਨਵਾਂ ਆਇਆ ਹਾਂ ਤੇ ਮੈਂ ਚਾਹੁੰਨਾ ਹਾਂ, ਬੱਚਿਆ ! ਹਰ ਐਤਵਾਰ ਤੂੰ ਚਰਚ ਆਇਆ ਕਰ ਤੇ ਮੈਂ ਤੈਨੂੰ ਸਿਖਾਵਾਂਗਾ ਕਿ ਸਵਰਗ ਕਿਵੇਂ ਜਾਣਾ ਹੈ?''

ਉਹ ਛੋਟਾ ਜਿਹਾ ਬੱਚਾ ਉਮਰ ਭਾਵੇਂ ਛੋਟੀ, ਪਰ ਅਕਲ ਬੜੀ ਸੀ। ਗਿਆਨ ਬੜਾ ਸੀ। ਬੱਚਾ ਹੱਸ ਪਿਆ। ਕਹਿਣ ਲੱਗਾ—''ਤੁਸੀਂ ਮੈਨੂੰ ਬੇਵਕੂਫ ਨਾ ਬਣਾਓ, ਡਾਕਘਰ ਦਾ ਰਸਤਾ ਤੇ ਤੁਹਾਨੂੰ ਪਤਾ ਨਹੀਂ, ਤੁਸੀਂ ਸਵਰਗ ਦਾ ਰਸਤਾ ਕਿੱਥੋਂ ਵਿਖਾਓਗੇ?''

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।

ਇਕ ਛੋਟੇ ਜਿਹੇ ਬੱਚੇ ਨੇ ਦੇਖੋ ! ਕਿੱਡੀ ਇਹ ਸਚਿਆਈ ਭਰੀ ਗੱਲ ਕਹਿ ਦਿੱਤੀ।

ਬਹੁਤ ਸਾਰੇ ਲੋਕ ਸਵਰਗ ਦੀਆਂ ਗੱਲਾਂ ਕਰਦੇ ਨੇ, ਮੁਕਤੀ ਦੇ ਬਾਰੇ ਭਾਸ਼ਣ ਦਿੰਦੇ ਨੇ, ਮੁਕਤ ਹੋਣ ਬਾਰੇ ਜਾਂ ਸਵਰਗ ਦੇ ਬਾਰੇ ਸੁੰਦਰ ਵਿਚਾਰਾਂ ਲਿਖਦੇ ਨੇ। ਪਰ ਪਿਆਰਿਓ ! ਅਸਲੀਅਤ ਦੇ ਵਿਚ ਸਾਨੂੰ ਇਹ ਜਿਹੜੀਆਂ ਚੀਜ਼ਾਂ ਏ, ਇਹ ਚੀਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਜੇ ਤੂੰ ਜਿਉਂਦੇ-ਜੀਅ ਮੁਕਤੀ ਪ੍ਰਾਪਤ ਕਰਨੀ ਏ। ਕਿਉਂਕਿ ਮਰਨ ਤੋਂ ਬਾਅਦ ਮੁਕਤੀ ਕਿੰਨੇ ਵੇਖੀ ਏ :

***ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥*** (ਅੰਗ ੧੨੯੨)

ਪਰ ਜੇ ਜਿਉਂਦਿਆਂ-ਜੀਅ ਮੁਕਤੀ ਚਾਹੁੰਨਾ ਏਂ ਤੇ ਜਿਉਂਦਿਆਂ-ਜੀਅ ਮੁਕਤੀ ਪ੍ਰਾਪਤ ਕਰਨ ਦੇ ਲਈ ਤੈਨੂੰ ਕਮਾਈ ਦੀ ਲੋੜ ਪੈਣੀ ਹੈ। ਕਿਸੇ ਸਾਧੇ ਹੋਏ ਦਾ, ਕਿਸੇ ਗੁਰਮੁਖ ਜਨ ਦਾ ਮਾਰਗ-ਦਰਸ਼ਨ ਕਰਾਉਣਾ। ਸਾਡੀ ਲਾਈਫ ਦੇ ਵਿਚ ਕੋਈ ਸਾਨੂੰ ਗੁਰਮੁਖ ਆਤਮਾ ਏ, ਕੋਈ ਨਾਮ ਜਪਣ ਵਾਲਾ ਏ, ਕੋਈ ਗੁਰਸਿੱਖ ਪਿਆਰਾ ਏ, ਸਾਨੂੰ ਮਾਰਗ-ਦਰਸ਼ਨ ਕਰਵਾਵੇ। ਮਾਰਗ-ਦਰਸ਼ਨ ਕਰਵਾ ਕੇ ਸਾਡੀ ਮਦਦ ਕਰ ਸਕਦਾ ਹੈ। ਪਰ ਪਿਆਰਿਓ ! ਉਸ ਮਾਰਗ ਦੇ ਉਤੇ ਤੇ ਬੰਦਿਆ ਤੈਨੂੰ ਹੀ ਚੱਲਣਾ ਪੈਣਾ ਹੈ।

ਮਾਰਗ-ਦਰਸ਼ਨ ਕਰਵਾ ਦਿੱਤਾ ਨਾਮ ਜੱਪਣ ਵਾਲੇ ਨੇ, ਭਈ ! ਆ ਰਸਤੇ 'ਤੇ ਤੁਰੇਂਗਾ ਤੇ ਤੈਨੂੰ ਗੁਰੂ ਪਿਤਾ ਦੀ ਖ਼ੁਸ਼ੀ ਮਿਲੇਗੀ, ਮਰਨ ਤੋਂ ਬਾਅਦ ਸਵਰਗ ਨਹੀਂ, ਮਰਨ ਤੋਂ ਬਾਅਦ ਮੁਕਤੀ ਨਹੀਂ, ਤੈਨੂੰ ਜਿਉਂਦਿਆਂ-ਜੀਅ ਹੀ ਮੁਕਤੀ ਮਿਲ ਜਾਏਗੀ। ਮਾਰਗ-ਦਰਸ਼ਨ ਤੇ ਕਿਸੇ ਨੇ ਕਰਵਾ ਦਿੱਤਾ ਤੇ ਉਸ ਮਾਰਗ ਦੇ ਉਤੇ ਪਿਆਰਿਆ ! ਯਾਤਰਾ ਤਹਿ ਤੇ ਤੈਨੂੰ ਆਪ ਹੀ ਕਰਨੀ ਪੈਣੀ ਹੈ।

ਆਖੋ : ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਜਿਵੇਂ ਸਿਹਤਮੰਦ ਸਰੀਰ ਨੂੰ ਬਣਾਉਣ ਦੇ ਲਈ ਰੁਟੀਨ ਨਾਲ ਤੈਨੂੰ ਕਸਰਤ ਕਰਨੀ ਪਏਗੀ, ਰੁਟੀਨ ਨਾਲ ਤੈਨੂੰ ਸੈਰ ਕਰਨੀ ਪਏਗੀ। ਤੈਨੂੰ ਅਨੁਸ਼ਾਸਨ ਵਿਚ ਰਹਿਣਾ ਪਏਗਾ। ਡਿਸਪਲਨ ਦਾ ਖਿਆਲ ਰੱਖਣਾ ਪਏਗਾ। ਤਨਾਅ ਮੁਕਤ ਮਨ ਪ੍ਰਾਪਤ ਕਰਨ ਦੇ ਲਈ ਤੈਨੂੰ ਹਰ ਵੇਲੇ ਪੋਜ਼ਿਟਿਵ ਸੋਚ ਰੱਖਣੀ ਪਵੇਗੀ। ਆਖੋ : ਵਾਹਿਗੁਰੂ-ਵਾਹਿਗੁਰੂ।

ਤੇ ਜੀਵਨ ਦੇ ਵਿਚ ਜੇ ਅੱਗੇ ਵਧਣਾ ਹੈ, ਤੈਨੂੰ ਚੰਗਿਆਂ ਦੇ ਨਾਲ ਸੰਬੰਧ ਬਣਾਉਣੇ ਪੈਣਗੇ। ਮਹਾਂਪੁਰਖਾਂ ਦੇ ਨਾਲ, ਨਾਮ ਜੱਪਣ ਵਾਲਿਆਂ ਦੇ ਨਾਲ ਆਪਣੇ ਸੰਬੰਧ ਕਾਇਮ ਕਰਨੇ ਪੈਣਗੇ ਤੇ ਪਿਆਰਿਆ ! ਆਪਣੀ ਰੋਜ਼ੀ-ਰੋਟੀ ਕਮਾਉਣੀ ਊ ਤੇ ਉਸ ਰੋਜ਼ੀ-ਰੋਟੀ ਨੂੰ ਕਮਾਉਣ ਦੇ ਲਈ ਤੈਨੂੰ ਕਿਰਤ ਕਰਨੀ ਪੈਣੀ ਹੈ। ਬਸ ਇਸੇ ਤਰ੍ਹਾਂ ਜਿਵੇਂ ਸਿਹਤਮੰਦ ਸਰੀਰ ਨੂੰ ਬਣਾਉਣ ਦੇ ਲਈ, ਸਰੀਰ ਨੂੰ ਸਿਹਤਮੰਦ ਰੱਖਣ ਦੇ ਲਈ, ਤੈਨੂੰ ਰੋਜ਼ਾਨਾ ਕਸਰਤ ਦੀ ਲੋੜ ਏ। ਪਿਆਰਿਆ ! ਅਨੁਸ਼ਾਸਨ ਵਿਚ ਰਹਿਣ ਦੀ ਲੋੜ ਏ। ਤੈਨੂੰ ਨਿਤਾਪ੍ਰਤੀ ਚੰਗੇ ਪਦਾਰਥ ਹਰੀਆਂ ਸਬਜੀਆਂ, ਤਾਕਤ ਵਾਲੀਆਂ ਆਹ ਚੀਜ਼ਾਂ ਖਾਣ ਦੀ ਲੋੜ ਏ। ਗੱਲਾਂ ਦੇ ਨਾਲ ਤੇ ਸਿਹਤਮੰਦ ਸਰੀਰ ਬਣਨਾ ਕੋਈ ਨਹੀਂ। ਬਸ ਇਸੇ ਤਰ੍ਹਾਂ ਗੱਲਾਂ

ਦੇ ਨਾਲ ਕੋਈ ਸਵਰਗ ਨਹੀਂ ਮਿਲਦੇ, ਗੱਲਾਂ ਦੇ ਨਾਲ ਮੁਕਤੀ ਨਹੀਂ ਮਿਲਦੀ। ਮੁਕਤੀ ਜਿਉਂਦਿਆਂ-ਜੀਅ ਪ੍ਰਾਪਤ ਕਰਨ ਦੇ ਲਈ ਤੈਨੂੰ ਆਪਣੀ ਹਉਮੈ ਦਾ ਤਿਆਗ ਕਰਨਾ ਪੈਣਾ ਈ।

ਜਿਉਂਦਿਆਂ-ਜੀਅ ਮੁਕਤ ਹੋਣ ਦੇ ਲਈ ਤੈਨੂੰ ਅੰਮ੍ਰਿਤ ਵੇਲਾ ਬਣਾਉਣਾ ਪੈਣਾ ਈ। ਜੀਵਨ ਮੁਕਤ ਹੋਣ ਦੇ ਲਈ ਤੈਨੂੰ ਆਪਣਾ ਨਾਤਾ, ਗੁਰ ਪ੍ਰਮੇਸ਼ਰ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦੇ ਚਰਨਾਂ ਨਾਲ ਜੋੜਣਾ ਪੈਣਾ ਏ, ਜੇ ਤੂੰ ਚਾਹੁੰਨਾ ਐਂ ਜਿਉਂਦਿਆਂ-ਜੀਅ ਤੇਰੀ ਮੁਕਤੀ ਹੋਵੇ।

***ਗੁਰਿ ਕਹਿਆ ਸਾ ਕਾਰ ਕਮਾਵਹੁ ॥*** (ਅੰਗ ੯੩੩)

ਉਹ ਕਾਰ ਤੈਨੂੰ ਕਮਾਉਣੀ ਪੈਣੀ ਹੈ, ਗੱਲਾਂ ਦੇ ਨਾਲ ਗੱਲ ਨਹੀਂ ਬਨਣੀ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।

ਇਹ ਜਿਹੜੀਆਂ ਮੈਂ ਹੁਣੇ ਗੱਲਾਂ ਕੀਤੀਆਂ ਨੇ, ਜਿਹੜੇ ਗੱਲਾਂ ਕਰਦੇ ਨੇ ਮੇਰੇ ਵਰਗੇ, ਕਮਾਈ ਦੀ ਉਨ੍ਹਾਂ ਨੂੰ ਵੀ ਲੋੜ ਏ ਤੇ ਜਿਹੜੇ ਤੁਸੀਂ ਸੁਣਦੇ ਹੋ ਇਹ ਗੱਲਾਂ ਨੂੰ, ਕਮਾਉਣ ਦੀ ਤੁਹਾਨੂੰ ਵੀ ਲੋੜ ਐ। ਕਿਉਂਕਿ ਬੋਲਣਾ ਜਾਂ ਸੁਨਣਾ ਉਦੋਂ ਤੱਕ ਅਧੂਰਾ ਹੈ ਜਦ ਤੱਕ ਅਸੀਂ ਇਹ ਬੋਲੇ ਹੋਏ ਬੋਲਾਂ ਨੂੰ ਸੁਣੇ ਹੋਏ ਬੋਲਾਂ ਨੂੰ ਅਮਲੀਜ਼ਾਮਾ ਨਹੀਂ ਪਹਿਣਾ ਦਿੰਦੇ। ਜਦ ਤੱਕ ਇਹ ਗੱਲਾਂ ਨੂੰ ਅਮਲੀ ਰੂਪ ਵਿਚ ਧਾਰਨ ਨਹੀਂ ਕਰਦੇ। ਅਸਲੀਅਤ ਦੇ ਵਿਚ ਸਵਰਗ, ਨਰਕ ਇਹ ਸਾਡੇ ਅੰਦਰਲੀਆਂ ਅਵਸਥਾਵਾਂ ਨੇ। ਆਖੋ : ਵਾਹਿਗੁਰੂ।....

ਕਈ ਬੰਦੇ ਵੇਖੋ ! ਜਿਉਂਦਿਆਂ-ਜੀਅ ਸਵਰਗ ਦਾ ਅਨੰਦ ਲੈਂਦੇ ਨੇ। ਅੰਦਰੋਂ ਵਿਕਾਰ ਨਿਕਲ ਗਏ, ਕਾਮ, ਕਰੋਧ, ਲੋਭ, ਮੋਹ, ਹੰਕਾਰ ਇਹ ਚੀਜ਼ਾਂ 'ਤੇ ਕੰਟਰੋਲ ਕਰਨਾ ਆ ਗਿਆ। ਹੁਣ ਤੇ ਬਾਣੀ ਵੀ ਪਿਆਰੀ ਲੱਗਦੀ ਏ। ਗੁਰੂ ਵੱਲੋਂ ਦਿੱਤਾ ਹੋਇਆ ਬਾਣਾ ਵੀ ਪਿਆਰਾ ਲੱਗਦਾ ਏ। ਪਿਆਰਿਆ ! ਹੁਣ ਤੇ ਅੰਮ੍ਰਿਤ ਵੇਲਾ ਵੀ ਪਿਆਰਾ ਲੱਗਦਾ ਏ। ਹੁਣ ਤੇ ਅੰਦਰ ਵੈਰ ਵਿਰੋਧ ਰਿਹਾ ਹੀ ਕੋਈ ਨਹੀਂ। ਹੁਣ ਤੇ ਉਹ ਵੀ ਬੜੇ ਪਿਆਰੇ ਲੱਗਦੇ ਨੇ ਜਿਹੜੇ ਗੁਰ ਪ੍ਰਮੇਸ਼ਰ ਦੀ ਗੱਲ ਸੁਣਾਉਂਦੇ ਨੇ। ਅੰਦਰ ਨਫ਼ਰਤ ਰਹੀ ਨਹੀਂ, ਅੰਦਰ ਈਰਖਾ ਰਹੀ ਕੋਈ ਨਹੀਂ। ਅੰਦਰ ਪਿਆਰਿਓ ! ਵਿਕਾਰਾਂ ਦੀ ਥਾਂ ਰਹੀ ਕੋਈ ਨਹੀਂ। ਇਹ ਤੇ ਜਿਉਂਦਿਆਂ-ਜੀਅ ਸਵਰਗ ਹੋ ਗਿਆ।

ਤੇ ਵੇਖੋ ! ਜਿਉਂਦਿਆਂ-ਜੀਅ ਨਰਕ ਭੋਗਦੇ ਨੇ, ਜੀਉਂਦਿਆਂ-ਜੀਅ ਨਰਕ। ਇਹੋ ਜਿਹੀਆਂ ਚੀਜ਼ਾਂ ਦੀ ਵਰਤੋਂ ਕਰਨੀ, ਜਿਹੜੀਆਂ ਚੀਜ਼ਾਂ ਗੁਰਮਤਿ ਆਸ਼ੇ ਅਨੁਸਾਰ ਠੀਕ ਨਹੀਂ—ਸ਼ਰਾਬ ਦੀ ਵਰਤੋਂ ਕਰਨੀ, ਮਾਸ ਦੀ ਵਰਤੋਂ ਕਰਨੀ, ਪਿਆਰਿਓ ! ਨਾਲ ਗੱਲ-ਗੱਲ ਦੇ ਉਤੇ ਕਲੇਸ਼, ਗੱਲ-ਗੱਲ ਦੇ ਉਤੇ ਰੁੱਖਾਪਨ, ਗੱਲ-ਗੱਲ ਦੇ ਉਤੇ ਚਿੜਚਿੜਾਪਨ, ਗੱਲ-ਗੱਲ ਦੇ ਉਤੇ ਕਦੀ ਪਰਿਵਾਰਕ ਮੈਂਬਰਾਂ ਨਾਲ ਲੜਾਈਆਂ। ਕਦੀ ਆਂਢੀਆਂ-ਗੁਆਢੀਆਂ ਨਾਲ ਲੜਾਈਆਂ। ਅੰਦਰ ਸੰਤੁਸ਼ਟੀ ਹੈ ਹੀ ਕੋਈ ਨਹੀਂ, ਹਰ ਵੇਲੇ ਕਲਪਨਾ।

ਦੂਜਾ ਕੋਈ ਅੱਗੇ ਵਧਦਾ ਹੈ, ਕਲਪਨਾ ਲੱਗ ਜਾਂਦੀ ਏ। ਦੂਜੇ ਦੇ ਘਰ ਜੇ ਕੋਈ ਏ.ਸੀ. ਆ ਗਿਆ, ਸਾਡੇ ਘਰ ਕੂਲਰ ਲੱਗਾ, ਤਾਂ ਕਲਪਨਾ। ਇਹ ਤੇ ਜਿਉਂਦਿਆਂ-ਜੀਅ ਨਰਕ ਹੀ ਏ। ਦੂਜੇ ਦੇ ਘਰ ਵੱਡਾ ਫਰਿਜ਼ ਆ ਗਿਆ, ਸਾਡੇ ਘਰ ਛੋਟਾ ਐ। ਇਹ ਤੇ ਜੀਉਂਦਿਆਂ-ਜੀਅ ਨਰਕ ਭੋਗਣਾ ਐ। ਕਲਪਨਾ, ਈਰਖਾ, ਦਵੈਸ਼, ਇਕ ਦੂਜੇ ਦੀ ਨਿੰਦਿਆ ਕਰਨਾ, ਦੂਜੇ ਨੂੰ ਵਧਦਾ ਵੇਖ ਕੇ ਬਰਦਾਸ਼ਤ ਨਾ ਕਰਨਾ, ਜਿਉਂਦਿਆਂ-ਜੀਅ ਨਰਕ।

ਇਹ ਮੇਰੀ ਬੇਨਤੀ ਏ, ਇਹ ਤੇ ਕਮਾਈ ਬੋਲਣ ਵਾਲਿਆਂ ਨੂੰ ਸਾਡੇ ਵਰਗਿਆਂ ਨੂੰ ਵੀ ਕਰਨੀ ਪੈਣੀ ਐ। ਤੇ ਤੁਹਾਨੂੰ ਸੁਨਣ ਵਾਲਿਆ ਨੂੰ ਵੀ ਕਰਨੀ ਪੈਣੀ ਐ, ਕਿਉਂਕਿ ਬੋਲਣਾ ਜਾਂ ਸੁਨਣਾ ਉਦੋਂ ਤੱਕ ਅਧੂਰਾ ਐ, ਜਦ ਤੱਕ ਅਸੀਂ ਇਹਨੂੰ ਅਮਲੀਜ਼ਾਮਾ ਨਹੀਂ ਪਹਿਨਾਉਂਦੇ। ਜਦ ਤੱਕ ਇਹ ਚੀਜ਼ਾਂ ਨੂੰ ਆਪਣੇ ਜੀਵਨ 'ਚ ਲਾਗੂ ਨਹੀਂ ਕਰਦੇ। ਇਹ ਸਵਰਗ ਜਾਂ ਨਰਕ ਸਾਡੇ ਅੰਦਰਲੀ ਅਵਸਥਾ ਹੈ।

ਆਖੋ : ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਅਸੀਂ ਪਿਆਰਿਓ ! ਜਿਉਂਦਿਆਂ-ਜੀਅ ਮੁਕਤੀ ਵਾਲੇ ਪਾਸੇ ਤੁਰਨਾ ਹੈ। ਤੇ ਜਿਉਂਦਿਆਂ-ਜੀਅ ਮੁਕਤੀ ਸਾਨੂੰ ਤਾਂ ਹੀ ਮਿਲੇਗੀ ਜਦ ਅਸੀਂ ਗੁਰ ਸ਼ਬਦ ਦੀ ਕਮਾਈ ਕਰਾਂਗੇ। ਜਦੋਂ ਅਸੀਂ ਆਪਣੇ ਮਾਲਕ ਦੇ ਨਾਲ ਪ੍ਰੇਮ ਕਰਾਂਗੇ। ਢਾਈ ਅੱਖਰ ਪ੍ਰੇਮ ਦੇ ਨੇ ਪਰ ਇਹਦੀ ਤਾਕਤ ਬੜੀ ਵੱਡੀ ਏ, ਕਿਉਂਕਿ ਪ੍ਰੇਮ ਦੇ ਨਾਲ ਦੁਨੀਆਂ ਦੇ ਲੋਕ ਕੀ, ਉਹ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਗੁਰੂ ਰਾਮਦਾਸ ਵੀ ਵੱਸ 'ਚ ਆ ਜਾਂਦਾ ਹੈ।

ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਜੇ ਜੀਵਨ ਮੁਕਤ ਹੋਣਾ ਹੈ, ਜਿਉਂਦਿਆਂ-ਜੀਅ ਮੁਕਤੀ ਕੀ ਏ, ਹਰ ਵੇਲੇ ਅੰਦਰ ਸਿਮਰਨ ਚੱਲਣ ਲੱਗ ਗਿਆ, ਹਰ ਵੇਲੇ ਰੋਮ-ਰੋਮ ਦੇ ਵਿਚ ਉਹਦਾ ਸਿਮਰਨ ਚੱਲਣਾ ਸ਼ੁਰੂ ਹੋ ਗਿਆ। ਹੁਣ ਅੰਦਰ ਤੇ ਨਫ਼ਰਤ ਦੀਆਂ ਦੀਵਾਰਾਂ ਰਹੀਆਂ ਹੀ ਕੋਈ ਨਹੀਂ। ਹੁਣ ਆਪਣਾ ਪਰਾਇਆ ਤੇ ਰਿਹਾ ਕੋਈ ਨਹੀਂ। ਹੁਣ ਤੇ ਸਾਰੇ ਇਕਸਮਾਨਤਾ ਦੇ ਵਿਚ ਨਜ਼ਰ ਆਉਂਦੇ ਨੇ, ਹੁਣ ਤੇ :

***ਨਾ ਕੋ ਬੈਰੀ ਨਹੀ ਬਿਗਾਨਾ.....*** (ਅੰਗ ੧੨੯੯)

ਵਾਲੀ ਅਵਸਥਾ ਬਣ ਗਈ, ਜੀਵਨ-ਮੁਕਤੀ ਹੀ ਹੈ ਤੇ ਜੇ ਜੀਵਨ-ਮੁਕਤੀ ਚਾਹੁੰਦੇ ਹਾਂ ਪਿਆਰਿਓ ! ਆਪਣੇ ਮਾਲਕ ਦੇ ਦੱਸੇ ਹੋਏ ਮਾਰਗ 'ਤੇ ਤੁਰਨਾ ਸ਼ੁਰੂ ਕਰ ਦੇਈਏ। ਜੋ ਗੁਰੂ ਸਾਹਿਬ ਨੇ ਸਾਨੂੰ ਫੁਰਮਾਨ ਕੀਤਾ ਹੈ, ਉਹ ਬਚਨਾਂ ਨੂੰ ਕਮਾਉਣਾ ਸ਼ੁਰੂ ਕਰ ਦੇਈਏ। ਜਿਹੜਾ ਉਹ ਬਚਨਾਂ ਨੂੰ ਕਮਾਏਗਾ ਜਿਉਂਦਿਆਂ-ਜੀਅ ਮੁਕਤ ਹੋਏਗਾ।

ਇਸ ਵਾਸਤੇ ਅਸੀਂ ਰੋਜ਼ ਤਿੰਨ ਤੋਂ ਚਾਰ ਇਕੱਤਰ ਹੁੰਦੇ ਹਾਂ ਕਿ ਥੋੜ੍ਹੇ-ਥੋੜ੍ਹੇ ਬਚਨ ਅਸੀਂ ਆਪਣੇ ਮਾਲਕ ਦੇ ਕਮਾਉਣੇ ਸ਼ੁਰੂ ਕਰੀਏ। ਇਕ-ਇਕ, ਦੋ-ਦੋ ਬਚਨ ਉਨ੍ਹਾਂ ਨੂੰ ਅਮਲੀਜ਼ਾਮਾ ਪਹਿਨਾਉਣਾ ਸ਼ੁਰੂ ਕਰੀਏ। ਤਾਂ ਜੋ ਫਿਰ ਅਸੀਂ ਵੀ ਜੀਵਨ ਮੁਕਤੀ ਵੱਲ

ਵਧੀਏ, ਜੀਵਨ ਮੁਕਤੀ ਵੱਲ ਸਾਡੇ ਵੀ ਪੈਰ ਵਧਣੇ ਸ਼ੁਰੂ ਹੋਣ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਫ਼ਤਹਿ ਬੁਲਾਓ :

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸ਼ਬਦ ਜਿਹੜਾ ਮੈਂ ਪੜ੍ਹਨਾ ਐ ਭਗਤ ਜੀ ਦਾ ਉਚਾਰਣ ਕੀਤਾ, ਭਗਤ ਰਵਿਦਾਸ ਜੀ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ੬੫੯ ਅੰਗ ਦੇ ਉਤੇ ਇਹ ਸ਼ਬਦ ਦਰਜ਼ ਹੈ:

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥*** (ਅੰਗ ੬੫੯)

ਇਹ ਸ਼ਬਦ ਪੜ੍ਹਨਾ ਹੈ। ਉਸ ਤੋਂ ਪਹਿਲਾਂ ਬੇਨਤੀ ਹੈ, ਪਰਿਵਾਰ ਦੇ ਜੀਆਂ ਨੂੰ ਜੇ ਨਹੀਂ ਨਾਲ ਬਿਠਾਇਆ ਤੇ ਬੈਠਾਓ। ਪਰਿਵਾਰਕ ਮੈਂਬਰਾਂ ਨਾਲ ਬਹਿ ਕੇ ਸਮਾਗਮ ਦਾ ਅਨੰਦ ਮਾਣਿਆ ਕਰੋ। ਕਿਸੇ ਵੀ ਕੀਮਤ 'ਤੇ ਸੰਗਤ ਦੀਆਂ ਘੜੀਆਂ ਹੱਥੋਂ ਜਾਣ ਨਾ ਦਿਆ ਕਰੋ।

ਪੜ੍ਹਿਓ ਜੀ ਸ਼ਬਦ ਪਿਆਰ ਵਿੱਚ, ਕੋਈ ਰਸਨਾ ਵਾਂਝੀ ਨਾ ਰਹੇ :

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥....***

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥....***

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥....***

ਧੰਨ ਗੁਰੂ ਰਾਮਦਾਸ ਜੀ। ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਭਗਤ ਜੀ ਕਹਿੰਦੇ—ਹੇ ਨਿਰੰਕਾਰ ! ਹੇ ਮੇਰੇ ਮਾਧਉ ! ਜੇ ਤੂੰ ਸੋਹਣਾ ਪਹਾੜ ਬਣ ਜਾਏਂ ਤੇ ਮੈਂ ਉਸ ਪਹਾੜ ਦੇ ਉਤੇ ਬੈਠਣ ਵਾਲਾ ਮੋਰ ਬਣਾਂਗਾ। ਤੇ ਤੈਨੂੰ ਵੇਖ-ਵੇਖ ਕੇ ਮੈਂ ਖ਼ੁਸ਼ ਹੋਵਾਂਗਾ ਤੇ ਤੈਨੂੰ ਵੇਖ-ਵੇਖ ਕੇ ਮੈਂ ਪੈਲਾਂ ਪਾਵਾਂਗਾ। ਦੇਖੋ ! ਕਿੱਡੀ ਪਿਆਰੀ ਗੱਲ ਕਹੀ ਭਗਤ ਜੀ ਨੇ। ਕਹਿੰਦੇ—ਜੇ ਤੂੰ ਪਹਾੜ ਬਣੇਂ ਤੇ ਮੈਂ ਤੇਰਾ ਮੋਰ ਹਾਂ ਤੇ ਹੇ ਮੇਰੇ ਪ੍ਰਮੇਸ਼ਰ ! ਜੇ ਤੂੰ ਚਾਹਵੇਂ ਮੈਂ ਤੇਰੀ ਚਕੋਰ ਬਣਾਂਗਾ। ਤੇ ਤੈਨੂੰ ਵੇਖ-ਵੇਖ ਕੇ ਖ਼ੁਸ਼ ਹੋਵਾਂਗੀ ਤੇ ਤੈਨੂੰ ਵੇਖ-ਵੇਖ ਕੇ ਹੀ ਬੋਲਾਂਗੀ। ਆਖੋ : ਵਾਹਿਗੁਰੂ-ਵਾਹਿਗੁਰੂ।

ਵੇਖੋ ! ਪਿਆਰ ਵਾਲਿਆਂ ਦੀਆਂ ਗੱਲਾਂ ਹੀ ਨਿਰਾਲੀਆਂ ਨੇ। ਹੇ ਗਰੀਬ ਨਿਵਾਜ਼! ਜਿਵੇਂ ਬਾਬਾ ਈਸ਼ਰ ਸਿੰਘ ਜੀ ਮਹਾਂਪੁਰਖ ਅਰਦਾਸ ਕਰਦੇ ਸੀ—''ਦਾਤਿਆ ! ਅਸੀਂ ਇਹ ਨਹੀਂ ਕਹਿੰਦੇ, ਤੂੰ ਸਾਡਾ ਜਨਮ-ਮਰਨ ਕੱਟ, ਕੱਟਣਾ ਐ ਤੇਰੀ ਮਰਜ਼ੀ, ਕੱਟਣਾ ਐ ਤੇਰੀ ਮੌਜ, ਪਰ ਸਾਡੀ ਤੇ ਬੇਨਤੀ ਏ, ਸਾਨੂੰ ਇਸ ਧਰਤੀ ਦੇ ਉਤੇ ਭਾਵੇਂ ਜਿੰਨੀ ਵਾਰੀ ਮਰਜ਼ੀ ਭੇਜ, ਸਾਨੂੰ ਇਸ ਧਰਤੀ ਤੋਂ ਭਾਵੇਂ ਜਿੰਨੀ ਵਾਰੀ ਮਰਜ਼ੀ ਬੁਲਾ।'' ਸੁਣਿਓ ! ਬਾਬਾ ਈਸ਼ਰ ਸਿੰਘ ਜੀ ਦੇ ਬਚਨ ਨੇ। ਕਹਿੰਦੇ—''ਅਸੀਂ ਇਹ ਨਹੀਂ ਕਹਿੰਦੇ, ਹੇ ਗੁਰੂ ਰਾਮਦਾਸ ! ਹੇ ਗੁਰੂ ਨਾਨਕ ! ਸਾਡਾ ਜਨਮ-ਮਰਨ ਕੱਟ। ਕੱਟਣਾ ਤੇਰੀ ਮੌਜ, ਪਰ ਸਾਡੀ ਬੇਨਤੀ ਏ ਸਾਨੂੰ

ਇਸ ਧਰਤੀ 'ਤੇ ਭਾਵੇਂ ਜਿੰਨੀ ਵਾਰੀ ਮਰਜ਼ੀ ਭੇਜ, ਸਾਨੂੰ ਇਸ ਧਰਤੀ ਤੋਂ ਭਾਵੇਂ ਜਿੰਨੀ ਵਾਰੀ ਮਰਜ਼ੀ ਬੁਲਾ, ਪਸ਼ੂ ਦੀ ਜੂਨ ਦੇ, ਪੰਛੀ ਦੀ ਜੂਨ ਦੇ, ਹੇ ਗਰੀਬ ਨਿਵਾਜ਼ ! ਪਸ਼ੂ ਦੀ ਜੂਨ ਦੇ, ਪੰਛੀ ਦੀ ਜੂਨ ਦੇ, ਭਾਵੇਂ ਇੱਥੇ ਰੱਖ ਭਾਵੇਂ ਉਥੇ ਰੱਖ ਪਰ ਸਾਡੀ ਬੇਨਤੀ ਏ :

***ਰਖੀਂ ਆਪਣੇ ਚਰਨਾਂ ਦੇ ਕੋਲ।***

ਭਾਵੇਂ ਇਥੇ ਰੱਖ, ਭਾਵੇਂ ਉਥੇ ਰੱਖ, ਪਰ ਰੱਖੀਂ ਆਪਣੇ ਚਰਨਾਂ ਦੇ ਕੋਲ। ਭੱਟਾਂ ਨੇ ਇਕ ਦਿਨ ਲਾਡ ਵਿਚ ਗੁਰੂ ਅਮਰਦਾਸ ਜੀ ਦੇ ਅੱਗੇ ਫ਼ਰਿਆਦ ਕੀਤੀ—ਹੇ ਗੁਰੂ ਅਮਰਦਾਸ ਜੀ ! ਅਸੀਂ ਇਹ ਨਹੀਂ ਕਹਿੰਦੇ, ਪਿਤਾ ਤੂੰ ਸਾਡਾ ਜਨਮ-ਮਰਨ ਕੱਟ, ਅਸੀਂ ਤੇ ਕਹਿੰਦੇ ਹਾਂ :

***ਗੁਰ ਅਮਰਦਾਸ ਤਾਰਣ ਤਰਣ***
***ਜਨਮ ਜਨਮ ਪਾ ਸਰਣਿ ਤੁਅ॥ ੨ ॥ ੧੬ ॥*** (ਅੰਗ ੧੩੯੫)

ਜਿੰਨੇ ਵੀ ਜਨਮ ਮਿਲਣ ਹੇ ਗੁਰੂ ਅਮਰਦਾਸ ਜੀ ! ਤੁਹਾਡੀ ਚਰਣ ਸ਼ਰਣ ਸਾਨੂੰ ਨਾਲ ਹੀ ਮਿਲੇ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।

ਵੇਖੋ ! ਕਿੱਡੀ ਪਿਆਰੀ ਗੱਲ ਕਹਿ ਰਹੇ ਭਗਤ ਜੀ, ਪੜ੍ਹਿਓ ਸਾਰੇ :

***ਜਉ ਤੁਮ ਗਿਰਿਵਰ ਤਉ ਹਮ ਮੋਰਾ॥***
***ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥ ੧ ॥....*** (ਅੰਗ ੬੫੮)
***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***
***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩ ॥....*** (ਅੰਗ ੬੫੯)

ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਭਗਤ ਜੀ ਕਹਿੰਦੇ—ਹੇ ਮਾਧੋ ! ਜੇ ਤੂੰ ਮੇਰੇ ਨਾਲੋਂ ਪਿਆਰ ਨਾ ਤੋੜੇਂ, ਮੈਂ ਵੀ ਨਹੀਂ ਤੋੜਾਂਗਾ।

ਵੇਖੋ ! ਭਗਤ ਪਿਆਰਿਆਂ ਦੀਆਂ ਗੱਲਾਂ ਹੀ ਨਿਰਾਲੀਆਂ ਨੇ। ਕਹਿੰਦੇ—''ਜੇ ਤੂੰ ਨਾ ਪਿਆਰ ਤੋੜੇਂ, ਮੈਂ ਵੀ ਨਹੀਂ ਤੋੜਾਂਗਾ।'' ਇਹਨੂੰ ਕਹਿੰਦੇ ਪਿਆਰ। ਜਿਵੇਂ ਬਾਬਾ ਦੀਪ ਸਿੰਘ ਜੀ।

ਪਿਆਰ ਦੇ ਵਿੱਚ ਦੇਖੋ ! ਕਿੱਡੀ ਪਿਆਰੀ ਤੇ ਲੋਕਾਂ ਦੇ ਵੱਲੋਂ ਉਲਟੀ ਗੱਲ ਕੀਤੀ ਏ। ਲੋਕ ਤੇ ਕਹਿੰਦੇ ਨੇ ਕਿ ਮਹਾਰਾਜ ! ਆਹ ਫਲਾਣੀ ਚੀਜ਼ ਮੈਨੂੰ ਨਾ ਮਿਲੀ, ਮੈਂ ਤੇ ਮਰ ਜਾਣਾ ਹੈ। ਪਰ ਕਿੱਡੀ ਪਿਆਰੀ ਗੱਲ ਬਾਬਾ ਦੀਪ ਸਿੰਘ ਜੀ ਦੀ। ਬਾਬਾ ਦੀਪ ਸਿੰਘ ਜੀ ਕਹਿੰਦੇ—ਜਦ ਤੱਕ ਮੈਂ ਆਪਣਾ ਪ੍ਰਣ ਪੂਰਾ ਨਹੀਂ ਕਰ ਲੈਂਦਾ, ਮੈਂ ਮਰਨਾ ਹੀ ਕੋਈ ਨਹੀਂ। ਆਖੋ : ਵਾਹਿਗੁਰੂ-ਵਾਹਿਗੁਰੂ।

ਮੈਂ ਜਾਨ ਦੇਣੀ ਕੋਈ ਨਹੀਂ, ਜਦ ਤੱਕ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈਂਦਾ। ਭਗਤਾਂ ਦੀਆਂ ਗੱਲਾਂ ਹੀ ਨਿਰਾਲੀਆਂ ਨੇ।

***ਭਗਤਾ ਕੀ ਚਾਲ ਨਿਰਾਲੀ॥***

***ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*** (ਅੰਗ ੯੧੮)

ਕਿੱਡੀ ਪਿਆਰੀ ਗੱਲ ਕਹੀ, ਆਮ ਬੰਦਾ ਥੋੜ੍ਹੀ ਕਹਿ ਸਕਦਾ ਹੈ। ਪ੍ਰਮੇਸ਼ਰ ਨੂੰ ਕੌਣ ਕਹੇਗਾ ਕਿ ਤੂੰ ਨਾ ਤੋੜੇਂ ਤੇ ਮੈਂ ਵੀ ਨਹੀਂ ਤੋੜਾਂਗਾ। ਪ੍ਰਮੇਸ਼ਰ ਕੋਈ ਸਾਡੇ ਹੁਕਮ ਮੁਤਾਬਿਕ ਥੋੜ੍ਹੀ ਚੱਲ ਰਿਹਾ ਹੈ, ਪਰ ਹਾਂ ! ਪਿਆਰ ਵਾਲਿਆਂ ਦੇ ਹੁਕਮ 'ਚ ਪ੍ਰਮੇਸ਼ਰ ਨੂੰ ਚੱਲਣਾ ਪੈਂਦਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਸਾਡਾ ਹੁਕਮ ਤੇ ਕਈ ਵਾਰੀ ਸਾਡੇ ਪਰਿਵਾਰ ਦੇ ਮੈਂਬਰ ਵੀ ਨਹੀਂ ਮੰਨਦੇ, ਪਰ ਪਿਆਰਿਓ ! ਜਿਹੜੇ ਪ੍ਰਮੇਸ਼ਰ ਨਾਲ ਪਿਆਰ ਕਰਦੇ ਨੇ, ਉਨ੍ਹਾਂ ਦਾ ਹੁਕਮ ਦਰਗਾਹ 'ਤੇ ਚਲਦਾ ਹੈ। ਉਨ੍ਹਾਂ ਦਾ ਹੁਕਮ ਤੇ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ ਦੇ ਉਤੇ ਵੀ ਚੱਲਦਾ ਹੈ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*** (ਅੰਗ ੧੨੫੨)

ਹੁਕਮ ਚੱਲਦਾ ਹੈ :

***ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ॥*** (ਅੰਗ ੫੨੧)

ਨਾਮ ਜੱਪਣ ਵਾਲਿਆਂ ਦਾ ਹੁਕਮ ਚੱਲਦਾ ਹੈ। ਕਿਉਂ ਚੱਲਦਾ ਹੈ? ਕਿਉਂਕਿ ਇਹ ਤੇ ਅੰਦਰ ਪ੍ਰੇਮ ਲਈ ਬੈਠੇ ਨੇ ਤੇ ਜਿਹੜੇ ਪ੍ਰੇਮ ਵਾਲੇ ਨੇ, ਪ੍ਰੇਮ ਦੇ ਬੰਧਨਾਂ ਦੇ ਵਿਚ ਪ੍ਰਮੇਸ਼ਰ ਬੱਝ ਜਾਂਦਾ ਹੈ। ਉਦਾਂ ਉਹ ਵੱਸ 'ਚ ਨਹੀਂ ਆਉਂਦਾ। ਆਖੋ : ਵਾਹਿਗੁਰੂ-ਵਾਹਿਗੁਰੂ।

***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥***

ਦੇਖੋ ! ਜਿੰਨਾ ਮਰਜ਼ੀ ਤੂੰ ਯਤਨ ਕਰ ਲੈ, ਕਦੀ ਵੀ ਉਹ ਗੁਰ ਪ੍ਰਮੇਸ਼ਰ, ਉਹ ਨਿਰੰਕਾਰ ਕਦੀ ਤੇਰੇ ਵੱਸ ਵਿੱਚ ਨਹੀਂ ਆਏਗਾ।

***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥***

***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*** (ਅੰਗ ੯੬੨)

ਕਹਿੰਦੇ—ਕੋਈ ਬੰਦਾ ਬਹੁਤ ਦਿਖਾਵੇ ਮਾਤਰ ਤਰਲੇ ਪਾਈ ਜਾਵੇ, ਕੀਰਨੇ ਪਾਈ ਜਾਵੇ, ਕੇਵਲ ਦਿਖਾਵੇ ਮਾਤਰ, ਕਦੀ ਉਹ ਵੱਸ 'ਚ ਨਹੀਂ ਆਉਂਦਾ।

ਕੋਈ ਬੰਦਾ ਬੜੇ ਹੀ ਵੇਦ ਪੜ੍ਹੀ ਜਾਵੇ ਤੇ ਵੇਦ ਪੜ੍ਹ-ਪੜ੍ਹ ਕੇ ਹੰਕਾਰ ਕਰੇ, ਮੈਂ ਏਨੇ ਵੇਦਾਂ ਦਾ ਗਿਆਤਾ ਬਣ ਗਿਆਂ, ਵੇਦਾਂ ਨੂੰ ਪੜ੍ਹਣ ਦੇ ਨਾਲ ਵੀ ਉਹ ਕਾਬੂ 'ਚ ਨਾ ਆਇਆ।

***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥***

***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥***

ਅੱਗੇ ਕਹਿੰਦੇ—

***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***

ਕੋਈ ਤੀਰਥਾਂ 'ਤੇ ਜਾ ਕੇ ਬੜੇ ਹੀ ਇਸ਼ਨਾਨ ਕਰੇ, ਕਦੀ ਕਿਸੇ ਤੀਰਥ 'ਤੇ, ਕਦੀ ਕਿਸੇ ਤੀਰਥ 'ਤੇ ਇਸ਼ਨਾਨ ਕਰੀ ਜਾਵੇ, ਕਹੇ ਕਿ ਮੈਂ ਰੱਬ ਨੂੰ ਪਾ ਲਵਾਂਗਾ। ਤੀਰਥਾਂ 'ਤੇ ਇਸ਼ਨਾਨ ਕਰਨ ਦੇ ਨਾਲ ਵੀ ਰੱਬ ਵੱਸ 'ਚ ਨਾ ਆਇਆ। ਆਖੋ : ਵਾਹਿਗੁਰੂ।....

***ਨਾ ਤੂ ਆਵਹਿ ਵਸਿ ਧਰਤੀ ਧਾਈਐ॥*** (ਅੰਗ ੯੬੨)

ਕੋਈ ਪੂਰੀ ਧਰਤੀ ਦਾ ਭਰਮਣ ਕਰ ਲਵੇ, ਪੂਰੀ ਧਰਤੀ ਦਾ ਚੱਕਰ ਵੀ ਲਾ ਲਵੇ ਤੇ ਕਹੇ ਮੈਂ ਰੱਬ ਨੂੰ ਵੱਸ ਕਰ ਲਵਾਂਗਾ, ਕਹਿੰਦੇ—ਇਮਪੋਸੀਬਲ ਗੱਲ ਏ। ਕਹਿੰਦੇ :

***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*** (ਅੰਗ ੯੬੨)

ਬਹੁਤੀਆਂ ਸਿਆਣਪਾਂ ਦੇ ਨਾਲ ਵੀ ਉਹ ਕਾਬੂ 'ਚ ਨਹੀਂ ਆਉਂਦਾ।

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।....

***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*** (ਅੰਗ ੯੬੨)

ਬਹੁਤੇ ਦਾਨ ਕਰਨ ਨਾਲ ਕਿਉਂਕਿ ਕਈ ਵਾਰੀ ਬੰਦਾ ਦਾਨ ਕਰਦਾ ਹੈ, ਦਾਨ ਕਰਨਾ ਮਾੜੀ ਗੱਲ ਨਹੀਂ, ਦਾਨ-ਪੁੰਨ ਕਰਨੇ, ਚੰਗੇ ਕਰਮ ਕਰਨੇ ਕੋਈ ਮਾੜੀ ਗੱਲ ਨਹੀਂ, ਪਰ ਕਈ ਵਾਰੀ ਬੰਦਾ ਜਿਉਂ-ਜਿਉਂ ਦਾਨ ਕਰਦਾ ਹੈ, ਤਿਉਂ-ਤਿਉਂ ਦਾਤਾ ਬਣੀ ਜਾਂਦਾ ਹੈ, ਤਿਉਂ-ਤਿਉਂ ਹਉਮੈ ਕਰੀ ਜਾਂਦਾ ਹੈ, ਤਿਉਂ-ਤਿਉਂ ਇਗੋ ਵਧਦੀ ਜਾਂਦੀ, ਮੈਂ ਇੱਡਾ ਵੱਡਾ ਦਾਨੀ ਹਾਂ। ਕਹਿੰਦੇ—ਬਹੁਤੇ ਦਾਨ ਕਰਨ ਦੇ ਨਾਲ ਵੀ ਉਹ ਵੱਸ 'ਚ ਨਾ ਆਇਆ। ਕਿਉਂ ਵੱਸ 'ਚ ਨਹੀਂ ਆਇਆ? ਕਿਉਂਕਿ :

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*** (ਅੰਗ ੯੬੨)

ਸਭ ਕੁੱਛ ਤੇਰੇ ਵੱਸ ਏ, ਪਰ ਹਾਂ, ਕੋਈ ਹੈ ਜਿਹਦੇ ਵੱਸ ਵਿਚ ਤੂੰ ਏਂ। ਕੋਈ ਹੈ ਇਹੋ ਜਿਹਾ, ਜਿਹਦੀ ਪਕੜ ਵਿਚ ਹੇ ਪ੍ਰਮੇਸ਼ਰ ਸਾਈਂ! ਤੁਸੀਂ ਆ ਜਾਂਦੇ ਹੋ। ਕਹਿੰਦੇ—ਹਾਂ, ਇਕ ਨੇ, ਜਿਨ੍ਹਾਂ ਦੀ ਪਕੜ ਵਿੱਚ ਪ੍ਰਮੇਸ਼ਰ ਆ ਜਾਂਦਾ ਹੈ, ਉਹ ਕੌਣ ਨੇ? ਕਹਿੰਦੇ—ਉਹ ਨੇ ਪ੍ਰਮੇਸ਼ਰ ਦੇ ਭਗਤ, ਪ੍ਰਮੇਸ਼ਰ ਦੇ ਪਿਆਰੇ ਸੰਤ, ਮਹਾਂਪੁਰਖ, ਕਮਾਈ ਵਾਲੇ, ਰੰਗ-ਰਤੜੇ। ਕਹਿੰਦੇ—ਜਦੋਂ ਰੰਗ-ਰਤੜਿਆਂ ਦੀ ਗੱਲ ਆ ਜਾਂਦੀ ਏ, ਪ੍ਰਮੇਸ਼ਰ ਕਹਿੰਦਾ—ਜਿੱਥੇ ਆ ਕੇ ਮੇਰਾ ਰੰਗ ਰਤੜਾ ਵਿਚੋਲਗੀ ਕਰ ਦਏਗਾ, ਉਸ ਬੰਦੇ ਦੇ ਗੁਨਾਹਾਂ ਦੇ ਸਾਰੇ ਚਿੱਠੇ ਮੈਂ ਆਪੇ ਪਾੜ ਦਿਆਂਗਾ। ਕਿਉਂ? ਕਿਉਂਕਿ :

***ਤੂ ਭਗਤਾ ਕੈ ਵਸਿ***

ਤੂੰ ਤੇ ਭਗਤਾਂ ਦੇ ਵੱਸ ਵਿਚ ਹੈਂ।

***ਭਗਤਾ ਤਾਣੁ ਤੇਰਾ॥ ੧੦॥*** (ਅੰਗ ੯੬੨)

ਤੇ ਜਿਹੜੇ ਭਗਤ ਨੇ ਉਹ ਤੇਰਾ ਹੀ ਤਾਣ ਰੱਖਦੇ ਨੇ, ਤੇਰੇ ਉਤੇ ਹੀ ਮਾਣ ਰੱਖਦੇ

ਨੇ, ਤੇਰਾ ਹੀ ਹਰ ਵੇਲੇ ਸਿਮਰਨ ਕਰਦੇ ਨੇ, ਤੇਰੀ ਹੀ ਅਰਾਧਨਾ ਕਰਦੇ ਨੇ। ਤੂੰ ਭਗਤਾਂ ਦੇ ਵੱਸ ਵਿਚ ਹੈਂ। ਹੋਰ ਦੂਜਿਆਂ ਦੇ ਵੱਸ ਵਿਚ ਨਹੀਂ ਆਉਂਦਾ।

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਇਹ ਗੱਲ ਕਮਾਈ ਵਾਲਾ ਹੀ ਕਹਿ ਸਕਦਾ ਹੈ, ਪ੍ਰੇਮ ਵਾਲਾ ਹੀ ਕਹਿ ਸਕਦਾ ਹੈ, ਬੰਦਗੀ ਵਾਲਾ ਹੀ ਕਹਿ ਸਕਦਾ ਹੈ :

*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*

ਜੇ ਤੂੰ ਨਹੀਂ ਤੋੜੇਂਗਾ, ਮੈਂ ਵੀ ਨਹੀਂ ਤੋੜਣੀ। ਆਮ ਬੰਦਾ ਥੋੜ੍ਹੀ ਕਹੇਗਾ। ਪ੍ਰਮੇਸ਼ਰ ਦੇ ਉਤੇ ਹੁਕਮ ਵਾਲੀ ਗੱਲ ਜਾਂ ਏਦਾਂ ਗੱਲ ਕੌਣ ਕਰ ਸਕਦਾ ਹੈ? ਜਿਹੜਾ ਉਹਦੇ ਨਾਲ ਪ੍ਰੇਮ ਕਰਦਾ ਹੈ। ਮੁਹੱਬਤ ਕਰਦਾ ਹੈ। ਫਿਰ ਅੱਗੋਂ ਨਿਮਰਤਾ 'ਚ ਕਹਿੰਦੇ—

*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥*

ਕਹਿੰਦੇ—ਇਕ ਗੱਲ ਤੇ ਦੱਸ ਪ੍ਰਮੇਸ਼ਰ ! ਤੂੰ ਮੇਰੇ ਨਾਲੋਂ ਕਦੀ ਤੋੜੀਂ ਨਾ, ਮੇਰੀ ਬੇਨਤੀ ਏ ਤੋੜੀਂ ਨਾ, ਜਿਵੇਂ ਬਾਬਾ ਨੰਦ ਸਿੰਘ ਜੀ ਕਹਿੰਦੇ ਸੀ—

*ਨਾ ਭੁੱਲੀਂ ਨਾ ਭੁਲਾਈਂ।*

ਪਹਿਲੀ ਗੱਲ ਤੇ ਤੂੰ ਮੇਰੇ ਅੰਦਰੋਂ ਭੁੱਲੀਂ ਨਾ, ਮੈਂ ਅਲਪਗ ਜੀਵ ਹਾਂ, ਜੇ ਮੈਂ ਤੈਨੂੰ ਭੁੱਲ ਜਾਵਾਂ ਤੇ ਤੂੰ ਨਾ ਭੁਲਾਵੀਂ, ਨਾ ਵਿਸਰੀਂ ਨਾ ਵਿਸਾਰੀਂ। ਪਹਿਲੀ ਗੱਲ ਤੇ ਗੁਰੂ ਸਾਹਿਬ ਜੀ ! ਤੁਸੀਂ ਮੇਰੇ ਅੰਦਰੋਂ ਵਿਸਰਿਓ ਨਾ, ਪਰ ਜੇ ਮੈਂ ਕਿਤੇ ਵਿਸਰ ਜਾਵਾਂ, ਤੁਸੀਂ ਨਾ ਵਿਸਾਰ ਦੇਣਾ।

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਕਹਿੰਦੇ—

*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*

ਤੇ ਅੱਗੇ ਕਹਿੰਦੇ, ਤੇਰੇ ਨਾਲੋਂ ਤੋੜ ਕੇ ਹੋਰ ਦੱਸ ਮੈਂ ਜੋੜਾਂ ਵੀ ਕੀਹਦੇ ਨਾਲ, ਕੀਹਦੇ ਨਾਲ ਨਾਤਾ ਜੋੜਾਂ। ਤੇਰੇ ਵਰਗਾ ਦੂਜਾ ਕੋਈ ਹੋਰ ਹੈ ਹੀ ਨਹੀਂ। ਤੇਰੇ ਵਰਗਾ ਤੇ ਤੂੰ ਹੀ ਏਂ, ਦੂਜਾ ਕੋਈ ਤੇਰੇ ਵਰਗਾ ਹੈ ਹੀ ਨਹੀਂ, ਤੇਰੀ ਚਰਨ-ਸ਼ਰਨ ਤੋਂ ਬਿਨਾਂ ਦੱਸ ਮੈਂ ਹੋਰ ਕੀਹਦੀ ਚਰਨ-ਸ਼ਰਨ ਜਾਵਾਂ? ਜਾ ਈ ਨਹੀਂ ਸਕਦਾ, ਕਿਉਂਕਿ ਤੇਰੇ ਵਰਗਾ ਕੋਈ ਹੋਰ ਹੈ ਨਹੀਂ ਤੇ ਤੇਰੇ ਵਰਗਾ ਤੂੰ ਹੀ ਏਂ, ਕਿਵੇਂ ਕਹਿ ਰਹੇ, ਪੜ੍ਹੋ ਸਾਰੇ :

*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥..* (ਅੰਗ ੬੫੮)
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥...* (ਅੰਗ ੬੫੯)

ਧੰਨ ਗੁਰੂ ਰਾਮਦਾਸ ਜੀ ! ਧੰਨ ਖੰਡੇ ਵਾਲਿਆ ! ਹੇ ਪ੍ਰਮੇਸ਼ਰ ! ਜੇ ਤੂੰ ਸੋਹਣਾ ਦੀਵਾ ਬਣੇਂ ਤੇ ਮੈਂ ਤੇਰੀ ਵੱਟੀ ਬਣ ਜਾਵਾਂ।

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਤੂੰ ਦੀਵਾ ਬਣੇਂ ਤੇ ਮੈਂ ਦੀਵੇ ਵਿਚ ਪੈਣ ਵਾਲੀ ਵੱਟੀ ਬਣ ਜਾਵਾਂ ਤੇ ਆਪਣਾ ਆਪ ਮੈਂ ਤੈਥੋਂ ਕੁਰਬਾਨ ਕਰ ਦੇਵਾਂ।

ਤੂੰ ਦੀਵਾ ਬਣੇਂ ਤੇ ਮੈਂ ਤੇਰੀ ਵੱਟੀ ਬਣਾਂ। ਆਪਣੇ ਆਪ ਨੂੰ ਮੈਂ ਸੇਕ ਲਵਾ ਲਵਾਂ। ਆਪ ਤੇ ਸੜਨਾ ਮਨਜ਼ੂਰ ਕਰ ਲਵਾਂ, ਆਪ ਸੜ ਕੇ ਵੀ ਮੈਂ ਦੂਜਿਆਂ ਨੂੰ ਚਾਨਣ ਦੇਣ ਵਾਲਾ ਕੰਮ ਕਰਾਂ। ਇਹੋ ਜਿਹਾ ਪ੍ਰੇਮ ਤੁਸੀਂ ਵੀ ਅਰਦਾਸ ਕਰੋ, ਗੁਰ ਪਿਤਾ ਪ੍ਰਮੇਸ਼ਰ ! ਗੁਰੂ ਰਾਮਦਾਸ ਜੀ ! ਬਾਬਾ ਦੀਪ ਸਿੰਘ ਜੀ ! ਇਹੋ ਜਿਹਾ ਪ੍ਰੇਮ ਸਾਨੂੰ ਵੀ ਬਖ਼ਸ਼ੋ, ਸਾਨੂੰ ਵੀ।

***ਜਉ ਤੁਮ ਦੀਵਰਾ ਤਉ ਹਮ ਬਾਤੀ॥***

***ਜਉ ਤੁਮ ਤੀਰਥ ਤਉ ਹਮ ਜਾਤੀ॥੨॥*** (ਅੰਗ ੬੫੮)

ਮੈਂ ਸਿਰਫ ਭਾਵ ਅਰਥ ਕਰਦਾ ਹਾਂ, ਇਸ ਕਰਕੇ ਕਿ ਥੋੜ੍ਹੀ ਜਿਹੀ ਸਮਝ ਆ ਜਾਵੇ ਕਿ ਸ਼ਬਦ ਇਸ਼ਾਰਾ ਕਿਧਰ ਦੇ ਰਿਹਾ ਹੈ।

ਹੇ ਪ੍ਰਮੇਸ਼ਰ ! ਜੇ ਤੂੰ ਤੀਰਥ ਏਂ ਤੇ ਮੈਂ ਤੇਰੇ ਦੀਦਾਰ ਕਰਨ ਦੇ ਲਈ ਯਾਤਰੂ ਬਣ ਜਾਵਾਂ। ਕਿੱਡਾ ਪਿਆਰਾ ਲੱਗਦਾ ਹੈ, ਕਿੱਡਾ ਪਿਆਰਾ ! ਕਿੱਡੀਆਂ ਪਿਆਰੀਆਂ ਬਾਤਾਂ ਇਹ ਭਗਤ ਜੀ ਨੇ ਕੀਤੀਆਂ, ਭਗਤ ਰਵੀਦਾਸ ਜੀ ਨੇ। ਪਿਆਰ ਵਾਲਿਆਂ ਦਾ ਤੇ ਹਰ ਕੰਮ ਹੀ ਨਿਰਾਲਾ ਹੈ, ਪਿਆਰ ਵਾਲਿਆਂ ਦੀਆਂ ਤੇ ਸਭ ਗੱਲਾਂ ਹੀ ਨਿਰਾਲੀਆਂ ਨੇ। ਪਿਆਰ ਵਾਲਿਆਂ ਦੀਆਂ, ਪ੍ਰੇਮ ਵਾਲਿਆਂ ਦੀਆਂ ਬਾਤਾਂ ਹੀ ਨਿਰਾਲੀਆਂ ਨੇ।

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਮੈਨੂੰ ਗੱਲ ਚੇਤੇ ਆਈ ਕਲਗੀਧਰ ਪਿਤਾ, ਸੰਧਿਆ ਦਾ ਸਮਾਂ ਬਿਰਾਜਮਾਨ ਨੇ ਤੇ ਭਾਈ ਨੰਦ ਲਾਲ ਨੂੰ ਕਹਿੰਦੇ—''ਨੰਦ ਲਾਲ ! ਦੱਸ ਤਾਂ ਭਾਈ ਅਸਮਾਨ ਦਾ ਰੰਗ ਧੁੰਧਲਾ ਕਿਉਂ ਹੋ ਗਿਆ ਹੈ?'' ਸਾਡੇ ਵਰਗਾ ਕੋਈ ਹੁੰਦਾ, ਜਵਾਬ ਦਿੰਦਾ ਕਿ ਮਹਾਰਾਜ ਸ਼ਾਮ ਪੈ ਰਹੀ ਏ, ਸੂਰਜ ਢਲ ਰਿਹਾ ਹੈ ਤਾਂ ਕਰਕੇ ਧੁੰਧਲਾ। ਪਰ ਪਿਆਰ ਵਾਲਿਆਂ ਦੀਆਂ ਗੱਲਾਂ ਈ ਨਿਰਾਲੀਆਂ ਨੇ। ਹੱਥ ਜੋੜੇ, ਨੈਣ ਕਟੋਰੇ ਭਰ ਆਏ। ਪਤਾ ਕੀ ਕਹਿੰਦੇ ਭਾਈ ਸਾਹਿਬ? ਕਹਿਣ ਲੱਗੇ, ''ਮਹਾਰਾਜ ! ਸ਼ਾਮ ਪੈ ਗਈ ਏ, ਥੋੜ੍ਹੀ ਦੇਰ ਤੱਕ ਪੈਣੀ ਏ ਰਾਤ, ਤੁਸੀਂ ਆਪਣੇ ਅਰਾਮ ਕਰਨ ਵਾਲੀ ਜਗ੍ਹਾ 'ਤੇ ਜਾਣਾ ਐ ਤੇ ਮੈਂ ਆਪਣੇ ਤੰਬੂ ਵਿਚ ਚਲੇ ਜਾਣਾ ਐ, ਤੇਰਾ ਤੇ ਮੇਰਾ ਕੁਝ ਸਮੇਂ ਲਈ ਮਾਲਕਾ ਪੈਣਾ ਏ ਵਿਛੋੜਾ ਤੇ ਜਦੋਂ ਤੇਰਾ ਤੇ ਮੇਰਾ ਵਿਛੋੜਾ ਪੈਂਦਾ ਐ, ਸਤਿਗੁਰੂ ! ਉਦੋਂ ਮੇਰੇ ਅੰਦਰੋਂ ਹਉਕੇ ਨਿਕਲਦੇ ਨੇ ਤੇ ਜੇ ਬਾਜ਼ਾਂ ਵਾਲਿਆ ! ਸੱਚ ਪੁੱਛਦਾ ਏਂ ਨਾ ਇਹ ਅਸਮਾਨ ਦਾ ਰੰਗ ਧੁੰਧਲਾ ਕਿਸੇ ਹੋਰ ਕਾਰਨ ਕਜਕ। ਨਹੀਂ ਹੋਇਆ, ਮੇਰੇ ਹੌਕਿਆਂ ਦੇ ਨਾਲ ਅਸਮਾਨ ਦਾ ਰੰਗ ਧੁੰਧਲਾ ਹੋ ਗਿਆ ਹੈ।''

ਆਖੋ : ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਦੇਖੋ ! ਪਿਆਰ ਵਾਲਿਆਂ ਦੀਆਂ ਗੱਲਾਂ ਹੀ ਨਿਰਾਲੀਆਂ ਨੇ। ਇਥੇ ਵੀ ਭਗਤ ਜੀ ਨੇ ਕਿੱਡੀ ਪਿਆਰੀ ਇਕ ਗੱਲ ਕਹੀ ਏ, ਜ਼ਰਾ ਇਹਨੂੰ ਗਹਿਰਾਈ ਨਾਲ ਸੋਚੋਗੇ, ਮਾਲਕਾ! ਤੂੰ ਬਣੇਂ ਦੀਵਾ, ਮੈਂ ਦੀਵੇ ਵਿਚ ਪੈਣ ਵਾਲੀ ਵੱਟੀ ਬਣ ਜਾਵਾਂ। ਹੁਣ ਵੱਟੀ ਜਿਹੜੀ ਪਿਆਰਿਓ ! ਆਪਣਾ-ਆਪ ਦੀਵੇ ਤੋਂ ਕੁਰਬਾਨ ਕਰ ਦਿੰਦੀ ਏ। ਪਰ ਆਪਣਾ ਆਪ ਪ੍ਰਵਾਨ ਕਰਕੇ ਵੀ ਜਤਾਉਂਦੀ ਨਹੀਂ। ਆਪ ਸੜਦੀ ਏ, ਸੇਕ ਆਪਣੇ ਉਪਰ ਲੈਂਦੀ ਏ, ਪਰ ਤਾਂ ਵੀ ਦੂਜਿਆਂ ਨੂੰ ਰੋਸ਼ਨੀ ਦਿੰਦੀ ਏ। ਮਾਲਕਾ ! ਤੂੰ ਬਣੇਂ ਦੀਵਾ, ਮੈਂ ਤੇਰੀ ਬਣਾਂ ਵੱਟੀ। ਤੂੰ ਬਣੇਂ ਤੀਰਥ ਤੇ ਮੈਂ ਯਾਤਰਾ ਕਰਨ ਵਾਲਾ, ਤੇਰੇ ਦੀਦਾਰ ਕਰਨ ਵਾਲਾ ਯਾਤਰੀ ਬਣ ਜਾਵਾਂ। ਆਖੋ : ਵਾਹਿਗੁਰੂ-ਵਾਹਿਗੁਰੂ।

ਇਹ ਪ੍ਰੇਮ ਦੇ ਵਿਚ ਭਗਤ ਜੀ ਕਹਿ ਰਹੇ, ਨਾਲ-ਨਾਲ ਪੜ੍ਹਿਓ ਤੇ ਨਾਲ-ਨਾਲ ਪ੍ਰੇਮਾ-ਭਗਤੀ ਦੀ ਦਾਤ ਗੁਰੂ ਜੀ ਦੇ ਕੋਲੋਂ ਮੰਗਿਓ :

***ਜਉ ਤੁਮ ਦੀਵਰਾ ਤਉ ਹਮ ਬਾਤੀ॥***
***ਜਉ ਤੁਮ ਤੀਰਥ ਤਉ ਹਮ ਜਾਤੀ॥੨॥...*** (ਅੰਗ ੬੫੮)
***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***
***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥...*** (ਅੰਗ ੬੫੯)

ਹੇ ਪ੍ਰਮੇਸ਼ਰ ! ਮੈਂ ਤੇ ਤੇਰੇ ਨਾਲ ਸੱਚਾ ਪਿਆਰ ਪਾਇਆ ਹੈ। ਵਿਖਾਵੇ ਦਾ ਪਿਆਰ ਨਹੀਂ ਹੁਣ ਮੇਰੇ ਅੰਦਰ। ਮੇਰੇ ਅੰਦਰ ਤੇ ਸੱਚੀ ਪ੍ਰੀਤ ਲੱਗ ਗਈ ਏ ਤੇਰੀ ਪ੍ਰੀਤ, ਸੱਚੀ ਪ੍ਰੀਤ। ਅੰਦਰੋਂ ਲਿਵ ਲੱਗ ਗਈ, ਪੱਕਾ ਪਿਆਰ ਪੈ ਗਿਆ ਤੇਰੇ ਨਾਲ। ਅੰਦਰੋਂ ਪ੍ਰੀਤ ਹੁਣ ਪੱਕੇ ਤੌਰ 'ਤੇ ਗੰਢੀ ਗਈ ਏ।

ਕਿਉਂਕਿ ਮਜਾਜੀ ਇਸ਼ਕ ਵੀ ਹੁੰਦਾ ਏ, ਹਕੀਕੀ ਇਸ਼ਕ ਵੀ, ਮਜਾਜੀ ਇਸ਼ਕ ਅੱਜ ਲੱਗਿਆ ਕੱਲ ਟੁੱਟ ਗਿਆ। ਹਕੀਕੀ ਇਸ਼ਕ ਮਰਨ ਤੋਂ ਬਾਅਦ ਵੀ ਟੁੱਟਦਾ ਨਹੀਂ। ਹਕੀਕੀ ਇਸ਼ਕ ਰੰਬੀਆਂ ਨਾਲ ਖੋਪਰੀਆਂ ਲੁਹਾਣੀਆਂ ਤੇ ਮਨਜ਼ੂਰ ਕਰ ਸਕਦਾ ਹੈ ਪਰ ਇਸ਼ਕ ਅੰਦਰੋਂ ਨਿਕਲਦਾ ਨਹੀਂ। ਹਕੀਕੀ ਇਸ਼ਕ ਬੰਦ-ਬੰਦ ਕਟਵਾਉਣਾ ਮਨਜ਼ੂਰ ਕਰਦਾ ਹੈ ਪਰ ਅੰਦਰੋਂ ਨਿਕਲਦਾ ਨਹੀਂ। ਹਕੀਕੀ ਇਸ਼ਕ ਆਰਿਆਂ ਦੇ ਨਾਲ ਦੋਫਾੜ ਹੋਣਾ ਤੇ ਮਨਜ਼ੂਰ ਕਰਦਾ ਹੈ ਪਰ ਪਿਆਰਿਓ ! ਅੰਦਰੋਂ ਨਿਕਲਦਾ ਹੀ ਨਹੀਂ।

ਮਜਾਜੀ ਇਸ਼ਕ ਤੇ ਨਿਕਲ ਜਾਂਦਾ ਹੈ ਅੱਜ ਹੈ ਕੱਲ ਨਹੀਂ। ਪਰ ਪਿਤਾ ਜੀ ਕਹਿੰਦੇ—ਮੈਂ ਹਕੀਕੀ ਇਸ਼ਕ ਤੇਰੇ ਨਾਲ ਕਰ ਲਿਆ ਹੈ। ਤੈਥੋਂ ਬਿਨਾਂ ਤੇ ਰਹਿ ਹੀ ਨਹੀਂ ਸਕਦਾ। ਔਰ ਜਿਧਰ ਮੈਂ ਵੇਖਦਾਂ, ਜਿਧਰ ਮੈਂ ਵੇਖੀ ਜਾਨਾਂ ਮੈਨੂੰ ਤੂੰ ਹੀ ਤੂੰ ਨਜ਼ਰ ਆਉਂਦਾ ਹੈਂ। ਮੈਂ ਤੇਰੇ ਨਾਲ ਹਕੀਕੀ ਇਸ਼ਕ ਜੋੜ ਲਿਆ ਹੈ ਤੇ ਤੇਰੇ ਨਾਲ ਪਿਆਰ ਦੀ ਗੰਢ ਪਾ ਕੇ, ਮੈਂ ਸਾਰਿਆਂ ਦੇ ਨਾਲੋਂ ਨਾਤਾ ਤੋੜ ਲਿਆ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਨਾਤਾ ਤੋੜਣ ਦਾ ਮਤਲਬ ਇਹ ਨਹੀਂ ਹੁੰਦਾ, ਅਸੀਂ ਹੁਣ ਗ੍ਰਹਿਸਤੀ ਹਾਂ, ਅਸੀਂ ਸੱਚਾ ਪ੍ਰੇਮ ਨਹੀਂ ਕਰ ਸਕਦੇ, ਇਹ ਨਹੀਂ ਕਿ ਸਭ ਨਾਲੋਂ ਨਾਤਾ ਤੋੜ ਦਿੱਤਾ। ਸੱਚਾ ਪ੍ਰੇਮ ਅਸੀਂ ਵੀ ਕਰ ਸਕਦੇ ਹਾਂ, ਸੱਚਾ ਪ੍ਰੇਮ ਗ੍ਰਹਿਸਤ ਵਿਚ ਰਹਿ ਕੇ ਅੰਦਰਲਾ ਕਨੈਕਸ਼ਨ ਜੋੜਿਆ ਮਾਲਕ ਦੇ ਚਰਨਾਂ ਦੇ ਨਾਲ ਤੇ ਸਾਰਿਆਂ ਦੇ ਨਾਲੋਂ ਨਾਤਾ ਤੋੜਣ ਦਾ ਮਤਲਬ ਕੀ ਏ? ਹੁਣ ਮੈਂ ਲੋਭ ਤੋਂ ਨਾਤਾ ਤੋੜ ਦਿੱਤਾ। ਹੁਣ ਮੈਂ ਵਿਕਾਰਾਂ ਤੋਂ ਨਾਤਾ ਤੋੜ ਦਿੱਤਾ। ਹੁਣ ਮੈਂ ਬੁਰਿਆਈਆਂ ਤੋਂ ਨਾਤਾ ਤੋੜ ਦਿੱਤਾ। ਹੁਣ ਮੈਂ ਮੋਹ ਦੇ ਨਾਲੋਂ ਨਾਤਾ ਤੋੜ ਦਿੱਤਾ। ਜਿਵੇਂ ਦੇ ਆਪਣੇ ਬੱਚੇ, ਤਿਵੇਂ ਦੇ ਹੀ ਬਿਗਾਨੇ ਦੇ ਨਜ਼ਰ ਆਉਂਦੇ ਨੇ। ਹੁਣ ਤੇ ਮੈਂ ਬੇਈਮਾਨੀ ਦੇ ਨਾਲੋਂ ਨਾਤਾ ਤੋੜ ਦਿੱਤਾ ਹੈ। ਹੁਣ ਮੈਂ ਹੇਰਾ-ਫੇਰੀਆਂ ਤੋਂ ਨਾਤਾ ਤੋੜ ਦਿੱਤਾ। ਹੁਣ ਤੇ ਮੈਂ ਝੂਠ ਤੋਂ, ਨਿੰਦਿਆ ਤੋਂ, ਈਰਖਾ ਤੋਂ, ਦਵੈਸ਼ ਤੋਂ, ਆਹ ਮਾੜੀਆਂ ਚੀਜ਼ਾਂ ਤੋਂ ਨਾਤਾ ਤੋੜ ਦਿੱਤਾ ਹੈ।

ਇਹ ਬਾਬਾ ਨੰਦ ਸਿੰਘ ਜੀ ਦੇ ਬਚਨ ਨੇ। ਮਹਾਂਪੁਰਖ ਬਚਨ ਕਰਦੇ ਸੀ, ਕਹਿੰਦੇ ਸੀ—ਕਈ ਕਹਿੰਦੇ ਆ ਨਾਮ ਦਾ ਰਸ। ਕਹਿੰਦੇ, ਨਾਮ ਦਾ ਰਸ ਜਿਸ ਦਿਨ ਆਏਗਾ, ਉਹਦੀ ਵੱਡੀ ਨਿਸ਼ਾਨੀ ਏ। ਮਹਾਂਪੁਰਖੋ ! ਕੀ ਨਿਸ਼ਾਨੀ ਏ? ਕਹਿੰਦੇ, "ਜਿਸ ਦਿਨ ਤੈਨੂੰ ਨਾਮ ਦਾ ਰਸ ਆਏਗਾ, ਬਾਕੀ ਦੇ ਦੁਨਿਆਵੀ ਰਸ ਤੈਨੂੰ ਫਿੱਕੇ ਲੱਗਣੇ ਸ਼ੁਰੂ ਹੋ ਜਾਣਗੇ।"

ਆਖੋ : ਵਾਹਿਗੁਰੂ-ਵਾਹਿਗੁਰੂ।

ਭਗਤ ਜੀ ਵੀ ਬਸ ਏਹੀ ਕਹਿ ਰਹੇ ਹਨ। ਕਹਿੰਦੇ, ਮੈਂ ਤੇਰੇ ਨਾਲ ਸੱਚਾ ਪਿਆਰ ਪਾ ਲਿਆ ਤੇ ਜਦੋਂ ਦਾ ਤੇਰੇ ਨਾਲ ਸੱਚਾ ਪਿਆਰ ਪਾਇਆ, ਮਾੜੀਆਂ ਚੀਜ਼ਾਂ ਤੋਂ, ਗਲਤ ਚੀਜ਼ਾਂ ਤੋਂ ਮੇਰਾ ਨਾਤਾ ਹੀ ਟੁੱਟ ਗਿਆ ਹੈ। ਕਿਵੇਂ?-

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***
***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩ ॥.....*** (ਅੰਗ ੬੫੯)

ਧੰਨ ਗੁਰੂ ਰਾਮਦਾਸ ਜੀ। ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਮੇਰਾ ਤੇ ਨਾਤਾ ਤੇਰੇ ਨਾਲ ਜੁੜ ਗਿਆ ਹੈ ਪੱਕਾ ਤੇ ਇਸ ਨਾਤੇ ਨੂੰ ਜੋੜਣ ਦਾ ਵੱਡਾ ਲਾਭ ਹੋਇਆ ਕਿ ਹੇ ਪ੍ਰਮੇਸ਼ਰ ! ਜਿੱਥੇ-ਜਿੱਥੇ ਮੈਂ ਜਾਨਾਂ ਹਾਂ, ਮੈਨੂੰ ਹਰ ਥਾਂ 'ਤੇ ਤੂੰ ਹੀ ਤੂੰ ਨਜ਼ਰ ਆਉਂਦਾ ਹੈਂ। ਤੇ ਜਿੱਥੇ ਵੀ ਮੈਂ ਜਾਨਾਂ ਹਾਂ ਉਥੇ ਤੇ ਮੈਨੂੰ ਇਉਂ ਲੱਗਦਾ ਹੈ, ਤੇਰੀ ਹੀ ਸੇਵਾ ਕਰ ਰਿਹਾ ਹਾਂ। ਛੋਟੇ ਵਿਚ, ਵੱਡੇ ਵਿਚ, ਆਪਣੇ ਵਿਚ, ਪਰਾਏ ਵਿਚ, ਗੁਆਂਢੀ ਵਿਚ, ਆਪਣੇ ਪਰਿਵਾਰ ਵਿਚ, ਸੰਸਾਰ ਵਿਚ, ਹਰ ਜਗ੍ਹਾ 'ਤੇ ਮੈਨੂੰ ਹੁਣ ਤੂੰ ਹੀ ਤੂੰ ਨਜ਼ਰ ਆਉਂਦਾ ਹੈਂ। ਤੇ ਜੇ ਮੈਂ ਕਿਤੇ ਕੋਈ ਕਾਰਜ ਵੀ ਕਰਦਾ ਹਾਂ ਤੇ ਮੈਨੂੰ ਇਉਂ ਲੱਗਦਾ ਹੈ ਕਿ ਅਸਲੀਅਤ ਵਿਚ ਮੈਂ ਤੇਰੀ ਹੀ ਸੇਵਾ ਕਰ ਰਿਹਾ ਹਾਂ।

ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।

ਹੁਣ ਤੇ ਮੈਨੂੰ ਹਰ ਜਗ੍ਹਾ 'ਤੇ ਤੂੰ ਹੀ ਤੂੰ ਤੇ ਤੇਰੀ ਸੇਵਾ ਹੀ ਨਜ਼ਰ ਆਉਂਦੀ ਏ। ਹੇ

ਪ੍ਰਮੇਸ਼ਰ ! ਤੇਰੇ ਨਾਲ ਪ੍ਰੀਤ ਪਾ ਕੇ ਮੈਨੂੰ ਆਹ ਵੀ ਚੀਜ਼ ਦਾ ਪਤਾ ਲੱਗ ਗਿਆ ਹੈ ਹੇ ਮੇਰੇ ਸਤਿਗੁਰੂ ! ਤੇਰੇ ਵਰਗਾ ਕੋਈ ਦੂਜਾ ਹੈ ਹੀ ਨਹੀਂ। ਤੇਰੇ ਵਰਗਾ ਤੂੰ ਹੀ ਹੈਂ।

***ਜਹ ਜਹ ਜਾਉ ਤਹਾ ਤੇਰੀ ਸੇਵਾ॥***

***ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪ ॥*** (ਅੰਗ ੬੫੯)

ਤੇਰਾ ਵਰਗਾ ਤੂੰ ਹੀ ਹੈਂ, ਇਹ ਸੱਚਾਈ ਏ, ਮੇਰੇ ਮਾਲਕ ਵਰਗਾ ਤੇ ਮੇਰਾ ਮਾਲਕ ਈ ਹੈ ਦੂਜਾ ਤੇ ਹੈ ਹੀ ਕੋਈ ਨਹੀਂ। ਚੰਗੇ ਸਾਰੇ ਨੇ ਪਰ ਤੇਰੇ ਵਰਗਾ ਤੂੰ ਹੀ ਹੈਂ। ਚੰਗੇ ਸਾਰੇ ਨੇ ਪਰ ਮਾਲਕ ਜੀ ! ਤੁਹਾਡੇ ਵਰਗੇ ਤੇ ਤੁਸੀਂ ਹੀ ਹੋ, ਹੋਰ ਦੂਜਾ ਕੋਈ ਨਹੀਂ। ਜਿਉਂ-ਜਿਉਂ ਸੁਣ ਰਹੇ ਹੋ ਨਾ ਮੇਰੀ ਬੇਨਤੀ, ਤਿਉਂ-ਤਿਉਂ ਅਰਦਾਸ ਵੀ ਕਰਿਓ। ਇਹੋ ਜਿਹਾ ਪਿਆਰ ਸਾਡੇ ਅੰਦਰ ਵੀ ਬਣ ਜਾਏ। ਸਾਡੀ ਵੀ ਇਹੋ ਜਿਹੀ ਭਾਵਨਾ ਬਣ ਜਾਏ, ਇਹੋ ਜਿਹਾ ਪ੍ਰੇਮ ਪੈ ਜਾਏ ਮਾਲਕ ਗੁਰੂ ਰਾਮਦਾਸ ਨਾਲ। ਦਾਤਿਆ ! ਤੇਰੇ ਵਰਗਾ ਤੂੰ ਹੀ ਹੈਂ ਦੂਜਾ ਕੋਈ ਨਹੀਂ। ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।...

ਸਾਡਾ ਵੀ ਇਹੋ ਜਿਹਾ ਪਿਆਰ ਬਣ ਜਾਏ। ਕੋਈ ਸੋਨੇ ਦਾ ਵੀ ਬਣ ਕੇ ਆ ਜਾਏ ਸਾਡੇ ਸਾਹਮਣੇ ਕਿ ਮੈਂ ਗੁਰੂ ਹਾਂ ਤੇਰਾ, ਦੂਰੋਂ ਉਹਨੂੰ ਮੱਥਾ ਟੇਕ ਦੇਈਏ, ਭਈ ! ਚੰਗਾ ਹੋਏਂਗਾ, ਵੱਡਾ ਹੋਏਂਗਾ ਆਪਣੇ ਘਰ ਰਾਜ਼ੀ ਰਹੋ। ਪਰ ਮੇਰੇ ਲਈ ਵੱਡਾ ਤੇ ਮੇਰਾ ਸਾਹਿਬ ਗੁਰੂ ਰਾਮਦਾਸ ਏ। ਮੇਰੇ ਹਿਰਦੇ 'ਚ ਬੈਠਣ ਦੀ ਜਗ੍ਹਾ ਕੇਵਲ ਤੇ ਕੇਵਲ ਗੁਰੂ ਪਿਤਾ ਦੀ ਏ। ਦੂਜੇ ਕਿਸੇ ਦੀ ਕੋਈ ਨਹੀਂ। ਆਖੋ : ਵਾਹਿਗੁਰੂ-ਵਾਹਿਗੁਰੂ।

ਆ ਹੀ ਚੀਜ਼ ਭਗਤ ਜੀ ਸਾਨੂੰ ਸਮਝਾਉਣਾ ਚਾਹ ਰਹੇ ਨੇ, ਉਹ ਤੇ ਪੂਰੇ ਨੇ, ਉਨ੍ਹਾਂ ਨੇ ਪੂਰੀ ਪ੍ਰੀਤੀ ਲਾਈ ਏ, ਪਰ ਅਸੀਂ ਅਧੂਰੀਆਂ ਲਾਉਂਦੇ ਹਾਂ ਪ੍ਰੀਤੀਆਂ ਗੁਰੂ ਨਾਲ। ਅਸੀਂ ਤੇ ਅਧੂਰੇ ਹਾਂ, ਅਧੂਰੇ ਹੀ ਕੰਮ ਕਰਦੇ ਹਾਂ, ਪਰ ਇਹ ਪੂਰਿਆਂ ਦੀਆਂ, ਪਿਆਰ ਵਾਲਿਆਂ ਦੀਆਂ ਬਾਤਾਂ ਤੇ ਇਹ ਬਾਤਾਂ ਕਰਕੇ ਸਾਨੂੰ ਸਿੱਖਿਆ ਦੇ ਰਹੇ ਨੇ, ਜਦ ਤੂੰ ਪ੍ਰੇਮ ਕਰੇਂਗਾ, ਤੈਨੂੰ ਵੀ ਫਿਰ ਹਰ ਜਗ੍ਹਾ 'ਤੇ ਉਹੋ ਨਜ਼ਰ ਆਏਗਾ ਤੇ ਫਿਰ ਹਰ ਜਗ੍ਹਾ 'ਤੇ ਉਹਦੀ ਸੇਵਾ ਨਜ਼ਰ ਆਏਗੀ। ਆਖੋ : ਵਾਹਿਗੁਰੂ-ਵਾਹਿਗੁਰੂ।

ਪੜ੍ਹੋ—

***ਜਹ ਜਹ ਜਾਉ ਤਹਾ ਤੇਰੀ ਸੇਵਾ॥***

***ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪ ॥....***

***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩ ॥...*** (ਅੰਗ ੬੫੯)

ਧੰਨ ਬਾਬਾ ਦੀਪ ਸਿੰਘ ਜੀ।

ਜਿਹੜੀ ਮੈਂ ਸ਼ੁਰੂਆਤ ਵਿਚ ਗੱਲ ਕੀਤੀ ਸੀ, ਭਗਤ ਜੀ ਹੁਣ ਬਚਨ ਕਰ ਰਹੇ ਨੇ, ਪੱਕੀ ਮੋਹਰ ਲੱਗ ਰਹੀ ਏ, ਹੇ ਪ੍ਰਮੇਸ਼ਰ ! ਤੇਰੀ ਬੰਦਗੀ ਕੀਤਿਆਂ ਜਨਮਾਂ ਦੇ ਬੰਧਨ ਕੱਟੇ

ਜਾਂਦੇ ਨੇ। ਇਕ ਮਰਨ ਤੋਂ ਬਾਅਦ ਜਮ ਨੇ, ਇਕ ਜਿਉਂਦਿਆਂ-ਜੀਅ ਜਮ ਚੰਬੜੇ ਹੋਏ ਨੇ ਸਾਨੂੰ। ਵਿਕਾਰਾਂ ਰੂਪੀ ਜਮ, ਲੋਭ ਰੂਪੀ ਜਮ, ਝੂਠ ਰੂਪੀ ਜਮ, ਈਰਖਾ ਰੂਪੀ ਜਮ, ਨਿੰਦਿਆ ਰੂਪੀ ਜਮ, ਕਹਿੰਦੇ—ਜਦੋਂ ਮੈਂ ਤੁਹਾਡਾ ਸਿਮਰਨ ਕਰਦਾ ਹਾਂ, ਸਿਮਰਨ ਦੀ ਬਰਕਤ ਏਨੀ ਹੈ, ਇਸ ਸਿਮਰਨ ਦੀ ਬਰਕਤ ਨਾਲ ਜਮਾਂ ਦੇ ਬੰਧਨ ਕੱਟੇ ਜਾਂਦੇ ਨੇ। ਜਿਉਂਦਿਆਂ-ਜੀਅ ਮੁਕਤੀ ਮਿਲ ਜਾਂਦੀ ਏ।

***ਤੁਮਰੇ ਭਜਨ ਕਟਹਿ ਜਮ ਫਾਂਸਾ॥*** (ਅੰਗ ੬੫੯)

ਕਹਿੰਦੇ ਰਵਿਦਾਸ ਜੀ ਕਿ ਤੇਰੀ ਭਗਤੀ, ਤੇਰੀ ਖ਼ੁਸ਼ੀ ਹਾਸਿਲ ਕਰਨ ਦੇ ਲਈ ਕਰ ਰਿਹਾ ਹਾਂ।

ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।...

ਇਹ ਭਗਤੀ ਕਰਨ ਦਾ ਹੋਰ ਮੇਰੇ ਅੰਦਰ ਚਾਓ ਪੈਦਾ ਹੋਵੇ, ਇਸ ਕਰਕੇ ਮੈਂ ਤੇਰੀ ਭਗਤੀ ਕਰਦਾਂ। ਇਸ ਵਾਸਤੇ ਮੈਂ ਤੇਰੇ ਗੁਣ ਗਾਉਂਦਾ ਹਾਂ। ਕਿਸੇ ਹੋਰ ਚੀਜ਼ ਕਰਕੇ ਨਹੀਂ ਮੈਂ ਭਗਤੀ ਕਰ ਰਿਹਾਂ। ਭਗਤੀ ਕਰਦਿਆਂ-ਕਰਦਿਆਂ ਤੇਰੀ ਭਗਤੀ ਕਰਨ ਦਾ ਚਾਅ ਮੇਰਾ ਹੋਰ ਵਧਦਾ ਜਾਵੇ, ਇਸ ਕਰਕੇ ਮੈਂ ਤੇਰੀ ਭਗਤੀ ਕਰਦਾਂ। ਮੈਂ ਤੇ ਕੀਰਤਨ ਇਸ ਵਾਸਤੇ ਕਰਦਾਂ। ਮੈਂ ਤੇ ਸਿਮਰਨ ਇਸ ਵਾਸਤੇ ਕਰਦਾਂ ਕਿ ਜਦੋਂ ਮੈਂ ਕੀਰਤਨ ਕਰਦਾਂ, ਮੈਨੂੰ ਰਸ ਬੜਾ ਆਉਂਦਾ ਹੈ ਤੇ ਜਦੋਂ ਮੈਂ ਕੀਰਤਨ ਕਰਨ ਬੈਠਦਾਂ, ਮੈਂ ਤੇ ਇਸ ਕਰਕੇ ਬੈਠਦਾ ਹਾਂ ਕਿ ਇਹ ਰਸ ਮੇਰਾ ਦਿਨੋਂ-ਦਿਨ ਹੋਰ ਵਧਦਾ ਜਾਵੇ।

ਮੈਂ ਤੇਰੇ ਗੁਣ ਇਸ ਵਾਸਤੇ ਗਾਉਂਦਾ ਕਿ ਜਿਉਂ-ਜਿਉਂ ਮੈਂ ਤੇਰੇ ਗੁਣ ਗਾਵਾਂ, ਤਿਉਂ-ਤਿਉਂ ਗੁਣ ਗਾਉਣ ਦਾ ਚਾਅ ਮੇਰੇ ਅੰਦਰ ਹੋਰ ਵਧਦਾ ਜਾਵੇ। ਇਹ ਪਿਆਸ ਮੇਰੀ ਮੁੱਕੇ ਹੀ ਨਾ। ਇਹ ਭੁੱਖ ਮੇਰੀ ਮਿਟੇ ਹੀ ਨਾ। ਆਖੋ : ਵਾਹਿਗੁਰੂ-ਵਾਹਿਗੁਰੂ।

ਬੋਲੋ ਜੀ—

***ਤੁਮਰੇ ਭਜਨ ਕਟਹਿ ਜਮ ਫਾਂਸਾ॥***
***ਭਗਤਿ ਹੇਤ ਗਾਵੈ ਰਵਿਦਾਸਾ॥ ੫ ॥....*** (ਅੰਗ ੬੫੯)
***ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥***
***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩ ॥....*** (ਅੰਗ ੬੫੯)

ਅਰਦਾਸ ਕਰਿਓ। ਇਹ ਸੱਚੀ ਪ੍ਰੀਤ ਦਾ, ਇਸ ਪ੍ਰੇਮਾ-ਭਗਤੀ ਦਾ ਇਕ ਕਿਨਕਾ ਸਾਡੇ ਸਾਰਿਆਂ ਦੇ ਅੰਦਰ ਵੱਸੇ, ਗੁਰੂ ਕ੍ਰਿਪਾ ਕਰਕੇ, ਕੀਰਤਨ ਦੀ ਸਮਾਪਤੀ। ਕੱਲ ਦੇ ਦੀਵਾਨ ਵਿਚ ਫਿਰ ਤੁਹਾਡੇ ਦੀਦਾਰ ਹੋਣ। ਇਸ ਚੀਜ਼ ਨੂੰ ਮੁੱਖ ਰੱਖ ਕੇ ਮੈਂ ਤੁਹਾਡੇ ਕੋਲੋਂ ਖਿਮਾ ਮੰਗਦਾ ਹਾਂ। ਪਿਆਰ ਸਹਿਤ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

✧

# ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ

**(ਅੰਗ ੧੩੮੩)**

ਸਾਰੀ ਸੰਗਤ ਸਭ ਤੋਂ ਪਹਿਲਾਂ ਦਾਸ ਅਮਨਦੀਪ ਸਿੰਘ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਫਤਹਿ ਬੁਲਾ ਕੇ ਅਸੀਸ ਦਿਓ ਤਾਂ ਜੋ ਕੀਰਤਨ ਦੁਆਰਾ ਆਪ ਜੀ ਦੀ ਸੇਵਾ ਕਰ ਸਕੀਏ। ਪਿਆਰ ਸਹਿਤ ਸਾਰੇ ਫ਼ਤਹਿ ਬੁਲਾਓ ਜੀ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਧੰਨ ਗੁਰੂ ਰਾਮਦਾਸ ਜੀ।.... ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਤੁਹਾਡੇ ਘਰ ਦੇ ਜੀਅ ਤੁਹਾਡੇ ਘਰ ਦੇ ਵਿਚ ਹਾਜ਼ਰ ਨੇ। ਕੁਝ ਗੱਲਾਂ ਆਪਾਂ ਸਾਰਿਆਂ ਨੇ ਰਲ ਮਿਲ ਕੇ, ਗੁਰੂ ਦੀ ਦਿੱਤੀ ਮੱਤ ਮੁਤਾਬਿਕ ਗੁਰਮਤਿ ਦੀ ਰੌਸ਼ਨੀ ਦੇ ਵਿਚ, ਗੁਰੂ ਆਸ਼ੇ ਮੁਤਾਬਿਕ ਕਰਨ ਦਾ ਯਤਨ ਕਰਨਾ ਹੈ, ਜਿਨ੍ਹਾਂ ਗੱਲਾਂ ਦਾ ਮੇਰੇ ਉਤੇ ਬੜਾ ਪ੍ਰਭਾਵ ਪਿਆ ਹੈ। ਉਹ ਗੱਲਾਂ ਮੈਂ ਤੁਹਾਡੇ ਨਾਲ ਅੱਜ ਕਰਨੀਆਂ ਨੇ। ਉਹ ਗੱਲਾਂ ਮੈਂ ਅੱਜ ਤੁਹਾਡੇ ਨਾਲ ਸ਼ੇਅਰ ਕਰਨੀਆਂ ਨੇ, ਜਿਨ੍ਹਾਂ ਗੱਲਾਂ ਨੂੰ ਸੁਣਨ ਦੇ ਨਾਲ ਤੁਹਾਨੂੰ ਬੰਦਗੀ ਕਰਨ ਦਾ, ਨਾਮ ਜਪਣ ਦਾ, ਗੁਰੂ ਦੇ ਸ਼ੁਕਰਾਨੇ ਕਰਨ ਦਾ ਚਾਅ ਤੇ ਚੜ੍ਹੇਗਾ ਹੀ ਚੜ੍ਹੇਗਾ। ਇਹ ਗੱਲਾਂ ਤੁਹਾਡੀ ਰੋਜ਼ਮਰਾ ਦੀ ਜ਼ਿੰਦਗੀ ਦੇ ਵਿਚ ਬੜੀਆਂ ਕੰਮ ਆਉਣੀਆਂ ਨੇ।

ਆਖੋ : ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਮੈਂ ਗੱਲ ਸ਼ੁਰੂ ਕਰਾਂ। ਇਕ ਬੰਦਾ ਦਿੱਲੀ ਬੱਸ ਸਟੈਂਡ 'ਤੇ ਬੈਠਾ ਐ ਪੰਜਾਬ ਆਉਣ ਲਈ, ਬੱਸ ਦੀ ਉਡੀਕ ਕਰ ਰਿਹਾ ਹੈ। ਅਜੇ ਬੱਸ ਲੱਗੀ ਨਹੀਂ ਤੇ ਉਹ ਬੰਦਾ ਇਕ ਧਾਰਮਿਕ ਪੁਸਤਕ ਪੜ੍ਹਣ ਲੱਗ ਪਿਆ ਤੇ ਧਾਰਮਿਕ ਪੁਸਤਕ ਨੂੰ ਪੜ੍ਹਦਾ ਹੋਇਆ ਦੇਖ ਕੇ ਇਕ ਦਸ ਕੁ ਸਾਲ ਦੀ ਬੱਚੀ ਉਹਦੇ ਕੋਲ ਆਈ ਤੇ ਆ ਕੇ ਪਤਾ ਕੀ ਕਹਿੰਦੀ ਏ? ਕਹਿੰਦੀ, ''ਬਹੀਆ ! ਮੇਰੇ ਸੇ ਇਕ ਪੈੱਨ ਲੇ ਲੋ। ਦਸ ਕੇ ਤੁਮ੍ਹੇ ਚਾਰ ਦੂੰਗੀ। ਬੜੀ ਭੂਖ ਲੱਗੀ ਏ ਮੁਝੇ, ਮੈਨੇ ਕੁੱਛ ਖਾਨਾ ਹੈ।'' ਤੇ ਉਹ ਜਿਹੜਾ ਬੰਦਾ ਸੀ ਉਹਨੇ ਤੱਕਿਆ, ਜਿੱਥੇ ਉਹ ਦਸ ਕੁ ਸਾਲ ਦੀ ਬੱਚੀ ਇਹ ਗੱਲ ਕਹਿ ਰਹੀ ਏ, ਉਹਦੇ ਨਾਲ ਇਕ ਛੋਟਾ ਮੁੰਡਾ ਵੀ ਏ। ਕਹਿੰਦੇ, ਮੈਨੂੰ ਇਉਂ ਲੱਗਿਆ ਜਿਵੇਂ ਉਸ ਦਾ ਭਰਾ ਏ। ਕਹਿੰਦੇ, ''ਮੈਂ ਉਸ ਬੱਚੀ ਨੂੰ ਕਿਹਾ, ''ਬੇਟਾ ! ਮੈਨੂੰ ਤੇਰੇ ਕੋਲੋਂ ਪੈੱਨ ਨਹੀਂ ਚਾਹੀਦੇ।'' ਕਹਿੰਦੇ, ਉਸ ਬੱਚੀ ਦਾ ਜਵਾਬ ਉਸ ਤੋਂ ਬਾਅਦ ਇੰਨਾ ਪਿਆਰਾ ਸੀ ਜਿਹੜਾ ਦਿਲ ਨੂੰ ਟੁੰਬ ਗਿਆ। ਅੱਗੋਂ ਉਹਦਾ ਐਨਾ

ਪਿਆਰਾ ਜਵਾਬ ਸੀ ਕਿ "ਫਿਰ ਹਮ ਖਾਏਂਗੇ ਕੈਸੇ?" ਕਹਿ ਦਿਓ : ਵਾਹਿਗੁਰੂ।.....

ਜੇ ਤੂੰ ਪੈੱਨ ਨਹੀਂ ਖਰੀਦੇਂਗਾ ਤੇ ਅਸੀਂ ਫਿਰ ਖਾਵਾਂਗੇ ਕੀ? ਅਸੀਂ ਫਿਰ ਭੁੱਖੇ ਮਰ ਜਾਵਾਂਗੇ। ਕਹਿੰਦੇ ਅਗੋਂ ਮੈਂ ਕਿਹਾ, "ਮੁਝੇ ਪੈੱਨ ਤੋ ਨਹੀਂ ਚਾਹੀਏ, ਮਗਰ ਤੁਮ ਕੁਛ ਖਾਓਗੇ ਜ਼ਰੂਰ।" ਕਹਿੰਦੇ, ਮੇਰੇ ਕੋਲ ਦੋ ਬਿਸਕੁਟ ਦੇ ਪੈਕਟ ਸੀ। ਮੈਂ ਇਕ-ਇਕ ਪੈਕਟ ਦੋਹਾਂ ਨੂੰ ਦੇ ਦਿੱਤਾ ਤੇ ਕਹਿੰਦੇ, ਜਦੋਂ ਮੈਂ ਇਕ-ਇਕ ਪੈਕਟ ਦੋਵੇਂ ਬੱਚਿਆਂ ਨੂੰ ਦਿੱਤਾ, ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਬੱਚੀ ਨੇ ਇਕ ਪੈਕਟ ਮੈਨੂੰ ਵਾਪਸ ਕਰ ਦਿੱਤਾ ਤੇ ਐਨੀ ਗੱਲ ਕਹੀ— "ਬਹੀਆ ! ਹਮ ਕੋ ਏਕ ਹੀ ਕਾਫੀ ਹੈ, ਹਮ ਦੋਨੋਂ ਯੇ ਏਕ ਪੈਕਟ ਹੀ ਆਪਸ ਮੇਂ ਬਾਟ ਲੈਂਗੇ।" ਮੈਂ ਹੈਰਾਨ ਹੋਇਆ ਜਵਾਬ ਸੁਣ ਕੇ, ਤੇ ਮੈਂ ਏਨੀ ਗੱਲ ਕਹੀ— "ਬੇਟਾ ! ਨਹੀਂ, ਤੁਸੀਂ ਦੋਵੇਂ ਜਣੇ ਦੋ ਪੈਕਟ ਰੱਖ ਲਓ। ਹੁਣ ਦੀ ਭੁੱਖ ਤੇ ਅੱਧੇ-ਅੱਧੇ ਪੈਕਟ ਦੇ ਨਾਲ ਮਿਟ ਜਾਏਗੀ, ਬਾਕੀ ਰਾਤੀਂ ਤੁਹਾਡੇ ਕੰਮ ਆ ਜਾਏਗਾ। ਤੁਸੀਂ ਦੋਵੇਂ ਪੈਕਟ ਰੱਖੋ।" ਕਹਿੰਦੇ, ਫਿਰ ਉਸ ਬੱਚੀ ਨੇ ਮੇਰੀ ਰੂਹ ਕੀਲ ਕੇ ਰੱਖ ਦਿੱਤੀ। ਉਹ ਬੱਚੀ ਕਹਿੰਦੀ, "ਅਗਰ ਹਮ ਦੋ ਪੈਕਟ ਰੱਖ ਲੈਂਗੇ ਤੋ ਆਪ ਕਿਆ ਖਾਓਗੇ? ਆਖੋ: ਵਾਹਿਗੁਰੂ-ਵਾਹਿਗੁਰੂ।

ਕਹਿੰਦਾ, ਮੈਂ ਉਸ ਵੇਲੇ ਪ੍ਰਮੇਸ਼ਰ ਦਾ ਸ਼ੁਕਰਾਨਾ ਕੀਤਾ, ਮੇਰੀਆਂ ਅੱਖਾਂ ਵੀ ਨਮ ਹੋ ਗਈਆਂ। ਮੈਂ ਆਪਣੇ ਆਪ ਨੂੰ ਕਹਿ ਰਿਹਾ ਸਾਂ, "ਹੇ ਰੱਬਾ ! ਇਹ ਨੇ ਅਸਲੀਅਤ ਦੇ ਵਿਚ ਰੂਹ ਦੇ ਰੱਜੇ ਹੋਏ ਲੋਕ, ਬੇਸ਼ੱਕ ਕੱਪੜੇ ਮੈਲੇ ਨੇ, ਭਾਵੇਂ ਕੱਪੜੇ ਕਿਤੋਂ-ਕਿਤੋਂ ਪਾਟੇ ਵੀ ਹੋਏ ਨੇ, ਢਿੱਡ ਵੀ ਭੁੱਖਾ ਹੈ ਪਰ ਉਨ੍ਹਾਂ ਦੀ ਰੂਹ ਰੱਜੀ ਹੋਈ ਏ। ਆਖੋ : ਵਾਹਿਗੁਰੂ-ਵਾਹਿਗੁਰੂ।

ਇਨ੍ਹਾਂ ਦੀ ਰੂਹ ਰੱਜੀ ਹੋਏ ਏ, ਬਸ ਏਨੀ ਕੁ ਗੱਲ ਮੈਂ ਅੱਜ ਆਪਣੇ ਪਰਿਵਾਰ ਦੇ ਵਿਚ ਕੀਤੀ ਏ। ਇਸ ਗੱਲ ਨੇ ਮੇਰੇ ਦਿਲ ਦੇ ਉਤੇ ਬੜਾ ਗਹਿਰਾ ਅਸਰ ਛੱਡਿਆ ਹੈ। ਦੇਖੋ ! ਕਈ ਵਾਰੀ ਬੰਦੇ ਦੇ ਕੋਲ ਲੱਖਾਂ, ਕਰੋੜਾਂ, ਅਰਬਾਂ ਰੁਪਏ ਹੁੰਦੇ ਨੇ, ਪਰ ਰੂਹ ਭੁੱਖੀ ਹੁੰਦੀ ਏ। ਅੰਦਰੋਂ ਤ੍ਰਿਸ਼ਨਾ ਮੁੱਕਦੀ ਕੋਈ ਨਹੀਂ। ਪਰ ਪਿਆਰਿਓ ! ਕਈ ਵਾਰੀ ਜ਼ਿੰਦਗੀ ਦੇ ਵਿਚ ਤੁਸੀਂ ਇਹੋ ਜਿਹੇ ਲੋਕ ਵੀ ਤੱਕੇ ਹੋਣਗੇ, ਇਕ ਵੇਲੇ ਖਾਂਦੇ ਨੇ ਦੂਜੇ ਵੇਲੇ ਖਾਣ ਨੂੰ ਹੁੰਦਾ ਕੁਝ ਨਹੀਂ, ਪਰ ਰੂਹ ਉਨ੍ਹਾਂ ਦੀ ਫਿਰ ਰੱਜੀ ਹੁੰਦੀ ਏ।

ਧੰਨ ਗੁਰੂ ਰਾਮਦਾਸ ਜੀ।.... ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਅੱਜ ਇਹ ਪਰਿਵਾਰਕ ਮੈਂਬਰ ਰਲ-ਮਿਲ ਕੇ ਅਰਦਾਸ ਕਰਿਓ, ਤੁਸੀਂ ਮੇਰੀ ਕਰੋ, ਮੈਂ ਤੁਹਾਡੀ ਕਰਦਾ ਹਾਂ ਕਿ ਦਾਤਿਆ ! ਸਾਡੀ ਰੂਹ ਦਾ ਰੱਜ ਕਰਾ ਦੇ, ਸਾਡੀ ਰੂਹ ਰੱਜ ਜਾਵੇ। ਤ੍ਰਿਸ਼ਨਾ ਕਦੀ ਵੀ ਮੁੱਕਦੀ ਨਹੀਂ ਅਰ ਇਹ ਮੁੱਕ ਜਾਵੇ। ਸਾਡੀ ਰੂਹ ਰੱਜ ਜਾਵੇ। ਇਹ ਰੂਹ ਰੱਜੇਗੀ ਉਦੋਂ ਹੀ ਜਦੋਂ ਇਸ ਰੂਹ ਨੂੰ ਤੁਸੀਂ ਪ੍ਰਮੇਸ਼ਰ ਦੇ ਨਾਮ ਦੀ ਖੁਰਾਕ ਦਿਓਗੇ।

***ਸਾਚੇ ਨਾਮ ਕੀ ਲਾਗੈ ਭੂਖ॥***
***ਤਿਤੁ ਭੂਖੈ ਖਾਇ ਚਲੀਅਹਿ ਦੂਖ॥੧॥*** **(ਅੰਗ ੩੪੯)**

ਮੇਰੀ ਬੇਨਤੀ ਏ ਤੇ ਜਿੰਨੇ ਪ੍ਰੇਮੀ ਜਿੱਥੇ ਵੀ ਸੁਣ ਰਹੇ ਹੋ, ਅਰਦਾਸ ਕਰੋ, ਸਾਡੀ ਰੂਹ

ਰੱਜ ਜਾਵੇ, ਮੁਆਫੀ ਦੇਣਾ, ਸਾਡੀ ਰੂਹ ਨਹੀਂ ਜੇ ਰੱਜਦੀ। ਲੱਖ ਵਾਲਾ ਕਹਿੰਦਾ, ਦਸ ਲੱਖ ਆਵੇ। ਦਸ ਲੱਖ ਵਾਲਾ ਕਹਿੰਦਾ, ਕਰੋੜ ਆਵੇ। ਕਰੋੜ ਵਾਲਾ ਕਹਿੰਦਾ, ਮੇਰੇ ਕੋਲ ਹੁਣ ਅਰਬਾਂ ਆਉਣ। ਇਹ ਰੂਹ ਨਹੀਂ ਰੱਜਦੀ। ਅਰਦਾਸ ਕਰੋ ਇਹ ਰੂਹ ਰੱਜ ਜਾਵੇ ਤੇ ਰੱਜੇਗੀ ਰੂਹ ਉਦੋਂ ਹੀ :

***ਤ੍ਰਿਸਨਾ ਬੁਝੈ ਹਰਿ ਕੈ ਨਾਮਿ॥*** (ਅੰਗ ੬੮੨)

ਜਦੋਂ ਅਸੀਂ ਨਾਮ ਨਾਲ ਜੁੜਾਂਗੇ। ਨਾਮ ਕੀ ਏ? ਪਿਆਰਿਓ ! ਜੋ ਪ੍ਰਮੇਸ਼ਰ ਨੇ ਸਾਨੂੰ ਹੁਕਮ ਕੀਤਾ ਹੈ ਉਹਨੂੰ ਤੂੰ ਮੰਨਣਾ ਸ਼ੁਰੂ ਕਰ ਦੇ, ਫਿਰ ਇਹ ਰੂਹ ਰੱਜ ਜਾਏਗੀ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਆਖੋ : ਧੰਨ ਗੁਰੂ ਰਾਮਦਾਸ ਜੀ।..... ਧੰਨ ਬਾਬਾ ਦੀਪ ਸਿੰਘ ਜੀ।

ਅੱਜ ਦੇ ਕੀਰਤਨ ਦੀ ਦੂਜੀ ਗੱਲ। ਪਹਿਲੀ ਗੱਲ ਮੈਂ ਕੀਤੀ ਰੂਹ ਦੇ ਰੱਜੇ ਹੋਏ ਲੋਕ। ਅਰਦਾਸ ਕਰਿਓ ਅਸੀਂ ਵੀ ਰੂਹ ਤੋਂ ਰੱਜ ਜਾਈਏ। ਇਹ ਰੱਜ ਸਾਨੂੰ ਆਉਂਦਾ ਨਹੀਂ, ਤ੍ਰਿਸ਼ਨਾ ਮੁਕਦੀ ਨਹੀਂ। ਇਹ ਸਾਡੀ ਤ੍ਰਿਸ਼ਨਾ ਮੁੱਕੇ ਰੂਹ ਤੋਂ ਰੱਜੀਏ। ਸੱਚੀ ਗੱਲ ਏ ਜਿਹੜਾ ਬੰਦਾ ਰੂਹ ਤੋਂ ਰੱਜ ਜਾਂਦਾ ਹੈ ਉਹ ਤੇ ਥੋੜ੍ਹਾ ਖਾ ਕੇ ਵੀ ਉਹਦਾ ਸ਼ੁਕਰਾਨਾ ਕਰਦਾ ਹੈ। ਜਿਹੜਾ ਰੂਹ ਤੋਂ ਰੱਜ ਜਾਂਦਾ ਹੈ ਉਹ ਦੂਜੇ ਦੀ ਚੜ੍ਹਦੀ-ਕਲਾ ਵੱਲ ਵੇਖ ਕੇ ਝੂਰਦਾ ਨਹੀਂ, ਸੜਦਾ ਨਹੀਂ, ਈਰਖਾ ਨਹੀਂ ਕਰਦਾ—ਉਹਦੇ ਆਪਣੇ ਕਰਮ ਮੇਰੇ ਆਪਣੇ ਕਰਮ ਨੇ। ਜਿਹੜਾ ਰੂਹ ਤੋਂ ਰੱਜ ਜਾਂਦਾ ਹੈ ਉਹ ਤੇ ਪਿਆਰਿਓ ! ਹਰ ਹਾਲ ਦੇ ਵਿਚ ਗੁਰੂ ਪ੍ਰਮੇਸ਼ਰ ਦਾ ਸ਼ੁਕਰਾਨਾ ਕਰਦਾ ਹੈ।

ਅੱਜ ਦੇ ਕੀਰਤਨ ਦੀ, ਇਹ ਮੈਂ ਇਉਂ ਕਹਿ ਲਿਆ ਕਰਾਂ, ਸਾਡੀ ਇਹ ਪਰਿਵਾਰਕ ਮੀਟਿੰਗ ਹੁੰਦੀ ਏ ਤਿੰਨ ਤੋਂ ਚਾਰ। ਪੇਰੈਂਟਸ ਮੀਟਿੰਗ ਬੁਲਾਈ ਜਾਂਦੀ ਹੈ ਸਕੂਲਾਂ ਵਿਚ। ਕਿਉਂ ਬੁਲਾਉਂਦੇ ਹਾਂ? ਇਸੇ ਲਈ ਬੁਲਾਈ ਜਾਂਦੀ ਏ ਕਿ ਬੱਚਿਆਂ ਦੇ ਵਿਚ ਜੋ ਕਿਤੇ ਕਮੀ-ਪੇਸ਼ੀ ਹੋਵੇ, ਪੇਰੈਂਟਸ ਤੱਕ ਪਹੁੰਚੇ ਤੇ ਉਸ ਕਮੀ-ਪੇਸ਼ੀ ਦਾ ਬੱਚੇ ਸੁਧਾਰ ਕਰ ਲੈਣ।

ਤੇ ਅੱਜ ਵੀ ਗੁਰੂ ਰਾਮਦਾਸ, ਬਾਬਾ ਦੀਪ ਸਿੰਘ ਦੇ ਪਰਿਵਾਰ ਦੇ ਮੈਂਬਰ ਬਹਿ ਕੇ ਤਿੰਨ ਤੋਂ ਚਾਰ ਇਹ ਆਪਸ ਦੇ ਵਿਚ ਮੀਟਿੰਗ ਕਰਦੇ ਹਾਂ ਤੇ ਇਹ ਮੀਟਿੰਗ ਦੇ ਵਿਚ ਬਹਿ ਕੇ ਅਸੀਂ ਆਪਣੇ ਅੰਦਰ ਗੁਣ ਲਿਆਉਣ ਦਾ ਯਤਨ ਕਰਨਾ ਹੈ ਤੇ ਆਪਣੇ ਅੰਦਰੋਂ ਔਗੁਣਾਂ ਨੂੰ ਕੱਢਣ ਦਾ ਯਤਨ ਕਰਨਾ ਹੈ। ਤੇ ਅੱਜ ਦੀ ਇਹ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦੇ ਪਰਿਵਾਰ ਦੀ ਮੀਟਿੰਗ। ਦੂਜੀ ਗੱਲ ਤੇ ਬੜੀ ਖਾਸ ਗੱਲ ਹੈ ਸੁਣਿਓ :

ਨਿਮਰ ਬਣੋ, ਨਿਮਾਣੇ ਬਣੋ, ਕਿਉਂਕਿ ਗੁਰੂ ਪ੍ਰਮੇਸ਼ਰ ਦੀ ਬਖ਼ਸ਼ਿਸ਼ ਜਿਹੜੀ ਏ, ਉਹ ਨਿਮਰਤਾਵਾਨ ਹਿਰਦੇ ਦੇ ਵਿਚ ਠਹਿਰਦੀ ਏ ਤੇ ਪ੍ਰਮੇਸ਼ਰ ਦੀ ਬਖ਼ਸ਼ਿਸ਼ ਦੇ ਨਾਲ ਜਿਹੜਾ ਬੰਦਾ ਨਿਮਰ ਬਣ ਜਾਂਦਾ ਹੈ, ਪ੍ਰਮੇਸ਼ਰ ਦੀ ਬਖ਼ਸ਼ਿਸ਼ ਉਸ ਨੂੰ ਫਿਰ ਇਸ ਭਵਸਾਗਰ ਤੋਂ ਪਾਰ ਕਰ ਦਿੰਦੀ ਏ।

ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਇਕ ਮੈਂ ਉਦਾਹਰਣ ਦੇਣ ਲੱਗਾ ਹਾਂ, ਭਾਰੀ ਹੜ੍ਹ ਆਉਣ ਤੋਂ ਬਾਅਦ ਸਾਰਾ ਜੰਗਲ ਤਬਾਹ ਹੋ ਚੁੱਕਿਆ ਹੈ। ਸਿਰਫ ਇਕ ਰੁੱਖ ਏ ਜਿਹੜਾ ਅਜੇ ਵੀ ਖਲੋਤਾ ਹੈ। ਕਿਸੇ ਬੰਦੇ ਨੇ ਰੁੱਖ ਦੇ ਕੋਲ ਜਾ ਕੇ ਰੁੱਖ ਦੇ ਬਚੇ ਹੋਣ ਦਾ ਕਾਰਣ ਪੁੱਛਿਆ ਕਿ ਸਾਰਾ ਜੰਗਲ ਤਬਾਹ ਹੋ ਗਿਆ ਏ, ਪਰ ਤੂੰ ਇਕੱਲਾ ਇਸ ਵੇਲੇ ਖੜ੍ਹਾ ਏਂ ਕਾਰਣ ਕੀ? ਤੇ ਉਸ ਰੁੱਖ ਨੇ ਨਿਮਰਤਾ ਨਾਲ ਜੁਆਬ ਦਿੱਤਾ, ''ਜਦੋਂ ਹੜ੍ਹ ਆਇਆ ਏ, ਮੈਂ ਹੜ੍ਹ ਦੇ ਪ੍ਰਵਾਹ ਦੇ ਨਾਲ ਹੀ ਝੁੱਕ ਗਿਆ ਸਾਂ। ਬਾਕੀ ਦਰੱਖ਼ਤਾਂ ਨੇ ਆਪਣੇ-ਆਪ ਨੂੰ ਹੜ੍ਹ ਦੇ ਅਨੁਕੂਲ ਨਹੀਂ ਬਣਾਇਆ ਤੇ ਹੜ੍ਹ ਨੇ ਉਹ ਸਾਰੇ ਦਰੱਖ਼ਤ ਜੜ੍ਹਾਂ ਤੋਂ ਪੁੱਟ ਦਿੱਤੇ। ਪਰ ਜਦੋਂ ਹੜ੍ਹ ਆਇਆ, ਮੈਂ ਉਸ ਵੇਲੇ ਹੜ੍ਹ ਦੇ ਪ੍ਰਵਾਹ ਦੇ ਨਾਲ ਝੁੱਕ ਗਿਆ ਤੇ ਜਦੋਂ ਮੈਂ ਝੁੱਕ ਕੇ ਜ਼ਮੀਨੀ ਪੱਧਰ 'ਤੇ ਪਹੁੰਚ ਗਿਆ, ਤੇ ਮੇਰਾ ਫਿਰ ਹੜ੍ਹ ਦਾ ਪਾਣੀ ਕੁਝ ਵਿਗਾੜ ਹੀ ਨਾ ਸਕਿਆ। ਮੈਂ ਫਿਰ ਬਚ ਗਿਆ। ਤੇ ਜਦੋਂ ਪਾਣੀ ਗੁਜ਼ਰ ਗਿਆ, ਹੜ੍ਹ ਬਤੀਤ ਹੋ ਗਿਆ, ਫਿਰ ਮੈਂ ਆਪਣੀ ਜਗ੍ਹਾ ਦੇ ਉਤੇ ਸਿੱਧਾ ਖੜ੍ਹਾ ਹੋ ਗਿਆ। ਮੇਰੇ ਅੱਜ ਸਿੱਧੇ ਖੜ੍ਹੇ ਹੋਣ ਦਾ ਰਾਜ਼ ਏ, ਮੈਂ ਨੀਵਾਂ ਹੋ ਗਿਆ।''

ਇਹ ਬੜਾ ਪਿਆਰਾ ਹੁਨਰ ਏ ਨੀਵੇਂ ਹੋਣ ਦਾ, ਇਹ ਬੜਾ ਪਿਆਰਾ ਗੁਣ ਏ, ਬੜੀ ਪਿਆਰੀ ਤਕਨੀਕ ਏ, ਸੱਚੀ ਗੱਲ ਏ ਜਿਹੜੀ ਕਿਸੇ ਵਿਰਲੇ-ਵਿਰਲੇ ਦੇ ਹਿੱਸੇ ਵਿਚ ਆਉਂਦੀ ਏ। ਕਿਹੜੀ ਤਕਨੀਕ? ਕਿਹੜਾ ਰਾਜ਼? ਕਿਹੜਾ ਗੁਣ?—ਨਿਮਰ ਹੋਣਾ, ਨਿਮਾਣੇ ਹੋਣਾ, ਨੀਵੇਂ ਹੋਣਾ।

ਆਖੋ : ਵਾਹਿਗੁਰੂ।.....ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਨਿਮਰ ਇਹ ਨਹੀਂ ਹੁੰਦਾ ਕਿ ਬਸ ਹੱਥ ਜੋੜ ਕੇ, ਸਿਰ ਝੁਕਾ ਕੇ ਤੁਰੀ ਚੱਲੋ। ਹਰ ਕੰਮ ਦੇ ਵਿਚ ਨਿਮਰ ਹੋਣਾ, ਤੇਰਾ ਅੰਦਰ ਨਿਮਰ ਹੋਵੇ, ਤੇਰਾ ਅੰਦਰ ਨਿਮਾਣਾ ਬਣੇ, ਭਾਵੇਂ ਘਰੇਲੂ ਤੌਰ 'ਤੇ, ਭਾਵੇਂ ਧਾਰਮਿਕ ਤੌਰ 'ਤੇ ਤੂੰ ਵਿਚਰ, ਕਿਸੇ ਵੀ ਢੰਗ ਨਾਲ ਵਿਚਰ ਰਿਹਾ ਐਂ। ਤੂੰ ਨਿਮਰ ਬਣ। ਮਨ ਲੈ ਘਰ ਦੇ ਵਿਚ ਖ਼ਰਚਿਆਂ ਦੀ ਗੱਲ ਹੈ। ਖ਼ਰਚਿਆਂ ਦੀ ਗੱਲ ਦੇ ਵਿਚ ਵੀ ਨਿਮਰ ਬਣ ਜਾ। ਇਹ ਖ਼ਰਚੇ ਜਿਹੜੇ ਫਾਲਤੂ ਦੇ ਨੇ, ਇਨ੍ਹਾਂ ਨੂੰ ਜਿੰਨਾ ਹੋ ਸਕੇ ਘਟਾ ਦੇ। ਉਹ ਚੀਜ਼ਾਂ ਨੂੰ ਖ਼ਰੀਦ ਜਿਹੜੀਆਂ ਤੈਨੂੰ ਚਾਹੀਦੀਆਂ ਨੇ, ਨਾ ਕਿ ਉਹ ਚੀਜ਼ਾਂ ਖ਼ਰੀਦ ਜੋ ਤੂੰ ਚਾਹੁੰਨਾ ਏਂ। ਜਿਹੜੀਆਂ ਚੀਜ਼ਾਂ ਦੀ ਤੇਰੀ ਚਾਹਤ ਏ, ਉਹ ਨਾ ਖ਼ਰੀਦ। ਚੀਜ਼ਾਂ ਉਹ ਲੈ, ਜਿਹੜੀਆਂ ਚੀਜ਼ਾਂ ਤੋਂ ਬਿਨਾਂ ਤੇਰਾ ਗੁਜ਼ਾਰਾ ਹੋ ਹੀ ਨਹੀਂ ਸਕਦਾ। ਹਰ ਪੱਖ ਤੋਂ ਨਿਮਰਤਾ।

ਇਹ ਮੇਰੀ ਬੇਨਤੀ ਏ, ਹੁਣ ਤੇ ਜੋ ਪੁਜ਼ੀਸ਼ਨ ਏ ਮਹਾਂਮਾਰੀ ਦੀ, ਕਰੋਪੀ ਦੀ, ਤਕਰੀਬਨ ਖ਼ਤਮ ਹੋ ਰਹੀ ਏ। ਪਰ ਪਿਆਰਿਓ ! ਇਹ ਜ਼ਿੰਦਗੀ ਦੇ ਵਿਚ ਬੜਾ ਕੁਝ ਸਿਖਾ ਕੇ ਗਈ ਏ ਮਹਾਂਮਾਰੀ। ਜਿਹੜੇ ਰੱਬ ਬਣੇ ਪਏ ਸੀ ਕਿ ਸਾਡੇ ਤੋਂ ਬਿਨਾਂ ਲੱਗਦਾ ਕੁਝ ਚੱਲ ਹੀ ਨਹੀਂ ਸਕਦਾ, ਜਿਹੜੇ ਰੱਬ ਬਣੇ ਪਏ ਸੀ ਉਨ੍ਹਾਂ ਦੇ ਅਹੰਕਾਰ ਵੀ ਇਹ ਮਹਾਂਮਾਰੀ ਨੇ

ਤੋੜੇ ਨੇ। ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।..

ਇਹ ਮੈਨੂੰ ਪਤਾ, ਮੈਂ ਜਾਣਦਾਂ, ਇਹ ਜੋ ਮੈਂ ਬੋਲ ਰਿਹਾ ਹਾਂ, ਇਹ ਮੈਨੂੰ ਪਤਾ ਹੈ ਕਿ ਚੜ੍ਹਦੀ-ਕਲਾ ਵਿਚ ਰਹਿਣਾ ਵੀ ਬੜਾ ਹੀ ਮਹੱਤਵਪੂਰਨ ਹੈ। ਚੜ੍ਹਦੀ-ਕਲਾ ਵਿਚ ਰਹਿਣਾ ਇਹ ਨਹੀਂ ਹੁੰਦਾ ਕਿ ਮੈਂ ਬਸ ਦੂਜੇ ਨੂੰ ਕੁਝ ਸਮਝਦਾ ਨਹੀਂ। ਹੋਵੇ ਚੜ੍ਹਦੀ-ਕਲਾ, ਪਰ ਹੋਵੇ ਅੰਦਰ ਨਿਮਾਣਾਪਨ।

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

ਨਾਮ ਆਏਗਾ ਤਾਂ ਚੜ੍ਹਦੀ-ਕਲਾ ਹੋਏਗੀ ਤੇ ਜੇ ਨਾਮ ਆ ਗਿਆ ਉਥੇ ਨਿਮਾਣਾਪਨ ਵੀ ਆਏਗਾ, ਤੇ ਫਿਰ ਚੜ੍ਹਦੀ-ਕਲਾ ਹੋਏਗੀ ਹੀ ਹੋਏਗੀ। ਚੜ੍ਹਦੀ-ਕਲਾ ਵਿਚ ਰਹਿਣਾ ਮਹੱਤਵਪੂਰਨ ਏ, ਪਰ ਪਿਆਰਿਓ ! ਐਵੇਂ ਬਿਨਾਂ ਵਜ੍ਹਾ ਤੋਂ 'ਮੈਂ-ਮੈਂ' ਕਰਨੀ, ਇਗੋ ਕਰਨੀ, ਇਹ ਚੀਜ਼ ਆਪਣੇ ਅੰਦਰੋਂ ਕੱਢਣੀ ਵੀ ਜ਼ਰੂਰੀ ਗੱਲ ਐ। ਆਖੋ : ਵਾਹਿਗੁਰੂ-ਵਾਹਿਗੁਰੂ।

ਜੀਵਨ ਦੇ ਵਿਚ ਉਹ ਰੁੱਖ ਬਣੋ ਜਿਹੜਾ ਰੁੱਖ ਹੜ੍ਹ ਆਉਣ 'ਤੇ ਜ਼ਮੀਨੀ ਪੱਧਰ 'ਤੇ ਲੱਗ ਗਿਆ ਏ, ਜ਼ਮੀਨ ਦੇ ਨਾਲ ਟੱਚ ਹੋ ਗਿਆ, ਫਿਰ ਤੇ ਬਚ ਜਾਵਾਂਗੇ ਤੇ ਜੇ ਸਿੱਧੇ ਖੜ੍ਹੇ ਰਹਾਂਗੇ ਤੇ ਹੜ੍ਹ ਦਾ ਪਾਣੀ ਸਾਨੂੰ ਵੀ ਰੋੜ੍ਹ ਕੇ ਲੈ ਜਾਏਗਾ। ਕਿਸੇ ਵੀ ਗੱਲ ਦਾ, ਕਿਸੇ ਵੀ ਮੁਕਾਮ ਦੇ ਉਤੇ ਦਮ ਨਾ ਮਾਰੀਏ।

***ਆਪਸ ਕਉ ਜੋ ਜਾਣੈ ਨੀਚਾ॥***
***ਸੋਊ ਗਨੀਐ ਸਭ ਤੇ ਊਚਾ॥*** (ਅੰਗ ੨੬੬)

ਇਹ ਮੇਰੀ ਬੇਨਤੀ ਜ਼ਰੂਰ ਪ੍ਰਵਾਨ ਕਰਿਓ, ਅਸੀਂ ਪਰਿਵਾਰਕ ਮੈਂਬਰਾਂ ਦੇ ਵਾਂਗ ਬਹਿਨੇ ਹਾਂ। ਦੋ ਗੱਲਾਂ ਮੈਂ ਕੀਤੀਆਂ ਨੇ। ਪਹਿਲੀ ਗੱਲ— ਰੂਹ ਦਾ ਰੱਜ, ਉਹ ਰੂਹ ਦੇ ਰੱਜੇ ਹੋਏ ਲੋਕ, ਉਨ੍ਹਾਂ ਵਿਚ ਸਾਡੀ ਗਿਣਤੀ ਆਵੇ।

ਤੇ ਦੂਜੀ ਗੱਲ—ਰੂਹ ਤੋਂ ਰੱਜਣਾ ਵੀ ਏ ਪਰ ਇਹ ਰੂਹ ਤੋਂ ਰੱਜਣ ਦਾ ਵੀ ਅਹੰਕਾਰ ਨਾ ਕਰਨਾ। ਨਿਮਰ ਬਣਨਾ ਹੈ, ਨਿਮਾਣੇ ਬਣਨਾ ਹੈ, ਦੂਜਿਆਂ ਨੂੰ ਟਿਚ ਨਹੀਂ ਸਮਝਣਾ ਕਿ ਮੈਂ ਹੀ ਗੁਣਵਾਨ ਹਾਂ ਬਾਕੀ ਤੇ ਸਾਰੇ ਜ਼ੀਰੋ ਨੇ। ਇਹ ਗੱਲ ਗਲਤ ਏ। ਗੁਰੂ ਕਿਰਪਾ ਕਰੇ ਹੋਰ ਵੀ ਮੈਂ ਬੜੀਆਂ ਗੱਲਾਂ ਤੁਹਾਡੇ ਨਾਲ ਕਰਨੀਆਂ ਨੇ ਅੱਜ ਦੇ ਦੀਵਾਨ ਵਿਚ। ਸਤਿਗੁਰੂ ਲੈਣ ਮੇਰੇ ਕੋਲੋਂ ਸੇਵਾ।

ਆਓ ! ਭਗਤ ਫਰੀਦ ਜੀ ਦਾ ਸਲੋਕ ਆਪਾਂ ਪੜ੍ਹਣਾ ਹੈ। ਉਹ ਸਲੋਕ ਕੀਰਤਨ ਰੂਪ ਵਿਚ ਮੈਂ ਪੜ੍ਹਣਾ ਹੈ। ਉਸ ਤੋਂ ਪਹਿਲੇ ਮੇਰਾ ਮਨ ਕਰਦਾ ਹੈ ਅਸੀਂ ਥੋੜ੍ਹੇ ਜਿਹੇ ਸਲੋਕ ਦੇ ਭਾਵ ਅਰਥ ਕਰ ਲਈਏ, ਤਾਂ ਜੋ ਪੜ੍ਹਣ ਦਾ ਹੋਰ ਰਸ ਆ ਜਾਏ। ਬਾਬਾ ਫਰੀਦ ਜੀ ਦਾ ਬਚਨ ਏ ਕਹਿੰਦੇ—ਮੈਂ ਉਹ ਪੰਛੀਆਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਦਾ ਜੰਗਲ ਦੇ ਵਿਚ ਵਾਸਾ ਹੈ, ਜਿਹੜੇ ਜੰਗਲ ਦੇ ਵਿਚ ਰਹਿੰਦੇ ਨੇ :

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥*** (ਅੰਗ ੧੩੮੨)

ਕਹਿੰਦੇ—ਰੋੜ ਵੀ ਚੁਗਦੇ ਨੇ, ਜ਼ਮੀਨ ਦੇ ਉਤੇ ਵੱਸਦੇ ਨੇ, ਪਰ ਪ੍ਰਮੇਸ਼ਰ ਦਾ ਆਸਰਾ ਨਹੀਂ ਛੱਡਦੇ। ਜਿਹੜੇ ਮਹਿਲਾਂ ਵਿਚ ਰਹਿਣ ਵਾਲੇ, ਸੁੱਖਾਂ ਵਿਚ ਰਹਿਣ ਵਾਲੇ, ਕਈ ਵਾਰੀ ਰੱਬ ਨੂੰ ਭੁਲਾ ਦਿੰਦੇ ਨੇ, ਪਰ ਪਿਆਰਿਓ ! ਮਹਿਲਾਂ ਵਿਚ ਰਹਿ ਕੇ ਤੂੰ ਸੁੱਖਾਂ ਵਿਚ ਰਹਿ ਕੇ ਰੱਬ ਨੂੰ ਭੁਲਾ ਦਿੱਤਾ। ਤੇਰੇ ਤੋਂ ਤੇ ਪੰਛੀ ਚੰਗੇ ਨੇ, ਜਿਹੜੇ ਰੁੱਖਾਂ ਦੇ ਉਤੇ ਆਲ੍ਹਣੇ ਬਣਾ ਲੈਂਦੇ ਨੇ। ਨਿੱਕਾ-ਨਿੱਕਾ ਦਾਣਾ ਚੁੱਗ ਕੇ ਆਪਣਾ ਗੁਜ਼ਾਰਾ ਕਰਦੇ ਨੇ, ਪਰ ਰੱਬ ਨੂੰ ਨਾਲ-ਨਾਲ ਚੇਤੇ ਰੱਖਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

ਪੰਛੀ ਨੂੰ ਵੇਖੋ, ਚਿੜੀ ਨੂੰ ਵੇਖੋ, ਕਦੀ ਚੋਗ ਚੁਗਦਿਆਂ। ਬੰਦਾ ਤੇ ਰੋਟੀ ਖਾਂਦਾ ਹੈ। ਰੋਟੀ ਖਾਣ ਤੋਂ ਬਾਅਦ ਉਤਾਂਹ ਵੱਲ ਮੂੰਹ ਕਰਕੇ ਡਕਾਰ ਮਾਰਦਾ ਹੈ, ਪਰ ਚਿੜੀ ਜਾਂ ਪੰਛੀ ਜਦੋਂ ਵੀ ਦਾਣਾ ਚੁਗਦੇ ਆ, ਜਿਉਂ-ਜਿਉਂ ਦਾਣਾ ਚੁਗਦੇ ਨੇ, ਨਿਮਰ ਹੋ ਕੇ, ਸਿਰ ਝੁਕਾ ਕੇ, ਤਿਉਂ-ਤਿਉਂ ਪ੍ਰਮੇਸ਼ਰ ਦਾ ਸ਼ੁਕਰਾਨਾ ਕਰੀ ਜਾਂਦੇ ਨੇ।

ਫਰੀਦ ਸਾਹਿਬ ਕਹਿੰਦੇ—ਤੈਨੂੰ ਪ੍ਰਮੇਸ਼ਰ ਨੇ ਦਿੱਤੇ ਬੜੇ ਸੁੱਖ ਤੇ ਤੇਰੇ ਕੋਲ ਸੋਹਣਾ ਘਰ ਵੀ ਏ, ਤੇਰੇ ਬਾਲ ਬੱਚੇ ਵੀ ਤੇਰੇ ਨਾਲ ਨੇ, ਤੇਰਾ ਘਰ ਪਰਿਵਾਰ ਵੀ ਵਧੀਆ, ਤੂੰ ਕੰਮ ਵੀ ਬੜਾ ਸੋਹਣਾ ਕਰਦਾ ਹੈਂ, ਆਮਦਨ ਵੀ ਤੇਰੀ ਬੜੀ ਵਧੀਆ ਹੈ ਪਰ ਤੂੰ ਰੱਬ ਨੂੰ ਭੁਲਾ ਦਿੱਤਾ। ਅੰਮ੍ਰਿਤ ਵੇਲਾ ਸੰਭਾਲਿਆ ਹੀ ਕੋਈ ਨਾ, ਬਾਣੀ ਦਾ ਨਿਤਨੇਮ ਵਧਾਇਆ ਹੀ ਕੋਈ ਨਾ, ਉਹਦਾ ਸ਼ੁਕਰਾਨਾ ਕੀਤਾ ਹੀ ਨਹੀਂ ਜਿਨ੍ਹੇ ਸਾਰੀਆਂ ਦਾਤਾਂ ਦਿੱਤੀਆਂ, ਉਸ ਦਾਤੇ ਨੂੰ ਭੁਲਾ ਦਿੱਤਾ। ਓ ਬੰਦਿਆ ! ਤੈਥੋਂ ਤੇ ਉਹ ਪੰਛੀ ਚੰਗਾ ਹੈ ਜਿਹੜਾ ਦਰੱਖ਼ਤ ਦੇ ਉਤੇ ਆਲ੍ਹਣਾ ਬਣਾ ਕੇ ਨਿੱਕਾ-ਨਿੱਕਾ ਦਾਣਾ ਚੁਗਦਾ ਹੈ ਤੇ ਦਾਣਾ ਚੁਗ-ਚੁਗ ਕੇ ਆਪਣਾ ਗੁਜ਼ਾਰਾ ਕਰਦਾ ਹੈ। ਬੱਚਿਆਂ ਦਾ ਗੁਜ਼ਾਰਾ ਕਰਦਾ ਹੈ। ਫਿਰ ਵੀ ਹਉਮੈ ਵਿਚ ਨਹੀਂ ਆਉਂਦਾ, ਰੱਬ ਨੂੰ ਭੁਲਾਉਂਦਾ ਨਹੀਂ। ਹਰ ਵੇਲੇ ਰੱਬ ਦਾ ਸ਼ੁਕਰਾਨਾ ਕਰਦਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ। ਕਿਵੇਂ ਕਹਿ ਰਹੇ ਨੇ ਭਗਤ ਜੀ, ਸਾਰੀ ਸੰਗਤ ਨੂੰ ਬੇਨਤੀ ਬੜੇ ਪਿਆਰ ਦੇ ਨਾਲ ਗਾਇਨ ਕਰਿਓ ਜੀ :

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥......***
***ਹਉ ਬਲਿਹਾਰੀ ਤਿਨ੍ ਪੰਖੀਆ.....***
***ਜੰਗਲਿ ਜਿੰਨ੍ਾ ਵਾਸੁ ॥....***
***ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥...***

ਸਾਰੇ ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਬਾਬਾ ਦੀਪ ਸਿੰਘ ਜੀ।

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥ ੧੦੧ ॥......***
***ਹਉ ਬਲਿਹਾਰੀ ਤਿਨ੍ ਪੰਖੀਆ..... ॥***

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

ਫਰੀਦ ਸਾਹਿਬ ਕਹਿੰਦੇ, ਮੈਂ ਉਹ ਜੰਗਲਾਂ ਦੇ ਵਿਚ ਰਹਿਣ ਵਾਲੇ ਪੰਛੀਆਂ ਤੋਂ ਬਲਿਹਾਰ ਜਾਂਦਾ ਹਾਂ, ਵਾਰਨੇ ਬਲਿਹਾਰਨੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, ਜਿਹੜੇ ਰੁੱਖਾਂ ਦੇ ਉਤੇ ਆਲ੍ਹਣੇ ਬਣਾਉਂਦੇ ਨੇ, ਨਿੱਕੀ-ਨਿੱਕੀ ਚੋਗ ਚੁਗਦੇ ਨੇ ਜਿਥੋਂ ਵੀ ਦਾਨਾ ਮਿਲਦਾ ਹੈ। ਚੋਗ ਚੁਗ ਕੇ ਵੀ ਪ੍ਰਮੇਸ਼ਰ ਦਾ ਸ਼ੁਕਰਾਨਾ ਕਰਦੇ ਨੇ।

ਗੁਰੂ ਬਾਬਾ ਨਾਨਕ ਜੀ ਨੇ 1286 ਅੰਗ ਗੁਰੂ ਗ੍ਰੰਥ ਸਾਹਿਬ ਜੀ ਦੇ ਉਤੇ ਬੜਾ ਪਿਆਰਾ ਇਕ ਫੁਰਮਾਨ ਕੀਤਾ ਹੈ। ਉਹਦੇ ਵਿਚ ਬੜੀਆਂ ਪਿਆਰੀਆਂ-ਪਿਆਰੀਆਂ ਮਿਸਾਲਾਂ ਦੇ ਕੇ ਸਮਝਾਇਆ ਹੈ, ਇਸ ਫਰੀਦ ਸਾਹਿਬ ਦੇ ਬਚਨ ਦੇ ਨਾਲ, ਇਹ ਪ੍ਰਕਾਰਣ ਦੇ ਨਾਲ ਉਹ ਗੱਲ ਰਲ ਰਹੀ ਏ। ਮੈਂ ਬੇਨਤੀ ਕਰਦਾ ਹਾਂ ਪੜ੍ਹਿਓ ਜ਼ਰਾ ਜੀ :

***ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥*** (ਅੰਗ ੧੨੮੬)

ਕਹਿੰਦੇ—ਹਾਥੀ ਏ ਜਿਹੜਾ ਹਾਥੀ, ਕਿੰਨਾ ਈ ਘਿਉ ਖਾਂਦਾ ਹੈ, ਕਿੰਨਾ ਈ ਗੁੜ ਖਾ ਲੈਂਦਾ ਹੈ, ਕਈ-ਕਈ ਮਣ ਦਾਨਾ ਵੀ ਖਾਂਦਾ ਹੈ, ਆਪਣਾ ਜੋ ਉਹਦਾ ਅਹਾਰ ਹੈ, ਉਹ ਅਹਾਰ ਵੀ, ਅਨਾਜ ਵੀ ਕਈ-ਕਈ ਮਣਾਂ ਦੇ ਹਿਸਾਬ ਨਾਲ ਖਾ ਲੈਂਦਾ ਹੈ।

***ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥***

ਸੌ ਮਣ ਅਨਾਜ ਵੀ ਇਕੋ ਵਾਰੀ 'ਚ ਨਿਗਲ ਜਾਂਦਾ ਹੈ ਹਾਥੀ। ਅਗਲੀ ਪੰਕਤੀ ਕੀ ਕਹਿ ਰਹੇ ਆ ਮਹਾਰਾਜ :

***ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥*** (ਅੰਗ ੧੨੮੬)

ਕਹਿੰਦੇ—ਏਨਾ-ਏਨਾ ਅਨਾਜ ਖਾ ਕੇ, ਘਿਓ ਖਾ ਕੇ, ਗੁੜ ਖਾ ਕੇ, ਰੱਜਣ ਤੋਂ ਬਾਅਦ ਡਕਾਰ ਮਾਰਦਾ ਹੈ, ਸ਼ੂਕਦਾ ਹੈ, ਫੁੰਕਾਰੇ ਮਾਰਦਾ ਹੈ, ਫੂਕਾਂ ਮਾਰਦਾ ਹੈ। ਮਿੱਟੀ ਨੂੰ ਆਪਣੀ ਸੁੰਡ ਦੇ ਨਾਲ ਉਡਾਉਂਦਾ ਹੈ। ਪਰ ਜਦੋਂ ਸਾਹ ਨਿਕਲ ਜਾਂਦਾ ਹੈ, ਜਦੋਂ ਅਖ਼ੀਰਲਾ ਸਮਾਂ ਆਉਂਦਾ ਹੈ ਤੇ ਫਿਰ ਪਿਆਰਿਓ ! ਉਹਦਾ ਇਹ ਡਕਾਰਨਾ। ਇਕ ਸ਼ੂਕਣਾ, ਮਿੱਟੀ ਉਡਾਉਣੀ, ਇਹ ਸਾਰੇ ਕੰਮ ਹੀ ਮੁੱਕ ਜਾਂਦੇ ਨੇ। ਤੇ ਫਿਰ ਅਖ਼ੀਰ 'ਚ ਪਛਤਾਵੇ ਤੋਂ ਬਿਨਾਂ ਦੂਜੀ ਗੱਲ ਹੱਥ ਵਿਚ ਰਹਿੰਦੀ ਨਹੀਂ।

***ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥***
***ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥***

ਅੱਗੇ ਜੀ—

***ਅੰਧੀ ਫੂਕਿ ਮੁਈ ਦੇਵਾਨੀ॥*** (ਅੰਗ ੨੮੬)

ਕਹਿੰਦੇ—ਧਨ ਪਦਾਰਥਾਂ ਦੇ ਮਾਣ ਵਿਚ ਅੰਨ੍ਹੀ ਤੇ ਕਮਲੀ ਹੋਈ ਦੁਨੀਆਂ ਵੀ ਹਾਥੀ ਦੇ ਵਾਂਗ ਹੀ ਏ। ਅੰਨ੍ਹੀ ਤੇ ਮੂਰਖ ਦੁਨੀਆਂ ਉਹ ਹਾਥੀ ਦੇ ਵਾਂਗ ਹੀ ਏ। ਸਵੈ-ਹੰਗਤਾ ਦੇ ਨਾਲ ਹੀ ਮਰ ਰਹੀ ਏ। ਸਵੈ-ਹੰਗਤਾ ਨਾਲ, ਅਹੰਕਾਰ ਨਾਲ, ਹਉਮੈ ਦੇ ਨਾਲ, ਜਿਨ੍ਹੇ

ਦਾਤਾਂ ਦਿੱਤੀਆਂ ਨੇ ਉਸ ਦਾਤੇ ਨੂੰ ਭੁਲਾਈ ਬੈਠੀ ਏ। ਆਪ ਹੀ ਦਾਤੀ ਬਣੀ ਹੋਈ ਏ ਦੁਨੀਆਂ। ਆਖੋ : ਵਾਹਿਗੁਰੂ-ਵਾਹਿਗੁਰੂ।

ਆਪ ਹੀ ਬੰਦਾ ਦਾਤਾ ਬਣਿਆ ਹੋਇਆ ਹੈ, ਆਪ ਹੀ ਗੱਲਾਂ ਦਾ ਅਹੰਕਾਰ ਕਰਦਾ ਹੈ, ਮਾਣ ਕਰਦਾ ਹੈ ਪਰ ਭੁੱਲ ਗਿਆ, ਜਿਵੇਂ ਹਾਥੀ ਦਾ ਕੰਮ ਹੈ ਫੂਕਾਂ ਮਾਰਨੀਆਂ, ਮਿੱਟੀ ਸੁੰਡ ਦੇ ਨਾਲ ਉਡਾਉਣੀ, ਇਹ ਸਾਰੀਆਂ ਹਰਕਤਾਂ ਖ਼ਤਮ ਹੋ ਜਾਂਦੀਆਂ ਜਦੋਂ ਅਖ਼ੀਰ ਦਾ ਸਾਹ ਆਉਂਦਾ ਹੈ। ਓ ਬੰਦਿਆ ! ਤੂੰ ਵੀ ਤੇ ਧਨ ਪਦਾਰਥਾਂ ਦਾ ਮਾਣ ਕਰਦਾ ਹੈਂ, ਤੂੰ ਵੀ ਤੇ ਅੰਨ੍ਹਾ ਕਮਲਾ ਹੋਇਆ ਫਿਰਦਾ ਹੈਂ ਹਾਥੀ ਦੇ ਵਾਂਗੂੰ, ਤੂੰ ਫੁੰਕਾਰੇ ਮਾਰਦਾ ਹੈਂ ਤੇ ਫੁੰਕਾਰੇ ਮਾਰ-ਮਾਰ ਕੇ ਰੋਜ਼ ਆਤਮਿਕ ਮੌਤੇ ਮਰ ਰਿਹਾ ਹੈਂ, ਆਤਮਿਕ ਮੌਤੇ।

ਇਕ ਤੇ ਮਰਨਾ ਸਰੀਰਕ ਤੌਰ 'ਤੇ ਸਭ ਨੇ ਹੀ ਹੈ। ਪਰ ਜਦੋਂ ਬੰਦਾ ਮਾਣ ਕਰਦਾ ਹੈ, ਸਵੈ-ਹੰਗਤਾ ਦੇ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ ਤੇ ਦਿਨੋਂ-ਦਿਨ ਇਹਦੀ ਆਤਮਿਕ ਮੌਤ ਹੋਈ ਜਾਂਦੀ ਏ। ਆਖੋ : ਵਾਹਿਗੁਰੂ-ਵਾਹਿਗੁਰੂ।

ਏਸੇ ਲਈ ਤੇ ਗੁਰੂ ਸਾਹਿਬ ਨੇ ਪਹਿਲੀ ਸ਼ਰਤ ਹੀ ਇਹ ਰੱਖੀ ਏ :

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ੧ ॥*** (ਅੰਗ ੧੧੦੨)

ਪਹਿਲੇ ਆਪਣੇ-ਆਪ ਨੂੰ ਮਾਰ, ਆਪਣੀ ਈਗੋ ਨੂੰ ਮਾਰ, ਆਪਣੇ ਅਭਿਮਾਨ ਨੂੰ ਮਾਰ, ਆਪਣੀ ਹਉਮੈ ਨੂੰ ਖ਼ਤਮ ਕਰ, ਫਿਰ ਮੇਰੀ ਗਲੀ ਵਿਚ ਆ। ਪੜ੍ਹਦੇ ਹਾਂ ਨਾ :

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥*** (ਅੰਗ ੧੪੧੨)

ਹੁਣ ਹਰ ਕੋਈ ਤੇ ਬਾਬਾ ਦੀਪ ਸਿੰਘ ਬਣ ਨਹੀਂ ਸਕਦਾ ਤੇ ਇਹਦਾ ਅਰਥ ਮਹਾਂਪੁਰਖ ਏਦਾਂ ਵੀ ਕਰਦੇ ਸੀ। ਕਹਿੰਦੇ—ਜਦੋਂ ਵੀ ਪ੍ਰਮੇਸ਼ਰ ਦੇ ਮਾਰਗ ਦੇ ਉਤੇ ਆਉਣਾ ਈ, ਇਸ ਗਲੀ ਵਿਚ ਆਉਣਾ ਈ, ਜੇ ਤੇਰੇ ਅੰਦਰ ਚਾਅ ਹੈ, ਪ੍ਰੇਮ ਦੀ ਗਲੀ ਦੇ ਵਿਚ ਚੱਲਣ ਦਾ :

***ਸਿਰੁ ਧਰਿ ਤਲੀ***

ਜਿਹੜੀਆਂ ਤੇਰੇ ਸਿਰ ਦੀਆਂ ਵਿਚਾਰਾਂ ਏ ਨਾ, ਤੇਰੀ ਜਿਹੜੀ ਆਪਣੀ ਮਤ ਏ, ਜਿਹੜੀ ਆਪਣੀ ਹਉਮੈ ਹੈ

***ਸਿਰੁ ਧਰਿ ਤਲੀ***

ਆਪਣੀ ਹਉਮੈ ਨੂੰ ਤਲੀ 'ਤੇ ਰੱਖ ਕੇ ਆ, ਇਹਦਾ ਅੰਦਰੋਂ ਵਿਨਾਸ਼ ਕਰ ਕੇ ਆ। ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਜੀ :

***ਅੰਧੀ ਫੂਕਿ ਮੁਈ ਦੇਵਾਨੀ॥***

***ਖਸਮਿ ਮਿਟੀ ਫਿਰਿ ਭਾਨੀ॥*** (ਅੰਗ ੧੨੮੬)

ਕਹਿੰਦੇ—ਪਿਆਰਿਆ ! ਇਹ ਜਿਹੜੀ ਦੁਨੀਆਂ ਐ, ਹੰਕਾਰ ਦੇ ਵਿਚ ਜਿਹੜੀ ਅੰਨ੍ਹੀ ਹੋਈ ਪਈ ਏ, ਜੇ ਹੰਕਾਰ ਛੱਡ ਦੇਵੇ, ਆਪਣਾ ਆਪ ਗਵਾ ਲਵੇ,

***ਖਸਮਿ ਮਿਟੀ ਫਿਰਿ ਭਾਨੀ॥***

ਕਹਿੰਦੇ—ਜਦੋਂ ਇਹ ਦੁਨੀਆਂ ਆਪਣਾ ਅਹੰਕਾਰ ਛੱਡ ਦੇਵੇਗੀ, ਬੰਦਾ ਆਪਣੀ ਈਗੋ ਦਾ ਤਿਆਗ ਕਰ ਦੇਵੇਗਾ ਤਾਂ ਹੀ ਉਹ ਫਿਰ ਖਸਮ ਦੇ ਮਨ ਨੂੰ ਭਾਏਗਾ।

***ਅੰਧੀ ਫੂਕਿ ਮੁਈ ਦੇਵਾਨੀ॥***
***ਖਸਮਿ ਮਿਟੀ ਫਿਰਿ ਭਾਨੀ॥*** (ਅੰਗ ੧੨੮੬)

ਅੱਗੇ ਜੀ :

***ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥*** (ਅੰਗ ੧੨੮੬)

ਦੇਖੋ ! ਕਿੱਡੀ ਪਿਆਰੀ ਮਿਸਾਲ ਦਿੱਤੀ ਏ। ਮੈਂ ਕਹਿਨਾਂ ਇਹੋ ਜਿਹਾ ਗੁਰੂ ਲੱਭਣਾ ਨਹੀਂ ਸਾਨੂੰ।

***ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥*** (ਅੰਗ ੫੮੮)

ਸਾਨੂੰ ਕਿਵੇਂ ਮਿਸਾਲਾਂ ਦੇ-ਦੇ ਕੇ ਸਮਝਾਇਆ ਹੈ ਗੁਰੂ ਜੀ ਨੇ, ਜਿਵੇਂ ਮਾਪੇ ਆਪਣੇ ਬੱਚੇ ਨੂੰ ਸਮਝਾਉਂਦੇ ਆ, "ਬੇਟਾ ! ਆਹ ਕੰਮ ਤੋਂ ਆਪਣੇ ਮਨ ਨੂੰ ਹਟਾ ਲੈ, ਨਸ਼ੇ ਕਰਨਾ ਮਾੜੀ ਗੱਲ ਈ, ਬੁਰੀ ਸੰਗਤ ਵਿਚ ਬਹਿਣਾ ਮਾੜੀ ਗੱਲ ਈ, ਇਹ ਸੰਗਤ ਦਾ ਤਿਆਗ ਕਰ, ਨਸ਼ਿਆਂ ਦਾ ਤਿਆਗ ਕਰ, ਆਪਣਾ ਅਧਿਆਤਮਕ ਜੀਵਨ ਉਪਰ ਉਠਾ, ਅੰਮ੍ਰਿਤ ਵੇਲੇ ਉੱਠ। ਬੱਚੇ ਨੂੰ ਜਿਵੇਂ ਮਾਪੇ ਸਮਝਾਉਂਦੇ ਨੇ, ਉਸੇ ਤਰ੍ਹਾਂ ਗੁਰੂ ਬਾਬਾ ਨਾਨਕ ਜੀ ਸਾਨੂੰ ਸਮਝਾ ਰਹੇ ਹਨ, ਕਹਿੰਦੇ—ਵੇਖੋ ! ਚਿੜੀ ਦੀ ਚੋਗ ਕਿੰਨੀ ਕੁ ਹੁੰਦੀ ਏ, ਕਿੰਨਾ ਕੁ ਉਹਦਾ ਢਿੱਡ ਏ, ਕਿੱਡੀ ਕੁ ਉਹਦੀ ਚੁੰਝ ਏ, ਥੋੜ੍ਹੀ ਜਿਹੀ ਉਹਦੀ ਚੋਗ ਏ, ਥੋੜ੍ਹਾ ਜਿਹਾ ਦਾਣਾ ਖਾਂਦੀ ਏ, ਥੋੜ੍ਹੇ ਜਿਹੀ ਚੋਗ ਚੁਗਦੀ ਏ ਤੇ ਇਹ ਥੋੜ੍ਹੀ ਜਿਹੀ ਚੋਗ ਚੁਗਣ ਤੋਂ ਬਾਅਦ ਇਹ ਅਕਾਸ਼ ਵਿਚ ਉੱਚੀਆਂ ਉਡਾਰੀਆਂ ਲਾਉਂਦੀ ਏ ਤੇ ਚੀਂ-ਚੀਂ ਕਰਦੀ ਏ, ਬੋਲਦੀ ਏ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।... ਧੰਨ ਬਾਬਾ ਦੀਪ ਸਿੰਘ ਜੀ।...

ਕਹਿੰਦੇ—

***ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥***
***ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥*** (ਅੰਗ ੧੨੮੬)

ਕਹਿੰਦੇ—ਨਿੱਕੀ ਜਿਹੀ ਚੋਗ ਚੁਗ ਕੇ, ਥੋੜ੍ਹਾ ਜਿਹਾ ਦਾਣਾ ਚੁਗ ਕੇ, ਅਕਾਸ਼ ਵਿਚ ਉਡਦੀ ਚੀਂ-ਚੀਂ ਕਰਦੀ ਏ, ਬੋਲਦੀ ਏ। ਕਹਿੰਦੇ, ਤੇ ਉਹ ਬੋਲ-ਬੋਲ ਕੇ ਪ੍ਰਮੇਸ਼ਰ ਨੂੰ ਯਾਦ ਕਰਦੀ ਏ ਤੇ ਓ ਬੰਦਿਆ ! ਤੈਥੋਂ ਤੇ ਫਿਰ ਚਿੜੀ ਚੰਗੀ ਏ, ਜਿਹੜੀ ਨਿੱਕਾ ਜਿਹਾ

ਚੋਗ ਚੁਗਣ ਤੋਂ ਬਾਅਦ ਖੁਦਾਇ-ਖੁਦਾਇ ਕਰਦੀ ਏ, ਵਾਹਿਗੁਰੂ-ਵਾਹਿਗੁਰੂ ਕਰਦੀ ਏ। ਉਹਦਾ ਸ਼ੁਕਰਾਨਾ ਕਰਦੀ ਏ। ਅਕਾਸ਼ ਵਿਚ ਉਡਦੀ ਏ ਤੇ ਉਹਦੇ ਗੁਣ ਗਾਉਂਦੀ ਏ। ਤੇਰੇ ਤੋਂ ਤੇ ਉਹ ਚਿੜੀ ਚੰਗੀ ਏ। ਤੈਨੂੰ ਤੇ ਏਨੀਆਂ ਦਾਤਾਂ ਪ੍ਰਮੇਸ਼ਰ ਨੇ ਦਿੱਤੀਆਂ, ਤੂੰ ਤੇ ਡਕਾਰ ਮਾਰਦਾ ਹੈਂ, ਤੂੰ ਤੇ ਫੁੰਕਾਰੇ ਮਾਰਦਾ ਹੈਂ। ਜਿਵੇਂ ਹਾਥੀ ਆਪਣੀ ਸੁੰਡ ਦੇ ਨਾਲ ਮਿੱਟੀ ਉਡਾਂਦਾ ਏ, ਓ ਪਿਆਰਿਆ ! ਤੂੰ ਵੀ ਏਹੋ ਜਿਹੇ ਕਰਮ ਕਰਦਾ ਹੈਂ, ਅਹੰਕਾਰ ਵਿਚ ਆ ਕੇ ਦੂਜਿਆਂ ਨੂੰ ਟਿੱਚ ਸਮਝਦਾ ਹੈਂ। ਤੈਥੋਂ ਤੇ ਉਹ ਨਿੱਕੀ ਜਿਹੀ ਚਿੜੀ ਚੰਗੀ ਏ, ਨਿੱਕਾ ਜਿਹਾ ਉਹ ਪੰਛੀ ਚੰਗਾ ਏ, ਨਿੱਕੀ ਜਿਹੀ ਉਹ ਚਿੜੀ ਚੰਗੀ, ਜਿਹੜੀ ਹਰ ਵੇਲੇ ਪ੍ਰਮੇਸ਼ਰ ਦਾ ਸ਼ੁਕਰਾਨਾ ਕਰਦੀ ਏ, ਉਹਦਾ ਨਾਮ ਜਪਦੀ ਏ। ਅੱਗੇ ਜੀ :

***ਸਕਤਾ ਸੀਹੁ ਮਾਰੈ ਸੈ ਮਿਰਿਆ ਸਭ ਪਿਛੈ ਪੈ ਖਾਇ॥*** (ਅੰਗ ੧੨੮੬)

ਕਹਿੰਦੇ—ਇਕ ਜਿਹੜਾ ਬਲੀ ਸ਼ੇਰ ਏ, ਤਾਕਤਵਰ ਸ਼ੇਰ, ਸੈਂਕੜੇ ਮਿਰਗਾਂ ਨੂੰ, ਸੈਂਕੜੇ ਹਿਰਨਾਂ ਨੂੰ ਮਾਰ ਦਿੰਦਾ ਐ ਆਪਣੀ ਜ਼ਿੰਦਗੀ ਦੇ ਵਿਚ। ਤੇ ਉਸ ਸ਼ੇਰ ਦੇ ਪਿੱਛੇ ਕਈ ਹੋਰ ਜੰਗਲੀ ਪਸ਼ੂ ਵੀ ਆਪਣਾ ਪੇਟ ਪਾਲ ਲੈਂਦੇ ਨੇ, ਜਦੋਂ ਹੁਣ ਸ਼ੇਰ ਨੇ ਕੀਤਾ ਹਿਰਨ ਦਾ ਸ਼ਿਕਾਰ, ਜਦੋਂ ਉਹਦਾ ਪੇਟ ਭਰਿਆ, ਉਹ ਛੱਡ ਕੇ ਉਥੋਂ ਚਲਾ ਗਿਆ ਉਸ ਸ਼ਿਕਾਰ ਨੂੰ ਤੇ ਕਈ ਹੋਰ ਜਾਨਵਰ ਆਪਣਾ ਪੇਟ ਉਸ ਚੀਜ਼ ਤੋਂ ਭਰ ਲੈਂਦੇ ਨੇ। ਅੱਗੇ ਸਾਹਿਬ ਕਹਿੰਦੇ, ਤਾਕਤ ਦੇ ਮਾਣ ਵਿਚ ਉਹ ਘੁਰਣੇ ਵਿਚ ਸਮਾਉਂਦਾ ਨਹੀਂ, ਜਦੋਂ ਉਹਨੂੰ ਅਹੰਕਾਰ ਚੜ੍ਹਿਆ ਹੁੰਦਾ ਹੈ ਤਾਕਤ ਦਾ ਮਾਣ ਕਿ ਮੈਂ ਇੰਨਾ ਬਲੀ ਹਾਂ, ਮੇਰੇ ਵਰਗਾ ਹੋਰ ਦੂਜਾ ਹੈ ਕੋਈ ਨਹੀਂ, ਮੈਂ ਐਨਿਆਂ ਨੂੰ ਮਾਰ ਸਕਦਾ ਹਾਂ। ਕਹਿੰਦੇ, ਇਹ ਤਾਕਤ ਦਾ ਮਾਣ, ਕਈ ਵਾਰੀ ਉਹਨੂੰ ਆਪਣੇ ਘਰ 'ਚ ਸਮਾਉਣ ਨਹੀਂ ਦਿੰਦਾ। ਅਹੰਕਾਰ ਵਿਚ ਖੁੱਭ ਜਾਂਦਾ ਐ ਪਰ ਜਦੋਂ ਉਹਦਾ ਸਾਹ ਨਿਕਲਦਾ ਹੈ, ਪਿਆਰਿਓ ! ਇਹ ਸਾਰਾ ਅਹੰਕਾਰ ਫਿਰ ਟੁੱਟ ਜਾਂਦਾ ਹੈ। ਜਦੋਂ ਮਰਦਾ ਹੈ ਤਾਂ ਫਿਰ ਬਾਅਦ ਵਿਚ ਪਛਤਾਵੇ ਤੋਂ ਇਲਾਵਾ ਕੁਝ ਵੀ ਹੱਥ ਨਹੀਂ ਲੱਗਦਾ। ਮਰਨ ਲੱਗਿਆਂ ਵੀ ਇਹ ਚੀਜ਼ ਦਾ ਦੁੱਖ ਮਨਾਉਂਦਾ ਹੈ :

***ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥*** (ਅੰਗ ੧੨੮੬)

ਅੱਗੇ ਜੀ :

***ਅੰਧਾ ਕਿਸ ਨੋ ਬੁਕਿ ਸੁਣਾਵੈ॥*** (ਅੰਗ ੧੨੮੬)

ਕਹਿੰਦੇ—ਉਹ ਅੰਨ੍ਹਾ ਕਿਸ ਨੂੰ ਬੁੱਕ-ਬੁੱਕ ਸੁਣਾਉਂਦਾ ਹੈ। ਅੰਨ੍ਹਾ ਪਸ਼ੂ ਆਪਣੀ ਗਰਜ਼ ਨਾਲ ਕਿਸ ਦੇ ਉਤੇ ਆਪਣਾ ਅਸਰ ਪਾਉਣਾ ਚਾਹੁੰਦਾ ਏ, ਕਿਸ ਦੇ ਉਤੇ, ਕਿਸ ਦੇ ਉਤੇ ਪ੍ਰਭਾਵ ਪਾਉਣਾ ਚਾਹੁੰਦਾ ਏ, ਮਨ ਤੋਂ ਅੰਨ੍ਹਾ ਇਹ ਪਸ਼ੂ ਕੀਹਦੇ ਉਤੇ ਆਪਣਾ ਪ੍ਰਭਾਵ ਪਾਉਣਾ ਚਾਹੁੰਦਾ ਏ। ਅੱਗੇ ਜੀ :

***ਖਸਮੈ ਮੂਲਿ ਨ ਭਾਵੈ॥*** (ਅੰਗ ੧੨੮੬)

ਕਹਿੰਦੇ—ਪ੍ਰਮੇਸ਼ਰ ਨੂੰ ਇਹ ਅਹੰਕਾਰ ਜ਼ਰਾ ਵੀ ਚੰਗਾ ਨਹੀਂ ਲੱਗਦਾ। ਇਹ

ਗਰਜਣਾ ਜ਼ਰਾ ਵੀ ਚੰਗਾ ਨਹੀਂ ਲੱਗਦਾ। ਸ਼ੇਰ ਜਦੋਂ ਦਹਾੜ ਮਾਰਦਾ ਹੈ ਅਹੰਕਾਰ ਵਿਚ, ਕਹਿੰਦੇ, ਇਹ ਗਰਜਣਾ ਅਹੰਕਾਰ ਦੇ ਵਿਚ ਪ੍ਰਮੇਸ਼ਰ ਦੇ ਮਨ ਨੂੰ ਜ਼ਰਾ ਵੀ ਨਹੀਂ ਭਾਉਂਦਾ। ਅੱਗੇ ਜੀ :

***ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥*** (ਅੰਗ ੧੨੮੬)

ਕਹਿੰਦੇ— ਇਕ ਪਾਸੇ ਸ਼ੇਰ ਏ ਤੇ ਦੂਜੇ ਪਾਸੇ ਅੱਕ ਤਿੱਡਾ ਹੈ, ਅੱਕ ਦੇ ਨਾਂਲ ਪਿਆਰ ਕਰਦਾ ਹੈ। ਅੱਕ ਦੀ ਡਾਲੀ ਉਤੇ ਬੈਠਾ ਅੱਕ ਹੀ ਖਾਈ ਜਾਂਦਾ ਹੈ। ਤੇ ਅੱਕ ਤਿੱਡਾ ਅੱਕ ਖਾ ਕੇ ਅੱਕ ਦੀ ਡਾਲੀ 'ਤੇ ਬਹਿ ਕੇ ਉਹਦਾ ਸ਼ੁਕਰਾਨਾ ਕਰਦਾ ਹੈ। ਕਹਿੰਦੇ, ਪ੍ਰਮੇਸ਼ਰ ਦੇ ਮਨ ਨੂੰ ਉਹ ਅਹੰਕਾਰੀ ਸ਼ੇਰ ਦੇ ਨਾਲੋਂ ਉਹ ਨਿੱਕਾ ਜਿਹਾ ਤਿੱਡਾ ਚੰਗਾ ਲੱਗਦਾ ਹੈ, ਕਿਉਂਕਿ ਅੱਕ ਖਾ ਕੇ ਵੀ ਥੋੜ੍ਹਾ ਜਿਹਾ ਪੇਟ ਦੇ ਅਹਾਰ ਲਈ ਖਾ ਕੇ ਤੇ ਟਹਿਣੀ ਦੇ ਉਤੇ ਬਹਿ ਕੇ ਉਹਦਾ ਸ਼ੁਕਰਾਨਾ ਕਰਦਾ ਹੈ। ਕਹਿੰਦੇ, ਸ਼ੇਰ ਨਾਲੋਂ ਤੇ ਚੰਗਾ ਹੀ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਇਥੇ ਮਹਾਰਾਜ ਸਾਨੂੰ ਸਮਝਾਉਣਾ ਚਾਹੁੰਦੇ ਨੇ, ਅਹੰਕਾਰ ਦੇ ਵਿਚ ਗਰਜ਼ ਨਾ ਮਾਰ, ਜੇ ਤੈਨੂੰ ਪ੍ਰਮੇਸ਼ਰ ਨੇ ਕੁਝ ਦਿੱਤਾ ਹੈ, ਕੁਝ ਦਾਤਾਂ ਦੇ ਦਿੱਤੀਆਂ, ਉਹ ਤਿੱਡੇ ਵਾਂਗੂੰ ਨਿਮਾਣਾ ਬਣ ਜਾ। ਜਿਹੜੀ ਟਾਹਣ ਤੋਂ ਸਭ ਕੁਝ ਮਿਲ ਰਿਹਾ ਹੈ, ਉਸ ਟਾਹਣੀ ਦਾ ਲੜ ਨਾ ਛੱਡ। ਉਸ ਟਾਹਣੀ ਦੇ ਨਾਲ ਲੱਗਾ ਰਹਿ। ਉਸ ਟਹਿਣੀ ਦੇ ਨਾਲ ਲੱਗ ਕੇ, ਭੁੱਖ ਮਿਟਾਉਣ ਵਾਲੀ ਟਾਹਣੀ ਦਾ ਸ਼ੁਕਰਾਨਾ ਕਰ। ਜਿਨ੍ਹੇ ਇਹ ਟਾਹਣੀ ਬਣਾਈ ਏ ਉਹਦਾ ਸ਼ੁਕਰਾਨਾ ਕਰ। ਜਿਨ੍ਹੇ ਖਾਣ ਨੂੰ ਦਿੱਤਾ ਹੈ ਉਹਦਾ ਸ਼ੁਕਰਾਨਾ ਕਰ। ਜਿਹਦੇ ਸਦਕਾ ਤੇਰਾ ਪੇਟ ਭਰ ਰਿਹਾ ਏ, ਉਹਦਾ ਸ਼ੁਕਰਾਨਾ ਕਰ। ਐਵੇਂ ਸ਼ੇਰ ਵਾਂਗੂੰ ਦਹਾੜਾਂ ਨਾ ਮਾਰ। ਜੇ ਸ਼ੇਰ ਵਾਂਗੂੰ ਦਹਾੜਾਂ ਮਾਰੇਂਗਾ, ਹਉਮੈ ਕਰੇਂਗਾ ਪਿਆਰਿਆ ! ਤੇ ਫਿਰ ਕੀਤੀ ਹੋਈ ਹਉਮੈ ਦਾ ਸਦਕਾ ਜਿੰਨੇ ਵੀ ਤੂੰ ਦਾਨ-ਪੁੰਨ ਕੀਤੇ, ਜਿੰਨੇ ਵੀ ਤੂੰ ਭਲੇ ਕਾਰਜ ਕੀਤੇ, ਜਿੰਨੀ ਵੀ ਤੂੰ ਨਾਮ ਬੰਦਗੀ ਦੀ ਕਮਾਈ ਕੀਤੀ ਸਭ ਕੁਝ ਤੇਰਾ ਡੁਲ੍ਹ ਜਾਏਗਾ ਹੈ।

ਰਾਵਣ ਨੇ ਹੁਣ ਸ਼ੇਰ ਵਾਂਗੂੰ ਦਹਾੜਾਂ ਹੀ ਮਾਰੀਆਂ। ਚਾਰ ਵੇਦਾਂ ਦਾ ਗਿਆਤਾ ਕੋਈ ਛੋਟੀ ਗੱਲ ਥੋੜ੍ਹੀ ਏ। ਚਾਰ ਵੇਦ ਜ਼ਬਾਨੀ ਕੰਠ ਕਰਨੇ ਕੋਈ ਛੋਟੀ ਗੱਲ ਥੋੜ੍ਹੀ ਏ। ਪਰ ਪਿਆਰਿਓ ! ਅਹੰਕਾਰ ਮਨ ਦੇ ਵਿਚ ਆਇਆ ਤੇ ਉਸ ਅਹੰਕਾਰ ਨੇ ਇਹੋ ਜਿਹਾ ਕਰਮ ਕਰਾ ਦਿੱਤਾ, ਸੀਤਾ ਜੀ ਨੂੰ ਚੁੱਕ ਕੇ ਲਿਆਂਦਾ ਤੇ ਚਾਰੇ ਵੇਦਾਂ ਦਾ ਗਿਆਤਾ ਰਾਵਣ, ਗੁਰੂ ਗ੍ਰੰਥ ਸਾਹਿਬ ਵਿਚ ਮੋਹਰ ਲੱਗ ਗਈ—

***ਮੂਰਖੁ ਰਾਵਨੁ ਕਿਆ ਲੇ ਗਇਆ॥੩॥*** (ਅੰਗ ੧੧੫੮)

***"ਮੂਰਖੁ ਰਾਵਨੁ ਕਿਆ ਲੇ ਗਇਆ"*** ਇਹ ਮੋਹਰ ਲੱਗ ਗਈ, ਕਿਥੇ ਚਾਰ ਵੇਦ ਜ਼ਬਾਨੀ ਯਾਦ ਨੇ, ਕਿਥੇ ਮੂਰਖ ਦਾ ਦਰਜ਼ਾ। ਆਖੋ : ਵਾਹਿਗੁਰੂ-ਵਾਹਿਗੁਰੂ।

ਇਹ ਮੇਰੀ ਬੇਨਤੀ ਏ, ਸਤਿਗੁਰੂ ਕਹਿੰਦੇ :

***ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥***
***ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥***

ਮੇਰਾ ਚਿੱਤ ਕੀਤਾ ਏ ਇਕ ਵਾਰੀ ਪੜ੍ਹਿਓ :

***ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥......***

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥......***

ਕਿਸੇ ਵੀ ਗੱਲ ਦਾ ਦਮ ਨਾ ਮਾਰ, ਜੇ ਦਮ ਮਾਰੇਂਗਾ ਤੇ ਪਿਆਰਿਆ ! ਗੱਲ ਨਹੀਓਂ ਬਨਣੀ।

***ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*** (ਅੰਗ ੪੫੧)

ਅੱਗੇ ਸਾਹਿਬ ਕੀ ਕਹਿ ਰਹੇ ਨੇ ਪੜ੍ਹਿਓ :

***ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥*** (ਅੰਗ ੧੨੮੬)

ਮਹਾਰਾਜ ਕਹਿੰਦੇ—ਦੁਨੀਆਂ ਵਿਚ ਚਾਰ ਦਿਨਾਂ ਦੇ ਲਈ ਆਇਆਂ ਤੂੰ ਸਾਰਾ, ਚਾਰ ਦਿਨਾਂ ਦੇ ਲਈ। ਛੋਟੇ ਜਿਹੇ ਸਮੇਂ ਦੇ ਲਈ ਤੇ ਪਿਆਰਿਆ ! ਜੇ ਕਲ੍ਹਿਆਂ ਮੌਜਾਂ ਮਾਣੀਆਂ, ਰੰਗ ਰਲੀਆਂ ਮਾਣੀਆਂ, ਜਿਹੜੀਆਂ ਉਹਨੇ ਦਾਤਾਂ ਦਿੱਤੀਆਂ, ਦਾਤਾਂ ਦੇ ਇਕੱਲੇ ਸੁੱਖ ਹੀ ਭੋਗੇ, ਤੂੰ ਉਹਦਾ ਸ਼ੁਕਰਾਨਾ ਨਾ ਕੀਤਾ, ਬੰਦਗੀ ਨਾ ਕੀਤੀ, ਅੰਮ੍ਰਿਤ ਵੇਲਾ ਨਾ ਬਣਾਇਆ ਤੇ ਇਕ ਗੱਲ ਯਾਦ ਰੱਖੀਂ, ਜਿਹੜੇ ਸੁੱਖ ਤੈਨੂੰ ਮਿਲੇ ਆ, ਇਹ ਸੁੱਖਾਂ ਨੇ ਹੀ ਤੈਨੂੰ ਦੁਖੀ ਕਰ ਦੇਣਾ ਈ। ਸੁੱਖਾਂ ਦੇ ਵਿਚ ਰਹਿ ਕੇ ਵੀ ਤੈਨੂੰ ਸ਼ਾਂਤੀ ਨਹੀਂ ਮਿਲਣੀ, ਦੁੱਖ ਹੀ ਦੁੱਖ ਮਿਲਣਗੇ। ਅੱਗੇ ਜੀ—

***ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥*** (ਅੰਗ ੧੨੮੬)

ਕਹਿੰਦੇ—ਦੁਨੀਆਂ ਦੀ ਮਿਠਾਸ ਤੇ ਇਹੋ ਜਿਹੀ ਏ ਕਿ ਜ਼ਬਾਨੀ ਗਿਆਨ ਦੀਆਂ ਗੱਲਾਂ ਕਰਨ ਵਾਲੇ ਬੜੇ ਨੇ, ਪਰ ਇਹ ਚੀਜ਼ ਨੂੰ ਛੱਡਣਾ, ਇਹ ਮਿਠਾਸ ਨੂੰ ਛੱਡਣਾ, ਦੁਨੀਆਂ ਦੀ ਮੋਹ ਮਾਇਆ ਨੂੰ, ਇਸ ਜੰਜਾਲ ਨੂੰ ਛੱਡਣਾ, ਹੈ ਬੜਾ ਔਖਾ, ਕੋਈ ਛੱਡ ਨਹੀਂ ਸਕਦਾ। ਆਖੋ : ਵਾਹਿਗੁਰੂ-ਵਾਹਿਗੁਰੂ। ਅੱਗੇ ਜੀ—

***ਮਖੰੀ ਮਿਠੈ ਮਰਣਾ॥***

ਜਿਵੇਂ ਮੱਖੀਆਂ ਮਿਠਾਸ ਦੇ ਉਤੇ ਬਹਿੰਦੀਆਂ ਨੇ, ਮਿੱਠੇ ਦੇ ਉਤੇ ਹੀ ਮਰ ਜਾਂਦੀਆਂ ਨੇ। ਅੱਗੇ ਜੀ—

***ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ।੨॥***

(ਅੰਗ ੧੨੮੬)

ਕਹਿੰਦੇ—ਜਿਵੇਂ ਮੱਖੀ ਮਿੱਠੇ ਦੇ ਉਤੇ ਮਰ ਜਾਂਦੀ ਏ, ਸ਼ਹਿਦ ਦੀ ਮੱਖੀ ਸ਼ਹਿਦ ਦੇ

ਵਿਚ ਹੀ ਕਈ ਵਾਰੀ ਮਰ ਜਾਂਦੀ ਏ, ਪਰ ਪ੍ਰਮੇਸ਼ਰ ਸਾਈਂ ! ਜਿਵੇਂ ਮੱਖੀ ਮਿੱਠੇ ਦੇ ਉਤੇ ਮਰ ਜਾਂਦੀ ਏ, ਸਾਰੀ ਦੁਨੀਆਂ ਇਸ ਮੋਹ ਮਾਇਆ ਦੇ ਜੰਜਾਲ ਵਿਚ ਫਸਦੀ ਏ। ਇਹਦੇ ਵਿਚ ਹੀ ਜਿਉਂਦੇ ਨੇ, ਇਹਦੇ ਵਿਚ ਹੀ ਮਰ ਜਾਂਦੇ ਨੇ। ਪਰ ਜਿਨ੍ਹਾਂ ਨੂੰ ਪ੍ਰਮੇਸ਼ਰ ਬਚਾਅ ਕੇ ਰੱਖਦਾ ਹੈਂ, ਉਹ ਫਿਰ ਭਵਸਾਗਰ ਤੋਂ ਪਾਰ ਲੰਘ ਜਾਂਦੇ ਨੇ। ਉਨ੍ਹਾਂ ਨੂੰ ਇਹ ਦੁਨੀਆਂ ਦੀ ਮਿਠਾਸ ਕੁਝ ਕਹਿੰਦੀ ਨਹੀਂ। ਉਹ ਤੇ ਫਿਰ—

***ਗੁਰਮੁਖਿ ਮਾਇਆ ਵਿਚਿ ਉਦਾਸੀ।***

**(ਵਾਰ ੧੦, ਪਉੜੀ ੫, ਭਾਈ ਗੁਰਦਾਸ ਜੀ)**

ਵਾਲੀ ਅਵਸਥਾ ਵਿਚ ਜੀਵਨ ਬਤੀਤ ਕਰਦੇ ਨੇ।

ਅੱਜ ਦੇ ਸ਼ਬਦ ਵਿਚ ਮਹਾਰਾਜ ਜੀ ਨੇ ਵੇਖੋ, ਕਿੰਨੇ ਪਿਆਰ ਨਾਲ ਸਾਨੂੰ ਸਮਝਾਇਆ ਹੈ। ਜੇ ਅਸੀਂ ਅਜੇ ਵੀ ਨਾ ਸਮਝੀਏ ਤੇ ਕਸੂਰ ਸਾਡਾ ਹੈ। ਹੁਣ ਸਾਡਾ ਸਮਾਂ ਹੋ ਗਿਆ ਸਮਾਪਤੀ ਦਾ। ਕੱਲ ਦੇ ਦੀਵਾਨ ਵਿਚ ਮੈਂ ਤੁਹਾਡੇ ਦਰਸ਼ਨ ਫਿਰ ਕਰਾਂਗਾ। ਕੱਲ ਫਿਰ ਤੁਹਾਡੇ ਦੀਦਾਰ ਮੇਰਾ ਗੁਰੂ ਰਾਮਦਾਸ ਕਰਾਵੇ। ਇਸ ਚੀਜ਼ ਨੂੰ ਮੁਖ ਰੱਖ ਕੇ ਮੈਂ ਤੁਹਾਡੇ ਕੋਲੋਂ ਆਗਿਆ ਮੰਗਦਾ ਹਾਂ। ਪਿਆਰ ਨਾਲ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਕਾਹੇ ਰੇ ਬਨ ਖੋਜਨ ਜਾਈ॥

(ਅੰਗ ੬੮੪)

ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਸਾਰੀ ਸੰਗਤ ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਸਤਿਸੰਗੀਓ ! ਅੱਜ ਸਾਨੂੰ ਸਾਰਿਆਂ ਨੂੰ ਸਤਿਗੁਰਾਂ ਨੇ ਆਪਣੀ ਬਖ਼ਸ਼ਿਸ਼ਾਂ, ਆਪਣੇ ਰਹਿਮਤ ਦੇ ਖਾਤੇ ਵਿੱਚੋਂ ਆਪਣੀ ਇਹ ਗੋਦ ਦੇ ਵਿਚ ਬੈਠਣ ਦਾ ਇਹ ਸੁਭਾਗ ਸਮਾਂ ਬਖ਼ਸ਼ਿਆ ਹੈ। ਜਿਹੜੀਆਂ ਸੰਗਤਾਂ ਰੋਜ਼ਾਨਾ ਦੁਪਹਿਰ ਨੂੰ ਤਿੰਨ ਤੋਂ ਚਾਰ ਵੱਜੇ ਤੱਕ ਗੁਰੂ ਰਾਮਦਾਸ, ਬਾਬਾ ਦੀਪ ਸਿੰਘ ਜੀ ਦਾ ਜਿਹੜਾ ਸੰਗਤ ਰੂਪੀ ਪਰਿਵਾਰ ਰੋਜ਼ ਹੀ ਇਕੱਤਰਤ ਹੁੰਦਾ ਹੈ ਉਹਨਾਂ ਨੂੰ ਪਤਾ ਹੈ, ਮੈਂ ਕੀਰਤਨ ਦੀ ਸ਼ੁਰੂਆਤ ਵੇਲੇ ਤਿੰਨ ਚਾਰ ਬੜੀਆਂ ਜ਼ਰੂਰੀ-ਜ਼ਰੂਰੀ ਗੱਲਾਂ ਕਰਦਾ ਹਾਂ ਤੇ ਉਨ੍ਹਾਂ ਗੱਲਾਂ ਦਾ ਨਿਊ ਜਨਰੇਸ਼ਨ ਦੇ ਉਤੇ, ਨੌਜਵਾਨ ਪੀੜ੍ਹੀ ਦੇ ਉਤੇ ਬਹੁਤ ਵੱਡਾ ਪ੍ਰਭਾਵ ਪੈ ਰਿਹਾ ਹੈ, ਜਿਸ ਹਿਸਾਬ ਨਾਲ ਸੰਗਤਾਂ ਸਾਨੂੰ ਰੋਜ਼ ਮੈਸਿਜ ਕਰਦੀਆਂ ਨੇ, ਸਾਨੂੰ ਉਹ ਪਤਾ ਲੱਗਦਾ ਹੈ ਪੋਜ਼ਿਟਿਵ ਵਾਈਬਰੇਸ਼ਨ ਦਾ। ਅੱਜ ਵੀ ਇਸ ਸਮਾਗਮ ਦੇ ਵਿਚ ਮੈਂ ਪੰਜ ਛੇ ਮਿੰਟ ਤੁਹਾਡੇ ਲੈਣੇ ਯੋਗ ਸਮਝਦਾ ਹਾਂ ਸ਼ੁਰੂਆਤ ਵਿਚ। ਮੇਰੀ ਬੇਨਤੀ ਏ ਸਾਰੇ ਜਾਣੇ ਆਪੋ-ਆਪਣੇ ਮਨਾਂ ਨੂੰ ਟਿਕਾਓ। ਇਕ ਵਾਰੀ ਆਖੋ :

ਧੰਨ ਗੁਰੂ ਰਾਮਦਾਸ ਜੀ।.....ਧੰਨ ਬਾਬਾ ਦੀਪ ਸਿੰਘ ਸੀ।

ਮੈਂ ਸ਼ੁਰੂਆਤ ਕਰ ਰਿਹਾਂ ਸੁਣਿਓ ! ਕਿਸੇ ਨੇ ਇਹ ਸੱਚਾਈ ਵਾਲੀ ਗੱਲ ਕਹੀ ਏ। ਕਹਿੰਦੇ, ਜੇ ਤੁਹਾਨੂੰ ਕਿਸੇ ਦੇ ਵਿਚ ਕੋਈ ਕਮੀ ਨਜ਼ਰ ਆਵੇ, ਕਮੀ ਤੇ ਹਰੇਕ ਦੇ ਵਿਚ ਏ, ਮੈਂ ਬੋਲ ਰਿਹਾਂ, ਮੇਰੇ ਅੰਦਰ ਵੀ ਕਈ ਕਮਜ਼ੋਰੀਆਂ ਨੇ, ਕਮੀਆਂ ਨੇ, ਇਹਨਾਂ ਅੰਦਰ ਵੀ ਨੇ, ਤੁਹਾਡੇ ਅੰਦਰ ਵੀ ਨੇ, ਹਰੇਕ ਦੇ ਅੰਦਰ ਕੋਈ ਨਾ ਕੋਈ ਕਮਜ਼ੋਰੀ, ਕਮੀ ਤੇ ਹੈ। ਕਿਉਂਕਿ ਪੂਰਾ ਤੇ ਮੇਰਾ ਸਾਹਿਬ ਹੀ ਹੈ, ਬਾਕੀ ਤੇ ਸਾਰੇ ਅਸੀਂ ਅਧੂਰੇ ਹਾਂ। ਹੁਣ ਜੇ ਮੰਨ ਲਓ ਕਿਸੇ ਦੇ ਵਿਚ ਕੋਈ ਕਮੀ ਨਜ਼ਰ ਆਈ ਤੇ ਪਿਆਰਿਓ ! ਇਕ ਗੱਲ ਏ, ਕਦੀ ਵੀ ਉਸ ਕਮਜ਼ੋਰੀ ਦਾ ਭੰਡੀ ਪ੍ਰਚਾਰ ਨਾ ਕਰਿਓ ਕਿ ਫਲਾਣਾ ਇੱਦਾਂ ਦਾ ਹੈ, ਫਲਾਣੇ ਦੇ ਵਿਚ ਔਗੁਣ ਨੇ, ਫਲਾਣਾ ਤੇ ਏਦਾਂ ਕਰਦਾ ਹੈ, ਕਦੀ ਵੀ ਕਿਸੇ ਦੀ ਕਮੀ ਦਾ ਭੰਡੀ ਪ੍ਰਚਾਰ ਨਾ ਕਰਿਓ, ਇਹ ਬੇਨਤੀ ਏ ਕਿਉਂਕਿ ਜਦੋਂ ਅਸੀਂ ਕਿਸੇ ਵੱਲ ਇੱਕ ਉਂਗਲੀ ਚੁੱਕਦੇ ਹਾਂ, ਤਿੰਨ ਐਟੋਮੈਟਿਕ ਸਾਡੇ ਵੱਲ ਵੀ ਹੋ ਜਾਂਦੀਆਂ ਨੇ। ਆਖੋ : ਵਾਹਿਗੁਰੂ।.....

ਕਦੀ ਵੀ ਕਿਸੇ ਦੀ ਕਮਜ਼ੋਰੀ ਦਾ, ਕਮੀ ਦਾ ਭੰਡੀ ਪ੍ਰਚਾਰ ਨਹੀਂ ਕਰਨਾ। ਜੇ ਕਿਸੇ ਦੀ ਕੋਈ ਕਮੀ ਨਜ਼ਰ ਆਈ ਉਹਨੂੰ ਇਕੱਲਿਆਂ ਬਹਿ ਕੇ ਸਮਝਾਓ। ਪਿਆਰ ਨਾਲ ਸਮਝਾਓ, ਜੇ ਤੁਹਾਡੀ ਨਾ ਮੰਨੇ। ਫਿਰ ਇਕ ਪਾਠ ਜਪੁ ਜੀ ਸਾਹਿਬ ਦਾ ਕਰਕੇ ਉਹਦੀ ਅਰਦਾਸ ਕਰੋ, ਪਿਤਾ ਜੀ ! ਇਹਨੂੰ ਸੁਮੱਤ ਦੇ ਦਿਓ। ਸੁਣਿਓ ਮੇਰੀ ਬੇਨਤੀ, ਕਿਸੇ ਦੇ ਵਿਚ ਜੇ ਕੋਈ ਕਮੀ ਨਜ਼ਰ ਆਵੇ ਤੇ ਉਹਦੇ ਨਾਲ ਗੱਲ ਕਰੋ ਤੇ ਜੇ ਪਿਆਰਿਓ! ਹਰੇਕ ਦੇ ਵਿਚ ਈ ਕਮੀ ਨਜ਼ਰ ਆਵੇ ਤੇ ਫਿਰ ਆਪਣੇ ਨਾਲ ਗੱਲਬਾਤ ਕਰਿਓ।

ਜੇ ਹਰੇਕ ਦੇ ਵਿਚ ਹੀ ਕਮੀ ਨਜ਼ਰ ਆਵੇ ਤੇ ਇਹਦਾ ਮਤਲਬ ਤੇ ਫਿਰ ਕਮੀਆਂ ਦੂਜਿਆਂ ਵਿੱਚ ਨਹੀਂ ਨੇ। ਜਿਹੜੀਆਂ ਕਮੀਆਂ ਤੂੰ ਦੂਜਿਆਂ ਵਿਚ ਵੇਖਦਾ ਐਂ, ਉਹ ਔਗੁਣ ਤੇਰੇ ਅੰਦਰ ਵੀ ਮੌਜੂਦ ਨੇ। ਜੇ ਕਿਸੇ ਵਿਚ ਕਮੀ ਨਜ਼ਰ ਆ ਰਹੀ ਹੈ ਉਹਨੂੰ ਇਕੱਲਿਆਂ ਸਮਝਾਓ ਤੇ ਜੇ ਹਰੇਕ 'ਚ ਕਮੀ ਨਜ਼ਰ ਆਵੇ, ਤਾਂ ਫਿਰ ਆਪਣੇ ਆਪ ਨਾਲ ਇਕੱਲਿਆਂ ਬਹਿ ਕੇ ਗੱਲ ਕਰੋ ਕਿ ਕਿਥੇ ਮੇਰੇ ਅੰਦਰ ਕਮਜ਼ੋਰੀ ਏ? ਮੇਰੀ ਇਹੋ ਜਿਹੀ ਰੁਟੀਨ ਬਣ ਗਈ ਹਰ ਇਕ ਦੇ ਵਿਚ ਮੈਂ ਕਮੀਆਂ ਲੱਭੀ ਜਾ ਰਿਹਾਂ। ਹੁਣ ਇਕ ਗੱਲ ਏ, ਕੋਈ ਬੰਦਾ ਕੰਮ ਕਰੇਗਾ ਉਹਦੇ ਕੋਲੋਂ ਗਲਤੀ ਤੇ ਹੋਏਗੀ। ਕੋਈ ਵੀ ਬੰਦਾ ਹੈ, ਕੰਮ ਕਰੇਗਾ ਗਲਤੀ ਤੇ ਹੋਏਗੀ ਤੇ ਜਿਹਦੇ ਕੋਲੋਂ ਗਲਤੀ ਹੋ ਰਹੀ ਹੈ ਸੁਧਾਰ ਵੀ ਲਵੇਗਾ ਤੇ ਪਿਆਰਿਓ ! ਜਿਹੜਾ ਕੰਮ ਕਰੇ ਹੀ ਨਾ, ਗਲਤੀ ਕਰੇ ਹੀ ਨਾ ਤੇ ਸੁਧਾਰ ਕੀ ਕਰੇਗਾ?

ਪਿਆਰ ਨਾਲ ਸਾਰੇ ਆਖੋ : ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਅੱਜ ਦੇ ਕੀਰਤਨ ਦੀ, ਅੱਜ ਦੇ ਸਮਾਗਮ ਦੀ ਇਹ ਪਹਿਲੀ ਗੱਲ ਏ, ਜੇ ਕਿਸੇ ਵਿੱਚ ਕਮੀ ਨਜ਼ਰ ਆ ਰਹੀ ਤੇ ਉਹਦੇ ਨਾਲ ਗੱਲ ਕਰੋ ਤੇ ਜੇ ਹਰੇਕ ਦੇ ਵਿਚ ਕਮੀ ਨਜ਼ਰ ਆ ਰਹੀ ਤੇ ਆਪਣੇ-ਆਪ ਨਾਲ ਗੱਲ ਕਰੋ।

***ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*** (ਅੰਗ ੭੨੭)

ਜੇ ਹਰੇਕ ਵਿਚ ਕਮੀਆਂ ਨਜ਼ਰ ਆ ਰਹੀਆਂ ਤੇ ਫਿਰ ਆਪਣੇ ਅੰਦਰ ਦੇਖੋ ਕਿ ਮੇਰਾ ਜੀਵਨ ਕਿੱਥੇ ਖੜੋਤਾ ਹੈ? ਮੇਰਾ ਕਰੈਕਟਰ ਕਿਹੋ ਜਿਹਾ ਹੈ? ਮੈਂ ਦੂਜਿਆਂ ਵਿੱਚ ਔਗੁਣ ਲੱਭੀ ਜਾ ਰਿਹਾਂ, ਮੇਰਾ ਜੀਵਨ ਕਿੱਥੇ ਹੈ? ਆਪਣੀਆਂ ਫਿਰ ਕਮੀਆਂ ਨੂੰ ਸੁਧਾਰੋ, ਤਾਂ ਫਿਰ ਤਰੱਕੀ ਹੋਏਗੀ, ਤਾਂ ਫਿਰ ਅੱਗੇ ਵੱਧ ਸਕਾਂਗੇ। ਨਹੀਂ ਤੇ ਸੱਚਾਈ ਏ ਅੱਜ ਅਸੀਂ ਕੇਵਲ ਤੇ ਕੇਵਲ ਸਾਰਾ ਜ਼ੋਰ ਦੂਜਿਆਂ ਦੀਆਂ ਕਮੀਆਂ ਵੇਖਣ 'ਤੇ ਲਾ ਦਿੱਤਾ। ਪਰ ਪਿਆਰਿਓ ! ਜੇ ਇਸ ਤੋਂ ਅੱਧਾ ਜ਼ੋਰ ਹੀ ਆਪਣੀ ਤਰੱਕੀ ਵਾਸਤੇ ਲਾਇਆ ਹੁੰਦਾ, ਆਪਣੇ ਗੁਣਾਂ ਨੂੰ ਵਧਾਉਣ ਵਿਚ ਲਾਇਆ ਹੁੰਦਾ ਤੇ ਅੱਜ ਸਾਡਾ ਸਮਾਜ ਕਿੱਥੇ ਹੋਣਾ ਸੀ? ਅਸੀਂ ਬਸ ਸਾਰਾ ਜ਼ੋਰ ਇਹੀ ਲਾਉਨੇ ਹਾਂ, ਦੂਜੇ ਵਿਚ ਆਹ ਪ੍ਰੋਬਲਮ, ਦੂਜੇ ਵਿਚ ਆਹ ਪ੍ਰੋਬਲਮ ਹੈ।

ਅਗਲੀ ਗੱਲ। ਇਹ ਵੀ ਬੜੀ ਪਿਆਰੀ ਏ :

**ਹੋਵੇਗੀ ਹਰ ਮੰਜ਼ਿਲ ਹਾਸਿਲ, ਤੂੰ ਚੱਲਣ ਦੀ ਕੋਸ਼ਿਸ਼ ਤੇ ਕਰ।**

ਤੈਨੂੰ ਹਰ ਮੰਜ਼ਿਲ ਮਿਲ ਜਾਏਗੀ ਪਰ ਪਿਆਰਿਆ ! ਪਹਿਲੇ ਚੱਲਣ ਦੀ ਕੋਸ਼ਿਸ਼ ਤੇ ਕਰ। ਤੂੰ ਤੇ ਹੱਥ 'ਤੇ ਹੱਥ ਧਰ ਕੇ ਬੈਠਾ ਰਹਿੰਦਾ ਹੈਂ। ਹੱਥ 'ਤੇ ਹੱਥ ਧਰ ਕੇ ਨਹੀਂ ਬਹਿਣਾ।

**ਹੋਵੇਗੀ ਹਰ ਮੰਜ਼ਿਲ ਹਾਸਿਲ, ਤੂੰ ਚੱਲਣ ਦੀ ਕੋਸ਼ਿਸ਼ ਤੇ ਕਰ।**

**ਹੋਵੇਗੀ ਹਰ ਜੰਗ ਵਿਚ ਜਿੱਤ ਤੇਰੀ, ਤੂੰ ਉਹਦੇ ਲਈ ਮਿਹਨਤ ਤੇ ਕਰ।**

ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਇਹ ਮੇਰੀ ਬੇਨਤੀ ਏ, ਹਰ ਮੰਜ਼ਿਲ ਤੁਹਾਨੂੰ ਮਿਲ ਜਾਏਗੀ, ਪਰ ਚੱਲਣ ਦੀ ਕੋਸ਼ਿਸ਼ ਤੇ ਕਰੋ, ਉੱਦਮ ਤੇ ਕਰੋ। ਅਸੀਂ ਉੱਦਮ ਨਹੀਂ ਕਰਦੇ, ਇਹ ਸੱਚਾਈ ਏ। ਇਹ ਕਰਨਾ ਬੜਾ ਜ਼ਰੂਰੀ ਏ। ਕਈ ਬੰਦੇ ਹੁੰਦੇ ਨੇ ਤੁਹਾਡੇ ਇਲਾਕੇ 'ਚ ਵੀ ਕਈ ਹੋਣਗੇ, ਤੁਹਾਡੇ ਇਰਦ-ਗਿਰਦ, ਹੋ ਸਕਦਾ, ਤੁਸੀਂ ਵੀ ਹੋਵੋ, ਹੋ ਸਕਦਾ ਸਾਡੇ ਪਰਿਵਾਰ ਵਿੱਚ ਵੀ ਇਹੋ ਜਿਹੇ ਹੋਣ, ਜਿਹੜੇ ਕਹਿਣ ਜੀ ਕਰਮਾਂ ਦੇ ਵਿੱਚ ਜੋ ਲਿਖਿਆ ਹੁੰਦਾ ਹੈ ਉਹੀ ਹੁੰਦਾ ਹੈ। ਕਰਮਾਂ ਦੇ ਉਤੇ ਕਈ ਢੇਰੀਆਂ ਢਾਹ ਕੇ ਬੈਠੇ ਹੁੰਦੇ ਨੇ। ਮੈਂ ਇਹ ਨਹੀਂ ਕਹਿੰਦਾ, ਕਰਮ ਗਤੀ ਨਹੀਂ ਹੁੰਦੀ। ਕਰਮ ਗਤੀ ਵੀ ਹੈ ਪਰ ਪਿਆਰਿਓ ! ਗੁਰੂ ਦੀ ਬਾਣੀ ਵਿਚ ਐਡੀ ਤਾਕਤ ਏ ਇਹ ਸੁਣ ਕੇ ਤਗੜਾ ਜੈਕਾਰਾ ਆਵੇ ਤੁਹਾਡੇ ਵੱਲੋਂ। ਕਰਮ ਗਤੀ ਵੀ ਹੈ ਪਰ ਸਭ ਕੁਝ ਕਰਮਾਂ ਦੇ ਉਤੇ ਢੇਰੀਆਂ ਨਾ ਢਾਹਿਆ ਕਰੋ। ਪਿਆਰਿਓ ! ਗੁਰੂ ਦੀ ਬਾਣੀ ਵਿਚ ਐਡੀ ਤਾਕਤ ਏ, ਮੇਰਾ ਮਾਲਕ ਗੁਰੂ ਰਾਮਦਾਸ ਐਡਾ ਵੱਡਾ ਹੈ। ਜਿਨ੍ਹਾਂ ਦਾ ਤੁਸੀਂ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹੋ ਗੁਰੂ ਤੇਗ ਬਹਾਦਰ ਸਾਹਿਬ ਐਡਾ ਵੱਡਾ ਹੈ, ਤੂੰ ਨਿਤਨੇਮ ਵਧਾ ਕੇ ਗੁਰੂ ਤੇਗ ਬਹਾਦਰ ਤੇ ਗੁਰੂ ਰਾਮਦਾਸ, ਗੁਰੂ ਗ੍ਰੰਥ ਸਾਹਿਬ ਦੇ ਫੜ ਲੈ ਚਰਨ। ਤੂੰ ਕਹਿਨਾਂ ਏਂ ਚੀਜ਼ ਕਰਮਾਂ 'ਚ ਨਹੀਂ ਲਿਖੀ ਮੇਰੇ, ਜਾਂ ਜੋ ਕਰਮਾਂ 'ਚ ਹੋਏਗਾ ਉਹ ਮੈਨੂੰ ਭੋਗਣਾ ਪੈਣਾ ਹੈ। ਓ ਪਿਆਰਿਆ ! ਤੂੰ ਨਿਤਨੇਮ ਵਧਾ ਕੇ ਗੁਰ ਪ੍ਰਮੇਸ਼ਰ ਦੇ ਚਰਨਾਂ 'ਚ ਅਰਦਾਸ ਕਰ। ਉਹਦੀ ਅਰਦਾਸ ਵਿਚ, ਉਹਦੀ ਬੰਦਗੀ ਵਿਚ, ਉਹਦੇ ਅੱਗੇ ਢਹਿਣ ਵਿਚ ਐਡੀ ਤਾਕਤ ਏ ਜਦੋਂ ਤੂੰ ਨਿਮਾਣਾ ਬਣ ਕੇ, ਢਹਿ ਕੇ ਅਰਦਾਸ ਕਰੇਂਗਾ, ਉਹ ਜਿਹੜੀ ਦਾਤ ਤੇਰੇ ਕਰਮਾਂ 'ਚ ਨਹੀਂ ਲਿਖੀ ਹੋਈ ਉਹਦੇ ਨਾਲ ਵੀ ਗੁਰੂ ਰਾਮਦਾਸ ਤੇਰੀਆਂ ਝੋਲੀਆਂ ਭਰ ਦੇਣਗੇ।

ਐਡੀ ਤਾਕਤ ਏ। ਕਰਮਾਂ ਦੇ ਉਤੇ ਢੇਰੀਆਂ ਨਾ ਢਾਹਿਆ ਕਰੋ। ਤੁਸੀਂ ਸਿਆਣੇ ਹੋ, ਸਾਡੇ ਅੱਗੇ ਰੋਟੀ ਦਾ ਥਾਲ ਆ ਗਿਆ, ਹੁਣ ਬੰਦਾ ਕਹੀ ਜਾਵੇ ਜੇ ਮੇਰੇ ਭਾਗਾਂ 'ਚ ਹੋਏਗਾ ਤਾਂ ਮੈਂ ਗਰਾਈ ਆਪਣੇ ਮੁੱਖ 'ਚ ਤੋੜ ਕੇ ਪਾਵਾਂਗਾ। ਇਦਾਂ ਤਾਂ ਨਹੀਂ ਹੋਣਾ, ਉੱਦਮ ਤੈਨੂੰ ਬੁਰਕੀ ਤੋੜਨ ਦਾ ਆਪ ਕਰਨਾ ਪੈਣਾ ਹੈ। ਬੁਰਕੀ ਨੂੰ ਤੋੜ ਕੇ ਤੂੰ ਸਬਜ਼ੀ ਆਪ ਲਾਉਣੀ ਹੈ। ਉਸ ਤੋਂ ਬਾਅਦ ਮੁੱਖ ਵਿਚ ਪਾ, ਦੰਦਾਂ ਥੱਲੇ ਰੱਖ ਕੇ ਚਬਾ ਤੇ ਅੰਦਰ ਲੰਘਾ ਲੈ। ਉੱਦਮ ਤੇ ਤੈਨੂੰ ਕਰਨਾ ਪਏਗਾ। ਪਰ ਅਸੀਂ ਉੱਦਮ ਨਹੀਂ ਕਰਦੇ। ਅਸੀਂ ਉੱਦਮ ਕਰਨੇ ਛੱਡ ਦਿੱਤੇ

ਨੇ। ਜਦੋਂ ਉੱਦਮ ਕਰਨਾ ਸ਼ੁਰੂ ਕਰਾਂਗੇ, ਬਾਣੀ ਨਾਲ ਜੁੜ ਜਾਵਾਂਗੇ, ਮਿਹਨਤ ਕਰਨੀ ਸ਼ੁਰੂ ਕਰਾਂਗੇ, ਕੋਸ਼ਿਸ਼ ਕਰਾਂਗੇ ਆਪਣੀ ਮੰਜ਼ਿਲ ਵੱਲ ਵਧਣ ਦੀ, ਮੰਜ਼ਿਲ ਮਿਲੇਗੀ ਹੀ ਮਿਲੇਗੀ। ਭੁੱਲਿਓ ਨਾ ਇਹ ਬੜੀ ਪਿਆਰੀ ਗੱਲ ਏ। ਕਹਿੰਦੇ :

**ਹੋਵੇਗੀ ਹਰ ਮੰਜ਼ਿਲ ਹਾਸਿਲ, ਤੂੰ ਚੱਲਣ ਦੀ ਕੋਸ਼ਿਸ਼ ਤੇ ਕਰ।**
**ਹੋਵੇਗੀ ਹਰ ਜੰਗ ਵਿਚ ਜਿੱਤ ਤੇਰੀ, ਤੂੰ ਉਹਦੇ ਲਈ ਮਿਹਨਤ ਤੇ ਕਰ।**

ਹੁਣ ਅਗਲੀ ਗੱਲ। ਇਹ ਕਹਿ ਕੇ ਫਿਰ ਮੈਂ ਸ਼ਬਦ ਪੜ੍ਹਨਾ ਹੈ। ਜਿੰਨਾ ਭਰੋਸਾ ਅਸੀਂ ਕਈ ਵਾਰੀ ਦੂਜਿਆਂ ਦੇ ਉਤੇ ਕਰਦੇ ਹਾਂ, ਫਲਾਣਾ ਮੇਰੀ ਮਦਦ ਕਰੇਗਾ, ਫਲਾਣਾ ਮੇਰੀ ਬਾਂਹ ਫੜ ਲਏਗਾ, ਫਲਾਣਾ ਮੇਰੀ ਸਹਾਇਤਾ ਫਲਾਣੇ ਵਕਤ 'ਤੇ ਜ਼ਰੂਰ ਕਰੇਗਾ। ਜਿੰਨਾ ਭਰੋਸਾ ਅਸੀਂ ਦੂਜਿਆਂ ਦੇ ਉਤੇ ਕਰਦੇ ਹਾਂ, ਓਨਾ ਹੀ ਭਰੋਸਾ ਜੇ ਅਸੀਂ ਆਪਣੇ ਆਪ 'ਤੇ ਕਰੀਏ ਤੇ ਗੱਲ ਕਿਤੇ ਦੀ ਕਿਤੇ ਪਹੁੰਚ ਜਾਵੇ, ਕਿਉਂਕਿ ਮੰਜ਼ਿਲ ਦੇ ਸਿਖਰ 'ਤੇ ਉਹੋ ਹੀ ਪਹੁੰਚਦੇ ਨੇ ਜਿਹੜੇ ਆਪਣੇ ਕਦਮਾਂ ਦੀ ਕਾਬਲੀਅਤ 'ਤੇ ਭਰੋਸਾ ਕਰਦੇ ਨੇ। ਫਿਰ ਸੁਣ ਲਓ ! ਮੰਜ਼ਿਲ ਦੇ ਸਿਖਰ 'ਤੇ ਉਹੀ ਪਹੁੰਚਦੇ ਨੇ ਜਿਹੜੇ ਆਪਣੇ ਕਦਮਾਂ ਦੀ ਕਾਬਲੀਅਤ 'ਤੇ ਭਰੋਸਾ ਰੱਖਦੇ ਨੇ।

ਤੇ ਇਕ ਚੀਜ਼ ਭੁੱਲਿਓ ਨਾ ! ਆਪਣੇ ਕਦਮਾਂ ਦੀ ਕਾਬਲੀਅਤ ਦੇ ਉਤੇ ਭਰੋਸਾ ਵੀ ਰੱਖਣਾ ਹੈ ਪਰ ਆਪਣਾ ਨਿਤਨੇਮ ਵਧਾ ਕੇ, ਓਟ ਆਸਰਾ ਗੁਰੂ ਸਾਹਿਬ ਦਾ ! ਇਹ ਕਦਮ ਵੀ ਅੱਗੇ ਤਾਂ ਹੀ ਵਧਣੇ ਨੇ ਜੇ ਤੇਰੀ ਬਖ਼ਸ਼ਿਸ਼ ਸ਼ਾਮਿਲ ਹੋ ਜਾਏ। ਤੇ ਇਹ ਨਹੀਂ ਭੁੱਲਣਾ, ਉਹਦੀ ਬਖ਼ਸ਼ਿਸ਼ ਸ਼ਾਮਿਲ ਹੀ ਉਦੋਂ ਹੋਣੀ ਹੈ ਜਦੋਂ ਅਸੀਂ ਉੱਦਮ ਕਰਾਂਗੇ। ਇਹ ਦੋਵੇਂ ਚੀਜ਼ਾਂ ਦਾ ਸੁਮੇਲ ਏ ਜਿਹੜੇ ਆਪਣੇ ਕਦਮਾਂ ਦੀ ਕਾਬਲੀਅਤ ਦੇ ਉਤੇ ਭਰੋਸਾ ਰੱਖਦੇ ਹਨ ਮੰਜ਼ਿਲਾਂ ਦੇ ਸਿਖਰ 'ਤੇ ਉਹੀ ਪਹੁੰਚਦੇ ਨੇ। ਇਹ ਮੇਰੀ ਬੇਨਤੀ ਏ, ਆਪਣਾ ਨਿਤਨੇਮ ਵਧਾਓ, ਬੰਦਗੀ ਦੇ ਪਹਿਰੇ ਵਧਾਓ, ਅੰਮ੍ਰਿਤ ਵੇਲਾ ਬਣਾਓ। ਆਪਣੇ ਗੁਰੂ ਰਾਮਦਾਸ, ਬਾਬਾ ਦੀਪ ਸਿੰਘ ਦੇ ਚਰਨਾਂ ਦੇ ਨਾਲ ਅੰਦਰੋਂ ਨਾਤਾ ਜੋੜੋ। ਜਦੋਂ ਅੰਦਰੋਂ ਨਾਤਾ ਜੋੜੋਗੇ ਪਿਆਰਿਓ! ਫਿਰ ਉਹ ਹਰ ਜਗ੍ਹਾ ਦੇ ਉਤੇ ਸਹਾਈ ਹੋਏਗਾ ਹੀ ਹੋਏਗਾ।

ਅਸੀਂ ਰੋਜ਼ ਕੀਰਤਨ ਵਿੱਚ ਇਕ ਗੱਲ ਦੁਹਰਾ ਕੇ ਫ਼ਤਹਿ ਬੁਲਾਉਂਦੇ ਹਾਂ ਰੋਜ਼। ਉਹ ਕਿਹੜੀ ਗੱਲ? ਆਪਣਾ ਨਾਅਰਾ, ਆਪਣਾ ਮੋਟਿਵ, ਆਪਣਾ ਜਿਹੜਾ ਮਕਸਦ ਏ, ਉਹਨੂੰ ਇਕ ਵਾਰੀ ਦੁਹਰਾਓ, ਸਾਰੇ ਆਖੋ : ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ। ਗੱਜ ਕੇ ਸਾਰੇ ਇਕ ਵਾਰੀ ਫਤਹਿ ਬੁਲਾਓ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਓ ! ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਆਗਮਨ ਪੁਰਬ ਮਨਾਇਆ ਜਾ ਰਿਹਾ ਹੈ ਤੇ ਪਿਤਾ ਜੀ ਦੀ ਬਾਣੀ ਦੇ ਵਿੱਚੋਂ ਹੀ ਮੈਂ ਸ਼ਬਦ ਪੜ੍ਹਨਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ 684 ਅੰਗ ਦੇ ਉਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਹ ਸ਼ਬਦ

ਦਰਜ਼ ਹੈ। ਸਾਰੀ ਸੰਗਤ ਬੜੇ ਪਿਆਰ ਦੇ ਨਾਲ ਇਹ ਸ਼ਬਦ ਦਾ ਗਾਇਨ ਕਰਿਓ। ਕੋਈ ਰਸਨਾ ਵਾਂਝੀ ਨਾ ਰਹੇ। ਇਹਦੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹੜੀ-ਕਿਹੜੀ ਸੁਮੱਤ ਦਿੱਤੀ ਏ, ਕੀ-ਕੀ ਸਾਨੂੰ ਸਿੱਖਿਆਵਾਂ ਦਿੱਤੀਆਂ ਨੇ ਸਤਿਗੁਰੂ ਸੇਵਾ ਲਵੇ, ਮਿਹਰ ਕਰੇ ਮੇਰਾ ਦਾਤਾ। ਸਭ ਨੂੰ ਬੇਨਤੀ ਸਾਰੇ ਕਿਰਪਾ ਕਰਿਓ ਪਿਆਰ ਨਾਲ।

***ਕਾਹੇ ਰੇ ਬਨ ਖੋਜਨ ਜਾਈ॥***

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧ ॥ ਰਹਾਉ॥....***

ਧੰਨ ਗੁਰੂ ਰਾਮਦਾਸ ਜੀ, ਧੰਨ ਖੰਡੇ ਵਾਲਿਆ—

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥....***

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧ ॥......***

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥.....***

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨ ॥੧॥....***

**(ਅੰਗ ੬੮੪)**

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।...

***ਕਾਹੇ ਰੇ ਬਨ ਖੋਜਨ ਜਾਈ॥......***

ਸਾਰੇ ਆਖੋ : ਵਾਹਿਗੁਰੂ-ਵਾਹਿਗੁਰੂ।

ਜਿਨ੍ਹਾਂ ਦਾ ਤੁਸੀਂ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹੋ, ਉਹ ਸਾਨੂੰ ਇਸ ਸ਼ਬਦ ਦੇ ਵਿਚ ਕੀ ਉਪਦੇਸ਼ ਦੇ ਰਹੇ ਨੇ, ਕਿਉਂਕਿ ਜਿਨ੍ਹਾਂ ਦਾ ਆਗਮਨ ਦਿਨ ਏ, ਜਿਨ੍ਹਾਂ ਦਾ ਦਿਨ ਹੋਵੇ ਤੇ ਗੱਲਾਂ ਵੀ ਉਨ੍ਹਾਂ ਦੀਆਂ ਕਰੀਏ ਤੇ ਹੋਰ ਰਸ ਆਉਂਦਾ ਹੈ। ਹੋਰ ਅਨੰਦ ਆਉਂਦਾ ਹੈ। ਇਹ ਪਿਤਾ ਜੀ ਦੀ ਉਚਾਰਣ ਕੀਤੀ ਬਾਣੀ ਹੈ ਜੋ ਤੁਸੀਂ ਸ਼ਬਦ ਸੁਣਿਆ ਹੈ। ਹੁਣ ਇਹਦੇ ਵਿਚ ਕੀ ਸੁਮੱਤ ਦਿੱਤੀ, ਮੈਂ ਗੁਰਮੁਖਾਂ ਨੂੰ ਬੇਨਤੀ ਕਰਦਾਂ, ਪੜ੍ਹਿਓ ਤੇ ਸਾਰੇ ਧਿਆਨ ਨਾਲ ਸੁਨਣਾ ਤੇ ਮੇਰੀ ਬੇਨਤੀ ਏ, ਮੈਂ ਜਿਉਂ-ਜਿਉਂ ਬੋਲਾਂਗਾ, ਕੋਸ਼ਿਸ਼ ਕਰਿਓ, ਕਥਾ ਦਾ ਇਕ-ਇਕ ਕਿਨਕਾ ਸਰੀਰ ਰੂਪੀ ਖੇਤ ਦੇ ਅੰਦਰ ਜਾਵੇ, ਬਾਹਰ ਨਾ ਜਾਵੇ, ਇਹ ਮੇਰੀ ਬੇਨਤੀ ਏ ਤੇ ਵਿੱਚੋਂ-ਵਿੱਚੋਂ ਮੈਂ ਤੁਹਾਡੇ ਸਾਰਿਆਂ ਕੋਲੋਂ ਪੁੱਛਣਾ ਕਿ ਸਾਡੀ ਕਥਾ ਕਿੱਥੇ ਐ ਤੇ ਤੁਸੀਂ ਉੱਚੀ ਬੋਲ ਕੇ ਦੱਸਣਾ ਹੈ। ਮੈਂ ਬੇਨਤੀ ਕਰਦਾਂ ਜੀ ਪੜ੍ਹਿਓ, ਪਿਆਰ ਦੇ ਨਾਲ ਕੀ ਕਹਿ ਰਹੇ ਹਨ ਮਹਾਰਾਜ :

***ਕਾਹੇ ਰੇ ਬਨ ਖੋਜਨ ਜਾਈ॥***

ਕਹਿੰਦੇ—ਭੋਲਿਆ ! ਓ ਬੰਦਿਆ! ਤੂੰ ਰੱਬ ਨੂੰ ਲੱਭਣ ਦੇ ਲਈ ਜੰਗਲਾਂ ਵੱਲ ਕਿਉਂ ਤੁਰ ਪਿਆਂ ਐਂ? ਕਈ ਜੰਗਲਾਂ ਦੇ ਵਿੱਚ ਜਾਂਦੇ ਨੇ, ਸ਼ਾਇਦ ਰੱਬ ਜੰਗਲਾਂ ਦੇ ਵਿਚ ਬੈਠਾ ਹੈ। ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ—ਉਹ ਜੰਗਲਾਂ ਦੇ ਵਿਚ ਨਹੀਂ, ਇਕ ਚੀਜ਼ ਦਾ

ਧਿਆਨ ਰੱਖ, ਜਿਸ ਨੂੰ ਜੰਗਲਾਂ 'ਚ ਲੱਭਣ ਜਾ ਰਿਹਾ ਹੈਂ, ਜਿਹਨੂੰ ਜੰਗਲਾਂ ਵਿਚ ਭਾਲਣ ਜਾ ਰਿਹਾ ਹੈਂ, ਉਹਨੂੰ ਕਦੀ ਆਪਣੇ ਅੰਦਰ ਵੀ ਖੋਜਣ ਦਾ ਯਤਨ ਕਰ ਲੈ।

***ਕਾਹੇ ਰੇ ਬਨ ਖੋਜਨ ਜਾਈ॥***

ਕਹਿੰਦੇ—

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ ਰਹਾਉ॥***

ਕਹਿੰਦੇ—ਉਹ ਜਿਹੜਾ ਪ੍ਰਮੇਸ਼ਰ ਏ, ਹਰ ਜਗ੍ਹਾ 'ਤੇ ਜਿਸ ਦਾ ਨਿਵਾਸ ਏ, ਪੱਤੇ-ਪੱਤੇ ਵਿਚ, ਜ਼ਰੇ-ਜ਼ਰੇ ਵਿਚ, ਪੂਰੀ ਕਾਇਨਾਤ ਨੂੰ ਬਣਾ ਕੇ ਕਾਇਨਾਤ ਦੇ ਵਿਚ ਹੀ ਵੱਸ ਗਿਆ ਹੈ ਪ੍ਰਮੇਸ਼ਰ। ਓ ਭੋਲਿਆ ! ਹਰ ਜਗ੍ਹਾ 'ਤੇ ਉਹ ਮੌਜੂਦ ਏ, ਹਰ ਜਗ੍ਹਾ ਦੇ ਉਤੇ ਉਹ ਹਾਜ਼ਰ-ਨਾਜ਼ਰ ਏ। ਮਾਇਆ ਨੂੰ ਬਣਾਉਣ ਵਾਲਾ ਵੀ ਉਹ ਤੇ ਮਾਇਆ ਦੇ ਪ੍ਰਭਾਵ ਹੇਠ ਵੀ ਨਹੀਂ ਆਉਂਦਾ ਜਿਹੜਾ। ਦੇਖੋ ! ਕਿੱਡੀ ਪਿਆਰੀ ਗੱਲ ਏ। ਸਾਰੀ ਸ੍ਰਿਸ਼ਟੀ ਨੂੰ ਬਣਾਇਆ ਵੀ ਏ ਤੇ ਸ੍ਰਿਸ਼ਟੀ ਦੇ ਵਿੱਚ ਵੀ ਬਹਿ ਗਿਆ ਏ, ਪਰ ਸ੍ਰਿਸ਼ਟੀ ਦੇ ਵਿਚ ਬੈਠਣ ਤੋਂ ਬਾਅਦ ਵੀ ਉਹ ਸਭ ਤੋਂ ਨਿਰਲੇਪ ਵੀ ਏ।

***ਸਰਬ ਨਿਵਾਸੀ ਸਦਾ ਅਲੇਪਾ***

ਕਹਿੰਦੇ—

***ਤੋਹੀ ਸੰਗਿ ਸਮਾਈ॥ ੧॥ ਰਹਾਉ॥***

ਆਪਣੇ ਅੰਦਰ ਜ਼ਰਾ ਵੜ ਕੇ ਉਹਨੂੰ ਖੋਜਣ ਦੀ ਕੋਸ਼ਿਸ਼ ਤੇ ਕਰ। ਤੂੰ ਆਪਣੇ ਅੰਦਰ ਕਦੀ ਵੜਿਆ ਹੀ ਨਹੀਂ, ਆਪਣੇ ਅੰਦਰ ਦੀ ਕਦੀ ਖੋਜ ਕੀਤੀ ਹੀ ਨਹੀਂ। ਬਾਹਰਲੀਆਂ ਯਾਤਰਾਵਾਂ ਅਸੀਂ ਕਰਦੇ ਹਾਂ। ਕਦੀ ਅੰਦਰਲੀ ਯਾਤਰਾ ਕਰਨ ਦੀ ਕੋਸ਼ਿਸ਼ ਵੀ ਤੇ ਕਰੀਏ। ਸੱਚਾਈ ਏ ਜਦੋਂ ਅਸੀਂ ਅੰਦਰਲੀ ਯਾਤਰਾ ਕਰਾਂਗੇ, ਅੰਦਰਲੀ ਯਾਤਰਾ ਤੇ ਫਿਰ ਇਕ ਚੀਜ਼ ਸਾਨੂੰ ਮਹਿਸੂਸ ਹੋਏਗੀ। ਇਕ ਚੀਜ਼ ਦਾ ਸਾਨੂੰ ਗਿਆਨ ਮਿਲੇਗਾ, ਉਹ ਕਿਹੜੀ ਚੀਜ਼ ਦਾ ਗਿਆਨ ਕਿ ਜਿਸ ਨੂੰ ਮੈਂ ਬਾਹਰ ਢੂੰਡ ਰਿਹਾ ਹਾਂ, ਬਾਹਰ ਵੀ ਉਹ ਮੌਜੂਦ ਏ ਤੇ ਮੇਰੇ ਅੰਦਰ ਵੀ ਉਹ ਮੌਜੂਦ ਬੈਠਾ ਹੀ ਹੈ।

ਆਖੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*** (ਅੰਗ ੬੯੫)

ਜਿਹਨੂੰ ਮੈਂ ਬਾਹਰ ਲੱਭਣਾ ਹਾਂ, ਬਾਹਰ ਵੀ ਹੈ ਪਰ ਬਾਹਰ ਲੱਭਣ ਦੀ ਲੋੜ ਹੀ ਨਹੀਂ ਮੈਨੂੰ। ਕਿਉਂ ਨਹੀਂ ਲੋੜ? ਕਿਉਂਕਿ ਜਿਹੜਾ ਬਾਹਰ ਏ ਤੇ ਮੇਰੇ ਅੰਦਰ ਵੀ ਬੈਠਾ ਹੀ ਏ। ਅੰਦਰੋਂ ਲੱਭੀਏ। ਸੱਚਾਈ ਜਦੋਂ ਅੰਦਰੋਂ ਲੱਭਾਂਗੇ ਤੇ ਪਿਆਰਿਓ ! ਫਿਰ ਅਸੀਂ ਕਿਸੇ ਦਾ ਬੁਰਾ ਨਹੀਂ ਕਰਾਂਗੇ। ਜਦੋਂ ਅੰਦਰੋਂ ਹੀ ਖੋਜ ਕਰਾਂਗੇ ਅਸੀਂ ਫਿਰ ਜਿਹੜੀਆਂ ਗੱਲਾਂ ਪੜ੍ਹਦੇ ਹਾਂ, ਸੁਣਦੇ ਹਾਂ :

*ਤੇਰੇ ਭਾਣੈ ਸਰਬਤ ਦਾ ਭਲਾ।*

ਜਿਹੜੀਆਂ ਚੀਜ਼ਾਂ ਕੇਵਲ ਅਸੀਂ ਪੜ੍ਹਦੇ ਹਾਂ, ਸੁਣਦੇ ਹਾਂ ਜਦੋਂ ਅਸੀਂ ਉਹਨੂੰ ਆਪਣੇ ਅੰਦਰ ਖੋਜਣਾ ਸ਼ੁਰੂ ਕਰ ਦਿਆਂਗੇ, ਅਸਲੀਅਤ ਵਿਚ ਸਰਬਤ ਦਾ ਭਲਾ ਮੰਗਣ ਵੀ ਲੱਗ ਪਵਾਂਗੇ। ਅਸਲੀਅਤ ਵਿਚ ਕਰਨ ਵੀ ਲੱਗ ਪਵਾਂਗੇ। ਹਾਲੇ ਤੇ ਮਾਫੀ ਹੀ ਦੇਣਾ ਕਿ ਅਸੀਂ ਸਰਬਤ ਦਾ ਭਲਾ ਕੇਵਲ ਬੋਲਾਂ ਵਿੱਚ ਹੀ ਮੰਗਦੇ ਹਾਂ, ਸੱਚਾਈ ਏ ਗੱਲਾਂ 'ਚ ਮੰਗਦੇ ਹਾਂ। ਜੇ ਇਹ ਨਾ ਹੋਵੇ ਕਿ ਇਕੱਲਾ ਗੱਲਾਂ 'ਚ ਮੰਗਣ ਵਾਲੀ ਅਵਸਥਾ ਸਾਡੀ ਨਾ ਹੋਵੇ ਤੇ ਫਿਰ ਪਿਆਰਿਓ ! ਜਦੋਂ ਗੁਆਂਢੀ ਅੱਗੇ ਵੱਧਦਾ ਹੈ, ਉਹਨੂੰ ਦੇਖ ਕੇ ਖ਼ੁਸ਼ ਹੋਈਏ। ਅਸੀਂ ਤੇ ਗੁਆਂਢੀਆਂ ਵੱਲ ਵੇਖ ਕੇ ਈਰਖਾ ਕਮਾਉਣੀ ਸ਼ੁਰੂ ਕਰ ਦਿੰਦੇ ਹਾਂ। ਉਹ ਅਗਾਂਹ ਕਿਉਂ ਵਧ ਗਿਆ ਏ। ਉਹਦਾ ਤੇ ਇਕ ਛੋਟਾ ਜਿਹਾ ਘਰ ਸੀ ਉਹਨੇ ਵੱਡਾ ਕਿਉਂ ਬਣਾ ਲਿਆ? ਮੇਰੇ ਬੱਚੇ ਤੇ ਅਜੇ ਇਥੇ ਹੀ ਨੇ, ਫਲਾਣੇ ਦੇ ਤੇ ਬਾਹਰ ਸੈੱਟ ਵੀ ਹੋ ਗਏ।

ਅਜੇ ਗੱਲਾਂ ਦੇ ਵਿਚ ਆਇਆ ਸਰਬਤ ਦਾ ਭਲਾ। ਜੇ ਅਸਲੀਅਤ ਵਿਚ ਆ ਜਾਵੇ, ਫਿਰ ਅਸੀਂ ਪਿਆਰਿਓ ! ਦੂਜਿਆਂ ਦੀ ਚੜ੍ਹਦੀ-ਕਲਾ ਵੱਲ ਵੇਖ ਕੇ ਅੰਦਰ ਈਰਖਾ ਨਹੀਂ ਕਮਾਵਾਂਗੇ। ਅਸੀਂ ਤੇ ਦੂਜਿਆਂ ਦੀ ਚੜ੍ਹਦੀ-ਕਲਾ ਵੱਲ ਵੇਖ ਅਰਦਾਸ ਕਰਾਂਗੇ। ਦਾਤਿਆ! ਕਿਰਪਾ ਕਰ ਇਹਨੂੰ ਹੋਰ ਦੇ, ਇਹਨੂੰ ਹੋਰ ਭਾਗ ਲਾ ਤੇ ਇਹਦੇ ਪੈਰਾਂ ਪਿੱਛੇ ਮੈਨੂੰ ਵੀ ਬਰਕਤ ਪਾਈਂ। ਆਖੋ : ਧੰਨ ਗੁਰੂ ਰਾਮਦਾਸ ਜੀ।.....ਧੰਨ ਬਾਬਾ ਦੀਪ ਸਿੰਘ ਜੀ।

ਸੱਚਾਈ ਏ ਅਸੀਂ ਜਦੋਂ ਅੰਦਰੋਂ ਉਹਨੂੰ ਖੋਜ ਲਵਾਂਗੇ, ਇਕ ਹੈ ਬਾਹਰਲੀ ਦੁਨੀਆਂ ਤੇ ਇਕ ਹੈ ਸਾਡੇ ਅੰਦਰਲੀ ਦੁਨੀਆਂ। ਸਾਡੇ ਅੰਦਰਲੀ ਦੁਨੀਆਂ ਦਾ ਨਕਸ਼ਾ ਬਦਲ ਜਾਏਗਾ। ਜਦੋਂ ਅਸੀਂ ਅੰਦਰੋਂ ਉਹਨੂੰ ਖੋਜਾਂਗੇ, ਅੰਦਰੋਂ ਹੀ ਵੇਖਾਂਗੇ ਸਾਡੇ ਅੰਦਰ ਹੀ ਬੈਠਾ ਹੈ, ਫਿਰ ਅੰਦਰਲੀ ਦੁਨੀਆਂ ਦਾ ਨਕਸ਼ਾ ਬਦਲ ਜਾਏਗਾ। ਕੋਈ ਬੰਦਾ ਹੈ ਜਿਹੜਾ ਪਹਿਲੇ ਦੂਜਿਆਂ ਦੇ ਮੂੰਹ ਵਿੱਚੋਂ ਰੋਟੀ ਦੀਆਂ ਬੁਰਕੀਆਂ ਖਿੱਚਦਾ ਸੀ ਤੇ ਅੱਜ ਉਹ ਦੂਜਿਆਂ ਦੇ ਮੂੰਹ ਵਿਚ ਰੋਟੀ ਦੀਆਂ ਬੁਰਕੀਆਂ ਪਾਉਣ ਵਾਲਾ ਬਣ ਗਿਆ। ਅੱਗੇ ਕਹਿੰਦਾ ਸੀ—ਮੇਰਾ ਹੀ ਘਰ ਭਰੇ, ਸਭ ਕੁਝ ਮੇਰੇ ਵੱਲ ਹੀ ਆਵੇ। ਦੂਜੇ ਦਾ ਵਿਗੜਦਾ ਵਿਗੜ ਜਾਵੇ। ਜੋ ਦੂਜੇ ਦਾ ਨੁਕਸਾਨ ਹੁੰਦਾ ਹੋ ਜਾਵੇ ਕੀ ਫਰਕ ਪੈਣਾ, ਪਰ ਨਹੀਂ ਹੁਣ ਜਦੋਂ ਮੈਂ ਅੰਦਰ ਵੜ ਕੇ ਵੇਖਿਆ, ਮਾਲਕ ਮੇਰੇ ਅੰਦਰ ਬੈਠਾ ਹੈ। ਮੇਰਾ ਸਾਹਿਬ ਮੇਰੇ ਅੰਦਰ ਬੈਠਾ ਹੈ, ਫਿਰ ਮੇਰੇ ਅੰਦਰਲਾ ਨਕਸ਼ਾ ਤਬਦੀਲ ਹੋ ਗਿਆ। ਉਹ ਕੀ ਤਬਦੀਲੀ ਮੇਰੇ ਅੰਦਰ ਆਈ? ਹੁਣ ਮੈਂ ਅਸਲੀਅਤ ਦੇ ਵਿਚ ਇਹ ਕਹਿਣਾ ਸ਼ੁਰੂ ਕਰ ਦਿੱਤਾ :

***ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।***

ਹੁਣ ਤੇ ਮੇਰੇ ਅੰਦਰੋਂ ਈਰਖਾ ਦੀਆਂ, ਨਫ਼ਰਤ ਦੀਆਂ ਦੀਵਾਰਾਂ ਹੀ ਨਿਕਲ ਗਈਆਂ। ਹੁਣ ਤੇ ਮੈਨੂੰ ਜਿਹੋ ਜਿਹੇ ਆਪਣੇ ਬੱਚੇ ਨਜ਼ਰ ਆਉਂਦੇ ਨੇ ਉਹੋ ਜਿਹੇ ਹੀ ਗੁਆਂਢੀ ਦੇ ਵੀ ਨਜ਼ਰ ਆ ਰਹੇ ਨੇ। ਹੈਂ ਜੀ ! ਸੱਚੀ ਗੱਲ ਏ। ਅਜੇ ਸਾਡੇ ਅੰਦਰੋਂ ਇਹ ਦੀਵਾਰਾਂ ਨਹੀਂ

ਨਿਕਲੀਆਂ। ਨਾ ਨਿਕਲਣ ਦਾ ਕਾਰਣ ਕੀ ਏ ਕਿ ਅਜੇ ਅਸੀਂ ਆਪਣੇ ਅੰਦਰ ਵੜੇ ਹੀ ਨਹੀਂ। ਆਓ ! ਇਹ ਭਾਈ ਅਮਨਦੀਪ ਸਿੰਘ ਥੋੜ੍ਹੀ ਕਹਿ ਰਹੇ। ਇਹ ਗੱਲ ਗੁਰੂ ਤੇਗ ਬਹਾਦਰ ਸਾਹਿਬ ਕਹਿ ਰਹੇ :

***ਕਾਹੇ ਰੇ ਬਨ ਖੋਜਨ ਜਾਈ॥***

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧ ॥ ਰਹਾਉ ॥***

ਤੇਰੇ ਅੰਦਰ ਹੀ ਏ। ਉਹਨੂੰ ਜ਼ਰਾ ਪਹਿਚਾਣ ਤੇ ਪਛਾਨਣ ਤੋਂ ਬਾਅਦ ਉਹਦੇ ਨਾਲ ਜੁੜ ਜਾ, ਅੰਦਰੋਂ ਸਾਂਝ ਬਣਾ ਲੈ। ਹੁਣ ਅੱਗੇ ਕੀ ਕਹਿ ਰਹੇ ਮੇਰੇ ਸਾਹਿਬ, ਪੜ੍ਹਿਓ ਜੀ ਪਿਆਰ ਨਾਲ :

***ਪੁਹਪ ਮਧਿ ਜਿਉ ਬਾਸੁ ਬਸਤੁ ਹੈ***

ਕਹਿੰਦੇ—ਜਿਵੇਂ ਫੁੱਲਾਂ ਦੇ ਵਿਚ ਸੁਗੰਧੀ ਏ, ਹੁਣ ਫੁੱਲ ਖਿੜ੍ਹੇ ਨੇ, ਖਿੜ੍ਹੇ ਹੋਏ ਫੁੱਲਾਂ ਦੇ ਵਿਚ ਦੇਖੋ ! ਕਿੱਡੀ ਪਿਆਰੀ ਸੁਗੰਧ ਆਉਂਦੀ ਏ। ਕਿੱਡੀ ਪਿਆਰੀ ਖੁਸ਼ਬੋ ਆਉਂਦੀ ਏ ਤੇ ਜਿਵੇਂ ਸ਼ੀਸ਼ਾ ਬੰਦਾ ਦੇਖਦਾ, ਹੁਣ ਸ਼ੀਸ਼ੇ ਦੇ ਅਸੀਂ ਸਾਹਮਣੇ ਖੜ੍ਹ ਗਏ ਹਾਂ, ਹੁਣ ਸ਼ੀਸ਼ੇ ਦੇ ਸਾਹਮਣੇ ਜਦੋਂ ਅਸੀਂ ਖਲੋਤੇ, ਸਾਡਾ ਅਕਸ, ਸਾਡੀ ਪਰਛਾਈ, ਸਾਡਾ ਚੇਹਰਾ ਉਸ ਸ਼ੀਸ਼ੇ ਵਿਚ ਨਜ਼ਰ ਆਉਣਾ ਸ਼ੁਰੂ ਹੋ ਗਿਆ ਤੇ ਜਿਵੇਂ ਫੁੱਲ ਦੇ ਵਿੱਚ ਸੁਗੰਧੀ ਵੱਸਦੀ ਏ, ਸ਼ੀਸ਼ੇ ਦੇ ਵਿਚ ਵੇਖਣ ਵਾਲੇ ਦਾ ਅਕਸ ਵਸਦਾ ਹੈ :

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***

ਅੱਗੇ ਕੀ ਕਹਿ ਰਹੇ ਆ :

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧ ॥*** (ਅੰਗ ੬੮੪)

ਭੋਲਿਆ ! ਜਿਵੇਂ ਫੁੱਲ ਦੇ ਵਿਚ ਸੁਗੰਧੀ, ਸ਼ੀਸ਼ੇ ਦੇ ਵਿਚ ਵੇਖਣ ਵਾਲੇ ਦਾ ਅਕਸ ਮੌਜੂਦ ਏ, ਇਸੇ ਤਰ੍ਹਾਂ ਪ੍ਰਮੇਸ਼ਰ ਵੀ ਸਾਰਿਆਂ ਦੇ ਅੰਦਰ ਵਸ ਰਿਹਾ ਹੈ। ਸਾਰਿਆਂ ਦੇ ਅੰਦਰ ਉਹ ਬਿਰਾਜਮਾਨ ਹੈ। ਸਾਰਿਆਂ ਦੇ ਅੰਦਰ ਉਹ ਵਸਿਆ ਹੋਇਆ ਹੈ ਤੇ ਏਸ ਵਾਸਤੇ ਜਿਹੜਾ ਸਾਰਿਆਂ ਦੇ ਅੰਦਰ ਵਸਿਆ ਹੈ ਤੇਰੇ ਅੰਦਰ ਵੀ ਵਸਿਆ ਤੇ ਉਹਨੂੰ ਅੰਦਰੋਂ ਲੱਭ ਲੈ। ਅੰਦਰੋਂ ਉਹਦੀ ਖੋਜ ਕਰ ਤੇ ਖੋਜ ਕਰਨ ਦਾ ਇਕ ਤਰੀਕਾ ਹੈ, ਢੰਗ ਹੈ। ਪਤਾ ਕਿਹੜਾ ਢੰਗ? ਮੇਰੀ ਬੇਨਤੀ ਏ ਜਿਨ੍ਹਾਂ ਦਾ ਸਰੀਰ ਬਿਲਕੁਲ ਰਾਜ਼ੀ ਏ, ਕੋਈ ਪ੍ਰੋਬਲਮ ਨਹੀਂ, ਉਹ ਚੌਂਕੜੇ ਮਾਰ ਲਓ। ਇਕ ਮਿੰਟ ਲਈ ਚੌਂਕੜੇ ਮਾਰ ਲਓ। ਮੇਰੀ ਬੇਨਤੀ ਮੰਨੋ, ਚੌਂਕੜੇ ਮਾਰ ਲਓ, ਸ਼ਾਬਾਸ਼ ! ਕਮਰ ਕਰੋ ਸਿੱਧੀ, ਬਿਲਕੁਲ ਸਿੱਧੀ। ਕਈ ਕਹਿੰਦੇ ਐ ਜੀ ਅਸੀਂ ਤੇ ਬਾਣੀ ਪੜ੍ਹਦੇ ਹਾਂ ਮਨ ਨਹੀਂ ਲੱਗਦਾ। ਸਿਮਰਨ ਕਰਦੇ ਹਾਂ ਮਨ ਨਹੀਂ ਜੁੜਦਾ ਸਾਡਾ। ਹੁਣੇ ਮੈਂ ਤੁਹਾਨੂੰ ਫੜਾਵਾਂ ਦੋ ਹਜ਼ਾਰ ਦੇ ਨੋਟਾਂ ਦੀ ਥੱਦੀ ਤੇ ਕਹਾਂ ਗਿਣੋ।

ਨਾਲ ਮੈਂ ਐਨੀ ਗੱਲ ਕਹਿ ਦਿਆਂ ਜਿਹੜੇ ਦੋ ਹਜ਼ਾਰ ਦੇ ਨੋਟ ਏ, ਦੋ ਲੱਖ ਬਣ ਗਿਆ ਗਿਣਨ ਤੋਂ ਬਾਅਦ ਹੈ ਵੀ ਤੇਰਾ ਹੀ ਏ, ਫਿਰ ਮਨ ਲੱਗੂਗਾ ਕਿ ਨਹੀਂ, ਲੱਗੂਗਾ

ਤੇ ਬਸ ਆਹ ਹੀ ਚੀਜ਼ ਏ ਆਪਣੇ ਅੰਦਰ। ਨੋਟਾਂ ਨੂੰ ਗਿਣਨ 'ਚ ਮਨ ਲੱਗ ਰਿਹਾ ਹੈ ਸਾਡਾ, ਕਾਰ-ਵਿਹਾਰ ਕਰਨ ਵਿਚ ਮਨ ਲੱਗ ਰਿਹਾ ਹੈ ਸਾਡਾ, ਬਾਕੀ ਕੰਮ ਕਰਨ ਵਿਚ ਮਨ ਲੱਗ ਰਿਹਾ ਹੈ ਪਰ ਜਿਸ ਕੰਮ ਨੇ ਸਭ ਕੁਝ ਦੇਣਾ ਹੈ, ਜਿਸ ਕੰਮ ਦਾ ਸਦਕਾ ਸਾਡਾ ਸਭ ਕੁਝ ਚੱਲਣਾ ਹੈ, ਜਿਸ ਕੰਮ ਦਾ ਸਦਕਾ ਪਿਆਰਿਓ ! ਦੁਨੀਆਂ ਨੂੰ ਬਣਾਉਣ ਵਾਲੇ ਨਾਲ ਸਾਡਾ ਪ੍ਰੇਮ ਪੈ ਜਾਣਾ ਐ। ਉਸ ਕੰਮ ਵਿਚ ਸਾਡਾ ਮਨ ਨਹੀਂ ਲੱਗਦਾ। ਏਦਾਂ ਤੇ ਨਹੀਂ ਨਾ ਹੋਣਾ ਚਾਹੀਦਾ। ਜਿਵੇਂ ਬਾਕੀ ਕੰਮਾਂ ਵਿਚ ਮਨ ਸਾਡਾ ਕਿਸੇ ਨੇ ਆ ਕੇ ਲਾ ਥੋੜ੍ਹੀ ਦਿੱਤਾ ਆਪੇ ਲੱਗ ਗਿਆ ਤੇ ਏਦੇ ਵਿਚ ਵੀ ਲਾਓ, ਇਹਦੇ 'ਚ ਲਾਉਣ ਦਾ ਯਤਨ ਕਰੋ, ਇਹ ਮੇਰੀ ਬੇਨਤੀ ਹੁਣ ਅੰਦਰੋਂ ਖੋਜਣ ਦਾ ਬੜਾ ਪਿਆਰਾ ਢੰਗ ਏ, ਚੌਂਕੜੇ ਮਾਰੋ, ਕਮਰ ਕਰੋ ਸਿੱਧੀ, ਬੇਨਤੀ ਇਕ ਮਿੰਟ ਸਾਰੇ ਹਾਜ਼ਰੀ ਲਾਓ ਜੀ :

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

ਬਸ ਆਹ ਢੰਗ ਜੇ ਉਹਨੂੰ ਆਪਣੇ ਅੰਦਰੋਂ ਖੋਜਣ ਦਾ :

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧ ॥*** (ਅੰਗ ੬੮੪)

ਜਿਵੇਂ ਫੁੱਲ ਦੇ ਵਿਚ ਸੁਗੰਧੀ ਮੌਜੂਦ ਏ, ਸ਼ੀਸ਼ੇ ਵਿਚ ਸ਼ਕਲ ਜਿਹੜਾ ਵੇਖ ਰਿਹਾ ਏ ਉਹਦਾ ਅਕਸ ਆ ਜਾਂਦਾ, ਉਹਦੀ ਸ਼ਕਲ ਮੌਜੂਦ ਹੋ ਜਾਂਦੀ, ਉਹਦੀ ਸ਼ਕਲ ਹਾਜ਼ਰ ਹੋ ਜਾਂਦੀ ਏ। ਇਸੇ ਤਰ੍ਹਾਂ ਪਿਆਰਿਆ ! ਹਰ ਜਗ੍ਹਾ ਦੇ ਵਿਚ, ਜ਼ਰੇ-ਜ਼ਰੇ ਦੇ ਵਿਚ ਹਰੇਕ ਦੇ ਅੰਦਰ ਇਕਰਸ ਹੋ ਕੇ ਪ੍ਰਮੇਸ਼ਰ ਵੱਸ ਰਿਹਾ ਹੈ ਤੇ ਜਿਹੜਾ ਸਭ ਵਿਚ ਵੱਸ ਰਿਹਾ ਤੇਰੇ ਅੰਦਰ ਵੀ ਵੱਸ ਰਿਹਾ ਤੇ ਹੁਣ ਉਹਨੂੰ ਆਪਣੇ ਅੰਦਰੋਂ ਹੀ ਲੱਭਣ ਦਾ ਯਤਨ ਕਰ। ਅੱਗੇ ਕੀ ਕਹਿ ਰਹੇ ਸਤਿਗੁਰੂ, ਪੜ੍ਹਿਓ ਪਿਆਰ ਨਾਲ :

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*** (ਅੰਗ ੬੮੪)

ਕਹਿੰਦੇ—ਮੇਰੇ ਸਾਹਿਬ ਨੇ, ਮੇਰੇ ਪ੍ਰਮੇਸ਼ਰ ਨੇ ਇਹ ਆਤਮਿਕ ਗਿਆਨ ਦਿੱਤਾ ਹੈ, ਆਤਮਿਕ ਜੀਵਨ ਨੂੰ ਉਪਰ ਚੁੱਕਣ ਵਾਲਾ ਗਿਆਨ ਦਿੱਤਾ ਹੈ, ਪਤਾ ਕਿਹੜਾ ਗਿਆਨ? ਕਹਿੰਦੇ, ਬਾਹਰ ਵੀ ਤੇ ਅੰਦਰ ਵੀ, ਆਪਣੇ ਅੰਦਰ ਵੀ ਤੇ ਬਾਹਰ ਵੀ, ਹਰੇਕ ਥਾਂ ਦੇ ਉਤੇ ਪ੍ਰਮੇਸ਼ਰ ਨੂੰ ਵੱਸਦਾ ਸਮਝ। ਆਖੋ : ਵਾਹਿਗੁਰੂ-ਵਾਹਿਗੁਰੂ।

ਵੇਖੋ ! ਗੁਰੂ ਤੇਗ ਬਹਾਦਰ ਸਾਹਿਬ ਦਾ ਜੇ ਕਿਤੇ ਅਸੀਂ ਇਹ ਮੈਸਿਜ਼ ਸੁਣ ਕੇ ਮੰਨ ਲਈਏ, ਕਦੀ ਕਿਸੇ ਨਾਲ ਈਰਖਾ ਕਰਾਂਗੇ ਦੱਸੋ? ਕਦੀ ਨਹੀਂ ਕਰਾਂਗੇ। ਕਦੀ ਕਿਸੇ ਨਾਲ ਨਫ਼ਰਤ ਕਰਾਂਗੇ ਹੀ ਨਹੀਂ, ਕਦੀ ਕਿਸੇ ਦੀ ਨਿੰਦਿਆ ਕਰਾਂਗੇ ਹੀ ਨਹੀਂ।

ਫਿਰ ਗੁਰਪੁਰਬ ਪਤਾ ਕਿਵੇਂ ਮਨਾਵਾਂਗੇ? ਮੈਂ ਇਕ ਦਿਨ ਭਾਈ ਵੀਰ ਸਿੰਘ ਜੀ ਦੀ ਲਿਖਤ ਪੜ੍ਹ ਰਿਹਾ ਸਾਂ। ਗੱਲ ਸੁਣਿਓ ਧਿਆਨ ਨਾਲ ! ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਦੀ ਜੋ ਸੰਖੇਪ ਰੂਪ ਵਿਚ ਵਿਆਖਿਆ ਕਰ ਰਹੇ ਹਾਂ। ਸਤਿਗੁਰੂ ਸੇਵਾ ਲੈ ਰਹੇ ਨੇ, ਕੋਈ ਡੂੰਘੀਆਂ ਚੁਭੀਆਂ ਨਹੀਂ, ਬਸ ਪੰਛੀ-ਝਾਤ। ਹੁਣ ਵੇਖੋ ! ਮਹਾਰਾਜ ਕਹਿੰਦੇ, ਜਿਹੜਾ

ਅੰਦਰ ਏ ਉਹ ਬਾਹਰ ਏ, ਜਿਹੜਾ ਬਾਹਰ ਉਹ ਤੇਰੇ ਅੰਦਰ ਵੀ ਏ। ਇਹ ਚੀਜ਼ ਸਮਝ ਤੇ ਸਹੀ, ਤੂੰ ਸਮਝਦਾ ਹੀ ਨਹੀਂ ਤੇ ਜਦੋਂ ਕਿਤੇ ਆਹ ਚੀਜ਼ ਸਮਝ ਲੱਗ ਜਾਏਗੀ ਨਾ ਕਦੀ ਵੀ ਅਸੀਂ ਕਿਸੇ ਨਾਲ ਦਵੈਸ਼ ਰੱਖਾਂਗੇ ਹੀ ਨਹੀਂ। ਭਾਈ ਵੀਰ ਸਿੰਘ ਜੀ ਦੀ ਇਕ ਵਾਰ ਇਕ ਮੈਂ ਲਿਖਤ ਪੜ੍ਹ ਰਿਹਾ ਸਾਂ। ਭਾਈ ਵੀਰ ਸਿੰਘ ਜੀ ਲਿਖਦੇ, ਜਦੋਂ ਕੋਈ ਗੁਰਪੁਰਬ ਆਉਂਦਾ ਹੈ, ਅਸੀਂ ਗੁਰਪੁਰਬ ਕਿਵੇਂ ਮਨਾਉਂਦੇ ਹਾਂ? ਕੀਰਤਨ ਦਰਬਾਰ ਕਰਾ ਕੇ, ਲੰਗਰ ਲਾ ਕੇ, ਨਗਰ ਕੀਰਤਨ ਕੱਢ ਕੇ, ਛਬੀਲਾਂ ਲਾ ਲਈਆਂ, ਮੋਮਬੱਤੀਆਂ ਜਗਾ ਲਈਆਂ, ਆਤਸ਼ਬਾਜ਼ੀ ਚਲਾ ਲਈ, ਲਾਈਟਾਂ ਜਗਾ ਲਈਆਂ, ਇਹੋ ਢੰਗ ਨੇ। ਗੁਰਦੁਆਰੇ ਸਾਹਿਬ ਅਖੰਡ ਪਾਠ ਸਾਹਿਬ ਕਰਾ ਲਿਆ ਜਾਂ ਘਰ ਆਪਣੇ ਸਹਿਜ ਪਾਠ ਕਰ ਲਿਆ, ਇਹੋ ਹੀ ਢੰਗ ਨੇ ਨਾ ਗੁਰਪੁਰਬ ਮਨਾਉਣ ਦੇ।

ਭਾਈ ਵੀਰ ਸਿੰਘ ਲਿਖਦੇ, ਗੁਰਪੁਰਬ ਲੰਗਰ ਲਾ ਕੇ ਵੀ ਮਨਾ, ਛਬੀਲਾਂ ਲਾ ਕੇ ਵੀ ਮਨਾ, ਆਤਸ਼ਬਾਜ਼ੀ ਚਲਾ ਕੇ ਵੀ ਮਨਾ, ਲਾਈਟਾਂ ਜਗਾ ਕੇ ਵੀ ਮਨਾ, ਮੋਮਬੱਤੀਆਂ ਜਗਾ ਕੇ ਵੀ ਤੂੰ ਗੁਰਪੁਰਬ ਮਨਾ, ਨਗਰ ਕੀਰਤਨ ਕੱਢ ਕੇ ਵੀ ਗੁਰਪੁਰਬ ਮਨਾ, ਇਹ ਆਮ ਤੌਰ 'ਤੇ ਅਸੀਂ ਪੰਦਰਾਂ ਵੀਹ ਢੰਗ ਅਪਨਾਉਂਦੇ ਹਾਂ। ਸਾਰੇ ਢੰਗ ਉਨ੍ਹਾਂ ਨੇ ਲਿਖਤੇ ਜਿਹੜੇ ਵੀ ਢੰਗ ਅਸੀਂ ਇਸਤੇਮਾਲ ਕਰਦੇ ਹਾਂ ਗੁਰਪੁਰਬ ਮਨਾਉਣ ਵਿਚ। ਅਖੀਰ ਤੇ ਪਤਾ ਕੀ ਲਿਖਦੇ? ਕਹਿੰਦੇ—ਗੁਰਪੁਰਬ ਲੰਗਰ ਲਾ ਕੇ, ਲਾਈਟਾਂ ਲਗਾ ਕੇ, ਛਬੀਲਾਂ ਲਾ ਕੇ, ਅਖੰਡ ਪਾਠ ਸਾਹਿਬ ਕਰਕੇ, ਸਹਿਜ ਪਾਠ ਕਰਕੇ ਵੀ ਤੂੰ ਗੁਰਪੁਰਬ ਮਨਾ, ਪਰ ਕਹਿੰਦੇ ਗੁਰਪੁਰਬ ਇੰਝ ਵੀ ਮਨਾ, ਇੰਝ ਵੀ?

ਜਦੋਂ ਇਹ ਗੱਲ ਮੈਂ ਪੜ੍ਹੀ, ਇੰਝ ਵੀ ਮਨਾ? ਮੈਂ ਵੀ ਬੜਾ ਹੈਰਾਨ ਹੋਇਆ ਕੀ ਇਹੋ ਹੀ ਢੰਗ ਨੇ ਨਗਰ ਕੀਰਤਨ ਕੱਢ ਲਏ, ਛਬੀਲਾਂ ਲਾ ਲਈਆਂ, ਜਾਂ ਮੋਮਬੱਤੀਆਂ ਜਗਾ ਲਈਆਂ, ਆਤਸ਼ਬਾਜ਼ੀਆਂ ਚਲਾ ਲਈਆਂ, ਕੀਰਤਨ ਦਰਬਾਰ ਕਰਾ ਲਏ ਇਹੋ ਹੀ ਢੰਗ ਨੇ ਨਾ। ਆਹ ਕੀ ਲਿਖਤਾ ਗੁਰਪੁਰਬ ਇੰਝ ਵੀ ਮਨਾ? ਤੇ ਜਦੋਂ ਮੈਂ ਕਿਤਾਬ ਦਾ ਪੇਜ਼ ਪਲਟਿਆ, ਮੇਰੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਭਾਈ ਵੀਰ ਸਿੰਘ ਲਿਖਦੇ, ਗੁਰਪੁਰਬ ਇੰਝ ਵੀ ਮਨਾ? ਆਓ ! ਚਾਰ ਸੌ ਸਾਲਾ ਇੱਦਾਂ ਮਨਾਈਏ, ਪਤਾ ਕਿੰਝ? ਗੁਰਪੁਰਬ ਵਾਲੇ ਦਿਨ ਨਿਗ੍ਹਾ ਪਾ ਕਿਹੜਾ ਮੇਰਾ ਰਿਸ਼ਤੇਦਾਰ ਏ, ਕਿਹੜਾ ਮੇਰਾ ਆਂਢੀ-ਗੁਆਂਢੀ ਏ, ਕਿਹੜਾ ਮੇਰਾ ਮਿੱਤਰ ਏ, ਜਿਹਦੇ ਨਾਲ ਪਹਿਲੇ ਮੇਰਾ ਬੜਾ ਹੀ ਪਿਆਰ ਸੀ ਪਰ ਹੁਣ ਉਹਦੇ ਨਾਲ ਮੇਰੀ ਬਣਦੀ ਨਹੀਂ, ਲੱਗਦੀ ਏ, ਹੁਣ ਬਣਦੀ ਨਹੀਂ। ਕਹਿੰਦੇ, ਗੁਰਪੁਰਬ ਵਾਲੇ ਦਿਨ ਆਪ ਨੰਗੇ ਪੈਰੀਂ ਚੱਲ ਕੇ ਉਹਦੇ ਘਰ ਜਾਅ, ਉਸ ਰੁੱਸੇ ਨੂੰ ਮਨਾ, ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਤੇ ਗੁਰਪੁਰਬ ਇੰਝ ਵੀ ਮਨਾਂ?

ਹੁਣ ਜਦੋਂ ਮੰਨ ਲਓ ਤੁਸੀਂ ਕਿਸੇ ਇਹੋ ਜਿਹੇ ਬੰਦੇ ਦੇ ਘਰ ਜਾਣਾ ਹੈ, ਜਿਹਦੇ ਨਾਲ ਦੋ ਸਾਲਾਂ ਤੋਂ, ਪੰਜਾਂ ਸਾਲਾਂ ਤੋਂ ਬੋਲਚਾਲ ਬੰਦ ਏ। ਜਦੋਂ ਜਾਓ, ਜਾਣ ਲੱਗਿਆਂ ਅਰਦਾਸ

ਕਰਕੇ, ਨਿਤਨੇਮ ਵਧਾ ਕੇ, ਗੁਰੂ ਪਿਤਾ ਜੀ ਨੂੰ ਨਾਲ ਲੈ ਕੇ ਜਾਇਓ। ਕਿਉਂ? ਜਦੋਂ ਗੁਰੂ ਪਿਤਾ ਜੀ ਨੂੰ ਨਾਲ ਲੈ ਕੇ ਜਾਓਗੇ ਅਗਲਾ ਮੰਨੇਗਾ ਹੀ ਮੰਨੇਗਾ। ਇਕ ਪ੍ਰੋਬਲਮ ਹੋ ਸਕਦਾ ਆ ਜਾਏ, ਉਹ ਪਤਾ ਕਿਹੜੀ? ਹੈ ਤੇ ਉਹ ਬੰਦਾ ਈ ਏ ਨਾ, ਹੋ ਸਕਦਾ ਉਹਦੇ ਅੰਦਰ ਐਨੀ ਗੱਲ ਆ ਜਾਏ ਵੇਖਿਆ ਮੈਂ ਵੱਡਾ, ਇਹ ਛੋਟਾ ਏ, ਇਹੋ ਹੀ ਚੱਲ ਕੇ ਆਇਆ, ਮੈਂ ਥੋੜ੍ਹੀ ਗਿਆਂ ਇਹੋ ਹੀ ਝੁਕਿਆ, ਮੈਂ ਥੋੜ੍ਹੀ ਝੁਕਿਆਂ, ਮੈਂ ਵੱਡਾ ਹਾਂ। ਹੋ ਸਕਦਾ ਉਹਦੇ ਅੰਦਰ ਏਨੀ ਚੀਜ਼ ਆ ਜਾਏ ਪਰ ਪਿਆਰਿਓ ! ਇਕ ਗੁਰੂ ਦੀ ਕਿਰਪਾ ਨਾਲ ਗੱਲ ਕਹਿ ਰਿਹਾਂ ਭਾਵੇਂ ਉਹਦੇ ਅੰਦਰ ਏਨੀ ਚੀਜ਼ ਆ ਜਾਏ ਮੈਂ ਵੱਡਾ ਇਹ ਛੋਟਾ ਏ। ਮੈਂ ਥੋੜ੍ਹੀ ਗਿਆਂ ਏਹੀ ਚੱਲ ਕੇ ਆਇਆ ਮੇਰੇ ਘਰ। ਪਰ ਉਸ ਦਿਨ ਮੈਂ ਗੁਰੂ ਦੀ ਕਿਰਪਾ ਨਾਲ ਕਹਿ ਰਿਹਾ ਹਾਂ। ਉਸ ਦਿਨ ਤੁਹਾਡੀ ਝੋਲੀ ਵਿਚ ਗੁਰੂ ਰਾਮਦਾਸ ਦੀਆਂ ਬਖ਼ਸ਼ਿਸ਼ਾਂ ਦੀਆਂ ਦੋਵੇਂ ਮੁੱਠਾਂ ਖੁੱਲ੍ਹ ਜਾਣਗੀਆਂ, ਕਿਉਂ? ਮਹਾਰਾਜ ਕਹਿਣਗੇ, ਮੇਰੇ ਬੱਚਿਆ ! ਜਿਹੜਾ ਮੈਂ ਤੈਨੂੰ ਨਿਰਵੈਰਤਾ ਦਾ ਰਸਤਾ ਦਿਖਾ ਕੇ ਗਿਆਂ ਹਾਂ, ਅੱਜ ਤੂੰ ਵੀ ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਢਾਹੀਆਂ ਨੇ, ਅੱਜ ਤੂੰ ਵੀ ਉਸ ਰਸਤੇ ਦਾ ਪਾਂਧੀ ਬਣ ਗਿਆ ਐਂ। ਅੱਜ ਤੂੰ ਵੀ ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਕੇ ਉਸ ਰਸਤੇ ਦਾ ਪਾਂਧੀ ਬਣਿਆ ਐਂ। ਏਦਾਂ ਵੀ ਮਨਾਈਏ ਗੁਰਪੁਰਬ, ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਤੇ ਗੁਰਪੁਰਬ ਇੰਝ ਵੀ ਮਨਾ !

ਲੱਗਦਾ ਐ ਇਹ ਤੇ ਉਹੀ ਹਿਸਾਬ ਏ, ਬਾਬਾ ਈਸ਼ਰ ਸਿੰਘ ਜੀ ਇਕ ਜਗ੍ਹਾ ਕਥਾ ਕਰ ਰਹੇ ਸੀ ਕਲੇਰਾਂ ਵਾਲੇ ਮਹਾਂਪੁਰਖ। ਹੁਣ ਕਮਾਈ ਬਹੁਤ ਸੀ। ਜਿਹੜਾ ਵੀ ਇਕ ਵਾਰੀ ਕਥਾ ਸੁਣਦਾ ਸੀ, ਮਹਾਂਪੁਰਖਾਂ ਦੇ ਦੀਵਾਨ ਸੁਣਦਾ, ਬਸ ਆਸ਼ਕ ਬਣ ਜਾਂਦਾ ਸੀ। ਬੜੇ ਦੀਵਾਨ ਸੁਣੇ ਪਰ ਇਹੋ ਜਿਹਾ ਰਸ ਨਹੀਂ ਆਇਆ। ਉਹ ਰਸ ਦਿੰਦੀ ਏ ਕਮਾਈ, ਬੰਦਗੀ, ਪ੍ਰੈਕਟੀਕਲ ਜੀਵਨ, ਮਹਾਂਪੁਰਖਾਂ ਨੇ ਜਦੋਂ ਕਥਾ ਕਰਨੀ ਸ਼ੁਰੂ ਕੀਤੀ, ਸਾਰੀ ਸੰਗਤ ਇੱਦਾਂ ਸਿਰ ਹਿਲਾਵੇ ਤੇ ਬਾਬਾ ਈਸ਼ਰ ਸਿੰਘ ਜੀ ਕੋਲੋਂ ਰਿਹਾ ਨਾ ਗਿਆ। ਕਹਿੰਦੇ, ਸੰਗਤ ਜੀ ! ਅਸੀਂ ਕਥਾ ਕਰ ਰਹੇ ਹਾਂ ਏਦਾਂ ਸਿਰ ਹਿਲਾਈ ਜਾਂਦੇ ਹੋ, ਕਿਤੇ ਇਹ ਤੇ ਨਹੀਂ ਕਹਿੰਦੇ ਕਿ ਜੋ ਮਰਜ਼ੀ ਕਹੀ ਚਲੋ ਬਾਬਾ ਜੀ, ਅਸੀਂ ਤੇ ਨਹੀਂ ਮੰਨਣਾ। ਹੁਣ ਕਈਆਂ ਦੇ ਤੁਹਾਡੇ ਵੀ ਸਿਰ ਹਿਲਦੇ ਨੇ, ਇਹੋ ਨਾ ਕਹੀ ਜਾਓ ਕਿ ਅਸੀਂ ਤੇ ਨਹੀਂ ਮੰਨਣਾ। ਫਿਰ ਗੱਲ ਨਹੀਂ ਬਨਣੀ। ਇਹ ਮੇਰੀ ਬੇਨਤੀ ਏ ਪਤਾ ਲੱਗ ਰਿਹਾ ਏ ਨਾ, ਕਥਾ ਕਿੱਥੇ ਚੱਲ ਰਹੀ ਏ? ਮੈਂ ਪਹਿਲੇ ਬੇਨਤੀ ਕੀਤੀ, ਮੈਂ ਪੁੱਛਣਾ ਐ ਤੁਹਾਡੇ ਕੋਲੋਂ।

ਕਿਵੇਂ ਮਨਾਉਣਾ ਏ ਗੁਰਪੁਰਬ? ਆਪਣੇ ਅੰਦਰੋਂ ਪਿਆਰ ਦੀਆਂ ਦੀਵਾਰਾਂ ਨੂੰ ਢਾਹ। ਪਿਆਰ ਦੀਆਂ ਦੀਵਾਰਾਂ? ਹੈਂ? ਉੱਚੀ ਬੋਲੋ ! ਪਿਆਰ ਦੀਆਂ ਦੀਵਾਰਾਂ ਨੂੰ ਢਾਹੁਣਾ ਹੈ। ਉੱਚੀ ਬੋਲੋ ਭੈਣੋਂ ! ਹਾਂ ਨਫ਼ਰਤ ਦੀਆਂ ਦੀਵਾਰਾਂ ਨੂੰ, ਇਨ੍ਹਾਂ ਨੂੰ ਪਤਾ ਲੱਗਿਆ ਤੁਹਾਨੂੰ ਨਹੀਂ ਲੱਗਿਆ? ਕਿਹੜੀਆਂ ਦੀਵਾਰਾਂ ਢਾਹੁਣੀਆਂ ਨੇ? ਭਾਈ ਵੀਰ ਸਿੰਘ ਜੀ

ਦਾ ਇਹ ਬਚਨ ਐ, ਕਹਿੰਦੇ, ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਤੇ ਗੁਰਪੁਰਬ ਇੰਝ ਵੀ ਮਨਾ? ਤੇ ਗੁਰਪੁਰਬ ਇੰਝ ਵੀ ਮਨਾ? ਮਨਾਓ ਏਦਾਂ ਗੁਰਪੁਰਬ, ਦੇਖਿਓ ! ਕਿੰਨਾ ਰਸ ਬਣਦਾ ਐ, ਫਿਰ ਮੈਂ ਕਹਿਨਾਂ, ਤੁਸੀਂ ਨਿਤਨੇਮ ਜਿਹੜਾ ਕਰਦੇ ਹੋ, ਰੋਜ਼ ਜੇ ਕਿਤੇ ਆਹ ਬਚਨ ਮੰਨਣੇ ਸ਼ੁਰੂ ਕਰ ਦਿਓਗੇ, ਗੁਰ ਪ੍ਰਮੇਸ਼ਰ ਸਾਈਂ ਦੀਆਂ ਘਨੇਰੀਆਂ ਖ਼ੁਸ਼ੀਆਂ ਝੋਲੀ 'ਚ ਪੈਣਗੀਆਂ, ਕੀ ਤੂੰ ਅੱਗੇ ਬਾਣੀ ਪੜ੍ਹਦਾ ਸੀ? ਚੰਗੀ ਗੱਲ ਏ, ਬਾਣੀ ਪੜ੍ਹਨੀ ਕੋਈ ਮਾੜੀ ਗੱਲ ਥੋੜ੍ਹੀ। ਅੱਗੇ ਤੂੰ ਦਸ-ਦਸ ਪਾਠ ਜਪੁ ਜੀ ਸਾਹਿਬ ਕਰਦਾ ਸੀ। ਕਰੋ, ਡਟ-ਡਟ ਕੇ ਕਰੋ। ਜਿੰਨੀ ਬਾਣੀ ਪੜ੍ਹ ਸਕਦੇ ਹੋ ਡਟ-ਡਟ ਕੇ ਪੜ੍ਹੋ, ਪਰ ਪਿਆਰਿਓ ! ਜਦੋਂ ਏਦਾਂ ਕਮਾਉਣੀ ਸ਼ੁਰੂ ਕਰ ਦਿਓਗੇ ਬਾਣੀ, ਮਹਾਰਾਜ ਬੜੇ ਪ੍ਰਸੰਨ ਹੋਣਗੇ, ਕਿਉਂਕਿ ਬਾਣੀ ਪੜ੍ਹਣ ਵਾਲਾ ਵੀ ਧੰਨ ਏ, ਬਾਣੀ ਸੁਨਣ ਵਾਲਾ ਵੀ ਧੰਨ ਏ, ਬਾਣੀ ਦੀ ਵਿਚਾਰ ਕਰਨ ਵਾਲਾ ਵੀ ਧੰਨ ਏ, ਪਰ ਇਕੱਲੀ ਵਿਚਾਰ ਦੇ ਉਤੇ ਥੋੜ੍ਹੀ ਗੱਲ ਮੁੱਕਦੀ ਏ। ਅਸੀਂ ਕਈਆਂ ਪ੍ਰਚਾਰਕਾਂ ਨੇ ਇਕੋ ਹੀ ਗੱਲ 'ਤੇ ਜ਼ੋਰ ਦਿੱਤਾ ਹੁੰਦਾ ਹੈ, ਜੀ ਬਾਣੀ ਦੇ ਅਰਥ ਪਤਾ ਹੋਣੇ ਚਾਹੀਦੇ ਨੇ, ਵੀਚਾਰ ਕਰਨੀ ਚਾਹੀਦੀ ਏ। ਚੰਗੀ ਗੱਲ ਏ ਵੀਚਾਰ ਕਰਨੀ ਏ, ਪਰ ਵੀਚਾਰ ਦੇ ਉਤੇ ਗੱਲ ਮੁੱਕਦੀ ਨਹੀਂ, ਵੀਚਾਰ ਕਰਨ ਤੋਂ ਬਾਅਦ ਜਿਹੜੀ ਬਾਣੀ ਦੀ ਵੀਚਾਰ ਕੀਤੀ, ਉਹਨੂੰ ਅੰਦਰ ਵੀ ਢਾਲ, ਉਹਦੀ ਕਮਾਈ ਵੀ ਕਰ, ਜੋ ਬਾਣੀ ਕਹਿ ਰਹੀ ਏ ਉਹਨੂੰ ਮੰਨ ਵੀ ਤੇ ਸਹੀਂ ਜਦੋਂ ਮੰਨੇਂਗਾ ਤਾਂ ਗੱਲ ਬਨਣੀ ਏ।

ਆਖੋ : ਵਾਹਿਗੁਰੂ।... ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਏਦਾਂ ਵੀ ਗੁਰਪੁਰਬ ਮਨਾਇਓ ਜਿਹਦੇ ਨਾਲ ਨਫ਼ਰਤ ਦੀ ਦੀਵਾਰ ਪਈ ਏ ਨਾ, ਢਾਹ ਦਿਓ। ਵੇਖੋ ! ਕਿੰਨੀ ਕੁ ਉਮਰ ਹੈ ਸਾਡੀ, ਸੌ ਸਾਲ ਵੀ ਮੈਂ ਲਾ ਲਵਾਂ, ਸੌ ਸਾਲ ਵੈਸੇ ਕੋਈ ਘੱਟ ਈ ਪਹੁੰਚਦਾ ਏ ਅੱਜ-ਕੱਲ। ਸੌ ਵੀ ਲਾ ਲਈਏ ਮੰਨ ਲਓ, ਅੱਧੀ ਉਮਰ ਤੇ ਤਕਰੀਬਨ ਸੁੱਤਿਆਂ ਹੀ ਬੀਤ ਜਾਂਦੀ ਏ। ਅੱਧਾ ਸਮਾਂ ਸੁੱਤਿਆਂ ਹੀ ਲੰਘ ਜਾਂਦਾ, ਬਾਕੀ ਰਹਿ ਗਿਆ ਅੱਧਾ। ਉਸ ਸਮੇਂ 'ਚ ਬਚਪਨ ਵੀ, ਜਵਾਨੀ ਵੀ, ਪੜ੍ਹਾਈ-ਲਿਖਾਈ ਵੀ ਹੈ ਜੀ, ਕਿਰਤ ਕਮਾਈ ਵੀ, ਅੰਮ੍ਰਿਤ ਵੇਲਾ ਵੀ, ਬੰਦਗੀ ਵੀ, ਬੱਚੇ ਵੀ, ਆਪਣੇ ਗ੍ਰਹਿਸਤ ਜੀਵਨ ਨੂੰ ਵੀ ਸੰਭਾਲਣਾ। ਓਏ ! ਤੇਰੇ ਕੋਲ ਤੇ ਨਫ਼ਰਤ ਕਰਨ ਜੋਗਾ ਸਮਾਂ ਹੈ ਹੀ ਨਹੀਂ, ਤੇਰੇ ਕੋਲ ਤੇ ਦੂਜਿਆਂ ਵੱਲ ਵੇਖਣ ਦਾ ਸਮਾਂ ਹੈ ਹੀ ਨਹੀਂ, ਕਿਧਰ ਤੁਰ ਪਿਆ ਐਂ। ਇਹ ਮੇਰੀ ਬੇਨਤੀ ਏ, ਇਹ ਅੱਜ ਪੱਕਾ ਆਪਣੇ ਹਿਰਦੇ ਦੀਆਂ ਡਾਇਰੀਆਂ 'ਤੇ ਨੋਟ ਕਰ ਲਓ, ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਤੇ ਗੁਰਪੁਰਬ ਇੰਝ ਵੀ ਮਨਾ।

ਆਖੋ : ਵਾਹਿਗੁਰੂ-ਵਾਹਿਗੁਰੂ।

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***

ਅੱਗੇ ਕੀ ਕਹਿ ਰਹੇ? ਪੜ੍ਹਿਓ ਜੀ :

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨ ॥ ੧ ॥***

ਮਹਾਰਾਜ ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ, ਪਿਆਰਿਆ ! ਜਦ ਤੱਕ ਤੂੰ ਆਪਣੇ ਆਤਮਿਕ ਜੀਵਨ ਦੀ ਪਰਖ ਨਹੀਂ ਕਰਦਾ, ਆਪਣੇ ਅੰਦਰ ਨਹੀਂ ਵੜਦਾ, ਆਪੇ ਦੀ ਖੋਜ ਨਹੀਂ ਕਰਦਾ, ਉਦੋਂ ਤੱਕ ਤੇਰੇ ਮਨ ਤੋਂ ਭਟਕਣਾ ਦਾ ਜਾਲਾ ਦੂਰ ਹੋ ਹੀ ਨਹੀਂ ਸਕਦਾ। ਉਦੋਂ ਤੱਕ ਭਟਕਣਾ ਦੂਰ ਹੋ ਹੀ ਨਹੀਂ ਸਕਦੀ ਤੇਰੀ। ਭਟਕਣਾ ਦੂਰ ਹੋਏਗੀ ਹੀ ਉਦੋਂ, ਜਦੋਂ ਤੂੰ ਆਪਣੇ ਅੰਦਰ ਦੀ ਖੋਜ ਕਰੇਂਗਾ। ਅੱਜ ਦੇ ਸ਼ਬਦ ਵਿਚ ਮਹਾਰਾਜ ਜੀ ਨੇ ਆਹ ਗਿਆਨ ਦਿੱਤਾ ਹੈ। ਮੈਂ ਬਿਲਕੁਲ ਸੰਖੇਪ ਦੇ ਵਿਚ ਇਕ ਗੱਲ ਤੁਹਾਡੇ ਨਾਲ ਸ਼ੇਅਰ ਕਰਨੀ ਏ ਔਰ ਉਹ ਗੱਲ ਨੂੰ ਸੁਨਣ ਤੋਂ ਬਾਅਦ ਆਪਣਾ ਮਨ ਵੇਚ ਦੇਣਾ, ਆਪਣੇ ਮਾਲਕ ਪਿਤਾ ਦੇ ਚਰਨਾਂ ਦੇ ਵਿਚ।

ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਅਸਾਮ ਦੀ ਧਰਤੀ 'ਤੇ ਗਏ। ਬੇਅੰਤ ਸੰਗਤਾਂ ਨੇ ਆ ਕੇ ਅਰਦਾਸ ਕੀਤੀ ਪਿਤਾ ਜੀ ਦੇ ਅੱਗੇ। ਉਥੋਂ ਦਾ ਰਾਜਾ ਰਾਮ ਰਾਇ ਉਹ ਵੀ ਆਇਆ। ਗੁਰੂ ਪ੍ਰਮੇਸ਼ਰ ਸਾਈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਦਾਰਿਆਂ ਵਾਸਤੇ। ਆ ਕੇ ਬੇਨਤੀ ਪਤਾ ਕੀ ਕੀਤੀ? ਕਹਿੰਦਾ, ''ਸਤਿਗੁਰੂ ! ਕਿਰਪਾ ਕਰੋ, ਮੇਰੀ ਝੋਲੀ ਦੇ ਵਿਚ ਪੁੱਤਰ ਦੀ ਦਾਤ ਪਾਓ।'' ਹੁਣ ਬੇਨਤੀ ਕਰਨ ਦਾ ਜਿਹੜਾ ਢੰਗ ਸੀ ਬੜਾ ਪਿਆਰਾ ਸੀ। ਉਹ ਪਤਾ ਕਿਹੜਾ ਸੀ? ਕਿਉਂਕਿ ਜੁਗਤ ਹੋਵੇ ਤੇ ਬੰਦਾ ਝੋਲੀਆਂ ਭਰਵਾ ਲੈਂਦਾ ਏ। ਜੁਗਤ ਤੋਂ ਬਿਨਾਂ ਗੱਲ ਨਹੀਂ ਬਣਨੀ। ਹੁਣ ਬੇਨਤੀ ਕਰਨ ਦਾ ਢੰਗ ਪਤਾ ਕੀ ਸੀ ਰਾਮ ਰਾਇ ਦਾ? ਕਹਿੰਦਾ, ''ਸਤਿਗੁਰੂ ! ਮੇਰੀ ਝੋਲੀ ਦੇ ਵਿਚ ਪੁੱਤਰ ਦੀ ਦਾਤ ਪਾਓ''। ਤੇ ਬੇਨਤੀਆਂ ਕਰਦਿਆਂ-ਕਰਦਿਆਂ ਮਹਾਰਾਜ ਦੇ ਚਰਨਾਂ ਵਿਚ ਆਪਣੇ ਰਾਜ ਭਾਗ ਦੀਆਂ ਸਾਰੀਆਂ ਚਾਬੀਆਂ ਰੱਖ ਦਿੱਤੀਆਂ। ਮਹਾਰਾਜ ਕਹਿੰਦੇ, ''ਰਾਮ ਰਾਇ ! ਇਹ ਚਾਬੀਆਂ ਕਾਹਨੂੰ ਰੱਖਦਾ ਐਂ?'' ਕਹਿੰਦਾ, ''ਸਤਿਗੁਰੂ ! ਮੇਰੀ ਬੇਨਤੀ ਏ, ਇਹ ਜਿਹੜੀਆਂ ਚਾਬੀਆਂ ਏ, ਜਾਂ ਤੇ ਚਾਬੀਆਂ ਤੁਸੀਂ ਰੱਖ ਲਓ ਜਾਂ ਚਾਬੀਆਂ ਨੂੰ ਸਾਂਭਣ ਵਾਲਾ ਮੇਰੀ ਝੋਲੀ ਵਿਚ ਪਾ ਦਿਓ।'' ਆਖੋ : ਵਾਹਿਗੁਰੂ-ਵਾਹਿਗੁਰੂ।

ਜਾਂ ਤੇ ਚਾਬੀਆਂ ਤੁਸੀਂ ਰੱਖ ਲਓ, ਜਾਂ ਫਿਰ ਅੱਗੋਂ ਰਾਜ ਭਾਗ ਸੰਭਾਲਣ ਵਾਲਾ, ਚਾਬੀਆਂ ਨੂੰ ਸੰਭਾਲਣ ਵਾਲਾ ਪੁੱਤਰ ਮੇਰੀ ਝੋਲੀ 'ਚ ਪਾ ਦਿਓ ਤੇ ਮਹਾਰਾਜ ਗੁਰੂ ਤੇਗ ਬਹਾਦਰ ਸਾਹਿਬ ਇਹਦੀ ਬੇਨਤੀ ਕਰਨ ਦੇ ਢੰਗ ਤੋਂ ਬੜੇ ਪ੍ਰਸੰਨ ਹੋਏ ਤੇ ਮੇਰੇ ਸਤਿਗੁਰਾਂ ਦੇ ਕੋਲ ਉਸ ਵੇਲੇ 'ਇਕ ਓਅੰਕਾਰ' ਦੀ ਮੋਹਰ ਸੀ। ਤੇ ਮੇਰੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ, ''ਰਾਮ ਰਾਇ ! ਤੇਰੇ ਘਰ ਵਿਚ ਪੁੱਤਰ ਦਾ ਜਨਮ ਹੋਏਗਾ ਤੇ ਪਿਆਰਿਆ ! ਉਹਦੇ ਕੇਸ ਲੰਬੇ ਹੋਣਗੇ ਤੇ ਸਦਾ ਹੀ ਰਹਿਣਗੇ। ਜਦ ਤੱਕ ਉਹ ਰਹੇਗਾ, ਕੇਸ ਉਹਦੇ ਲੰਬੇ ਹੋਣਗੇ ਤੇ ਸਦਾ ਹੀ ਰਹਿਣਗੇ ਤੇ ਗੁਰੂ ਸਾਹਿਬ ਪਤਾ ਕੀ ਕਹਿੰਦੇ, ਪਿਆਰਿਆ ! ਹੇ ਰਾਜਾ ! ਜਿਹੜਾ ਪੁੱਤਰ ਤੇਰੇ ਘਰ ਦੇ ਵਿਚ ਹੋਏਗਾ, ਉਹਦੇ ਮੱਥੇ ਦੇ ਉਤੇ 'ਇਕ ਓਅੰਕਾਰ' ਦੀ ਮੋਹਰ ਖੁਦੀ ਹੋਏਗੀ। ਆਖੋ : ਵਾਹਿਗੁਰੂ-ਵਾਹਿਗੁਰੂ।

ਮਹਾਰਾਜ ਕਹਿੰਦੇ, ਜਿਹੜਾ ਤੇਰੇ ਘਰ ਪੁੱਤਰ ਆਏਗਾ ਉਹਦੇ ਮੱਥੇ ਦੇ ਉਤੇ 'ਇਕ ਓਅੰਕਾਰ' ਦੀ ਮੋਹਰ ਖੁਦੀ ਹੋਏਗੀ, ਕਿਉਂਕਿ ਤੂੰ ਬੜੇ ਦੁਆਰੇ ਘੁੰਮੇ ਨੇ, ਬੜੀਆਂ ਥਾਵਾਂ 'ਤੇ ਜਾ ਕੇ ਪੁੱਤਰ ਦੀ ਬੇਨਤੀ ਕੀਤੀ ਏ, ਬੜੀਆਂ ਥਾਂਵਾਂ 'ਤੇ ਫਰਿਆਦ ਕੀਤੀ ਏ ਤੇ ਇਹ ਮੋਹਰ ਤੇਰੇ ਯਕੀਨ ਦੇ ਲਈ, ਤੇਰੀ ਤਸੱਲੀ ਦੇ ਲਈ ਉਹਦੇ ਮੱਥੇ 'ਤੇ ਉਕਰੀ ਆਏਗੀ, ਜਿਹੜਾ ਤੈਨੂੰ ਪੁੱਤਰ ਮਿਲਿਆ, ਗੁਰੂ ਨਾਨਕ ਦੇ ਘਰ 'ਚੋਂ ਹੀ ਮਿਲਿਆ।

ਦੇਖੋ ਪਿਆਰਿਓ ! ਅਸੀਂ ਕਈ ਵਾਰੀ ਨਾ ਢੇਰੀਆਂ ਢਾਹ ਦੇਨੇ ਹਾਂ। ਜਿਵੇਂ ਪਹਿਲੇ ਸ਼ੁਰੂਆਤ 'ਚ ਬੇਨਤੀ ਕੀਤੀ ਸੀ, ਕਰਮਾਂ 'ਚ ਹੋਏਗਾ ਜੋ ਉਹੀ ਹੋਣਾ ਐ। ਨਿਤਨੇਮ ਵਧਾਓ, ਬੰਦਗੀ ਦੇ ਪਹਿਰੇ ਵਧਾਓ, ਅੰਮ੍ਰਿਤ ਵੇਲੇ ਦੀ ਸੰਭਾਲ ਕਰੋ, ਜਿਹੜੀ ਦਾਤ ਕਰਮਾਂ 'ਚ ਨਹੀਂ ਲਿਖੀ, ਉਹਦੇ ਨਾਲ ਵੀ ਬਾਪੂ ਝੋਲੀਆਂ ਭਰ ਦਿੰਦਾ ਏ। ਕਰਮ ਉਹਦੇ ਹੱਥ 'ਚ ਨੇ। ਭਾਈ ਵੀਰ ਸਿੰਘ ਲਿਖਦੇ, ਜਿੰਨੇ ਲੀਕਾਂ ਪਾਈਆਂ ਨੇ, ਲੀਕਾਂ ਜੋ ਅਸੀਂ ਕਰਮ ਅਜੇ ਭੋਗੇ ਨਹੀਂ, ਕਹਿੰਦੇ, ਜਿਨ੍ਹੇ ਇਹ ਲੀਕਾਂ ਪਾ ਦਿੱਤੀਆਂ, ਮੰਨ ਲਓ ਪਾ ਦਿੱਤੀਆਂ, ਲੀਕਾਂ ਸਾਡੇ ਕਰਮਾਂ 'ਤੇ ਅਸੀਂ ਦਸ ਸਾਲ ਗਰੀਬੀ ਭੋਗਣੀ ਏ, ਪੈ ਗਈਆਂ ਲੀਕਾਂ। ਦਸ ਸਾਲ ਕੋਈ ਕਸ਼ਟ ਭੋਗਣਾ ਐ, ਪੈ ਗਈਆਂ ਲੀਕਾਂ। ਕਹਿੰਦੇ, ਤੂੰ ਉਹਦਾ ਬਣ ਤੇ ਸਹੀਂ, ਦਿਲੋਂ ਉਹਦੇ ਅੱਗੇ ਫਰਿਆਦ ਤੇ ਕਰ, ਜੇ ਉਹਨੇ ਲੀਕਾਂ ਪਾ ਦਿੱਤੀਆਂ, ਦਸ ਸਾਲ ਤੂੰ ਗਰੀਬੀ ਭੋਗਣੀ ਏ, ਉਹ ਲੀਕਾਂ ਨੂੰ ਬਦਲ ਵੀ ਸਕਦਾ ਐ। ਦਸਾਂ ਸਾਲਾਂ ਦਾ ਤੇਰਾ ਕਸ਼ਟ ਦਸਾਂ ਦਿਨਾਂ ਵਿਚ ਵੀ ਕੱਟ ਸਕਦਾ ਐ। ਦਸਾਂ ਮਿੰਟਾਂ 'ਚ ਕੱਟ ਸਕਦਾ ਐ। ਤੇ ਦਸਾਂ ਮਿੰਟਾਂ ਦਾ ਕਸ਼ਟ ਉਹ ਸੁਪਨੇ 'ਚ ਵੀ ਕੱਟ ਸਕਦਾ ਐ। ਉਹਦੇ ਕੋਲ ਸਾਰੇ ਈ ਖਾਤੇ ਨੇ। ਆਖੋ : ਧੰਨ ਗੁਰੂ ਰਾਮਦਾਸ ਜੀ।.....ਧੰਨ ਬਾਬਾ ਦੀਪ ਸਿੰਘ ਜੀ।

ਮਹਾਰਾਜ ਨੇ ਇਹਨੂੰ ਇਹ ਗੱਲ ਕਹੀ ਕਿ ਜਿਹੜਾ ਤੇਰੇ ਘਰ ਵਿਚ ਪੁੱਤਰ ਜਨਮ ਲਏਗਾ ਉਹਦੇ ਮੱਥੇ ਦੇ ਉਤੇ 'ਇਕ ਓਅੰਕਾਰ' ਖੁਦਿਆ ਹੀ ਹੋਏਗਾ ਯਕੀਨ ਲਈ, ਤਸੱਲੀ ਦੇ ਲਈ ਕਹਿ ਰਹੇ ਹਾਂ ਤੈਨੂੰ ਯਕੀਨ ਆਵੇ, ਕਿਉਂਕਿ ਤੂੰ ਬੜੀਆਂ ਥਾਵਾਂ 'ਤੇ ਭਟਕਿਆ ਏਂ, ਤੈਨੂੰ ਯਕੀਨ ਆਵੇ ਕਿ ਪੁੱਤਰ ਤੈਨੂੰ ਗੁਰੂ ਨਾਨਕ ਦੇ ਘਰ 'ਚੋਂ ਹੀ ਮਿਲਿਆ ਹੈ ਤੇ ਸਮਾਂ ਬੀਤਿਆ ਪਿਆਰਿਓ ! ਇਹਦੇ ਘਰ ਪੁੱਤਰ ਨੇ ਲਿਆ ਜਨਮ। ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਹੈ। ਰਾਮ ਰਾਇ ਨੇ ਆਪਣੇ ਪੁੱਤਰ ਦਾ ਨਾਮ ਰੱਖਿਆ ਰਤਨ ਰਾਇ। ਆਖੋ : ਵਾਹਿਗੁਰੂ।

ਇਹ ਜਿੰਨੀ ਸੰਗਤ ਸੁਣਦੀ ਏ, ਜਿਥੋਂ ਇਹ ਮੱਥੇ ਤੋਂ ਸਾਡੇ ਕੇਸ ਸ਼ੁਰੂ ਹੁੰਦੇ ਆ, ਇਹ ਬੱਚੇ ਦੇ ਇਸ ਜਗ੍ਹਾ ਦੇ ਉਤੇ 'ਇਕ ਓਅੰਕਾਰ' ਖੁਦਿਆ ਹੀ ਹੋਇਆ ਸੀ। ਮਾਲਕ ਪਿਤਾ ਜੀ ਨੇ ਜਿਹੜਾ ਬਚਨ ਕੀਤਾ ਸੀ ਉਹ ਪੂਰਾ ਹੋਇਆ। ਤੇ ਮੈਂ ਜਿਹੜੀ ਅਗਲੀ ਗੱਲ ਤੁਹਾਡੇ ਨਾਲ ਕਰਨੀ ਏ, ਜਦੋਂ ਤੁਸੀਂ ਸਤਿਗੁਰਾਂ ਦੇ ਬਣਦੇ ਹੋ, ਸਤਿਗੁਰੂ ਬਖ਼ਸ਼ਿਸ਼ਾਂ ਕਰਦੇ ਹੀ ਕਰਦੇ ਨੇ ਪਰ ਜਦੋਂ ਉਹ ਬਖ਼ਸ਼ਿਸ਼ਾਂ ਕਰਨ ਤੇ ਉਹ ਬਖਸ਼ਿਸ਼ਾਂ ਕਰਨ ਵਾਲੇ ਨੂੰ ਨਾ ਕਦੀ

ਭੁੱਲਿਓ ਨਾ। ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਤਿੰਨ ਚਾਰ ਸਾਲਾਂ ਦੇ ਬਾਅਦ ਰਾਮ ਰਾਇ ਚੜ੍ਹਾਈ ਕਰ ਗਿਆ। ਜਦੋਂ ਰਾਮ ਰਾਇ ਚੜ੍ਹਾਈ ਕਰਨ ਲੱਗਾ, ਆਪਣੀ ਘਰਵਾਲੀ ਨੂੰ ਭਾਵ ਆਪਣੀ ਰਾਣੀ ਨੂੰ ਕਹਿੰਦਾ, ''ਐ ਭਾਗਾਂ ਵਾਲੀਏ ! ਮੈਂ ਤੈਨੂੰ ਇਕ ਗੱਲ ਕਹਿ ਕੇ ਜਾ ਰਿਹਾਂ ਕਿ ਜਿਥੋਂ ਇਹ ਦਾਤ ਮਿਲੀ ਏ ਸਾਨੂੰ ਪੁੱਤਰ ਦੀ, ਜਿਹਦੀ ਬਖ਼ਸ਼ਿਸ਼ ਦੇ ਨਾਲ ਸਾਡੇ ਘਰ ਪੁੱਤਰ ਆਇਆ ਹੈ, ਕਿਤੇ ਉਹਦਾ ਸ਼ੁਕਰਾਨਾ ਕਰਨਾ ਨਾ ਭੁੱਲ ਜਾਈਂ, ਉਹਦਾ ਸ਼ੁਕਰਾਨਾ ਨਾ ਭੁੱਲੀਂ।'' ਅਸੀਂ ਸ਼ੁਕਰਾਨੇ ਭੁੱਲ ਜਾਂਦੇ ਹਾਂ। ਇਹ ਨਾ ਭੁੱਲਿਆ ਕਰੋ। ਹਰ ਵਕਤ ਉਹਦੇ ਸ਼ੁਕਰਾਨੇ ਕਰਿਆ ਕਰੋ। ਹੁਣ ਸਮਾਂ ਸੀਮਿਤ ਏ ਆਪਣੇ ਕੋਲ।

ਜਦੋਂ ਰਤਨ ਰਾਇ ਨੇ ਹੋਸ਼ ਸੰਭਾਲੀ ਤੇ ਇਕ ਦਿਨ ਮਾਂ ਨੂੰ ਪੁੱਛਦਾ ਐ। ਸ਼ੀਸ਼ੇ ਦੇ ਸਾਹਮਣੇ ਖਲੋਤਾ ਐ ਤੇ ਮਾਂ ਨੂੰ ਪੁੱਛਦਾ ਐ ਕਿ—''ਮਾਂ ! ਇਹ ਮੇਰੇ ਮੱਥੇ ਦੇ ਉਤੇ ਕੀ ਖੁਦਿਆ ਐ?'' ਕਹਿੰਦੀ, ''ਪੁੱਤ ! ਗੁਰੂ ਤੇਗ ਬਹਾਦਰ ਸਾਹਿਬ ਨੇ ਤੇਰੇ ਉਤੇ ਬਖ਼ਸ਼ਿਸ਼ ਕੀਤੀ ਏ। ਤੂੰ ਗੁਰੂ ਤੇਗ ਬਹਾਦਰ ਦੀ ਕਿਰਪਾ ਨਾਲ ਸਾਡੇ ਘਰ ਵਿਚ ਆਇਆਂ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਬਚਨਾਂ ਸਦਕਾ ਤੇਰੇ ਮੱਥੇ 'ਤੇ 'ਇਕ ਓਅੰਕਾਰ' ਦੀ ਮੋਹਰ ਏ।''

ਉਸ ਵੇਲੇ ਰਤਨ ਰਾਇ ਕਹਿੰਦਾ, ''ਮਾਂ ! ਜਿਹਦੀ ਬਖ਼ਸ਼ਿਸ਼ ਮੈਂ ਨਾਲ ਆਇਆ ਹਾਂ। ਮੈਨੂੰ ਵੀ ਤੇ ਉਹਦੇ ਦੀਦਾਰ ਕਰਵਾ। ਮੈਨੂੰ ਵੀ ਤੇ ਉਹਦੇ ਦਰਸ਼ਨ ਕਰਵਾ।'' ਤੇ ਹੁਣ ਮਾਂ ਨੇ ਇਕ ਗੱਲ ਕਹੀ, ''ਪੁੱਤਰ ! ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜਗ੍ਹਾ ਦੇ ਉਤੇ ਹੁਣ ਦਸਵੇਂ ਪਾਤਸ਼ਾਹ ਰੰਗ ਭਾਗ ਲਾ ਰਹੇ ਨੇ। ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਦੀ ਰੱਖਿਆ ਦੀ ਖਾਤਰ ਚਾਂਦਨੀ ਚੌਂਕ ਦੇ ਵਿਚ ਆਪਣਾ ਬਲੀਦਾਨ ਦਿੱਤਾ ਹੈ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਅਨੰਦਪੁਰ ਸਾਹਿਬ ਭਾਗ ਲਾ ਰਹੇ ਨੇ।'' ਤੇ ਪਿਆਰਿਓ ! ਇਹ ਫਿਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ੁਕਰਾਨੇ ਕਰਨ ਆਈ ਰਾਣੀ ਤੇ ਇਹਦਾ ਪੁੱਤਰ ਰਤਨ ਰਾਇ ਵੀ।

ਜਿਹੜਾ ਤੁਸੀਂ ਸੁਣਦੇ ਹੋ ਮਹਾਰਾਜ ਦੇ ਕੋਲ ਪ੍ਰਸ਼ਾਦੀ ਹਾਥੀ ਸੀ, ਇਹ ਪ੍ਰਸ਼ਾਦੀ ਹਾਥੀ ਰਤਨ ਰਾਇ ਲੈ ਕੇ ਆਇਆ ਸੀ। ਮਹਾਰਾਜ ਦੇ ਕੋਲ ਪੰਜ ਕਲਾ ਸ਼ਸ਼ਤਰ ਸੀ। ਉਹਦੀਆਂ ਪੰਜ ਕਲਾਵਾਂ ਸੀ। ਪੰਜ ਤਰ੍ਹਾਂ ਦੇ ਨਾਲ ਉਹ ਵਰਤੋਂ ਵਿਚ ਆਉਂਦਾ ਸੀ। ਉਹ ਸ਼ਸ਼ਤਰ ਵੀ ਰਤਨ ਰਾਇ ਨੇ ਭੇਟ ਕੀਤਾ ਸੀ। ਮਹਾਰਾਜ ਜਿਸ ਚੰਦਨ ਦੀ ਚੌਂਕੀ ਦੇ ਉਤੇ ਪੈਰ ਰੱਖ ਕੇ ਜ਼ਮੀਨ ਦੇ ਉਤੇ ਪੈਰ ਧਰਦੇ ਸੀ ਤੇ ਪਿਆਰਿਓ ! ਉਹ ਚੌਂਕੀ ਵੀ ਰਤਨ ਰਾਇ ਨੇ ਭੇਟ ਕੀਤੀ ਸੀ। ਜਿਹੜਾ ਪ੍ਰਸ਼ਾਦੀ ਹਾਥੀ ਬੜਾ ਟਰੇਂਡ ਸੀ, ਮਹਾਰਾਜ ਨੂੰ ਚੌਰ ਵੀ ਝੁਲਾਉਂਦਾ ਸੀ ਤੇ ਜਦੋਂ ਮਹਾਰਾਜ ਨੇ ਕਿਤੇ ਰਾਤੀਂ ਜਾਣਾ ਹੋਵੇ, ਇਹ ਸੁੰਡ ਵਿਚ ਮਸ਼ਾਲ ਫੜ ਕੇ ਅੱਗੇ-ਅੱਗੇ ਵੀ ਤੁਰਦਾ ਸੀ। ਇਹ ਵੀ ਰਤਨ ਰਾਇ ਨੇ ਭੇਟਾ ਕੀਤਾ ਸੀ।

ਮੇਰੀ ਬੇਨਤੀ ਸਮਝਿਓ। ਬਸ ਏਨੀ ਕੁ ਗੱਲ ਏ। ਇਹਨੂੰ ਜ਼ਰਾ ਧਿਆਨ ਨਾਲ ਸੋਚੋਗੇ, ਇਹਦਾ ਅਰਥ, ਇਹਦਾ ਮਤਲਬ ਬੜਾ ਵੱਡਾ ਨਿਕਲੇਗਾ। ਪਹਿਲੀ ਗੱਲ—ਆਪਣੇ ਮਾਲਕ ਪਿਤਾ ਤੋਂ ਇਲਾਵਾ ਕਿਸੇ ਦੂਜੇ ਦੇ ਅੱਗੇ ਝੋਲੀ ਨਹੀਂ ਵਿਛਾਉਣੀ। ਭਾਵੇਂ ਸਾਡੇ ਅੱਗੇ ਕੋਈ ਸੋਨੇ ਦਾ ਬਣ ਕੇ ਆ ਜਾਵੇ ਕਿ ਮੈਂ ਤੇਰਾ ਗੁਰੂ ਹਾਂ, ਉਹਨੂੰ ਦੂਰੋਂ ਮੱਥਾ ਟੇਕ ਦਿਓ। ਚੰਗਾ ਹੋਏਂਗਾ, ਵੱਡਾ ਹੋਏਂਗਾ ਆਪਣੇ ਘਰ ਰਾਜ਼ੀ ਰਹੋ। ਮੇਰੇ ਲਈ ਵੱਡਾ ਮੇਰਾ ਗੁਰੂ ਨਾਨਕ ਏ। ਮੇਰੇ ਲਈ ਵੱਡਾ ਮੇਰਾ ਸਾਹਿਬ ਏ, ਮੇਰੇ ਲਈ ਵੱਡਾ ਮੇਰਾ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਹੈ, ਦੂਜਾ ਨਹੀਂ ਕੋਈ। ਰਾਜ਼ੀ ਰਹੋ ਆਪਣੇ ਘਰ ਤੂੰ, ਹੋਏਂਗਾ ਵੱਡਾ, ਅਸੀਂ ਕੀ ਜਾਣੀਏ ਤੈਨੂੰ? ਝੋਲੀ ਵਿਛਾਉਣੀ ਕੇਵਲ ਤੇ ਕੇਵਲ ਆਪਣੇ ਮਾਲਕ ਪਿਤਾ ਦੇ ਅੱਗੇ।

ਦੂਜੀ ਗੱਲ—ਜਦੋਂ ਝੋਲੀ ਕਰੋਗੇ ਉਹਦੇ ਅੱਗੇ ਨਿਮਰਤਾ ਦੇ ਵਿਚ, ਉਹ ਦਾਤਾਂ ਦੇਵੇਗਾ ਹੀ ਦੇਵੇਗਾ। ਤੇ ਜਦੋਂ ਦਾਤਾਂ ਨਾਲ ਝੋਲੀਆਂ ਭਰ ਦੇਵੇ, ਉਹਦਾ ਸ਼ੁਕਰਾਨਾ ਕਰਨਾ ਨਾ ਭੁੱਲਿਓ ! ਆਖੋ : ਵਾਹਿਗੁਰੂ-ਵਾਹਿਗੁਰੂ।

ਗੁਰੂ ਕਿਰਪਾ ਕਰੇ, ਬਖ਼ਸ਼ਿਸ਼ ਕਰੇ, ਅੱਜ ਜਿਹੜੀਆਂ ਮੈਂ ਤਿੰਨ ਚਾਰ ਗੱਲਾਂ ਕੀਰਤਨ ਦੇ ਵਿਚ ਸਾਂਝੀਆਂ ਕੀਤੀਆਂ ਨੇ ਤੁਹਾਡੇ ਨਾਲ। ਤਿੰਨ ਚਾਰ ਸੁਨੇਹੇ ਦਿੱਤੇ ਨੇ, ਗੁਰੂ ਜੀ ਦੇ ਜੀਵਨ ਵਿੱਚੋਂ, ਇਹ ਸੁਨੇਹੇ ਜ਼ਰੂਰ ਆਪਣੇ ਜੀਵਨ ਦੇ ਵਿਚ ਢਾਲਣ ਦਾ ਯਤਨ ਕਰਿਓ। ਕੀਰਤਨ ਦੀ ਹੁਣ ਸਮਾਪਤੀ ਏ। ਭੁੱਲ-ਚੁੱਕ ਦੀ ਖਿਮਾ ਕਰ ਦੇਣਾ। ਸਾਨੂੰ ਅਸੀਸ ਦਿਓ। ਪਿਆਰ ਸਹਿਤ ਸਾਰੇ ਫਤਹਿ ਬੁਲਾਓ। ਆਖੋ ਜੀ :

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਹਰਿ ਬਿਸਰਤ ਸਦਾ ਖੁਆਰੀ॥

(ਅੰਗ ੭੧੧)

ਵਾਹਿਗੁਰੂ-ਵਾਹਿਗੁਰੂ।

ਧੰਨ ਗੁਰੂ ਰਾਮਦਾਸ ਜੀ।....ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਪਿਆਰਿਓ ! ਅੱਜ ਗੁਰੂ ਰਾਮਦਾਸ ਪਿਤਾ, ਬਾਬਾ ਦੀਪ ਸਿੰਘ ਜੀ ਦਾ ਤਰਸ ਵਰਤਿਆ, ਸਾਨੂੰ ਸਾਰਿਆਂ ਨੂੰ ਤਰਸ ਦੇ ਖਾਤੇ ਦੇ ਵਿੱਚੋਂ ਆਪਣੀ ਗੋਦ ਦੇ ਵਿਚ ਬਿਠਾਇਆ। ਥੋੜ੍ਹੇ ਜਿਹੇ ਮਿੰਟ ਮੈਂ ਲੈਣੇ ਨੇ। ਇਕ ਬੇਨਤੀ, ਅਜੇ ਵੀ ਜਿੰਨੇ ਹਾਜ਼ਰੀ ਨਹੀਂ ਲਾਈ, ਲਾ ਲਓ ਹਾਜ਼ਰੀ। ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਮੈਂ ਗੱਲ ਸ਼ੁਰੂ ਕਰਾਂ ਸਾਰੇ ਧਿਆਨ ਕਥਾ ਵੱਲ ਰੱਖਿਓ। ਇਕ-ਇਕ ਕਥਾ ਦਾ ਕੀਰਤਨ ਦਾ ਕਿਨਕਾ ਯਤਨ ਕਰਿਓ ਸਾਡੇ ਸਰੀਰ ਰੂਪੀ ਖੇਤ ਦੇ ਅੰਦਰ ਡਿੱਗੇ। ਇਹ ਮੇਰੀ ਬੇਨਤੀ ਏ।

ਇਕ ਅਗਿਆਨੀ ਬੰਦਾ ਏ, ਜਿਹਨੂੰ ਗਿਆਨ ਨਹੀਂ ਏ, ਗੁਰੂ ਘਰ ਦੇ ਨਾਲ ਨਹੀਂ ਜੁੜਿਆ ਹੋਇਆ। ਧਿਆਨ ਦੇਣਾ। ਇਕ ਅਗਿਆਨੀ ਬੰਦਾ ਕਦੇ ਵੀ ਆਪਣੇ ਆਪ ਦਾ ਚਿੰਤਨ ਨਹੀਂ ਕਰਦਾ, ਆਪਣੇ ਆਪ ਦਾ। ਕਦੀ ਆਪਣੇ ਅੰਦਰ ਵੜ ਕੇ ਨਹੀਂ ਵੇਖਦਾ। ਸਾਨੂੰ ਤੇ ਸਤਿਗੁਰਾਂ ਨੇ ਇਹ ਸਮਝਾਇਆ ਹੈ :

***ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*** (ਅੰਗ ੭੨੭)

ਆਪਣੇ ਅੰਦਰ ਵੜ, ਆਪਣੇ ਅੰਦਰ ਖਾਸ ਕਰਕੇ ਜਿੰਨੇ ਬੱਚੇ ਬੈਠੇ ਹੋ, ਨੌਜੁਆਨ ਬੱਚੇ, ਬੱਚੀਆਂ ਨਿਊ ਜਨਰੇਸ਼ਨ ਇਕ ਗੱਲ ਮੇਰੀ ਸੁਣਿਓ ! ਜਿਹੜਾ ਇਕ ਅਗਿਆਨੀ ਬੰਦਾ ਏ ਪਿਆਰਿਓ ! ਉਹ ਕਦੇ ਵੀ ਆਪਣੇ ਆਪ ਦਾ ਚਿੰਤਨ ਨਹੀਂ ਕਰਦਾ। ਉਹ ਸਦਾ ਆਪਣੇ ਜੀਵਨ ਦੇ ਵਿਚ ਜਿੰਨੇ ਦੁੱਖ ਆਉਂਦੇ ਨੇ, ਉਹ ਦੁੱਖਾਂ ਦੇ ਲਈ ਸਦਾ ਹੀ ਦੂਜਿਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਏ। ਇਹ ਫਲਾਣਾ ਸਮਾਂ ਜਿਹੜੀ ਮੇਰੀ ਲਾਈਫ ਵਿਚ ਬਣਿਆ, ਫਲਾਣੇ ਦੇ ਕਰਕੇ ਬਣਿਆ। ਇਹ ਜਿਹੜਾ ਮਹੌਲ ਬਣਿਆ ਮੇਰੀ ਜ਼ਿੰਦਗੀ ਦੇ ਵਿਚ, ਇਹ ਦੂਜਿਆਂ ਕਰਕੇ ਬਣਿਆ। ਅਗਿਆਨੀ ਬੰਦਾ ਕਦੀ ਵੀ ਆਪਣੇ ਆਪ ਦਾ ਚਿੰਤਨ ਨਹੀਂ ਕਰਦਾ। ਆਪਣੇ ਦੁੱਖਾਂ ਲਈ ਸਦਾ ਹੀ ਦੂਜਿਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ।

ਹੁਣ ਬੱਚਾ ਛੋਟਾ ਹੋਵੇ। ਹੁਣ ਬੱਚਾ ਕਈ ਵਾਰੀ ਫਰਸ਼ ਦੇ ਉਤੇ ਡਿੱਗ ਜਾਂਦਾ ਹੈ ਤੇ ਆਮ ਤੌਰ 'ਤੇ ਸਾਡੀਆਂ ਮਾਂਵਾਂ ਪਤਾ ਕੀ ਕਰਦੀਆਂ? ਜਦੋਂ ਬੱਚਾ ਡਿੱਗ ਜਾਂਦਾ ਹੈ ਤੇ ਮਾਂ

ਕਰਦੀ ਕੀ ਏ, ਜਦੋਂ ਬੱਚੇ ਨੂੰ ਰੋਂਦਾ ਦੇਖਦੀ ਏ ਤੇ ਉਹਨੂੰ ਚੁੱਪ ਕਰਾਉਣ ਦਾ ਤਰੀਕਾ ਅਪਨਾਉਂਦੀ ਏ। ਫਰਸ਼ ਦੇ ਉਤੇ ਕਈ ਵਾਰੀ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੰਦੀ ਏ। ਇਹਦੀ ਗਲਤੀ ਏ। ਇੱਦਾਂ ਹੀ ਹੁੰਦਾ ਹੈ ਆਮ ਸਾਡੇ ਘਰਾਂ 'ਚ।

ਛੋਟਾ ਬੱਚਾ ਜੇ ਕਿਤੇ ਡਿੱਗ ਪਿਆ ਤੇ ਉਸ ਵੇਲੇ ਮਾਂ ਨੇ ਉਹਨੂੰ ਚੁੱਪ ਕਰਾਉਣ ਦਾ ਤਰੀਕਾ ਕੀ ਬਣਾਇਆ ਕਿ ਫਰਸ਼ ਦੇ ਉਤੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਬੱਚੇ ਨੂੰ ਇਹ ਅਹਿਸਾਸ ਕਰਵਾਇਆ ਕਿ ਡਿੱਗਣ ਵਿੱਚ ਤੇਰਾ ਕਸੂਰ ਨਹੀਂ, ਫਰਸ਼ ਦਾ ਕਸੂਰ ਏ। ਤੇ ਹੁਣ ਜਦੋਂ ਬੱਚਾ ਦੇਖਦਾ ਹੈ, ਮੇਰੀ ਮਾਂ ਫਰਸ਼ ਨੂੰ ਏਦਾਂ ਦੋ ਤਿੰਨ ਚਪੇੜਾਂ ਮਾਰ ਰਹੀ ਏ, ਕਦੀ ਨੋਟ ਕਰਨਾ, ਬੱਚਾ ਇਹ ਚੀਜ਼ ਵੇਖ ਕੇ ਉਸੇ ਵੇਲੇ ਚੁੱਪ ਕਰ ਜਾਂਦਾ ਹੈ। ਆਪਣੀ ਸੱਟ ਭੁੱਲ ਜਾਂਦਾ ਹੈ। ਏਦਾਂ ਹੀ ਹੁੰਦਾ ਹੈ ਨਾ ਜੀ।

ਤੇ ਜਦੋਂ ਉਹੋ ਹੀ ਬੱਚਾ ਹੋਇਆ ਵੱਡਾ। ਥੋੜ੍ਹਾ ਜਿੰਨਾ ਜਦੋਂ ਵੱਡਾ ਹੋਇਆ, ਜਦੋਂ ਉਹ ਬੱਚਾ ਫਿਰ ਡਿੱਗਦਾ ਹੈ ਤਾਂ ਉਸ ਵੇਲੇ ਮਾਂ ਕਦੀ ਵੀ ਫਰਸ਼ ਨੂੰ ਚਪੇੜ ਨਹੀਂ ਮਾਰਦੀ। ਉਸ ਵੇਲੇ ਪਤਾ ਕੀ ਸਮਝਾਉਂਦੀ ਮਾਂ? ਪੁੱਤਰ ! ਜਦੋਂ ਕਿੱਥੇ ਜਗ੍ਹਾ ਦੇ ਉਤੇ ਪਾਣੀ ਡਿੱਗਿਆ ਹੋਵੇ, ਤਿਲਕਣ ਵਾਲੀ ਚੀਜ਼ ਹੋਵੇ, ਉਸ ਜਗ੍ਹਾ ਨੂੰ ਵੇਖ ਕੇ ਧਿਆਨ ਨਾਲ ਤੁਰਿਆ ਕਰ। ਇਹ ਸਾਡੀ ਆਮ ਜ਼ਿੰਦਗੀ ਦੀ ਗੱਲ ਏ। ਬੱਚਾ ਛੋਟਾ ਹੈ ਤੇ ਛੋਟੇ ਬੱਚੇ ਨੂੰ ਚੁੱਪ ਕਰਾਉਣ ਦੇ ਲਈ ਜਦੋਂ ਮਾਂ ਨੇ ਮਾਰੀਆਂ ਫਰਸ਼ ਦੇ ਉਤੇ ਚਪੇੜਾਂ, ਉਹ ਹੀ ਬੱਚਾ ਜਦੋਂ ਥੋੜ੍ਹਾ ਜਿੰਨਾ ਵੱਡਾ ਹੋਇਆ, ਫਰਸ਼ ਦੇ ਉਤੇ ਫਿਰ ਡਿੱਗਿਆ ਹੈ, ਫਰਸ਼ ਦੇ ਉਤੇ ਚਪੇੜ ਨਹੀਂ ਮਾਰੀ, ਹੁਣ ਬੱਚੇ ਨੂੰ ਸਮਝਾਇਆ, ਬੇਟਾ ! ਜਾਂ ਮੇਰੀ ਧੀਏ ਜਾਂ ਮੇਰੇ ਪੁੱਤਰਾ ! ਜਦੋਂ ਤੂੰ ਫਰਸ਼ ਦੇ ਉਤੇ ਤੁਰਨਾ ਹੈ, ਕੋਈ ਗਿੱਲੀ ਜਗ੍ਹਾ ਹੈ ਤਾਂ ਉਥੇ ਫਿਰ ਧਿਆਨ ਨਾਲ ਕਦਮ ਰੱਖਿਆ ਕਰ। ਆਖੋ : ਵਾਹਿਗੁਰੂ-ਵਾਹਿਗੁਰੂ।

ਕਿਉਂ ਇਹ ਚੀਜ਼ ਕੀਤੀ ਜਾਂਦੀ ਏ ਕਿ ਬੇਟਾ ਜ਼ਿੰਦਗੀ ਏ। ਜ਼ਿੰਦਗੀ ਦੇ ਵਿਚ ਤਿਲਕਣ ਵੀ ਆਏਗੀ, ਜ਼ਿੰਦਗੀ ਦੇ ਵਿਚ ਉਤਰਾਈਆਂ, ਚੜ੍ਹਾਈਆਂ ਵੀ ਆਉਣਗੀਆਂ, ਫਰਸ਼ ਦੇ ਉਤੇ ਦੋਸ਼ ਦੇਣ ਨਾਲੋਂ, ਸੜਕ ਦੇ ਉਤੇ ਦੋਸ਼ ਦੇਣ ਨਾਲੋਂ, ਤੂੰ ਆਪਣੇ ਕਦਮ ਸੰਭਾਲ-ਸੰਭਾਲ ਕੇ ਰੱਖੀਂ। ਪਰ ਕਈ ਇਹ ਚੀਜ਼ ਸਿੱਖ ਜਾਂਦੇ ਨੇ ਕਈ ਨਹੀਂ ਸਿੱਖ ਪਾਉਂਦੇ। ਸਾਡੀ ਬਹੁਤਿਆਂ ਦੀ ਇਹ ਅੰਦਰਲੀ ਸਿਚੂਏਸ਼ਨ ਬਣ ਜਾਂਦੀ ਏ। ਜ਼ਿੰਦਗੀ ਵਿਚ ਜ਼ਰਾ ਜਿੰਨਾ ਦੁੱਖ ਆਇਆ ਕਿ ਦੁੱਖ ਮੇਰੀ ਜ਼ਿੰਦਗੀ ਵਿਚ ਆਉਣਾ ਨਹੀਂ ਸੀ ਜੇ ਮੇਰੀ ਜ਼ਿੰਦਗੀ ਵਿਚ ਫਲਾਣਾ ਏਦਾਂ ਨਾ ਕਰਦਾ। ਅਸੀਂ ਏਦਾਂ ਕਰਦੇ ਹਾਂ।

ਪਰ ਮੇਰੀ ਬੇਨਤੀ ਕਦੀ ਵੀ ਏਦਾਂ ਨਾ ਕਰਿਆ ਕਰੋ। ਦੂਜਿਆ ਨੂੰ ਦੋਸ਼ੀ ਨਾ ਠਹਿਰਾਓ। ਆਪਣੇ ਅੰਦਰ ਵੜ ਕੇ ਵੇਖੋ ਕਿ ਮੈਂ ਉਸ ਵੇਲੇ ਕੀ ਕੀਤਾ? ਜਿਹਦੇ ਕਰਕੇ ਮੈਨੂੰ ਅੱਜ ਇਹ ਸਮਾਂ ਦੇਖਣਾ ਪੈ ਰਿਹਾ ਹੈ। ਆਪਣੀਆਂ ਕਮੀਆਂ ਦੇਖਣ ਦੇ ਲਈ ਸਵੈ-ਜਾਗਰੂਕਤਾ ਆਉਣੀ ਬੜੀ ਜ਼ਰੂਰੀ ਏ। ਆਪਣੀਆਂ ਕਮੀਆਂ ਵੇਖਣ ਲਈ ਉਹ ਸਵੈ-

ਜਾਗਰੂਕਤਾ ਕੀ ਏ? ਦੂਜੇ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣੀਆਂ ਕਮੀਆਂ ਨੂੰ ਲੱਭਣਾ। ਜਦੋਂ ਤੁਸੀਂ ਆਪਣੀਆਂ ਕਮੀਆਂ ਲੱਭੋਗੇ ਪਿਆਰਿਓ! ਤੇ ਫਿਰ ਉਹ ਕਦੀ ਵੀ ਦੁੱਖ ਤੁਹਾਨੂੰ ਦੁਖੀ ਕਰ ਹੀ ਨਹੀਂ ਪਾਏਗਾ। ਜਿਹੋ ਜਿਹੀ ਮਰਜ਼ੀ ਸਿਚੂਏਸ਼ਨ ਵਿੱਚੋਂ ਤੁਸੀਂ ਲੰਘੋਗੇ, ਹਰ ਹਾਲ ਦੇ ਵਿਚ ਏਹੀ ਕਹੋਗੇ— ਧੰਨ ਗੁਰੂ ਰਾਮਦਾਸ ਜੀ ਤੇਰਾ ਸ਼ੁਕਰ ਹੈ। ਬਾਬਾ ਦੀਪ ਸਿੰਘ ਜੀ ਤੇਰਾ ਸ਼ੁਕਰ ਹੈ। ਸ਼ੁਕਰ, ਕਿਉਂਕਿ ਪਤਾ ਲੱਗ ਗਿਆ ਹੈ ਕਿ :

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥***

**(ਅੰਗ ੪੩੩)**

ਪਤਾ ਲੱਗ ਗਿਆ ਕਿ ਮੇਰੇ ਕਰਮ ਲਿਖਣ ਵਾਲਾ ਕੋਈ ਹੋਰ ਹੈ ਹੀ ਨਹੀਂ ਸੀ। ਕਰਮ ਤੇ ਮੈਂ ਆਪਣੇ ਆਪੇ ਲਿਖੇ ਨੇ। ਅੱਜ ਮੈਂ ਇਹ ਵੀਚਾਰ ਤੁਹਾਡੇ ਨਾਲ ਕਰਨੀ ਏ। ਗੁਰੂ ਸਾਹਿਬ ਸੇਵਾ ਲੈਣ।

ਵੇਖੋ! ਬਾਗ ਏ। ਬਾਗ ਦੇ ਵਿਚ ਕਿੰਨੀ ਤਰ੍ਹਾਂ ਦੇ ਫੁੱਲ ਲੱਗੇ ਨੇ। ਫੁੱਲ ਤੇ ਉਹ ਵੀ ਨੇ ਜਿਨ੍ਹਾਂ ਫੁੱਲਾਂ ਨੂੰ ਕੰਡੇ ਲੱਗੇ ਨੇ। ਹੁਣ ਬੰਦਾ ਫੁੱਲ ਨੂੰ ਫੜਦਿਆਂ-ਫੜਦਿਆਂ ਸਾਵਧਾਨਤਾ ਨਾ ਰੱਖੇ ਤੇ ਕੰਡਾ ਚੁੱਭ ਹੀ ਜਾਂਦਾ ਹੈ। ਕਈ ਵਾਰੀ ਹੱਥ ਦੇ ਵਿਚ ਕੰਡਾ ਚੁੱਭ ਹੀ ਜਾਂਦਾ ਹੈ। ਹੁਣ ਕੰਡੇ ਦਾ ਥੋੜ੍ਹੀ ਕਸੂਰ ਏ। ਕਸੂਰ ਤੇ ਫੜਣ ਵਾਲੇ ਦਾ ਹੋਇਆ ਨਾ, ਕਿ ਉਹਨੇ ਫੁੱਲ ਨੂੰ ਸਹੀ ਢੰਗ ਨਾਲ ਨਹੀਂ ਫੜਿਆ, ਕਸੂਰ ਤੇ ਉਹਦਾ ਹੈ। ਜਿਵੇਂ ਪਿਆਰਿਓ! ਇਕ ਬਗੀਚਾ ਹੈ। ਬਗੀਚੇ ਵਿਚ ਕੰਡਿਆਂ ਵਾਲੇ ਫੁੱਲ ਵੀ ਨੇ, ਤਰ੍ਹਾਂ-ਤਰ੍ਹਾਂ ਦੇ ਫੁੱਲ ਨੇ, ਕਈ ਕੰਡਿਆਂ ਵਾਲੇ ਨੇ, ਕਈ ਕੰਡਿਆਂ ਤੋਂ ਬਗ਼ੈਰ ਨੇ, ਕਈ ਸੁਗੰਧੀ ਵਾਲੇ ਨੇ, ਕਈ ਇਹੋ ਜਿਹੇ ਫੁੱਲ ਨੇ ਜਿਨ੍ਹਾਂ ਦੇ ਕੋਲ ਖੜਣ ਦਾ ਦਿਲ ਨਹੀਂ ਕਰਦਾ। ਕਈ ਫਲ ਵੀ ਇਹੋ ਜਿਹੇ ਨੇ ਜਿਨ੍ਹਾਂ ਦੀ ਖੁਸ਼ਬੂ ਹੀ ਇਹੋ ਜਿਹੀ ਹੁੰਦੀ, ਬੰਦੇ ਦਾ ਖਾਣ ਨੂੰ ਦਿਲ ਨਹੀਂ ਕਰਦਾ। ਇਸੇ ਤਰ੍ਹਾਂ ਇਹ ਸੰਸਾਰ ਵੀ ਇਕ ਬਗੀਚਾ ਪ੍ਰਮੇਸ਼ਰ ਸਾਈਂ ਨੇ ਬਣਾਇਆ। ਤੇ ਇਸ ਬਗੀਚੇ ਦੇ ਵਿਚ ਵੀ ਹਰ ਤਰ੍ਹਾਂ ਦਾ ਫਲ ਲਾਇਆ ਹੈ ਤੇ ਇਸ ਬਗੀਚੇ ਦੇ ਵਿਚ ਅੰਮ੍ਰਿਤ ਰੂਪੀ ਫਲ ਵੀ ਲਾਏ ਨੇ ਤੇ ਜ਼ਹਿਰ ਰੂਪੀ ਫਲ ਵੀ ਲਾਏ ਨੇ। ਪਰ ਇਹ ਤੇ ਫ਼ੈਸਲਾ ਤੂੰ ਕਰਨਾ ਹੈ, ਇਹ ਫੈਸਲਾ ਤੂੰ ਕਰਨਾ ਹੈ, ਸੋਚ ਤੇਰੀ ਏ ਕਿ ਤੂੰ ਅੰਮ੍ਰਿਤ ਰੂਪੀ ਫਲ ਖਾਣੇ ਨੇ ਕਿ ਜ਼ਹਿਰ ਵਾਲੇ ਖਾਣੇ ਨੇ। ਇਹ ਤੂੰ ਵੇਖਣਾ ਏ ਤੂੰ? ਉਹਨੇ ਤੇ ਹਰੇਕ ਤਰ੍ਹਾਂ ਦਾ ਜੀਅ ਬਣਾਇਆ ਹੈ।

***ਬਿਰਖੈ ਹੇਠਿ ਸਭਿ ਜੰਤ ਇਕਠੇ॥***
***ਇਕਿ ਤਤੇ ਇਕਿ ਬੋਲਨਿ ਮਿਠੇ॥*** **(ਅੰਗ ੧੦੧੯)**

ਉਹਨੇ ਤੇ ਹਰ ਤਰ੍ਹਾਂ ਦੇ ਬਣਾਏ ਨੇ। ਉਹਨੇ ਤੇ ਅੰਮ੍ਰਿਤ ਦੇ ਸੋਮੇ ਵੀ ਪੈਦਾ ਕੀਤੇ ਨੇ, ਜ਼ਹਿਰ ਦੇ ਵੀ ਕੀਤੇ ਨੇ। ਇਹ ਤੇ ਤੂੰ ਸੋਚਣਾ ਏ, ਤੂੰ ਫੈਸਲਾ ਕਰਨਾ ਏ, ਯਾਰੀ ਅੰਮ੍ਰਿਤ ਨਾਲ ਲਾਉਣੀ ਏ ਕਿ ਯਾਰੀ ਤੂੰ ਜ਼ਹਿਰ ਨਾਲ ਲਾਉਣੀ ਏ।

ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਜੇ ਅਸੀਂ ਆਪਣੇ ਜੀਵਨ ਦੇ ਵਿਚ ਉਸ ਛੋਟੇ ਬੱਚੇ ਵਾਂਗ ਰਹਾਂਗੇ, ਜਿਹੜਾ ਡਿੱਗਿਆ ਤੇ ਮਾਂ ਨੇ ਫਰਸ਼ ਦੇ ਉਤੇ ਚਪੇੜਾਂ ਲਾ ਦਿੱਤੀਆਂ। ਫਿਰ ਕਦੀ ਵੀ ਅਸੀਂ ਇਹ ਅੰਦਰਲੀ ਤਰੱਕੀ ਕਰ ਹੀ ਨਹੀਂ ਪਾਵਾਂਗੇ। ਅਸੀਂ ਫਿਰ ਸਾਰੀ ਜ਼ਿੰਦਗੀ ਦੂਜਿਆਂ ਨੂੰ ਦੋਸ਼ ਦਿੰਦੇ ਰਹਾਂਗੇ। ਇਹ ਮੇਰੀ ਬੇਨਤੀ ਏ, ਇਹ ਸੰਗਤ ਕਰਨ ਦਾ ਲਾਭ ਤਾਂ ਹੀ ਏ ਜੇ ਅਸੀਂ ਆਪਣੇ ਅੰਦਰ ਵੜੀਏ, ਆਪਣੇ ਅੰਦਰ, ਮੈਂ ਕੀ ਕਰ ਰਿਹਾਂ। ਮੁਆਫੀ ਦੇਣਾ, ਸਾਡਾ ਬਹੁਤਿਆਂ ਦਾ ਸਮਾਂ ਪਤਾ ਕਿੱਦਾਂ ਲੰਘਦਾ ਹੈ, ਦੂਜਾ ਕੀ ਕਰ ਰਿਹਾ? ਏਦਾਂ ਹੀ ਲੰਘਦਾ ਹੈ ਨਾ? ਦੂਜਾ ਕੀ ਕਰ ਰਿਹਾ? ਉਹਨੇ ਏਸ ਵੇਲੇ ਕੀ ਕੀਤਾ ਐ? ਉਹਦੀ ਜ਼ਿੰਦਗੀ ਕਿਹੋ ਜਿਹੀ ਚੱਲ ਰਹੀ ਏ? ਓ ਭੋਲਿਆ ! ਜਿੰਨਾ ਸਮਾਂ ਤੂੰ ਦੂਜਿਆਂ ਵੱਲ ਵੇਖਣ ਵੱਲ ਲਾਉਂਦਾ ਐਂ, ਕਾਸ਼ ! ਇਸ ਤੋਂ ਅੱਧਾ ਹੀ ਸਮਾਂ ਆਪਣੇ ਵੱਲ ਵੇਖਣ 'ਤੇ ਲਾ ਦਿੰਦਾ, ਤੂੰ ਲੋਕਾਂ ਦੇ ਲਈ ਮਿਸਾਲ ਕਾਇਮ ਕਰ ਸਕਦਾ ਸੀ। ਪਰ ਅਸੀਂ ਗੁਰਮਤਿ ਤੋਂ ਦੂਰ ਜਾ ਰਹੇ ਹਾਂ। ਅਗਿਆਨੀ ਬਣਦੇ ਜਾ ਰਹੇ ਹਾਂ ਤੇ ਅਗਿਆਨਤਾ ਦੇ ਕਰਕੇ ਅਸੀਂ ਦੂਜਿਆਂ ਦੇ ਵੱਲ ਹੀ ਉਂਗਲੀਆਂ ਕਰਨੀਆਂ ਸਿੱਖੀਆਂ ਨੇ। ਆਪਣੇ ਅੰਦਰ ਵੜਣਾ ਨਹੀਂ ਸਿੱਖਿਆ।

ਆਓ ! ਅੱਜ ਦੇ ਸਤਿਸੰਗ ਦੇ ਵਿਚ ਆਪਣੇ ਅੰਦਰ ਜਾਣਾ ਸਿਖੀਏ ! ਮੈਂ ਕੌਣ ਹਾਂ? ਮੈਂ ਕੀ ਕਰ ਰਿਹਾ ਹਾਂ? ਮੈਨੂੰ ਕਰਨਾ ਕੀ ਚਾਹੀਦਾ ਹੈ? ਇਹ ਮੇਰੀ ਬੇਨਤੀ ਏ। ਆਓ ! ਅੱਜ ਦੇ ਸਤਿਸੰਗ ਵਿਚ ਆਪਣੇ ਅੰਦਰ ਵੜੀਏ। ਤੇ ਅੰਦਰ ਵੜਣ ਦਾ ਇਕ ਤਰੀਕਾ ਐ, ਇਕ ਮਿੰਟ ਲਈ ਚੌਕੜੇ ਮਾਰ ਲਓ। ਜਿਨ੍ਹਾਂ ਦੀ ਸਿਹਤ ਠੀਕ ਏ, ਚੌਂਕੜੇ ਮਾਰ ਲਓ। ਹਾਂ ਜਿਨ੍ਹਾਂ ਨੂੰ ਕੋਈ ਮਜਬੂਰੀ ਏ ਉਹ ਗੱਲ ਵੱਖਰੀ ਏ। ਕਮਰ ਕਰ ਲਓ ਸਿੱਧੀ। ਜਿਨ੍ਹਾਂ ਦਾ ਧਿਆਨ ਟਿਕਦਾ ਐ ਗੁਰੂ ਰਾਮਦਾਸ ਦੇ ਚਰਨਾਂ 'ਚ ਉਹ ਤੇ ਕਰ ਲਓ ਨੇਤਰ ਬੰਦ। ਜਿਨ੍ਹਾਂ ਦਾ ਮੇਰੇ ਵਰਗਿਆਂ ਦਾ ਮੰਨ ਲਓ ਨਹੀਂ ਟਿਕਦਾ, ਉਹ ਅੱਖਾਂ ਖੋਲ੍ਹ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੀ ਚੱਲੋ। ਬਿਲਕੁਲ ਸਾਵਧਾਨ ਹੋ ਜਾਓ, ਇਕ ਮਿੰਟ ਲਈ ਬਸ। ਆਓ ਆਪਣੇ ਅੰਦਰ ਵੜੀਏ :

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।..........

ਇਹ ਆਪਣੇ ਅੰਦਰ ਜਾਣ ਦਾ ਇਕ ਢੰਗ ਏ ਇਕ ਤਰੀਕਾ ਏ। ਕੁਝ ਸਮਾਂ ਵਾਹਿਗੁਰੂ ਗੁਰਮੰਤਰ ਦੇ ਜਾਪ ਵਿਚ ਜੁੜਿਆ ਕਰੋ। ਇਹ ਆਪਣੇ ਅੰਦਰ ਜਾਣ ਦਾ ਇਕ ਤਰੀਕਾ ਹੈ। ਬਾਹਰਲੀ ਯਾਤਰਾ ਅਸੀਂ ਨਿਤਾਪ੍ਰਤੀ ਕਰਦੇ ਹਾਂ, ਕਦੀ ਕਿਸੇ ਸ਼ਹਿਰ, ਕਦੀ ਕਿਸੇ ਪਿੰਡ, ਕਦੀ ਕਿਸੇ ਦੇਸ਼, ਪਰ ਅੰਦਰਲੀ ਯਾਤਰਾ ਵੀ ਕਦੀ-ਕਦਾਈਂ ਕਰਿਆ ਕਰੋ। ਇਹਦਾ ਬੜਾ ਲਾਭ ਹੋਏਗਾ। ਜਦੋਂ ਅੰਦਰਲੀ ਯਾਤਰਾ ਕਰਨੀ ਸ਼ੁਰੂ ਕਰੋਗੇ, ਮੈਂ ਸੱਚ ਕਹਿ ਰਿਹਾਂ, ਕਦੀ ਦੂਜਿਆਂ ਵੱਲ ਉਂਗਲੀਆਂ ਕਰਨ ਦਾ ਤੁਹਾਡਾ ਦਿਲ ਹੀ ਨਹੀਂ ਕਰਨਾ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ। ਪਿਆਰ ਨਾਲ

ਇਕ ਵਾਰੀ ਫਤਹਿ ਬੁਲਾ ਦਿਓ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਹੁਣ ਆਪਾਂ ਸ਼ਬਦ ਪੜ੍ਹਨਾ ਹੈ :

***ਹਰਿ ਬਿਸਰਤ ਸਦਾ ਖੁਆਰੀ॥***

***ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ॥*** (ਅੰਗ ੭੧੧)

ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦਾ ਉਚਾਰਨ ਕੀਤਾ ਸ਼ਬਦ, ਗੁਰੂ ਗ੍ਰੰਥ ਸਾਹਿਬ ਜੀ ਦੇ ੭੧੧-੭੧੨ ਅੰਗ ਦੇ ਉਤੇ ਦਰਜ ਹੈ। ਆਓ ! ਇਸ ਸ਼ਬਦ ਦਾ ਗਾਇਨ ਕਰਨਾ ਹੈ ਤੇ ਬੜੇ ਪਿਆਰ ਨਾਲ। ਮੈਨੂੰ ਪਤਾ ਹੈ ਤੁਸੀਂ ਸਾਰੇ ਬਹਿੰਦੇ ਹੋ। ਸਾਰੇ ਸੰਗਤ ਕਰਨ ਵਾਲੇ ਤੁਹਾਡੀਆਂ ਅੱਖਾਂ ਦੱਸ ਰਹੀਆਂ ਨੇ, ਕਿ ਤੁਸੀਂ ਰੋਜ਼ਾਨਾ 3-4 ਪ੍ਰੋਗਰਾਮ ਦੇਖ ਕੇ ਗੁਰੂ ਰਾਮਦਾਸ ਜੀ ਬਾਬਾ ਦੀਪ ਸਿੰਘ ਜੀ ਦੇ ਪਰਿਵਾਰਕ ਮੈਂਬਰ ਬਣੇ ਹੋਏ ਹੋ। ਤੁਹਾਡੀਆਂ ਅੱਖਾਂ ਦੱਸ ਰਹੀਆਂ ਨੇ, ਤੁਹਾਡਾ ਉਹ ਪਿਆਰ ਦੱਸ ਰਿਹਾ ਹੈ। ਕਰਿਓ ਕਿਰਪਾ, ਪਿਆਰ ਨਾਲ ਪੜ੍ਹੋ ਤੇ ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਜੀ ਨੇ ਬੜੀਆਂ ਪਿਆਰੀਆਂ-ਪਿਆਰੀਆਂ ਸਾਨੂੰ ਗੱਲਾਂ ਸਮਝਾਈਆਂ ਨੇ, ਸੁਮੱਤ ਦਿੱਤੀ ਬੜੀ ਪਿਆਰੀ। ਉਹ ਕਿਹੜੀ ਸੁਮੱਤ ਏ? ਉਹ ਲੈਣ ਸੇਵਾ, ਪੜ੍ਹਿਓ ਪਿਆਰ ਨਾਲ ਜੀ :

***ਹਰਿ ਬਿਸਰਤ ਸਦਾ ਖੁਆਰੀ॥....***

***ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ॥.........***

***ਹਰਿ ਬਿਸਰਤ ਸਦਾ ਖੁਆਰੀ॥....***

ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

***ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥......***

***ਹਰਿ ਬਿਸਰਤ ਸਦਾ ਖੁਆਰੀ॥....***

ਪੜ੍ਹੋ :

***ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ॥.....***

***ਹਰਿ ਬਿਸਰਤ ਸਦਾ ਖੁਆਰੀ॥....***

ਪੜ੍ਹੋ :

***ਸੋ ਸੁਖੀਆ ਧੰਨੁ ਉਸੁ ਜਨਮਾ***

***ਨਾਨਕ ਤਿਸੁ ਬਲਿਹਾਰੀ॥ ੨॥ ੨॥..........*** (ਅੰਗ ੭੧੧)

***ਹਰਿ ਬਿਸਰਤ ਸਦਾ ਖੁਆਰੀ॥....***

ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

***ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ॥***

*ਕੁਸਲ ਖੇਮ ਪ੍ਰਭਿ ਆਪਿ ਬਸਾਏ॥ ੧॥ ਰਹਾਉ॥* (ਅੰਗ ੧੯੭)

ਕਿੱਥੇ ਬਿਪਤਾ ਹੈ :

*ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥*
*ਕੋਟਿ ਅਨੰਦ ਜਹ ਹਰਿ ਗੁਨ ਗਾਹੀ॥ ੧॥*
*ਹਰਿ ਬਿਸਰਿਐ ਦੁਖ ਰੋਗ ਘਨੇਰੇ॥* (ਅੰਗ ੧੯੭)

ਜਦੋਂ ਉਹ ਭੁੱਲਦਾ ਹੈ :

*ਹਰਿ ਬਿਸਰਿਐ ਦੁਖ ਰੋਗ ਘਨੇਰੇ॥*

ਜਦੋਂ ਤੂੰ ਭੁੱਲ ਗਿਆ ਜਦੋਂ ਯਾਦ ਐ ਫਿਰ :

*ਪ੍ਰਭ ਸੇਵਾ ਜਮੁ ਲਗੈ ਨ ਨੇਰੇ॥ ੨॥* (ਅੰਗ ੧੯੭)
*ਚੀਤਿ ਆਵਹਿ ਤਾਂ ਸੇਵਾ॥....*
*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥ ੧॥* (ਅੰਗ ੩੮੩)
*ਹਰਿ ਬਿਸਰਤ ਸਦਾ ਖੁਆਰੀ॥....*

ਧੰਨ ਗੁਰੂ ਰਾਮਦਾਸ ਜੀ।....

*ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ॥......* (ਅੰਗ ੨੧੨)

ਜਿਸ ਦਿਨ ਉਹ ਭੁੱਲ ਗਿਆ :

*ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ*
*ਸੋ ਦਿਨੁ ਜਾਤ ਅਜਾਏ॥੧॥ ਰਹਾਉ॥* (ਅੰਗ ੨੧੨)

ਜਿਸ ਦਿਨ ਨਿਤਨੇਮ ਨਹੀਂ ਕੀਤਾ, ਸਮਝ ਲੈਣਾ ਅੱਜ ਦਾ ਦਿਨ ਮੇਰਾ ਅਜਾਇਆਂ ਲੰਘ ਗਿਆ। ਇਹ ਨਹੀਂ ਕਿ ਅੱਜ ਤੇ ਮੈਨੂੰ ਟਾਇਮ ਹੀ ਨਹੀਂ ਮਿਲਿਆ ਗੁਟਕਾ ਸਾਹਿਬ ਫੜਨ ਦਾ। ਅੱਜ ਤੇ ਅੰਮ੍ਰਿਤ ਵੇਲੇ ਉੱਠਣ ਦਾ ਟਾਇਮ ਹੀ ਨਹੀਂ ਲੱਗਾ ਮੈਨੂੰ, ਅੱਜ ਤੇ ਮੈਂ ਨਿਤਨੇਮ ਕੀਤਾ ਨਹੀਂ, ਕਿਉਂ ਨਹੀਂ ਕੀਤਾ? ਬਿਜ਼ੀ ਬੜਾ ਸਾਂ, ਟਾਇਮ ਹੀ ਨਹੀਂ ਮਿਲਿਆ। ਨਹੀਂ, ਇਹ ਕਦੀ ਨਾ ਸੋਚੋ। ਅੱਜ ਮੈਂ ਤਾਂ ਨਿਤਨੇਮ ਨਹੀਂ ਕੀਤਾ ਮੈਨੂੰ ਟਾਇਮ ਨਹੀਂ ਸੀ। ਨਹੀਂ, ਇਹ ਸੋਚੋ ਕਿ ਮੈਂ ਕਿਹੋ ਜਿਹਾ ਅੱਜ ਕਰਮ ਕਰ ਲਿਆ ਹੈ ਜਿਸ ਕਰਮ ਨੂੰ ਕਰਨ ਦਾ ਸਦਕਾ ਗੁਰੂ ਰਾਮਦਾਸ ਨੇ ਆਪਣੇ ਨੇੜੇ ਨਹੀਂ ਮੈਨੂੰ ਬਿਠਾਇਆ।

ਆਖੋ : ਵਾਹਿਗੁਰੂ-ਵਾਹਿਗੁਰੂ।

ਇਹ ਸੋਚੋ ! ਅੱਜ ਮੇਰਾ ਸੁਖਮਨੀ ਸਾਹਿਬ ਦਾ ਪਾਠ ਨਹੀਂ ਹੋਇਆ, ਅੱਜ ਕਿਹੜਾ ਕੰਮ ਇਹੋ ਜਿਹਾ ਕਰ ਲਿਆ ਹੈ ਜਿਹਦੇ ਕਰਕੇ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਮੈਨੂੰ ਆਪਣੇ ਨੇੜੇ ਨਹੀਂ ਬੈਠਣ ਦਿੱਤਾ। ਇਹ ਨਹੀਂ ਕਿ ਮੈਂ ਬਿਜ਼ੀ ਬੜਾਂ ਤੇ ਨਾਲ ਇਹ ਵੀਚਾਰ

ਬਣਾਓ, ਉਹ ਜਿਹੜਾ ਅੱਜ ਇਹ ਸਮਾਂ ਨਿਤਨੇਮ ਤੋਂ ਬਿਨਾਂ ਲੰਘ ਗਿਆ ਹੈ, ਬਾਣੀ ਤੋਂ ਬਿਨਾਂ ਲੰਘ ਗਿਆ, ਸਿਮਰਨ ਤੋਂ ਬਿਨਾਂ ਲੰਘ ਗਿਆ, ਇਹ ਸਮਾਂ ਮੇਰਾ ਕਿਸੇ ਲੇਖੇ 'ਚ ਨਹੀਂ, ਅਜਾਈਂ ਗਿਆ। ਇਹ ਕੋਈ ਮੈਂ ਨਹੀਂ ਕਹਿ ਰਿਹਾ, ਪਾਤਿਸ਼ਾਹ ਕਹਿ ਰਹੇ ਨੇ :

***ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ॥***
***ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ***
***ਸੋ ਦਿਨੁ ਜਾਤ ਅਜਾਏ॥ ੧ ॥ ਰਹਾਉ॥......*** (ਅੰਗ ੨੧੨)
***ਹਰਿ ਬਿਸਰਤ ਸਦਾ ਖੁਆਰੀ॥.....*** (ਅੰਗ ੭੧੧)

ਧੰਨ ਗੁਰੂ ਰਾਮਦਾਸ ਜੀ।.....

***ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ॥***
***ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ॥ ੧॥*** (ਅੰਗ ੫੬੩)
***ਹਰਿ ਬਿਸਰਤ ਸਦਾ ਖੁਆਰੀ॥....***

ਜਿਹੜੀ ਮੈਂ ਹੁਣ ਪੰਕਤੀ ਬੋਲਣ ਲੱਗਾ ਹਾਂ ਧਿਆਨ ਨਾਲ ਸੁਣਿਓ :

***ਦੁਧ ਬਿਨੁ ਧੇਨੁ***

ਹੁਣ ਗਾਂ ਦੁੱਧ ਤੋਂ ਬਿਨਾਂ ਕਿਸੇ ਕੰਮ ਨਹੀਂ, ਪਸ਼ੂ ਕਿਸੇ ਕੰਮ ਨਹੀਂ।

***ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ***

ਹੁਣ ਖੰਭਾਂ ਤੋਂ ਬਿਨਾਂ ਪੰਖੀ, ਉਨ੍ਹਾਂ ਦੀ ਕੀ ਕੀਮਤ ਰਹਿ ਜਾਏਗੀ। ਕੋਈ ਨਹੀਂ ਨਾ। ਪੰਖੀਆਂ ਦੇ ਕੋਲ ਪੰਖ ਨੇ ਤਾਂ ਹੀ ਉਹ ਉਡਾਰੀਆਂ ਲਾ ਸਕਦੇ ਹਨ। ਜੇ ਪੰਖੀ ਦਾ ਪੰਖ ਹੀ ਨਾ ਰਿਹਾ ਤੇ ਫਿਰ ਪਿਆਰਿਓ ! ਉਡਾਰੀ ਕਾਹਦੀ?

***ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ॥***
***ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ॥ ੧॥***

(ਅੰਗ ੩੫੪)

ਹੁਣ ਸੁਲਤਾਨ ਕਹੇ ਮੈਂ ਸੁਲਤਾਨ ਹਾਂ ਜੀ, ਸੁਲਤਾਨ ਨੂੰ ਕੋਈ ਸਿਰ ਹੀ ਨਾ ਝੁਕਾਵੇ, ਸਲਾਮ ਹੀ ਨਾ ਕਰੇ, ਉਹ ਸੁਲਤਾਨ ਕਾਹਦਾ, ਜਿਹਦੇ ਅੱਗੇ ਲੋਕ ਝੁਕਣ ਹੀ ਨਾ। ਸੁਲਤਾਨ ਏਂ ਉਹਦੀ ਨਿਸ਼ਾਨੀ, ਲੋਕ ਝੁਕਣਗੇ ਉਹਦੇ ਅੱਗੇ।

***ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ॥ ੧॥***

ਓ ਪਿਆਰਿਆ ! ਜਿਸ ਹਿਰਦੇ ਦੇ ਵਿਚ ਨਾਮ ਨਹੀਂ, ਜਿਵੇਂ ਪੰਖੀ, ਪੰਖਾਂ ਤੋਂ ਬਿਨਾਂ ਕਿਸੇ ਕੰਮ ਦਾ ਨਹੀਂ। ਗਾਂ ਦੁੱਧ ਤੋਂ ਬਿਨਾਂ ਕਿਸੇ ਕੰਮ ਦੀ ਨਹੀਂ। ਸੁਲਤਾਨ ਨੂੰ ਸਲਾਮਾਂ ਨਹੀਂ ਹੋ ਰਹੀਆਂ, ਸਲਾਮਾਂ ਤੋਂ ਬਿਨਾਂ ਵੁਕਤ ਨਹੀਂ। ਪਿਆਰਿਆ ! ਜੇ ਤੇਰੇ ਇਹ ਹਿਰਦੇ ਰੂਪੀ ਸਰੀਰ ਰੂਪੀ ਕੋਠੀ ਵਿਚ ਉਹਦਾ ਨਾਮ ਨਹੀਂ, ਤੇਰੀ ਵੀ ਵੁਕਤ ਕੋਈ ਨਹੀਂ।

ਆਖੋ : ਵਾਹਿਗੁਰੂ-ਵਾਹਿਗੁਰੂ।

ਮਹਾਰਾਜ ਦੱਸੋ ਤਾਂ ਸਹੀ, ਮੈਨੂੰ ਦੁੱਖ ਚਿੰਬੜਦੇ ਨੇ, ਦੁੱਖ ਘੇਰਾ ਪਾ ਲੈਂਦੇ ਨੇ। ਇਹ ਧਿਆਨ ਨਾਲ ਸੁਨਣ ਵਾਲੀ ਗੱਲ ਜੇ। ਦੁੱਖ ਤੇ ਹਰੇਕ ਦੀ ਜ਼ਿੰਦਗੀ ਵਿਚ ਨੇ। ਮੇਰੀ ਵੀ ਜ਼ਿੰਦਗੀ ਵਿਚ ਨੇ, ਤੁਹਾਡੀ ਜ਼ਿੰਦਗੀ ਵਿਚ ਵੀ ਅਸੀਂ ਪਰਿਵਾਰਕ ਮੈਂਬਰ ਹਾਂ। ਹਰੇਕ ਦੀ ਜ਼ਿੰਦਗੀ ਵਿਚ ਉਤਰਾ-ਚੜ੍ਹਾਅ ਦਾ ਸਮਾਂ ਆਉਂਦਾ ਹੀ ਏ। ਦੁੱਖ ਨੇ ਪਰ ਇਕ ਦੁੱਖ ਇਹੋ ਜਿਹਾ ਹੈ ਪਿਆਰਿਓ ! ਜਿਸ ਦੁੱਖ ਨੂੰ ਲੱਗਣ ਦੇ ਨਾਲ ਸਾਰੇ ਦੁੱਖ ਹੈਵੀ ਹੋ ਜਾਂਦੇ ਨੇ ਤੇ ਜੇ ਕਿਤੇ ਉਹ ਦੁੱਖ ਸਾਡੀ ਜ਼ਿੰਦਗੀ ਵਿੱਚੋਂ ਨਿਕਲ ਜਾਵੇ, ਉਹ ਦੁੱਖ ਏ ਵਿਛੜਣ ਦਾ। ਉਹ ਦੁੱਖ ਏ ਸਿਮਰਨ ਨਾ ਕਰਨ ਦਾ। ਤੇ ਜੇ ਕਿਤੇ ਆ ਔਗੁਣ ਨਿਕਲ ਜਾਵੇ, ਸਿਮਰਨ ਨਾ ਕਰਨ ਵਾਲਾ। ਗੁਣ ਆ ਜਾਵੇ ਸਿਮਰਨ ਕਰਨ ਵਾਲਾ, ਬੰਦਗੀ ਕਰਨ ਵਾਲਾ ਤੇ ਫਿਰ ਸਾਰੇ ਸੁੱਖ ਇਸ ਸੁੱਖ ਦੇ ਮਗਰ ਆ ਜਾਣੇ ਨੇ। ਇਕ ਦੁੱਖ ਜੇ ਬੰਦਗੀ ਨਹੀਂ ਕਰਦੇ, ਸਿਮਰਨ ਨਹੀਂ ਕਰਦੇ ਉਸ ਦੁੱਖ ਦਾ ਸਦਕਾ ਬਾਕੀ ਦੇ ਦੁੱਖਾਂ ਨੇ ਵੀ ਸਾਨੂੰ ਘੇਰਾ ਪਾ ਲੈਣਾ ਹੈ।

ਇਹਦਾ ਮਤਲਬ ਇਹ ਨਾ ਸਮਝਿਓ, ਗਲਤ ਅਰਥ ਨਾ ਸਮਝਿਓ ਕਿ ਜਿਹੜਾ ਨਾਮ ਜਪਣ ਵਾਲਾ ਹੈ, ਬੰਦਗੀ ਕਰਨ ਵਾਲਾ ਹੈ, ਉਹਦੇ ਜੀਵਨ ਵਿਚ ਦੁੱਖ-ਸੁੱਖ ਨਹੀਂ ਆਉਣਗੇ, ਨਹੀਂ, ਦੁੱਖ ਸੁੱਖ ਆਉਣਗੇ, ਪਰ ਉਹ ਦੁੱਖਾਂ ਵਿਚ ਰਹਿ ਕੇ ਵੀ ਦੁੱਖੀ ਹੈ ਹੀ ਨਹੀਂ। ਅੰਦਰ ਉਹਦਾ ਖਿੜਿਆ ਪਿਆ ਹੈ।

ਦਾਤਿਆ ! ਪਰ ਉਦਾਂ ਤੂੰ ਕੋਈ ਪਰਚਾ ਨਾ ਪਾਈਂ। ਪਰਚੇ 'ਚੋਂ ਫੇਲ ਹਾਂ। ਪਰ ਮੈਨੂੰ ਪਤਾ ਲੱਗ ਗਿਆ ਹੈ, ਜੇ ਮੇਰੀ ਜ਼ਿੰਦਗੀ ਵਿਚ ਇਹ ਦੁੱਖ ਨਾ ਆਉਂਦਾ, ਮੈਂ ਕਦੀ ਵੀ ਦੋ ਪਾਠ ਸੁਖਮਨੀ ਸਾਹਿਬ ਦੇ ਕਰਨ ਦਾ ਨੇਮ ਬਣਾਉਣਾ ਹੀ ਨਹੀਂ ਸੀ।

ਉਹਨੂੰ ਪਤਾ ਲੱਗ ਗਿਆ। ਉਹ ਦੁੱਖ ਵਿਚ ਦੁੱਖੀ ਨਹੀਂ ਹੋਇਆ। ਉਹ ਦੁੱਖ ਵਿਚ ਹਾਏ-ਹਾਏ ਨਹੀਂ ਕਰਦਾ। ਉਹ ਦੁੱਖ ਵਿਚ ਫਿਰ ਕੀ ਕਰਦਾ ਹੈ?—

ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

ਦੁੱਖ ਵਿਚ ਇਹੋ ਹੀ ਕਰਦਾ ਐ। ਵਾਹਿਗੁਰੂ-ਵਾਹਿਗੁਰੂ।

ਮਹਾਰਾਜ ! ਦੱਸੋ ਤਾਂ ਸਹੀ ਮੈਨੂੰ ਕਿਹੜੀ ਚੀਜ਼ ਭੁੱਲ ਜਾਵੇ ਜਿਹਦੇ ਨਾਲ ਦੁੱਖ ਹੈਵੀ ਹੋ ਜਾਂਦੇ ਨੇ? ਮਹਾਰਾਜ ਪਤਾ ਕੀ ਕਹਿੰਦੇ—

***ਕੀ ਵਿਸਰਹਿ ਦੁਖੁ ਬਹੁਤਾ ਲਾਗੈ॥*** (ਅੰਗ ੩੫੪)

ਕਿਹੜੀ ਚੀਜ਼ ਵਿਸਰੀ ਦੁੱਖ ਬਹੁਤੇ ਲੱਗ ਗਏ—

***ਦੁਖੁ ਲਾਗੈ ਤੂੰ ਵਿਸਰੁ ਨਾਹੀ॥ ੧॥ ਰਹਾਉ॥*** (ਅੰਗ ੩੫੪)

***ਹਰਿ ਬਿਸਰਤ ਸਦਾ ਖੁਆਰੀ॥.....*** (ਅੰਗ ੭੧੧)

***ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥***

***ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥੨॥***

(ਅੰਗ ੬੬੧)

***ਹਰਿ ਬਿਸਰਤ ਸਦਾ ਖੁਆਰੀ॥.....*** (ਅੰਗ ੭੧੧)

ਵਾਹਿਗੁਰੂ-ਵਾਹਿਗੁਰੂ....

ਪੜ੍ਹੋ—

***ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ॥....***

***ਹਰਿ ਬਿਸਰਤ ਸਦਾ ਖੁਆਰੀ॥....***

ਧੰਨ ਗੁਰੂ ਰਾਮਦਾਸ ਜੀ।.....ਧੰਨ ਬਾਬਾ ਦੀਪ ਸਿੰਘ ਜੀ।

20-25 ਮਿੰਟ ਆਪਣੇ ਕੋਲ ਹੋਰ ਨੇ ਬਾਕੀ। ਮੈਂ ਸਮੇਂ ਤੋਂ ਉਤਾਂਹ ਨਹੀਂ ਜਾਣਾ। ਬਿਲਕੁਲ ਇਸੇ ਤਰ੍ਹਾਂ ਅੰਦਰਲਾ ਟਿਕਾ ਬਣਾ ਕੇ ਰੱਖਿਓ। ਹੁਣ ਧਿਆਨ ਦੇਣਾ, ਬੰਦੇ ਕੋਲ ਜਿੰਨੇ ਮਰਜ਼ੀ ਸੁੱਖ ਹੋਣ, ਜਿੰਨੇ ਮਰਜ਼ੀ। ਪਿਆਰਿਓ ! ਸੁੱਖ-ਸਹੂਲਤਾਂ ਬਹੁਤ ਨੇ, ਪਰ ਜੇ ਨਾਮ ਨਹੀਂ, ਬੰਦਗੀ ਨਹੀਂ, ਉਹਦਾ ਸਿਮਰਨ ਨਹੀਂ, ਤੇ ਪਿਆਰਿਓ ! ਉਹ ਸੁੱਖ ਕਦੀ ਵੀ ਬੰਦੇ ਨੂੰ ਸੁੱਖੀ ਨਹੀਂ ਕਰ ਸਕਦੇ। ਆਖੋ : ਵਾਹਿਗੁਰੂ-ਵਾਹਿਗੁਰੂ।

ਜੇ ਰੱਬ ਹੀ ਨਹੀਂ ਚੇਤੇ ਸੁੱਖਾਂ ਵਿਚ ਰਹਿ ਕੇ, ਫਿਰ ਉਹ ਸੁੱਖ, ਸੁੱਖ ਦੇਣਗੇ ਹੀ ਨਹੀਂ। ਸੁੱਖ, ਸੁੱਖ ਨਹੀਂ ਰਹਿਣਗੇ। ਦੁੱਖਾਂ ਵਿਚ ਤਬਦੀਲ ਹੋ ਜਾਣਗੇ। ਹੁਣ ਤੁਸੀਂ ਸਿਆਣੇ ਹੋ, ਇਕ ਗੱਲ ਦਾ ਮੈਨੂੰ ਜਵਾਬ ਦਿਓ, ਸਰਦੀਆਂ ਆਉਣ ਵਾਲੀਆਂ ਨੇ, ਸਰਦੀਆਂ ਦੇ ਵਿਚ ਜਦੋਂ ਸੂਰਜ ਚੜ੍ਹਦਾ ਹੈ, ਧੁੱਪੇ ਬਹਿਣ ਦਾ ਕਿੰਨਾ ਨਜ਼ਾਰਾ ਆਉਂਦਾ ਹੈ, ਕਿੰਨਾ ਅਨੰਦ ਆਉਂਦਾ ਹੈ। ਹਰ ਕੋਈ ਚਾਹੁੰਦਾ ਹੈ ਭਾਵੇਂ ਮੇਰੀ ਜਿੰਨੀ ਮਰਜ਼ੀ Busy ਜ਼ਿੰਦਗੀ ਏ, ਘੰਟਾ ਦੋ ਘੰਟੇ ਮੈਂ ਧੁੱਪ ਜ਼ਰੂਰ ਸੇਕਾਂ। ਹੁਣ ਜਦੋਂ ਸੂਰਜ ਚੜ੍ਹਿਆ, ਸੂਰਜ ਦੀਆਂ ਕਿਰਨਾਂ ਨੇ ਤਪਸ਼ ਦਿੱਤੀ, ਗਰਮੀ ਦਿੱਤੀ। ਸਰਦੀਆਂ ਦੇ ਵਿਚ ਸਾਨੂੰ ਸੁੱਖ ਮਿਲਿਆ ਤੇ ਹੁਣ ਬੰਦਾ ਕਰੇ ਕੀ? ਜਿਹੜਾ ਹੁਣ ਸੂਰਜ ਨਿਕਲਿਆ ਹੈ, ਕਿਰਨਾਂ ਪੈ ਰਹੀਆਂ ਨੇ ਤੇ ਹੁਣ ਅਸੀਂ ਆਮ ਤੌਰ 'ਤੇ ਏਦਾਂ ਕਰਦੇ ਹਾਂ, ਸਾਡੇ ਘਰਾਂ ਦੀ ਰੁਟੀਨ ਏ, ਜਦੋਂ ਪੂਰੀ ਧੁੱਪ ਚੜ੍ਹਦੀ ਏ, ਅਸੀਂ ਘਰਾਂ ਦੇ ਬੂਹੇ ਖੋਲ੍ਹ ਦਿੰਦੇ ਹਾਂ, ਬਾਰੀਆਂ ਖੋਲ੍ਹ ਦਿੰਦੇ ਹਾਂ ਕਿ ਧੁੱਪ ਸਾਡੇ ਅੰਦਰ ਪ੍ਰਵੇਸ਼ ਕਰੇ। ਅੰਦਰ ਵੀ ਜ਼ਰੂਰ ਇਹ ਨਿੱਘ ਆਵੇ। ਹੁਣ ਆਇਆ ਨਿੱਘ ਸਾਡੇ ਘਰ ਦੇ ਅੰਦਰ ਬੂਹਾ ਖੋਲ੍ਹਣ ਨਾਲ, ਬਾਰੀ ਖੋਲ੍ਹਣ ਨਾਲ ਤੇ ਹੁਣ ਸੂਰਜ ਨੇ ਸ਼ਾਮ ਦੇ ਵੇਲੇ ਢੱਲਣਾ ਸ਼ੁਰੂ ਕਰ ਦਿੱਤਾ। ਤੇ ਹੁਣ ਬੰਦਾ ਕਹੇ ਕਿ ਹੁਣ ਜਿਹੜੀਆਂ ਉਹ ਕਿਰਨਾਂ ਮੇਰੇ ਕਮਰੇ ਵਿਚ ਆਈਆਂ ਸੀ, ਘਰ ਵਿਚ ਜਿਹੜਾ ਸੇਕ ਆਇਆ ਸੀ ਉਸ ਸੇਕ ਨੂੰ ਉਸ ਕਿਰਨਾਂ ਨੂੰ ਮੈਂ ਕਮਰੇ ਦੇ ਵਿਚ ਹੀ ਬੰਦ ਕਰ ਕੇ ਰੱਖਾਂ। ਇਹ ਕਦੀ ਹੋ ਸਕਦਾ ਹੈ? ਨਹੀਂ ਹੋ ਸਕਦਾ। ਸੂਰਜ ਹੈ, ਕਿਰਨਾਂ ਨੇ, ਤਾਂ ਹੀ ਕਿਰਨਾਂ ਤੋਂ ਬਾਅਦ ਉਹਦੀ ਤਪਸ਼, ਉਹਦੀ ਗਰਮੀ ਉਹਦੀ ਗਰਮਾਇਸ਼ ਸਾਡੇ ਤੱਕ ਪਹੁੰਚਦੀ ਏ, ਏਦਾਂ ਹੀ ਹੁੰਦਾ ਏ ਨਾ, ਤੇ ਪਿਆਰਿਓ ! ਜੇ ਕੋਈ ਬੰਦਾ ਕਹੇ ਮੈਂ ਕਿਰਨਾਂ

ਨੂੰ, ਇਹ ਤਪਸ਼ ਨੂੰ ਆਪਣੇ ਘਰ ਦੇ ਵਿਚ, ਆਪਣੇ ਕਮਰੇ ਦੇ ਵਿਚ ਕੈਦ ਕਰ ਲਵਾਂ, ਕਦੀ ਵੀ ਨਹੀਂ ਕਰ ਸਕਦਾ। ਬੰਦਾ ਕਦੀ ਵੀ ਇਹ ਚੀਜ਼ ਨਾ ਭੁੱਲੇ, ਸੂਰਜ ਡੁੱਬਿਆ, ਸੂਰਜ ਦੇ ਡੁਬਦਿਆਂ ਹੀ ਕਿਰਨਾਂ ਨੇ ਵੀ ਨਾਲ ਹੀ ਮਰ ਜਾਣਾ ਹੈ। ਖ਼ਤਮ ਹੋ ਜਾਣਾ ਹੈ।

ਤੇ ਹੁਣ ਬੰਦਾ ਚਾਹੁੰਦਾ ਸਾਰੇ ਸੁੱਖ ਹੋਣ। ਮੈਨੂੰ ਹਰ ਤਰ੍ਹਾਂ ਦਾ ਸੁੱਖ ਮਿਲੇ। ਕੋਈ ਵੀ ਮੇਰੇ ਘਰ ਦੇ ਵਿਚ ਕਮੀ ਨਾ ਹੋਵੇ। ਹਰ ਤਰ੍ਹਾਂ ਦਾ ਸੁੱਖ ਬੰਦਾ ਚਾਹੁੰਦਾ ਹੈ। ਪਰ ਜਿਹੜਾ ਸੁੱਖਾਂ ਦਾ ਦਾਤਾ ਹੈ, ਉਹਦੇ ਨਾਲ ਜੁੜਣਾ ਨਹੀਂ ਚਾਹੁੰਦਾ। ਸੁੱਖਾਂ ਨੂੰ ਲੈਣਾ ਚਾਹੁੰਦਾ ਹੈ। ਸੁੱਖ ਮਾਨਣਾ ਚਾਹੁੰਦਾ ਹੈ ਪਰ ਜਿਹੜਾ ਸੁੱਖਾਂ ਦਾ ਦਾਤਾ ਹੈ, ਪ੍ਰਮੇਸ਼ਰ ਏ, ਗੁਰੂ ਰਾਮਦਾਸ ਏ ਉਹਦੇ ਨਾਲ ਨਾਤਾ ਜੋੜਣਾ ਹੀ ਨਹੀਂ ਚਾਹੁੰਦਾ। ਭੁੱਲ ਗਿਆ ਬੰਦਾ। ਸੂਰਜ ਡੁੱਬਿਆ, ਕਿਰਨਾਂ ਵੀ ਨਾਲ ਖ਼ਤਮ ਹੋ ਗਈਆਂ। ਓ ਪਿਆਰਿਆ ! ਜੇ ਤੂੰ ਸੁੱਖ ਚਾਹੁੰਦਾ ਹੈ ਤੇ ਗੁਰੂ ਰਾਮਦਾਸ ਨਾਲ ਨਾਤਾ ਜੋੜ ਕੇ ਰੱਖ। ਜੇ ਤੂੰ ਉਹਦੇ ਨਾਲ ਨਾਤਾ ਨਹੀਂ ਜੋੜਿਆ ਤੇ ਇਸ ਗੱਲ ਦਾ ਖਿਆਲ ਰੱਖੀਂ, ਕਿ ਜਦੋਂ ਉਹਦੇ ਨਾਲੋਂ ਤੇਰਾ ਨਾਤਾ ਟੁੱਟਿਆ ਤੇ ਸੁੱਖ ਵੀ ਸਾਰੇ ਚਲੇ ਜਾਣਗੇ। ਉਹ ਹੈ ਤੇ ਸੁੱਖ ਨੇ :

***ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥***
***ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ***
***ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥*** (ਅੰਗ ੬੬੯)

ਅੱਗੇ ਕੀ ਕਹਿੰਦੇ? —

***ਤਾ***

ਇਸ ***ਤਾ*** 'ਤੇ ਗੌਰ ਫੁਰਮਾਓ, ***ਤਾ*** ਦਾ ਕੀ ਮਤਲਬ, ਇਹ ਸ਼ਰਤ ਏ। ਉਹ ਤੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ :

***ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ***
***ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥*** (ਅੰਗ ੬੬੯)

ਪਰ ਅਸੀਂ ਨਾਮ ਜੱਪਣਾ ਚਾਹੁੰਦੇ ਹੀ ਨਹੀਂ, ਅਸੀਂ ਤੇ ਵਾਰ-ਵਾਰ ਇੱਕੋ ਹੀ ਸ਼ਿਕਾਇਤਾਂ ਕਰਦੇ ਹਾਂ ਕਿ ਸਾਡਾ ਤੇ ਨਾਮ ਜੱਪਣ 'ਚ ਮਨ ਨਹੀਂ ਲੱਗਦਾ।

ਦੇਖਿਓ ! ਜਿਹੜੇ ਅਸੀਂ ਕਾਰ ਵਿਹਾਰ ਕਰ ਰਹੇ ਹਾਂ ਉਹਨਾਂ ਵਿਚ ਮਨ ਲੱਗ ਰਿਹਾ ਹੈ ਤੇ ਜਿਨ੍ਹੇ ਸਭ ਕੁਝ ਦੇਣਾ ਹੈ ਉਹਦੇ ਨਾਮ ਵਿਚ ਮਨ ਨਹੀਂ ਲੱਗ ਰਿਹਾ। ਕਸੂਰ ਫਿਰ ਕੀਹਦਾ ਹੈ? ਸਾਡਾ।

ਜਿਵੇਂ ਦੂਜੇ ਕੰਮਾਂ ਨੂੰ ਮਹੱਤਵ ਦੇਣਾ ਐਂ, ਬਸ ਆਹ ਕੰਮ ਨੂੰ ਵੀ ਮਹੱਤਵ ਦੇ। ਫਿਰ ਮਨ ਲੱਗੇਗਾ। ਪਿਆਰਿਆ ! ਇਹ ਨਹੀਂ ਪ੍ਰੋਗਰਾਮ ਉਲੀਕਿਆ ਗਿਆ ਹੈ। ਇਥੇ ਮੰਨ ਲਓ। ਸਮਾਂ ਦੇ ਦਿੱਤਾ, ਮੰਨ ਲਓ ਸਾਡਾ ਹੀ ਏ ਸਮਾਂ, ਇਕ ਉਦਾਹਰਨ ਦੇ ਰਿਹਾਂ, ਮੇਰੇ

ਤੋਂ ਪਹਿਲੇ ਜਿਹੜਾ ਜੱਥਾ ਉਨ੍ਹਾਂ ਦਾ ਸਮਾਂ ਕਿਸੇ ਦਾ ਵੀ ਸਮਾਂ ਲਾ ਲਓ। ਦੋ ਤੋਂ ਤਿੰਨ ਭਾਈ ਅਮਨਦੀਪ ਸਿੰਘ ਇਨ੍ਹਾਂ ਨੇ ਕੀਰਤਨ ਕਰਨਾ ਹੈ, ਉਦਾਹਰਨ ਦੇਣ ਲੱਗਾਂ ਸਮਝਣ ਦਾ ਯਤਨ ਕਰਿਓ। ਤੇ ਅਸੀਂ ਆਪਣੇ ਮਨ ਵਿਚ ਸੋਚੀਏ ਦੋ ਤੋਂ ਤਿੰਨ ਦਾ ਟਾਈਮ ਏ। ਢਾਈ ਕੁ ਵਜੇ ਨਿਕਲਾਂਗੇ ਘਰੋਂ। ਢਾਈ ਕੁ ਵੱਜੇ ਚੱਲਾਂਗੇ। ਪੰਜ ਮਿੰਟ ਦਾ ਰਾਹ ਏ, 2-35 'ਤੇ ਪਹੁੰਚ ਜਾਣਾ ਹੈ। 20-25 ਮਿੰਟ ਸੁਣ ਲਵਾਂਗੇ ਕੀਰਤਨ। ਇਹਦਾ ਮਤਲਬ ਹੁਣ ਇਸ ਕੰਮ ਨੂੰ ਮਹੱਤਵ ਨਹੀਂ ਦਿੱਤਾ। ਇਹ ਕੰਮ ਨੂੰ ਏਦਾਂ ਰੱਖਿਆ ਐ, ਕੀਤਾ ਨਾ ਕੀਤਾ ਕੀ ਫਰਕ ਪੈਣਾ, ਪਰ ਪਿਆਰਿਆ ! ਭੁੱਲ ਨਾ, ਇਹ ਉਹੀ ਕੰਮ ਏ, ਜਿਸ ਕੰਮ ਦਾ ਸਦਕਾ ਤੇਰੇ ਰੁਕੇ ਹੋਏ ਕਾਰੋਬਾਰ ਵੀ ਚੱਲਣੇ ਨੇ। ਇਹ ਉਹ ਕੰਮ ਐ, ਜਿਸ ਕੰਮ ਦਾ ਸਦਕਾ ਤੇਰੇ ਬੱਚਿਆਂ ਨੇ ਵੀ ਤੇਰੇ ਕਹਿਣੇ ਵਿਚ ਰਹਿਣਾ ਹੈ। ਇਹ ਉਹ ਕੰਮ ਹੈ ਜਿਸ ਕੰਮ ਦਾ ਸਦਕਾ ਪਿਆਰਿਆ ! ਇਸ ਲੋਕ ਵਿਚ ਤੇ ਸਤਿਕਾਰ ਤੈਨੂੰ ਮਿਲਣਾ ਹੀ ਮਿਲਣਾ ਹੈ ਤੇ ਦਰਗਾਹ ਵਿਚ ਵੀ ਤੇਰਾ ਆਦਰ ਮਾਣ ਬੜਾ ਹੋਣਾ ਈ।

ਪਰ ਸੱਚਾਈ ਏ ਜਿਸ ਕੰਮ ਨੇ ਸਭ ਕੁਝ ਦੇਣਾ ਹੈ ਉਸ ਕੰਮ ਨੂੰ ਆਪਣੇ ਜੀਵਨ ਵਿਚ ਮਹੱਤਵ ਦਿੱਤਾ ਹੀ ਕੋਈ ਨਹੀਂ, ਇਹਨੂੰ ਤੇ ਫਾਲਤੂ ਕੰਮ ਸਮਝ ਲਿਆ। ਕੋਈ ਨਹੀਂ ਕੀਤਾ, ਕੀਤਾ ਨਾ ਕੀਤਾ ਕੋਈ ਨਹੀਂ। ਪਿਆਰਿਆ ! ਗੁਰੂ ਨੂੰ ਸੱਚੀ ਫਰਕ ਨਹੀਂ ਪੈਣਾ ਤੈਨੂੰ ਜ਼ਰੂਰ ਪੈਣਾ ਈ। ਧੰਨ ਗੁਰੂ ਰਾਮਦਾਸ ਜੀ।....

ਅਸੀਂ ਸਾਰੇ ਸੁੱਖਾਂ ਨਾਲ ਜੁੜਨਾ ਚਾਹੁੰਦੇ ਹਾਂ, ਸੁੱਖ ਲੈਣੇ ਚਾਹੁੰਦੇ ਹਾਂ, ਪਰ ਸੁੱਖਾਂ ਦੇ ਦਾਤੇ ਨਾਲ ਜੁੜਣ ਤੋਂ ਇਨਕਾਰੀ ਹਾਂ। ਨਹੀਂ ਜੁੜਨਾ ਚਾਹੁੰਦੇ। ਇਕ ਗੱਲ ਮੈਂ ਤੁਹਾਨੂੰ ਸੁਣਾਵਾਂ ਗੁਰੂ ਕਿਰਪਾ ਕਰੇ, ਸੇਵਾ ਲਵੇ। ਅਸੀਂ, ਅਸੀਂ ਤੋਂ ਭਾਵ ਬਹੁਗਿਣਤੀ ਏਦਾਂ ਦੀ ਏ ਜਿਹੜੇ ਗੁਰਮੁਖ ਨੇ ਰੰਗੀਆਂ ਰੂਹਾਂ ਦੀ ਗੱਲ ਤੇ ਮੈਂ ਕਰ ਹੀ ਨਹੀਂ ਰਿਹਾ। ਆਮ ਤੌਰ 'ਤੇ ਸਾਡੇ ਨਾਲ ਏਦਾਂ ਹੀ ਬੀਤਦਾ ਐ। ਸੁੱਖਾਂ ਨੂੰ ਲੈਣਾ ਚਾਹੁੰਦੇ ਹਾਂ, ਫਲ ਖਾਣਾ ਚਾਹੁੰਦੇ ਹਾਂ ਪਰ ਦਰੱਖਤ ਦੀ ਦੇਖਭਾਲ ਨਹੀਂ ਕਰਨਾ ਚਾਹੁੰਦੇ। ਅਸੀਂ ਏਦਾਂ ਦੇ ਹਾਂ। ਸੁੱਖ ਲੈਣਾ ਚਾਹੁੰਦੇ ਹਾਂ ਪਰ ਜਿਸ ਦਾਤੇ ਨੇ ਸਭ ਕੁਝ ਦਿੱਤਾ ਹੈ, ਸੁੱਖ ਦੇਣੇ ਨੇ, ਉਹਦੇ ਨਾਲ ਜੁੜਨਾ ਨਹੀਂ ਚਾਹੁੰਦੇ, ਏਦਾਂ ਈ ਐਂ। ਇਸੇ ਚੀਜ਼ ਨੂੰ ਲੈ ਕੇ ਅੱਜ ਦੂਜੇ ਬੰਦੇ ਸਾਡਾ ਫਾਇਦਾ ਉਠਾ ਰਹੇ ਨੇ। ਮੈਂ ਕਈ ਵਾਰੀ ਹੈਰਾਨ ਹੁੰਦਾ ਹਾਂ, ਮੈਂ ਕਦੀ ਵੀ ਅੱਜ ਤੱਕ ਮੇਰਾ ਇਹ ਕੰਮ ਨਹੀਂ ਕਿਸੇ ਦੀ ਨਿੰਦਿਆ ਕਰਨੀ। ਅੱਜ ਤੱਕ ਬਾਬਾ ਦੀਪ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਕਿਸੇ ਬਾਰੇ ਨਹੀਂ ਸਟੇਜ਼ 'ਤੇ ਬੋਲੇ। ਮਹਾਰਾਜ ਨੇ ਸੇਵਾ ਲਈ, ਹਰੇਕ ਨੂੰ ਗਲਵਕੜੀ 'ਚ ਲਈਦਾ ਹੈ। ਪਰ ਮੇਰਾ ਮਨ ਬੜਾ ਦੁੱਖ ਰਿਹਾ, ਤਾਂ ਕਰਕੇ ਮੈਂ ਗੱਲ ਬੋਲਣ ਲੱਗਾਂ। ਸੁੱਖ ਲੈਣਾ ਚਾਹੁੰਦੇ ਹਾਂ ਇਹ ਗੱਲ ਭੁੱਲਿਓ ਨਾ, ਸੁੱਖ ਲੈਣਾ ਚਾਹੁੰਦੇ ਹਾਂ ਪਰ ਸੁੱਖਾਂ ਦੇ ਦਾਤੇ ਨਾਲ ਜੁੜਨਾ ਨਹੀਂ ਚਾਹੁੰਦੇ। ਇਹ ਸਾਡਾ ਸਾਰਿਆਂ ਦਾ ਸੁਭਾਅ ਏ ਤੇ ਏਸੇ ਚੀਜ਼ ਦਾ ਫਾਇਦਾ ਚੱਕ ਕੇ ਅੱਜ ਦੂਜੇ ਧਰਮਾਂ ਵਾਲੇ, ਇਹੋ ਜਿਹੇ ਸਾਡੇ ਧਰਮ ਵਿਚ ਵੜ ਰਹੇ ਨੇ, ਇਹੋ ਜਿਹਾ ਵੜ ਰਹੇ ਕਿ

ਬਾਹਰਲੇ ਦੇਸ਼ਾਂ ਦੇ ਵੀਜ਼ਿਆਂ ਦਾ ਲਾਲਚ, ਕਿਤੇ ਕਾਰੋਬਾਰ ਕਰਾਉਣ ਦਾ ਲਾਲਚ, ਕਿਤੇ ਸਾਨੂੰ ਪਿਆਰਿਓ ! ਮਾਇਆ ਦੇ ਕੇ ਆਪਣੇ ਧਰਮ ਨਾਲੋਂ ਤੋੜ ਕੇ ਦੂਜਾ ਧਰਮ ਅਪਨਾਉਣ ਦੇ ਲਈ ਕਿਹਾ ਜਾ ਰਿਹਾ ਹੈ। ਪਰ ਇਕ ਚੀਜ਼ ਅੱਜ ਭੁਲਿਓ ਨਾ, ਮੇਰੀ ਬੇਨਤੀ ਜੇ ਪਤਾ ਕਿਹੜੀ ਚੀਜ਼ :

*ਹਰਿ ਬਿਸਰਤ ਸਦਾ ਖੁਆਰੀ॥*

ਆਹ ਚੀਜ਼ ਨਾ ਭੁੱਲਿਓ। ਤੁਸੀਂ ਤੇ ਉਹੋ ਹੋ, ਪਤਾ ਕੌਣ? ਤੁਸੀਂ ਤੇ ਉਹੋ ਹੋ ਪਿਆਰਿਓ! ਜਿਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਗਏ, ਮਾਇਆ ਦੇ ਲਾਲਚ, ਜ਼ਮੀਨਾਂ ਦੇ ਲਾਲਚ, ਆਪਣੀਆਂ ਧੀਆਂ ਦੇ ਡੋਲੇ ਤੋਰਨ ਦੇ ਵੀ ਲਾਲਚ ਦਿੱਤੇ ਗਏ। ਤੁਸੀਂ ਉਸ ਵੇਲੇ ਕੀਤਾ ਕੀ? ਨੀਹਾਂ ਦੇ ਵਿਚ ਚਿਨਣਾ ਮਨਜ਼ੂਰ ਕਰ ਲਿਆ। ਆਖਿਆ ਸੀ, ਅਸੀਂ ਆਪਣਾ ਧਰਮ ਨਹੀਂ ਛੱਡਣਾ। ਤੁਸੀਂ ਤੇ ਉਹੋ ਹੋ, ਤੁਹਾਨੂੰ ਕਿੰਨੇ ਲਾਲਚ ਦਿੱਤੇ ਗਏ— ਮੋਹਰਾਂ ਲੈ ਲਓ, ਜ਼ਮੀਨਾਂ-ਜਾਇਦਾਦਾਂ ਲੈ ਲਓ, ਆਪਣਾ ਧਰਮ ਛੱਡ ਦਿਓ, ਪਰ ਤੁਸੀਂ ਕਿਸੇ ਵੀ ਲਾਲਚ ਵੱਸ ਹੋ ਕੇ ਆਪਣਾ ਧਰਮ ਨਹੀਂ ਛੱਡਿਆ। ਰੰਬੀਆਂ ਨਾਲ ਖੋਪਰੀਆਂ ਲੁਹਾ ਲਈਆਂ, ਬੰਦ-ਬੰਦ ਭਾਵੇਂ ਕਟਵਾ ਲਏ। ਆਰਿਆਂ ਦੇ ਨਾਲ ਆਪਣਾ ਤਨ ਚਿਰਵਾਉਣਾ ਮਨਜ਼ੂਰ ਕਰ ਲਿਆ ਪਰ ਸਿੱਖੀ ਤੋਂ ਤੁਸੀਂ ਨਹੀਂ ਪਿੱਛੇ ਹਟੇ।

ਪਰ ਅੱਜ ਪਿਆਰਿਓ ! ਨਿੱਕਾ ਜਿਹਾ ਵੀਜ਼ਿਆਂ ਦਾ ਲਾਲਚ, ਕਾਰੋਬਾਰ ਦਾ ਲਾਲਚ, ਇਹ ਜ਼ਮੀਨਾਂ ਜਾਇਦਾਦਾਂ ਦਾ ਲਾਲਚ ਤੁਹਾਨੂੰ ਡੁਲਾ ਰਿਹਾ ਤੇ ਕਾਰਨ ਕੀ ਏ? ਇਹ ਡੋਲਣ ਦਾ ਕਾਰਣ, ਬਸ ਇਹੋ ਹੀ ਏ ਕਿ ਅਸੀਂ ਅਜੇ ਪੱਕੇ ਤੌਰ 'ਤੇ ਉਹਦੇ ਨਾਲ ਨਾਤਾ ਜੋੜਿਆ ਹੀ ਨਹੀਂ ਏ। ਜੇ ਉਹਦੇ ਨਾਲ ਪੱਕੇ ਤੌਰ 'ਤੇ ਨਾਤਾ ਜੋੜਿਆ ਹੁੰਦਾ, ਮੈਂ ਸੱਚ ਕਹਿ ਰਿਹਾਂ, ਜਿਹੜੇ ਪੱਕੇ ਤੌਰ 'ਤੇ ਉਹਦੇ ਨਾਲ ਨਾਤਾ ਜੋੜ ਲੈਂਦੇ ਆ, ਨਾ ਤੇ ਕਿਸੇ ਲਾਲਚ ਕਰਕੇ ਆਪਣਾ ਧਰਮ ਛੱਡਦੇ ਨੇ ਤੇ ਨਾ ਹੀ ਕਿਸੇ ਡਰ ਕਰਕੇ ਛੱਡਦੇ ਨੇ।

ਦੋ ਹੀ ਕਾਰਨ ਹੁੰਦੇ ਨੇ ਬੰਦੇ ਨੂੰ ਵੱਸ ਵਿਚ ਕਰਨ ਦੇ। ਜਾਂ ਲਾਲਚ ਜਾਂ ਡਰ। ਦੋ ਹੀ ਕਾਰਨ ਨੇ। ਜਾਂ ਲਾਲਚ ਦੇ ਦਿਓ ਜਾਂ ਡਰਾਓ, ਧਮਕਾਓ। ਤੁਸੀਂ ਤੇ ਉਨ੍ਹਾਂ ਦੀ ਔਲਾਦ ਹੋ ਪਿਆਰਿਓ ! ਕਲਗੀਧਰ ਪਿਤਾ ਜੀ ਦਾ ਤੁਹਾਡੀਆਂ ਰਗਾਂ ਦੇ ਵਿਚ ਖ਼ੂਨ ਦੌੜ ਰਿਹਾ ਐ। ਉਸ ਖ਼ੂਨ ਨੂੰ ਪਛਾਣੋ। ਅੱਜ ਆਪਣੇ ਮਨ ਦੇ ਵਿਚ ਪੱਕਾ ਪ੍ਰਣ ਕਰ ਲਓ ਕਿ ਦਾਤਿਆ! ਕਿਸੇ ਵੀ ਲਾਲਚ ਵੱਸ ਹੋ ਕੇ, ਕਿਸੇ ਵੀ ਡਰ ਦੇ ਕਰਕੇ ਅਸੀਂ ਤੇਰੀ ਸਿੱਖੀ ਨਹੀਂ ਛੱਡਾਂਗੇ। ਸਾਡੇ ਅੱਗੇ ਭਾਵੇਂ ਕੋਈ ਸੋਨੇ ਦਾ ਵੀ ਬਣ ਕੇ ਆ ਜਾਏ, ਉਹਨੂੰ ਦੂਰੋਂ ਮੱਥਾ ਟੇਕਾਂਗੇ, ਭਾਈ ! ਰਾਜ਼ੀ ਰਹੋ। ਵੱਡਾ ਹੋਏਂਗਾ ਆਪਣੇ ਘਰ ਹੋਏਂਗਾ। ਰਾਜ਼ੀ ਰਹੋ। ਮੇਰਾ ਤੇਰੇ ਨਾਲ ਕੋਈ ਨਾਤਾ ਨਹੀਂ। ਤੂੰ ਕਹਿਨਾਂ ਤੂੰ ਵੱਡਾ ਐਂ, ਮੇਰੇ ਲਈ ਤੂੰ ਵੱਡਾ ਨਹੀਂ। ਮੇਰੇ ਲਈ ਵੱਡਾ ਮੇਰਾ ਗੁਰੂ ਰਾਮਦਾਸ, ਗੁਰੂ ਗ੍ਰੰਥ ਸਾਹਿਬ ਮਾਲਕ। ਆਖੋ : ਵਾਹਿਗੁਰੂ-ਵਾਹਿਗੁਰੂ।

ਅਸੀਂ ਕਿੱਥੇ ਸੀ, ਸਿੱਖੋ ! ਆਪਣੇ ਆਪ ਨੂੰ ਪਛਾਣੋ। ਲਾਲਚ ਵਸ ਹੋ ਕੇ ਆਪਣਾ ਧਰਮ ਨਾ ਛੱਡੋ। ਡਰ ਵਸ ਹੋ ਕੇ ਆਪਣਾ ਧਰਮ ਨਾ ਛੱਡੋ। ਐਵੇਂ ਝੂਠੀਆਂ ਕਰਾਮਾਤਾਂ ਦੇਖ ਕੇ ਆਪਣਾ ਧਰਮ ਨਾ ਛੱਡੋ, ਜੋ ਮਰਜ਼ੀ ਹੋ ਜਾਏ। ਬਾਪੂ ਅੱਗੇ ਏਹੀ ਜੋਦੜੀ ਕਰਿਆ ਕਰੋ:

***ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।..........***

ਏ ਨਿਤਨੇਮ ਜਦੋਂ ਕਰਦੇ ਹੋ, ਜੇ ਨਹੀਂ ਕਰਦੇ, ਕਰਿਆ ਕਰੋ ਤੇ ਜਦੋਂ ਨਿਤਨੇਮ ਕਰੋ, ਨਿਤਨੇਮ ਤੋਂ ਬਾਅਦ ਇਹ ਅਰਦਾਸ ਜ਼ਰੂਰ ਕਰਿਆ ਕਰੋ। ਦਾਤਿਆ !

***ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।...........***

ਦਾਤਿਆ ! ਕਿਸੇ ਵੀ ਕਾਰਨ ਕਰਕੇ ਮੈਂ ਤੇਰੀ ਸਿੱਖੀ ਤੋਂ ਪਿੱਛੇ ਨਾ ਹੋਵਾਂ। ਇਹ ਬੜੇ ਮਹਿੰਗੇ ਭਾਅ ਮੈਂ ਲਈ ਏ। ਇਹ ਮੈਂ ਲਾਲਚ ਵਸ ਹੋ ਕੇ ਛੱਡਣ ਵਾਸਤੇ ਨਹੀਂ ਲਈ ਏ। ਕੋਈ ਆ ਕੇ ਮੈਨੂੰ ਡਰਾ ਗਿਆ, ਮੈਂ ਸਿੱਖੀ ਛੱਡ ਦਿੱਤੀ, ਉਹਦੇ ਲਈ ਥੋੜ੍ਹੀ ਲਈ ਏ। ਮੈਂ ਤੇ ਸਿੱਖੀ ਕੇਸਾਂ ਸੰਗ ਨਿਭਾਵਾਂ ਕੋਈ ਆਪਣੇ ਬਲ ਨਾਲ ਨਹੀਂ, ਗੁਰੂ ਰਾਮਦਾਸ ਤੇਰੇ ਬਲ ਸਦਕਾ। ਮੈਂ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਵਾਂ ਤੇ ਇਕੱਲੇ ਮੈਂ ਹੀ ਨਾ ਨਿਭਾਵਾਂ, ਮੇਰੀਆਂ ਕੁਲਾਂ ਵੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣ। ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਤੇ ਇਹ ਨਿਭੇਗੀ ਉਦੋਂ ਹੀ ਜਦੋਂ ਆਹ ਚੀਜ਼ ਆਪਣੇ ਅੰਦਰ ਵਸਾ ਲਓਗੇ ਕਿ ਉਹਦੇ ਨਾਲੋਂ ਨਾਤਾ ਨਹੀਂ ਤੋੜਣਾ। ਖ਼ੁਆਰ ਬੰਦਾ ਹੁੰਦਾ ਹੀ ਉਦੋਂ ਐ :

***ਹਰਿ ਬਿਸਰਤ ਸਦਾ ਖੁਆਰੀ॥***

ਪਰ—

***ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥***

ਇਕ ਗੱਲ ਕਹਿ ਕੇ ਮੈਂ ਸਮਾਪਤੀ ਕਰਨੀ ਏ। ਸ਼ੇਖ ਸਾਅਦੀ ਇਹ ਮੁਸਲਮਾਨ ਫ਼ਕੀਰ ਏ। ਗੱਲ ਸੁਨਣ ਵਾਲੀ ਏ। ਉਨ੍ਹਾਂ ਦੇ ਜੀਵਨ ਦੀ ਇਕ ਘਟਨਾ ਮਿਲਦੀ ਏ, ਸ਼ੇਖ ਸ਼ਾਅਦੀ ਦੇ। ਇਕ ਦਿਨ ਇਕਾਂਤ ਦੇ ਵਿੱਚੋਂ, ਜੰਗਲ ਦੇ ਇਲਾਕੇ ਵਿੱਚੋਂ ਲੰਘਦੇ ਜਾ ਰਹੇ ਸ਼ੇਖ ਸਾਅਦੀ ਤੇ ਇਕ ਬੜਾ ਹੀ ਸੁੰਦਰ ਗੱਭਰੂ, ਨੌਜੁਆਨ ਚਿਹਰਾ ਬੜਾ ਉਹਦਾ ਖਿੜ੍ਹਿਆ ਪਿਆ ਐ। ਉਹ ਜੰਗਲ ਦੇ ਵਿਚ ਤੁਰ ਰਿਹਾ। ਜਦੋਂ ਸ਼ੇਖ ਸਾਅਦੀ ਦਾ ਧਿਆਨ ਪਿਆ। ਉਸ ਨੌਜੁਆਨ ਦਾ ਚਿਹਰਾ ਏਨਾ ਪ੍ਰਭਾਵਤ ਕੀਤਾ ਸ਼ੇਖ ਸਾਅਦੀ ਨੂੰ ਤੇ ਉਹਦੇ ਕੋਲ ਚਲੇ ਗਏ। ਗੱਲ ਸੁਣਿਓ ! ਜਦੋਂ ਕੋਲ ਗਏ ਤੇ ਕੋਲ ਜਾ ਕੇ ਕਹਿਣ ਲੱਗੇ, ''ਬਈ ਤੂੰ ਕੌਣ ਐਂ? ਤੇਰਾ ਚਿਹਰਾ ਇੰਨਾ ਪ੍ਰਭਾਵ ਪਾ ਰਿਹਾ ਐ, ਤੂੰ ਕੌਣ ਐਂ?'' ਤੇ ਅੱਗੋਂ ਨੌਜਵਾਨ ਕਹਿੰਦਾ, ''ਤੁਸੀਂ ਮੇਰੇ ਬਾਰੇ ਨਾ ਹੀ ਪੁੱਛੋ ਤਾਂ ਚੰਗਾ ਐ।'' ਕਹਿ ਦਿਓ ! ਵਾਹਿਗੁਰੂ-ਵਾਹਿਗੁਰੂ।

ਤੁਸੀਂ ਮੇਰੇ ਬਾਰੇ ਨਾ ਹੀ ਪੁੱਛੋ ਤਾਂ ਚੰਗਾ ਐ। ਕਹਿੰਦੇ, ''ਨਹੀਂ, ਤੂੰ ਫਿਰ ਵੀ ਦੱਸ, ਤੂੰ ਕੌਣ ਹੈਂ? ਤੇਰਾ ਚਿਹਰਾ ਮੈਨੂੰ ਖਿੱਚ ਪਾ ਰਿਹਾ ਹੈ। ਤੂੰ ਕੌਣ ਐਂ?'' ਤੇ ਕਹਿੰਦਾ, ''ਫਿਰ ਧਿਆਨ ਨਾਲ ਸੁਣੋ। ਜੇ ਤੁਸੀਂ ਮੇਰੇ ਬਾਰੇ ਜ਼ੋਰ ਪਾ ਕੇ ਪੁੱਛਦੇ ਹੋ ਤੇ ਮੈਂ ਦੱਸਦਾਂ। ਲੋਕ ਮੇਰੇ

ਨਾਲ ਨਫ਼ਰਤ ਕਰਦੇ ਨੇ ਤੇ ਲੋਕ ਮੈਨੂੰ ਸ਼ੈਤਾਨ ਕਹਿੰਦੇ ਨੇ। ਮੈਂ ਸ਼ੈਤਾਨ ਹਾਂ।''

ਸ਼ੇਖ ਸਾਅਦੀ ਦੇ ਜੀਵਨ 'ਚੋਂ ਜ਼ਿਕਰ ਮਿਲਦਾ ਹੈ। ਗਿਆਨੀ ਸੰਤ ਸਿੰਘ 'ਮਸਕੀਨ' ਜੀ ਵੀ, ਹੋਰ ਕਈ ਗੁਰਮੁਖਾਂ ਕੋਲੋਂ ਮੈਂ ਬਚਨ ਸੁਣਿਆ। ਸੁਣਿਓ ਧਿਆਨ ਨਾਲ।

ਸ਼ੇਖ ਸਾਅਦੀ ਕਹਿੰਦੇ, ''ਤੂੰ ਸ਼ੈਤਾਨ ਐਂ?'' ਕਹਿੰਦਾ, ''ਹਾਂ।''

ਇਹ ਮੁਸਲਮਾਨ ਫਿਲੌਸਫੀ ਦੇ ਮੁਤਾਬਿਕ ਜੋ ਗੱਲ ਸਾਹਮਣੇ ਆਈ ਸੁਣਿਓ ! ਅਸੀਂ ਗੁਣ ਲੈਣੇ ਨੇ, ਸਾਡੇ ਲਈ ਤੇ ਵੱਡਾ ਧੰਨ ਗੁਰੂ ਰਾਮਦਾਸ ਏ, ਧੰਨ ਗੁਰੂ ਗ੍ਰੰਥ ਸਾਹਿਬ ਮਾਲਕ ਵੱਡਾ ਏ, ਪਰ ਜਿਹੜਾ ਗੁਣ ਵਿੱਚੋਂ ਮਿਲਣਾ ਐ ਇਕੱਠਾ ਕਰਿਓ।

ਉਹ ਕਹਿੰਦਾ, ''ਜਦੋਂ ਅੱਲ੍ਹਾ ਨੇ, ਖ਼ੁਦਾਵੰਦ ਕਰੀਮ ਨੇ ਬੰਦਾ ਬਣਾਇਆ, 'ਬਾਬਾ ਆਦਮ' ਉਹਦਾ ਨਾਮ।'' ਇਹ ਬੜੀ ਪਿਆਰੀ ਨਿਰੰਕਾਰ ਦੀ ਕ੍ਰਿਤ ਏ, ਪਿਆਰੀ ਇਹ ਰਚਨਾ ਐ ਮਨੁੱਖ। ਤਾਂ ਹੀ ਤੇ ਸਾਹਿਬ ਨੇ ਵੀ ਕਿਹਾ ਹੈ :

***ਹੀਰੇ ਜੈਸਾ ਜਨਮ ਹੈ***

ਇਹ ਹੀਰਿਆਂ ਤੋਂ ਵੀ ਮਹਿੰਗਾ ਜਨਮ ਹੈ। ਕਿੰਨੀਆਂ ਪੰਕਤੀਆਂ ਨੇ ਜਿਹਦੇ ਵਿਚ ਮਾਲਕ ਪਿਤਾ ਨੇ ਕਿਹਾ ਇਹ ਅਨਮੋਲ ਦੇਹੀ ਏ :

***ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥੨॥***

**(ਅੰਗ ੧੧੫੯)**

ਬੇਅੰਤ ਪੰਕਤੀਆਂ ਮਿਲ ਜਾਣਗੀਆਂ। ਮੈਂ ਗੱਲ ਛੋਟੀ ਕਰਾਂ। ਕਹਿੰਦੇ, ਜਦੋਂ ਅੱਲ੍ਹਾ ਨੇ ਬੰਦਾ ਬਣਾਇਆ, ਰੱਬ ਨੇ, ਨਿਰੰਕਾਰ ਨੇ, ਉਹਨੇ ਵੇਖਿਆ ਏਡੀ ਪਿਆਰੀ ਰਚਨਾ ਹੋਈ ਤੇ ਇਸ ਬੰਦੇ ਨੂੰ ਬਹਿਸ਼ਤ ਦੇ ਵਿਚ, ਭਾਵ ਸਵਰਗ ਦੇ ਵਿਚ ਭੇਜਿਆ ਕਿ ਏਡੀ ਵੱਡੀ ਜਿਹੜੀ ਇਹ ਚੀਜ਼ ਮੇਰੇ ਕੋਲੋਂ ਤਿਆਰ ਹੋਈ ਏ, ਇਹ ਬੜਾ ਪਿਆਰਾ ਇਹ ਮੇਰੇ ਕੋਲੋਂ ਢਾਂਚਾ ਬਣ ਗਿਆ ਮਨੁੱਖਾ ਦੇਹੀ ਦਾ ਤੇ ਇਹਦੀ ਜਗ੍ਹਾ ਹੁਣ ਸਵਰਗ ਦੇ ਵਿਚ ਏ। ਹੁਣ ਸਵਰਗ ਦੇ ਵਿਚ ਜਦੋਂ ਬੰਦੇ ਨੂੰ ਭੇਜਿਆ ਤੇ ਉਸ ਵੇਲੇ ਕੁਝ ਸਮੇਂ ਬਾਅਦ ਬੰਦਾ ਹੋ ਗਿਆ ਉਦਾਸ, ਬਾਬਾ ਆਦਮ ਉਦਾਸ। ਤੇ ਉਸ ਵੇਲੇ ਖ਼ੁਦਾ ਕਹਿੰਦਾ, ''ਬਈ ਤੈਨੂੰ ਸਵਰਗ ਮਿਲੇ ਨੇ ਤੂੰ ਕਿਉਂ ਉਦਾਸ ਏਂ?'' ਕਹਿੰਦਾ, ''ਭਾਵੇਂ ਸਵਰਗ ਨੇ, ਇਕੱਲਾ ਬੰਦਾ ਕੁਝ ਦਿਨਾਂ ਤੋਂ ਵੱਧ ਇਕ ਜਗ੍ਹਾ 'ਤੇ ਨਹੀਂ ਰਹਿ ਸਕਦਾ? ਕੋਈ ਦੁੱਖ-ਸੁੱਖ ਫੋਲਣ ਵਾਲਾ ਵੀ ਤੇ ਚਾਹੀਦਾ ਏ। ਕੋਈ ਗੱਲਾਂ-ਬਾਤਾਂ ਕਰਨ ਵਾਲਾ ਵੀ ਚਾਹੀਦਾ ਹੈ ਤੇ ਉਸ ਵੇਲੇ ਇਕ ਔਰਤ ਬਣਾਈ। ਹੁਮਾ ਨਾਮ ਉਹਦਾ। ਜਦੋਂ ਬਣਾਈ ਤੇ ਜਦੋਂ ਬਾਬਾ ਆਦਮ ਤੇ ਇਹ ਹੁਮਾ ਦੋਵੇਂ ਜਣੇ ਸਵਰਗ ਵਿਚ ਰਹਿਣ ਲੱਗ ਪਏ। ਤਾਂ ਉਸ ਸਮੇਂ ਖ਼ੁਦਾ ਨੇ ਕੁਝ ਗੱਲਾਂ ਕੀਤੀਆਂ, ਕੀ?

ਇਸ ਸਵਰਗ ਦੇ ਵਿੱਚ ਫਲ ਲੱਗੇ ਨੇ। ਅਲੱਗ-ਅਲੱਗ ਦਰੱਖ਼ਤਾਂ ਨੂੰ ਫਲ ਲੱਗੇ ਨੇ। ਕੁਝ ਫਲ ਏਹੋ ਜਿਹੇ ਨੇ ਜਿਹੜੇ ਤੁਹਾਡੇ ਖਾਣ ਯੋਗ ਨੇ ਤੇ ਕੁਝ ਨਹੀਂ ਖਾਣ ਯੋਗ। ਤੁਸੀਂ ਇਉਂ ਕਰਿਓ, ਇਹ ਫਲ ਖਾਣ ਯੋਗ ਇਹ ਖਾਇਓ, ਦੂਜੇ ਨਹੀਂ ਖਾਣੇ। ਹਦਾਇਤਾਂ ਕਰ ਦਿੱਤੀਆਂ ਕਿ ਇਹ ਰੂਲ ਮੁਤਾਬਿਕ ਤੁਸੀਂ ਸਵਰਗ ਵਿਚ ਰਹਿਣਾ ਐ।

ਹੁਣ ਜਦੋਂ ਇਹ ਦੋਵੇਂ ਜਣੇ ਸੁੱਖੀ ਵੱਸ ਰਹੇ ਨੇ ਤੇ ਸ਼ੈਤਾਨ ਕਹਿੰਦਾ ਏ, ਮੈਂ ਇਨ੍ਹਾਂ ਦੇ ਸੁੱਖ ਨੂੰ ਵੇਖ ਕੇ ਦੁੱਖੀ ਹੋਣ ਲੱਗ ਪਿਆ ਕਿ ਏਨਾ ਸੁੱਖੀ ਏ ਇਹ ਬੰਦਾ? ਮੈਂ ਕਰਾਂ ਕੀ? ਇਹ ਤੇ ਖੁਦਾ ਦੇ ਨਿਰੰਕਾਰ ਦੇ ਹੁਕਮਾਂ ਮੁਤਾਬਿਕ ਚੱਲ ਰਹੇ ਆ। ਤੇ ਕਹਿੰਦਾ, ਮੈਂ ਗਿਆ। ਸ਼ੈਤਾਨੀ ਕੀਤੀ। ਉਸ ਬੰਦੇ ਦੇ ਕੰਨ ਵਿਚ ਇਕ ਗੱਲ ਕਹਿ ਦਿੱਤੀ ਕਿ ਤੁਸੀਂ ਰੱਬ ਦੀ ਗੱਲ ਮੰਨ ਕੇ ਫਲਾਣਾ-ਫਲਾਣਾ ਫਲ ਖਾ ਰਹੇ ਹੋ, ਰੱਬ ਨੇ ਫਲਾਣੇ ਫਲਾਂ ਤੋਂ ਤੁਹਾਨੂੰ ਤਾਂ ਕਰਕੇ ਰੋਕਿਆ ਹੋਇਆ ਕਿਉਂਕਿ ਉਹ ਇਨ੍ਹਾਂ ਤੋਂ ਵੀ ਵੱਧ ਸੁਆਦ ਨੇ। ਉਹ ਇਹਨਾਂ ਤੋਂ ਵੀ ਵੱਧ ਮਿੱਠੇ ਨੇ। ਉਹ ਇਹਨਾਂ ਤੋਂ ਵੀ ਵੱਧ ਸੁਆਦ ਨੇ। ਤੁਸੀਂ ਜ਼ਰਾ ਉਹ ਫਲਾਂ ਦਾ ਨਜ਼ਾਰਾ ਲੈ ਕੇ ਵੇਖੋ, ਤੁਸੀਂ ਮੈਨੂੰ ਯਾਦ ਕਰੋਗੇ।

ਹੁਣ ਬੰਦਾ ਆ ਗਿਆ ਸ਼ੈਤਾਨ ਦੀਆਂ ਗੱਲਾਂ ਦੇ ਵਿਚ ਤੇ ਉਹ ਫਲ ਖਾਣੇ ਸ਼ੁਰੂ ਕਰ ਦਿੱਤੇ, ਜਿਹੜੇ ਇਹਨੂੰ ਨਹੀਂ ਖਾਣੇ ਚਾਹੀਦੇ ਸਨ। ਤੇ ਹੋਇਆ ਕੀ? ਬੰਦਾ ਉਹ ਚੀਜ਼ਾਂ ਨੂੰ ਖਾਣ ਲੱਗ ਪਿਆ ਜਿਹੜੀਆਂ ਨਿਰੰਕਾਰ ਨੂੰ ਭਾਉਂਦੀਆਂ ਨਹੀਂ ਸੀ। ਜਿਸ ਕਰਕੇ ਸਵਰਗ ਤੋਂ ਮਿਲਿਆ ਧੱਕਾ ਤੇ ਜ਼ਮੀਨ 'ਤੇ ਆ ਗਿਆ। ਉਸ ਦਿਨ ਦਾ ਫਿਰ ਸ਼ੈਤਾਨ ਤੋਂ ਨਫ਼ਰਤ ਕਰਨ ਲੱਗ ਪਿਆ ਕਿ ਇਹਨੇ ਮੈਨੂੰ ਮਾੜੇ ਪਾਸੇ ਲਾਇਆ ਤੇ ਸਵਰਗ ਤੋਂ ਇਹਦੇ ਕਰਕੇ ਮੈਂ ਧਰਤੀ 'ਤੇ ਆ ਗਿਆਂ। ਸ਼ੈਤਾਨ ਕਹਿੰਦਾ, 'ਤਾਂ ਕਰਕੇ ਮੈਂ ਇਕਾਂਤ ਦੇ ਵਿਚ ਹਾਂ। ਲੋਕ ਮੈਨੂੰ ਨਫ਼ਰਤ ਕਰਦੇ ਨੇ। ਮੇਰੇ ਨਾਲ ਕੋਈ ਮੁਹੱਬਤ ਨਹੀਂ ਕਰਦਾ।

ਤੇ ਸ਼ੇਖ ਸਾਅਦੀ ਦੀ ਇਹ ਗੱਲ ਸੁਣਾ ਕੇ ਮਹਾਂਪੁਰਖਾਂ ਨੇ ਫਿਰ ਬਚਨ ਸੁਣਾਇਆ— ''ਵੇਖੋ ! ਗੁਰੂ ਪ੍ਰਮੇਸ਼ਰ ਸਾਈਂ ਨੇ ਸਾਡੀ ਜ਼ਿੰਦਗੀ ਵਿਚ ਵੀ ਅਸੂਲ ਬਣਾਏ ਨੇ।''

ਧਿਆਨ ਨਾਲ ਸੁਣਿਓ। ਅੱਜ ਦੇ ਇਹ ਕੀਰਤਨ ਦਾ ਇਹ ਸਿੱਟਾ ਏ। ਅੱਜ ਦੇ ਕੀਰਤਨ ਦੀ ਇਹ ਸਿੱਖਿਆ ਹੈ। ਗੁਰੂ ਪ੍ਰਮੇਸ਼ਰ ਸਾਈਂ ਸਾਡਾ ਕਿਹੜਾ ਹੈ? ਗੁਰੂ ਰਾਮਦਾਸ ਜੀ। ਅਸੀਂ ਕੋਈ ਹੋਰ ਗੁਰੂ ਪ੍ਰਮੇਸ਼ਰ ਨਹੀਂ ਲੱਭਣਾ। ਸਾਡਾ ਗੁਰੂ ਪ੍ਰਮੇਸ਼ਰ ਕੌਣ? ਗੁਰੂ ਗ੍ਰੰਥ ਸਾਹਿਬ ਮਾਲਕ। ਕੋਈ ਹੋਰ ਰੱਬ ਨਹੀਂ ਲੱਭਣਾ। ਕਲਗੀਆਂ ਵਾਲਾ, ਗੁਰੂ ਨਾਨਕ, ਜੋਤਿ ਇਕੋ ਹੀ ਹੈ, ਰੂਪ ਵੱਖਰੇ ਨੇ। ਕਹਿੰਦੇ, ਸਾਡੇ ਗੁਰੂ ਪ੍ਰਮੇਸ਼ਰ ਸਾਈਂ ਨੇ ਵੀ ਸਾਡੇ ਲਈ ਕੁਝ ਰੂਲ ਬਣਾਏ ਨੇ :

***ਗੁਰਸਿਖ ਮੀਤ ਚਲਹੁ ਗੁਰ ਚਾਲੀ॥***
***ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥***

**(ਅੰਗ ੬੬੭)**

ਸਿੱਖਾ ! ਆਹ ਕੰਮ ਤੂੰ ਜੀਵਨ ਵਿਚ ਕਰਨੇ ਨੇ ਤੇ ਆਹ ਕੰਮ ਨਹੀਂ ਕਰਨੇ। ਅੰਮ੍ਰਿਤ ਤੂੰ ਪੀਣਾ ਹੈ ਪਰ ਅਸੀਂ ਅੰਮ੍ਰਿਤ ਨੂੰ ਛੱਡ ਕੇ ਸ਼ਰਾਬਾਂ ਵੀ ਪੀਣ ਲੱਗ ਪਏ ਹਾਂ। ਸੱਚੀ ਗੱਲ ਏ। ਅੰਮ੍ਰਿਤ ਤੂੰ ਪੀਣਾ ਐਂ, ਦੂਜੀਆਂ ਚੀਜ਼ਾਂ ਦੀ ਵਰਤੋਂ ਤੂੰ ਨਹੀਂ ਕਰਨੀ। ਸਦਾ ਸੱਚ ਦਾ ਪਹਿਰਾ ਦੇਣਾ ਹੈ ਪਰ ਅਸੀਂ ਜੁੜੇ ਹੀ ਝੂਠ ਨਾਲ ਹੋਏ ਹਾਂ। ਕਹਿ ਦਿਓ : ਵਾਹਿਗੁਰੂ।....

ਤੇ ਹੋਇਆ ਕੀ ਪਿਆਰਿਓ? ਜਿਵੇਂ ਨਿਰੰਕਾਰ ਖੁਦਾ ਦਾ ਹੁਕਮ ਨਾ ਮੰਨਣ ਕਰਕੇ, ਬੰਦੇ ਨੂੰ ਸਵਰਗ 'ਚੋਂ ਪੈ ਗਿਆ ਧੱਕਾ। ਤੇ ਇਸੇ ਤਰ੍ਹਾਂ ਜਿਹੜੇ ਸਿੱਖ ਆਪਣੇ ਗੁਰੂ ਦੇ ਕਹੇ ਮੁਤਾਬਿਕ ਨਹੀਂ ਚੱਲਦੇ, ਅੰਮ੍ਰਿਤ ਨਾਲ ਨਹੀਂ ਜੁੜਦੇ, ਬਾਣੀ ਨਾਲ ਨਹੀਂ ਜੁੜਦੇ, ਸਿਮਰਨ ਨਾਲ ਨਹੀਂ ਜੁੜਦੇ, ਅੰਮ੍ਰਿਤ ਵੇਲੇ ਦੇ ਨਾਲ ਨਹੀਂ ਜੁੜਦੇ, ਏਸੇ ਤਰ੍ਹਾਂ ਫਿਰ ਉਹ ਸਿੱਖਾਂ ਨੂੰ ਵੀ ਗੁਰੂ ਦੀ ਦਰਗਾਹ ਵਿੱਚੋਂ ਧੱਕਾ ਪੈ ਜਾਂਦਾ ਹੈ। ਫਿਰ ਭਾਵੇਂ ਜਿੰਨੇ ਮਰਜ਼ੀ ਸੁੱਖ ਉਹਦੇ ਕੋਲ ਹੋਣ, ਜਿੰਨੀਆਂ ਮਰਜ਼ੀ ਉਹਦੇ ਕੋਲ ਸਹੂਲਤਾਂ ਹੋਣ, ਅੰਦਰੋਂ ਕਲਪਨਾ ਨਹੀਂ ਜਾਏਗੀ, ਅੰਦਰੋਂ ਟੈਨਸ਼ਨਾਂ ਨਹੀਂ ਮੁਕਣਗੀਆਂ, ਅੰਦਰਲੀ ਸ਼ਾਂਤੀ ਨਹੀਂ ਮਿਲੇਗੀ। ਜਿੰਨੇ ਮਰਜ਼ੀ ਭਾਵੇਂ ਸੁੱਖ ਹੋਣ। ਕਿਉਂ? ਕਿਉਂ ਸ਼ਾਂਤੀ ਨਹੀਂ? ਕਿਉਂ ਅੰਦਰਲੀ ਕਲਪਨਾ ਨਹੀਂ ਨਿਕਲੇਗੀ? ਕਿਉਂਕਿ ਜਿਨ੍ਹੇ ਸਭ ਕੁਝ ਦਿੱਤਾ ਹੈ ਉਹਦੇ ਬਚਨ ਨਹੀਂ ਮੰਨੇ ਤੇ ਉਹਦੇ ਨਾਲੋਂ ਤੂੰ ਆਪਣਾ ਨਾਤਾ ਤੋੜ ਦਿੱਤਾ ਹੈ।

ਬਸ ਅੱਜ ਆਹ ਹੀ ਕੰਮ ਕਰਿਓ। ਮੇਰੀ ਬੇਨਤੀ ਏ, ਜੋ ਮਰਜ਼ੀ ਹੋ ਜਾਏ, ਆਪਣਾ ਅੰਦਰਲਾ ਨਾਤਾ ਆਪਣੇ ਮਾਲਕ ਤੋਂ ਟੁੱਟਣ ਨਾ ਦੇਈਏ। ਅਸੀਂ ਖੁਆਰ ਹੀ ਉਦੋਂ ਹੁੰਦੇ ਹਾਂ ਜਦੋਂ ਉਹਦੇ ਨਾਲੋਂ ਨਾਤਾ ਤੋੜ ਲੈਂਦੇ ਹਾਂ। ਹੁਣ ਆਗਿਆ ਬਖ਼ਸ਼ੋ। ਪਿਆਰ ਸਹਿਤ ਫਤਹਿ ਬੁਲਾਓ :

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

✧

# ਐਸਾ ਕਰਹੁ ਬੀਚਾਰੁ ਗਿਆਨੀ॥

(ਅੰਗ ੩੮੫)

ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।

ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਅੱਜ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦਾ ਪਰਿਵਾਰ ਫਿਰ ਇਕੱਤਰਤ ਹੋਇਆ ਹੈ।

ਆਓ ! ਬੜੇ ਪਿਆਰ ਨਾਲ ਆਪਾਂ ਸ਼ਬਦ ਪੜ੍ਹੀਏ। ਅੱਜ ਦਾ ਜਿਹੜਾ ਮੈਂ ਸ਼ਬਦ ਪੜ੍ਹਨਾ ਹੈ, ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਉਚਾਰਨ ਕੀਤਾ, 385 ਅੰਗ ਗੁਰੂ ਗ੍ਰੰਥ ਸਾਹਿਬ ਜੀ ਦੇ ਉਤੇ ਇਹ ਸ਼ਬਦ ਦਰਜ ਏ :

***ਐਸਾ ਕਰਹੁ ਬੀਚਾਰੁ ਗਿਆਨੀ॥ ਜਾ ਤੇ ਪਾਈਐ ਪਦੁ ਨਿਰਬਾਨੀ॥***

(ਅੰਗ ੩੮੫)

ਇਸ ਸ਼ਬਦ ਦਾ ਗਾਇਨ ਆਪਾਂ ਰਲ-ਮਿਲ ਕੇ ਕਰੀਏ, ਕੋਈ ਰਸਨਾ ਵਾਂਝੀ ਨਾ ਰਹੇ। ਸ਼ਬਦ ਪੜ੍ਹਾਂ ਉਸ ਤੋਂ ਪਹਿਲੇ ਇਕ ਵਾਰੀ ਆਪਣਾ ਮੋਟਿਵ ਆਪਣਾ ਨਿਸ਼ਾਨਾ ਬੁਲੰਦ ਕਰੋ। ਪਿਆਰ ਨਾਲ ਆਖੋ :

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਫਤਹਿ ਬੁਲਾਓ ਜੀ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਕੀ ਸੁਮੱਤ ਦਿੱਤੀ ਏ? ਸਤਿਗੁਰੂ ਸੇਵਾ ਲੈਣ। ਬੜੇ ਪਿਆਰ ਨਾਲ ਆਓ ! ਇਸ ਸ਼ਬਦ ਦਾ ਗਾਇਨ ਕਰੀਏ :

***ਐਸਾ ਕਰਹੁ ਬੀਚਾਰੁ ਗਿਆਨੀ॥***<br>
***ਜਾ ਤੇ ਪਾਈਐ ਪਦੁ ਨਿਰਬਾਨੀ॥.....***<br>
***ਆਸਿ ਪਾਸਿ ਬਿਖੂਆ ਕੇ ਕੁੰਟਾ***<br>
***ਬੀਚਿ ਅੰਮ੍ਰਿਤੁ ਹੈ ਭਾਈ ਰੇ॥ ੧ ॥ਰਹਾਉ॥...*** (ਅੰਗ ੩੮੫)<br>
***ਐਸਾ ਕਰਹੁ ਬੀਚਾਰੁ ਗਿਆਨੀ॥....***

ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਏਕੁ ਬਗੀਚਾ ਪੇਡ ਘਨ ਕਰਿਆ॥*
*ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥ ੧॥....*
*ਐਸਾ ਕਰਹੁ ਬੀਚਾਰੁ ਗਿਆਨੀ॥*
*ਜਾ ਤੇ ਪਾਈਐ ਪਦੁ ਨਿਰਬਾਨੀ॥....*
*ਸਿੰਚਨਹਾਰੇ ਏਕੈ ਮਾਲੀ॥ ਖਬਰਿ ਕਰਤੁ ਹੈ ਪਾਤ ਪਤ ਡਾਲੀ॥ ੨॥.....*
*ਐਸਾ ਕਰਹੁ ਬੀਚਾਰੁ ਗਿਆਨੀ॥....*
*ਸਗਲ ਬਨਸਪਤਿ ਆਣਿ ਜੜਾਈ॥*
*ਐਸਾ ਕਰਹੁ ਬੀਚਾਰੁ ਗਿਆਨੀ॥....*
*ਸਗਲੀ ਫੂਲੀ ਨਿਫਲ ਨ ਕਾਈ॥ ੩॥....*

ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

*ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ॥*
*ਨਾਨਕ ਦਾਸ ਤਰੀ ਤਿਨਿ ਮਾਇਆ॥ ੪॥ ੫॥ ੫੬॥....* (ਅੰਗ ੩੮੫)
*ਐਸਾ ਕਰਹੁ ਬੀਚਾਰੁ ਗਿਆਨੀ॥....*

ਸਾਰੀ ਸੰਗਤ ਪਿਆਰ ਨਾਲ ਆਖੋ : ਧੰਨ ਗੁਰੂ ਰਾਮਦਾਸ ਜੀ।..ਧੰਨ ਬਾਬਾ ਦੀਪ ਸਿੰਘ ਜੀ।

ਧੰਨ ਗੁਰੂ ਅਰਜਨ ਦੇਵ ਜੀ ਪਾਤਿਸ਼ਾਹ ਅੱਜ ਦੇ ਸ਼ਬਦ ਦੇ ਵਿਚ ਸਾਨੂੰ ਇਕ ਬੜੀ ਪਿਆਰੀ ਸੁਮੱਤ ਦੇ ਰਹੇ ਨੇ। ਕਹਿੰਦੇ—ਇਸ ਸੰਸਾਰ ਨੂੰ ਬਣਾਉਣ ਵਾਲੇ ਪ੍ਰਮੇਸ਼ਰ ਨੇ ਜਿਨ੍ਹੇ ਇਹ ਸੰਸਾਰ ਦਾ ਬਗੀਚਾ ਬਣਾਇਆ ਹੈ, ਉਸ ਬਾਗਬਾਨ ਨੇ ਇਸ ਬਗੀਚੇ ਦੇ ਵਿਚ ਕਈ ਤਰ੍ਹਾਂ ਦੇ ਬੂਟੇ ਲਾਏ ਨੇ, ਕਈ ਤਰ੍ਹਾਂ ਦੇ ਦਰੱਖ਼ਤ ਲਾਏ ਨੇ। ਇਸ ਸੰਸਾਰ ਰੂਪੀ ਬਗੀਚੇ ਵਿਚ ਅਸੀਂ ਵੀ ਦਰੱਖ਼ਤ ਹਾਂ। ਕਹਿ ਦਿਓ ! ਵਾਹਿਗੁਰੂ।.... ਧੰਨ ਗੁਰੂ ਰਾਮਦਾਸ ਜੀ।

*ਏਕੁ ਬਗੀਚਾ ਪੇਡ ਘਨ ਕਰਿਆ॥* (ਅੰਗ ੩੮੫)

ਉਸ ਸਿਰਜਨਹਾਰੇ ਨੇ, ਉਸ ਮਾਲੀ ਨੇ, ਇਹ ਜਗਤ ਦਾ ਇਕ ਬਗੀਚਾ ਬਣਾਇਆ ਤੇ ਇਸ ਬਗੀਚੇ ਦੇ ਵਿਚ ਬੜੀ ਤਰ੍ਹਾਂ ਦੇ ਦਰੱਖ਼ਤ ਲਾਏ, ਬੜੀ ਤਰ੍ਹਾਂ ਦੇ ਬੂਟੇ ਲਾਏ ਨੇ। ਹੁਣ ਕਿਹੋ ਕਿਹੋ-ਜਿਹੇ ਬੂਟੇ ਲੱਗੇ ਨੇ। ਇਹ ਬੜੇ ਪਿਆਰ ਦੇ ਨਾਲ ਸਾਰੀ ਸੰਗਤ ਰਸ ਮਾਣਿਓ ਇਹ ਬੂਟਿਆਂ ਦਾ। ਇਹ ਕਿਹੋ ਜਿਹਾ ਜਗਤ ਬਣਾਇਆ ਉਸ ਸਿਰਜਨਹਾਰ ਨੇ, ਉਸ ਬਾਗਬਾਨ ਨੇ।

*ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥*
*ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥ ੧॥* (ਅੰਗ ੨੭੫)

ਦਰਸ਼ਨ ਕਰਿਓ ! ਉਸ ਬਾਗਬਾਨ ਨੇ ਜਿਹੜਾ ਬਗੀਚਾ ਲਾਇਆ :

***ਕਈ ਕੋਟਿ ਹੋਏ ਪੂਜਾਰੀ॥*** (ਅੰਗ ੨੭੫)

ਕਿੰਨੇ ਹੀ ਕਰੋੜਾਂ ਇਹੋ ਜਿਹੇ ਬਣਾਏ ਨੇ ਜਿਹੜੇ ਪੁਜਾਰੀ ਨੇ। ਜਿਹੜੇ ਉਸ ਨਿਰੰਕਾਰ ਦੀ ਪੂਜਾ ਕਰਦੇ ਨੇ। ਕਈ ਕਰੋੜਾਂ ਹੀ ਨੇ ਤੇ ਇਸ ਸੰਸਾਰ ਵਿਚ ਜਗਤ ਦੇ ਬਗੀਚੇ ਦੇ ਵਿਚ ਕਈ ਇਹੋ ਜਿਹੇ ਨੇ ਜਿਹੜੇ ਧਾਰਮਿਕ ਰੀਤੀ-ਰਸਮਾਂ ਨੂੰ ਨਿਭਾਉਂਦੇ ਨੇ।

***ਕਈ ਕੋਟਿ ਆਚਾਰ ਬਿਉਹਾਰੀ॥*** (ਅੰਗ ੨੭੫)

ਕਹਿੰਦੇ—

***ਕਈ ਕੋਟਿ ਭਏ ਤੀਰਥ ਵਾਸੀ॥*** (ਅੰਗ ੨੭੫)

ਕਈ ਕਰੋੜਾਂ ਨੇ ਜਿਹੜੇ ਤੀਰਥਾਂ ਦੇ ਉਤੇ ਹੀ ਨਿਵਾਸ ਕਰਦੇ ਨੇ, ਕਈ ਤੀਰਥਾਂ 'ਤੇ ਜਾਂਦੇ ਨੇ।

***ਕਈ ਕੋਟਿ ਬਨ ਭ੍ਰਮਹਿ ਉਦਾਸੀ॥*** (ਅੰਗ ੨੭੫)

ਕਈ ਕਰੋੜਾਂ ਹੀ ਨੇ ਜਿਹੜੇ ਸੰਸਾਰ ਤੋਂ ਉਪਰਾਮ ਹੋ ਕੇ ਜੰਗਲਾਂ ਵਿਚ ਚਲੇ ਜਾਂਦੇ ਨੇ।

ਆਹ ਬਗੀਚਾ ਬਣਾਇਆ ਪ੍ਰਮੇਸ਼ਰ ਨੇ। ਅੱਗੇ ਸਾਹਿਬ ਕਹਿੰਦੇ—

***ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥*** (ਅੰਗ ੨੭੫)

ਕਈ ਕਰੋੜ ਹੀ ਬੇਦਾਂ ਨੂੰ ਸੁਨਣ ਵਾਲੇ ਨੇ ਤੇ ਕਈ ਕਰੋੜ ਇਹੋ ਜਿਹੇ ਬਣਾਏ ਨੇ ਜਿਹੜੇ ਤਪੀ ਨੇ। ਵੱਡੇ-ਵੱਡੇ ਤਪੀਏ ਵੀ ਬਣਾਏ ਨੇ ਇਸ ਸੰਸਾਰ ਵਿਚ ਤੂੰ ਆਪ ਹੀ। ਇਹ ਸਿਰਜਨਹਾਰ ਮਾਲੀ ਨੇ, ਇਹ ਬਗੀਚਾ ਕਿਹੋ ਜਿਹਾ ਬਣਾਇਆ ਹੈ? ਜ਼ਰਾ ਦਰਸ਼ਨ ਕਰੋ। ਬੜਾ ਰਸ ਆਏਗਾ, ਮੈਂ ਬੇਨਤੀ ਕਰਦਾਂ ਪੜ੍ਹਿਓ ਜੀ :

***ਕਈ ਕੋਟਿ ਆਤਮ ਧਿਆਨੁ ਧਾਰਹਿ॥*** (ਅੰਗ ੨੭੫)

ਕਈ ਕਰੋੜ ਇਹੋ ਜਿਹੇ ਵੀ ਨੇ ਜਿਹੜੇ ਆਪਣੇ ਅੰਦਰ ਹੀ ਸੁਰਤਿ ਵਿਚ ਹੀ ਜੁੜੇ ਪਏ ਨੇ। ਅੱਗੇ ਜੀ :

***ਕਈ ਕੋਟਿ ਕਬਿ ਕਾਬਿ ਬੀਚਾਰਹਿ॥*** (ਅੰਗ ੨੭੫)

ਤੇ ਕਈ ਕਰੋੜਾਂ ਇਹੋ ਜਿਹੇ ਨੇ ਜਿਹੜੇ ਕਵੀਆਂ ਦੀਆਂ ਰਚੀਆਂ ਕਵਿਤਾਵਾਂ ਦੀ ਵੀਚਾਰ ਕਰਦੇ ਨੇ।

***ਕਈ ਕੋਟਿ ਨਵਤਨ ਨਾਮ ਧਿਆਵਹਿ॥*** (ਅੰਗ ੨੭੫)

ਕਈ ਕਰੋੜਾਂ ਇਹੋ ਜਿਹੇ ਨੇ ਜਿਹੜੇ ਨਿਤਾਪ੍ਰਤੀ ਪ੍ਰਮੇਸ਼ਰ ਦਾ ਨਵਾਂ ਨਾਮ ਸਿਮਰਦੇ ਨੇ—ਕੋਈ ਵਾਹਿਗੁਰੂ ਕਹਿੰਦਾ, ਕੋਈ ਬਿਠੁਲ ਕਹਿੰਦਾ, ਕੋਈ ਅੱਲ੍ਹਾ ਕਹਿੰਦਾ, ਕੋਈ ਗੋਡ ਕਹਿੰਦਾ, ਕੋਈ ਪ੍ਰਮਾਤਮਾ ਕਹਿੰਦਾ, ਕੋਈ ਰੱਬ ਕਹਿੰਦਾ, ਕੋਈ ਭਗਵਾਨ ਕਹਿੰਦਾ। ਕਈ ਕਰੋੜਾਂ ਨੇ ਜਿਹੜੇ ਪ੍ਰਮੇਸ਼ਰ ਨੂੰ ਨਿੱਤ ਨਵੇਂ ਨਾਵਾਂ ਨਾਲ ਪੁਕਾਰਦੇ ਨੇ। ਅੱਗੇ :

*ਨਾਨਕ ਕਰਤੇ ਕਾ ਅੰਤੁ ਨ ਪਾਵਹਿ॥ ੧॥* (ਅੰਗ ੨੭੫)

ਮਹਾਰਾਜ ਵੇਖੋ ਕਹਿੰਦੇ—ਬਗੀਚੇ ਦੀ ਸਿਰਜਨਾ ਉਸ ਸਿਰਜਨਹਾਰੇ ਨੇ ਬੜੇ ਪਿਆਰੇ ਢੰਗ ਨਾਲ ਕੀਤੀ। ਇਹਦੇ 'ਚ ਤਪੀਸਰ ਵੀ ਪੈਦਾ ਕੀਤੇ, ਇਹਦੇ 'ਚ ਵੇਦਾਂ ਨੂੰ ਸੁਨਣ ਵਾਲੇ, ਪੜ੍ਹਣ ਵਾਲੇ ਵੀ ਪੈਦਾ ਕੀਤੇ। ਕਵਿਤਾਵਾਂ ਜਿਹੜੀਆਂ ਕਵੀਆਂ ਨੇ ਲਿਖੀਆਂ ਨੇ ਉਨ੍ਹਾਂ ਦੀ ਵੀਚਾਰ ਕਰਨ ਵਾਲੇ ਵੀ ਕਈ ਕਰੋੜਾਂ ਨੇ। ਤੱਪ ਕਰਨ ਵਾਲੇ ਜੰਗਲਾਂ ਵਿਚ ਬਹਿ ਕੇ ਬੰਦਗੀ ਕਰਨ ਵਾਲੇ, ਸੰਸਾਰ ਤੋਂ ਉਪਰਾਮ ਕਰਨ ਵਾਲੇ ਵੀ ਬੜੇ ਨੇ, ਜਿਹੜੇ ਵੱਖਰੇ ਵੱਖਰੇ ਨਾਮ ਲੈ ਕੇ ਤੈਨੂੰ ਯਾਦ ਰਹਿਣ ਵਾਲੇ ਵੀ ਬੜੇ ਬਣਾਏ ਨੇ। ਪਰ ਇਹ ਸਾਰੇ ਮਿਲ ਵੀ ਜਾਣ, ਤੇਰੀਆਂ ਵਡਿਆਈਆਂ ਕਰਨ ਤਾਂ ਵੀ ਤੇਰਾ ਅੰਤ ਨਹੀਂ ਕੋਈ ਪਾ ਸਕਦਾ।

ਆਖੋ : ਵਾਹਿਗੁਰੂ-ਵਾਹਿਗੁਰੂ।

ਜਿਹੜਾ ਮਾਲੀ ਏ, ਇਸ ਸਾਰੇ ਸੰਸਾਰ ਦਾ ਜਿਹੜਾ ਬਾਗਬਾਨ ਏ ਉਹਦੀ ਵਡਿਆਈ ਦਾ ਕਰਤਾਰ ਦਾ ਕੋਈ ਅੰਤ ਨਹੀਂ ਪਾ ਸਕਦਾ। ਉਹਦੇ ਪਿਆਰੇ ਬਗੀਚੇ ਦੇ ਦਰਸ਼ਨ ਕਰੋ। ਬੜਾ ਪਿਆਰਾ ਬਗੀਚਾ ਬਣਾਇਆ। ਅੱਗੇ ਪੜ੍ਹਿਓ ਜੀ :

*ਕਈ ਕੋਟਿ ਭਏ ਅਭਿਮਾਨੀ॥* (ਅੰਗ ੨੭੫)

ਕਈ ਕਰੋੜਾਂ ਹੰਕਾਰੀ ਨੇ। ਏਨਾ ਹੰਕਾਰ ਕਰਦੇ ਨੇ ਕਿ ਹੰਕਾਰ ਵਿਚ ਆ ਕੇ ਰੱਬ ਨੂੰ ਵੀ ਭੁੱਲ ਜਾਂਦੇ ਨੇ, ਕਈ ਇਹੋ ਜਿਹੇ ਵੀ ਬਣਾ ਦਿੱਤੇ ਨੇ। ਉਨ੍ਹਾਂ ਨੂੰ ਬਣਾਉਣ ਵਾਲਾ ਵੀ ਤੂੰ ਆਪ ਹੀ ਏਂ। ਹੋਰ ਕੋਈ ਥੋੜ੍ਹੀ ਏ ਤੂੰ ਆਪ ਹੀ ਏਂ। ਅੱਗੇ ਜੀ :

*ਕਈ ਕੋਟਿ ਅੰਧ ਅਗਿਆਨੀ॥* (ਅੰਗ ੨੭੫)

ਤੇ ਜਿਹੜੇ ਜਾਹਲ ਨੇ, ਮੂੜ ਨੇ, ਅਗਿਆਨੀ ਨੇ, ਮਹਾਂਮੂਰਖ ਨੇ, ਗਿਆਨ ਦੀਆਂ ਅੱਖਾਂ ਤੋਂ ਜਿਹੜੇ ਹੀਣੇ ਨੇ, ਉਹ ਵੀ ਤੂੰ ਹੀ ਬਣਾਏ ਨੇ। ਇਹ ਵੀ ਤੇਰੇ ਬਗੀਚੇ ਦਾ ਹੀ ਹਿੱਸਾ ਨੇ।

*ਕਈ ਕੋਟਿ ਕਿਰਪਨ ਕਠੋਰ॥* (ਅੰਗ ੨੭੫)

ਕਈ ਤੂੰ ਸੂਮ ਵੀ ਬਣਾ ਦਿੱਤੇ, ਅਤਿ ਦੇ ਸੂਮ। ਕਈ ਪੱਥਰ ਦਿਲ ਵੀ ਬਣਾ ਦਿੱਤੇ ਨੇ। ਇਹ ਸਾਰੇ ਤੇਰੇ ਬਗੀਚੇ ਦੇ ਦਰੱਖ਼ਤ ਨੇ। ਵੇਖੋ ! ਕਈ ਦਰੱਖ਼ਤ ਇਹੋ ਜਿਹੇ ਲਾਏ ਨੇ ਤੂੰ, ਉਹਨਾਂ ਦਰੱਖ਼ਤਾਂ ਨੂੰ ਲੱਗਦੇ ਨੇ ਮਿੱਠੇ ਫਲ। ਕਈ ਇਹੋ ਜਿਹੇ ਵੀ ਨੇ ਦਰੱਖ਼ਤ ਜਿਹੜੇ ਜ਼ਹਿਰ ਉਗਲਦੇ ਨੇ। ਜਿਨ੍ਹਾਂ ਨੂੰ ਜ਼ਹਿਰ ਦਾ ਫਲ ਲੱਗਦਾ ਹੈ। ਇਨਸਾਨ ਨੂੰ ਤੁਸੀਂ ਦੇਖੋ! ਕਈ ਪਿਆਰਿਓ ! ਬੜੇ ਨਿਮਾਣੇ, ਮਿੱਠਾ ਬੋਲਦੇ ਨੇ ਤੇ ਕਈ ਇਹੋ ਜਿਹੇ ਵੀ ਜਿਹੜੇ ਦਰੱਖ਼ਤ ਨੇ ਇਸ ਸੰਸਾਰ ਦੇ ਬਗੀਚੇ ਵਿਚ ਜਿਨ੍ਹਾਂ ਦੀ ਜ਼ੁਬਾਨ 'ਚੋਂ ਜ਼ਹਿਰ ਤੋਂ ਇਲਾਵਾ ਦੂਜੀ ਕੋਈ ਗੱਲ ਹੀ ਨਹੀਂ ਨਿਕਲਦੀ, ਜਦੋਂ ਗੱਲ ਕਰਦੇ ਨੇ, ਸਾਹਮਣੇ ਵਾਲੇ ਦਾ ਦਿਲ ਸਾੜ ਕੇ ਰੱਖ ਦਿੰਦੇ ਨੇ। ਕਈ ਇਹੋ ਜਿਹੇ ਨੇ, ਜਿਹੜੇ ਮਿੱਠਾ ਬੋਲਦੇ ਨੇ। ਕਈ ਇਹੋ ਜਿਹੇ

ਨੇ ਜਿਹੜੇ ਕੌੜਾ ਬੋਲਦੇ ਨੇ। ਪਰ ਹੇ ਪ੍ਰਮੇਸ਼ਰ ! ਇਹ ਤੇਰੀ ਲੀਲ੍ਹਾ ਹੈ। ਹਰੇਕ ਨੂੰ ਪੈਦਾ ਕਰਨ ਵਾਲਾ ਤੂੰ ਏਂ। ਹਰੇਕ ਦਾ ਸਿਰਜਣਹਾਰ ਤੂੰ ਏਂ, ਇਹ ਬਗੀਚੇ ਦੇ ਵਿਚ ਇਹ ਅਲੱਗ-ਅਲੱਗ ਫੁੱਲ ਤੂੰ ਆਪ ਲਾਏ ਨੇ। ਆਓ! ਜ਼ਰਾ ਉਹਦੇ ਬਗੀਚੇ ਦੇ ਫੁੱਲਾਂ ਦੇ ਦਰਸ਼ਨ ਕਰੀਏ।

***ਕਈ ਕੋਟਿ ਅਭਿਗ ਆਤਮ ਨਿਕੋਰ॥*** (ਅੰਗ ੨੭੫)

ਕਹਿੰਦੇ—ਕਈ ਕਰੋੜਾਂ ਨੇ ਜਿਹੜੇ ਅੰਦਰੋਂ ਮਹਾਂ ਕੋਰੇ ਨੇ ਤੇ ਕਿਸੇ ਦਾ ਦੁੱਖ ਦੇਖ ਕੇ ਵੀ ਜਿਨ੍ਹਾਂ ਦੇ ਅੰਦਰ ਦਇਆ ਨਹੀਂ ਆਉਂਦੀ। ਕਈ ਤੇ ਇਹੋ ਜਿਹੇ ਹੁੰਦੇ ਹਨ, ਦੂਜੇ ਦਾ ਦੁੱਖ ਦੇਖ ਕੇ ਪਸੀਜ ਜਾਂਦੇ ਨੇ। ਪਰ ਕਈ ਇਹੋ ਜਿਹੇ ਨੇ ਦੂਜਿਆਂ ਨੂੰ ਦੁੱਖੀ ਦੇਖ ਕੇ ਸਗੋਂ ਖ਼ੁਸ਼ ਹੁੰਦੇ ਨੇ। ਉਨ੍ਹਾਂ ਦੇ ਅੰਦਰ ਦਇਆ ਆਉਂਦੀ ਨਹੀਂ। ਦੁੱਖ ਵੇਖ ਕੇ ਦੂਜਿਆਂ ਦਾ ਪਸੀਜਦੇ ਨਹੀਂ, ਸਗੋਂ ਉਨ੍ਹਾਂ ਦੇ ਦੁੱਖ ਦਾ ਵੀ ਕਈ ਮਜ਼ਾਕ ਉਡਾਉਂਦੇ ਨੇ। ਅੱਗੇ ਜੀ:

***ਕਈ ਕੋਟਿ ਪਰ ਦਰਬ ਕਉ ਹਿਰਹਿ॥*** (ਅੰਗ ੨੭੫)

ਕਈ ਤੂੰ ਬਣਾਏ ਨੇ ਜਿਹੜੇ ਕਿਰਤ ਕਮਾਈ ਕਰਦੇ ਨੇ, ਦਸਾਂ-ਨੌਹਾਂ ਦੀ ਕਿਰਤ ਕਰਦੇ ਨੇ ਪਰ ਕਈ ਇਹੋ ਜਿਹੇ ਵੀ ਨੇ ਜਿਹੜੇ ਲੋਕਾਂ ਦੇ ਘਰਾਂ ਦੇ ਵਿਚ ਰਾਤ ਨੂੰ ਸੰਨ੍ਹ ਲਾ ਕੇ ਉਨ੍ਹਾਂ ਦੇ ਕਮਾਏ ਹੋਏ ਪੈਸੇ ਨੂੰ ਲੁੱਟ ਲੈਂਦੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ।

***ਕਈ ਕੋਟਿ ਪਰ ਦੂਖਨਾ ਕਰਹਿ॥*** (ਅੰਗ ੨੭੫)

ਵੇਖੋ ! ਕਈ ਕਰੋੜਾਂ ਇਹੋ ਜਿਹੇ ਵੀ ਨੇ ਜਿਹੜੇ ਦੂਜਿਆਂ ਦੀ ਹਰ ਵੇਲੇ ਨਿੰਦਿਆ ਹੀ ਕਰਦੇ ਰਹਿੰਦੇ ਨੇ। ਕੰਮ ਹੈ ਹੀ ਦੂਜਾ ਕੋਈ ਨਹੀਂ। ਹਰ ਵੇਲੇ ਦੂਜਿਆਂ ਦੀ ਨਿੰਦਿਆ ਕਰੀ ਜਾਣੀ। ਦੂਜਿਆਂ ਦੇ ਔਗੁਣਾਂ ਵੱਲ ਹੀ ਵੇਖੀ ਜਾਣਾ। ਅੱਗੇ ਜੀ :

***ਕਈ ਕੋਟਿ ਮਾਇਆ ਸ੍ਰਮ ਮਾਹਿ॥*** (ਅੰਗ ੨੭੫)

ਕਈ ਇਹੋ ਜਿਹੇ ਨੇ ਜਿਹੜੇ ਧਨ ਪਦਾਰਥ ਦੀ ਖ਼ਾਤਰ ਹਰ ਵੇਲੇ ਮਿਹਨਤ ਕਰਦੇ ਨੇ, ਮਿਹਨਤ ਵਿਚ ਹੀ ਲੱਗੇ ਰਹਿੰਦੇ ਨੇ। ਅੱਗੇ ਜੀ :

***ਕਈ ਕੋਟਿ ਪਰਦੇਸ ਭ੍ਰਮਾਹਿ॥*** (ਅੰਗ ੨੭੫)

ਤੇ ਕਈ ਇਕ ਦੇਸ਼ ਤੋਂ ਦੂਜੇ ਦੇਸ਼, ਦੂਜੇ ਦੇਸ਼ ਤੋਂ ਤੀਜੇ ਦੇਸ਼, ਏਦਾਂ ਭਟਕਦੇ ਹੀ ਰਹਿੰਦੇ ਨੇ। ਮੈਨੂੰ ਆਹ ਵੀ ਮਿਲਜੇ, ਮੈਨੂੰ ਉਹ ਵੀ ਮਿਲਜੇ, ਮੈਨੂੰ ਇਹ ਵੀ ਮਿਲਜੇ, ਭਰਮਦੇ ਹੀ ਰਹਿੰਦੇ ਨੇ। ਫਿਰਦੇ ਹੀ ਰਹਿੰਦੇ ਨੇ। ਉਹ ਵੀ ਤੇ ਤੂੰ ਹੀ ਬਣਾਏ ਨੇ।

***ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥*** (ਅੰਗ ੨੭੫)

ਜਿਹਨੂੰ ਜਿਹੜਾ ਆਹਰ ਲਾਇਆ ਹੈ ਉਹੀ ਆਹਰ ਦੇ ਵਿੱਚ, ਜਿਹੜਾ ਆਹਰ ਤੂੰ ਲਾ ਦਿੱਤਾ ਜਿਹਨੂੰ, ਜਿਹੜੇ ਪਾਸੇ ਜਿਹਨੂੰ ਲਾ ਦਿੱਤਾ ਉਸੇ ਪਾਸੇ ਲੱਗਿਆ ਹੈ। ਅੱਗੇ ਜੀ :

***ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥ ੨॥*** (ਅੰਗ ੨੭੫)

ਹੇ ਪ੍ਰਮੇਸ਼ਰ ਸਾਈਂ ! ਤੇਰੀ ਇਹ ਜਿਹੜੀ ਸ੍ਰਿਸ਼ਟੀ ਏ, ਇਹ ਤੇਰੀ ਰਚਨਾ ਹੈ ਇਹਦਾ

ਕੋਈ ਭੇਦ ਨਹੀਂ ਜਾਣ ਸਕਦਾ। ਤੂੰ ਆਪ ਹੀ ਕਰਤਾਰ ਜੀ ! ਪ੍ਰਮੇਸ਼ਰ ਜੀ ! ਤੁਸੀਂ ਆਪ ਹੀ ਆਪਣੀ ਸ੍ਰਿਸ਼ਟੀ ਦੇ ਭੇਦ ਜਾਣਦੇ ਹੋ। ਤੁਹਾਡੇ ਤੋਂ ਬਿਨਾਂ ਇਹ ਭੇਦ ਦਾ ਕੋਈ ਅੰਤ ਪਾ ਨਹੀਂ ਸਕਦਾ।

ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।.....

ਮਹਾਰਾਜ ਜੀ! ਇਹ ਜਿਹੜਾ ਬਗੀਚਾ ਬਣਾਇਆ ਹੈ, ਇਹ ਕਿਹੋ-ਜਿਹਾ ਬਣਾਇਆ ਜ਼ਰਾ ਦਰਸ਼ਨ ਕਰਾਂਗੇ ਤੇ ਨਾਲ-ਨਾਲ ਅਸੀਂ ਰਸ ਲੈਣਾ ਐ ਦਰਸ਼ਨ ਕਰਕੇ, ਨਾਲ-ਨਾਲ ਅਸੀਂ ਸ਼ੁਕਰਾਨਾ ਵੀ ਕਰਨਾ ਹੈ, ਹੇ ਦਾਤਿਆ ! ਤੂੰ ਸਾਨੂੰ ਵੀ ਆਪਣੇ ਬਗੀਚੇ ਦਾ ਦਰੱਖ਼ਤ ਬਣਾ ਕੇ ਧਰਤੀ 'ਤੇ ਭੇਜਿਆ ਹੈ। ਆਪਣੇ ਬਗੀਚੇ ਦਾ ਇਕ ਹਿੱਸਾ ਬਣਾ ਕੇ ਭੇਜਿਆ। ਤੇ ਅਸੀਂ ਧਰਤੀ 'ਤੇ ਆ ਕੇ ਕਰਨਾ ਕੀ ਏ? ਉਹ ਵੀ ਸਤਿਗੁਰੂ ਮੇਰੇ ਕੋਲੋਂ ਲੈਣ ਸੇਵਾ। ਪੜ੍ਹਿਓ ਪਿਆਰ ਦੇ ਨਾਲ :

***ਐਸਾ ਕਰਹੁ ਬੀਚਾਰੁ ਗਿਆਨੀ॥***

***ਜਾ ਤੇ ਪਾਈਐ ਪਦੁ ਨਿਰਬਾਨੀ॥.....***

ਆਓ ਜ਼ਰਾ ! ਪ੍ਰਮੇਸ਼ਰ ਦੇ ਬਣਾਏ ਹੋਏ ਇਸ ਬਗੀਚੇ ਦੇ ਦਰਸ਼ਨ ਕਰੀਏ। ਕਿਹੋ ਕਿਹੋ ਜਿਹੇ ਉਹਨੇ ਦਰੱਖ਼ਤ ਲਾਏ ਨੇ, ਮੈਂ ਹੁਣ ਸੰਖੇਪ ਅਰਥ ਹੀ ਕਰਨੇ ਨੇ। ਤਕਰੀਬਨ ਸੰਗਤਾਂ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੀਆਂ ਨੇ ਤੇ ਜਦੋਂ ਗੁਰਮੁਖ ਪਿਆਰੇ ਬੋਲਣਗੇ, ਤੁਸੀਂ ਰਸ ਲਈ ਜਾਣਾ। ਬਿਲਕੁਲ ਸਪੱਸ਼ਟ ਹੋਣਗੇ ਅਰਥ। ਕਿਹੋ ਕਿਹੋ ਜਿਹੇ ਬੂਟੇ ਤੂੰ ਆਪਣੇ ਬਗੀਚੇ 'ਚ ਲਾਏ ਨੇ ਪੜ੍ਹਿਓ ਜੀ :

***ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ॥***

***ਕਈ ਕੋਟਿ ਪੰਖੀ ਸਰਪ ਉਪਾਏ॥*** (ਅੰਗ ੨੭੫)

ਪੰਛੀਆਂ ਨੂੰ, ਸੱਪਾਂ ਨੂੰ ਵੀ ਪੈਦਾ ਕਰਨ ਵਾਲਾ ਤੂੰ ਏਂ। ਅੱਗੇ ਜੀ :

***ਕਈ ਕੋਟਿ ਪਾਥਰ ਬਿਰਖ ਨਿਪਜਾਏ॥***

ਪੱਥਰ ਤੇ ਰੁੱਖ ਵੀ ਤੂੰ ਹੀ ਲਾਏ ਨੇ।

***ਕਈ ਕੋਟਿ ਪਵਣ ਪਾਣੀ ਬੈਸੰਤਰ॥***

ਕਰੋੜਾਂ ਤਰ੍ਹਾਂ ਦੀ ਹਵਾ, ਕਰੋੜਾਂ ਤਰ੍ਹਾਂ ਦਾ ਪਾਣੀ, ਕਰੋੜਾਂ ਹੀ ਤਰ੍ਹਾਂ ਦੀ ਅੱਗ ਤੂੰ ਹੀ ਬਣਾਈ ਏ।

***ਕੋਈ ਕੋਟਿ ਦੇਸ ਭੂ ਮੰਡਲ॥*** (ਅੰਗ ੨੭੫)

ਕਰੋੜਾਂ ਦੇਸ਼ ਤੇ ਧਰਤੀ ਦੇ ਚੱਕਰ ਬਣਾਉਣ ਵਾਲਾ ਵੀ ਤੂੰ ਆਪ ਹੀ ਏਂ।

***ਕਈ ਕੋਟਿ ਸਸੀਅਰ ਸੂਰ ਨਖੵਤ੍ਰ॥***

ਕਈ ਕਰੋੜਾਂ ਹੀ ਚੰਦ੍ਰਮਾ ਨੇ, ਸੂਰਜ ਨੇ ਤੇ ਕਈ ਕਰੋੜਾਂ ਤਾਰੇ ਨੇ।

***ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥*** (ਅੰਗ ੨੭੫)

ਕਰੋੜਾਂ ਹੀ ਦੇਵਤੇ ਇੰਦਰ ਨੇ ਤੇ ਜਿਨ੍ਹਾਂ ਦੇ ਸਿਰਾਂ ਦੇ ਉਤੇ ਛਤ੍ਰ ਝੂਲਦੇ ਨੇ ਤੇ ਉਹ ਵੀ ਕਰੋੜਾਂ ਹੀ ਨੇ, ਬਣਾਏ ਤੂੰ ਹੀ ਨੇ। ਬਗੀਚੇ ਬਣਾਏ ਵੀ ਤੂੰ ਹੀ ਨੇ। ਬਗੀਚੇ ਦੀ ਰਚਨਾ ਕਿੰਨੇ ਕੀਤੀ? ਆਖੋ : ਧੰਨ ਗੁਰੂ ਰਾਮਦਾਸ ਜੀ।...ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

***ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥***
***ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥ ੩ ॥*** (ਅੰਗ ੨੭੫)

ਪਿਆਰਿਓ ! ਗੁਰੂ ਪ੍ਰਮੇਸ਼ਰ ਸਾਈਂ ਦੇ ਬਗੀਚੇ ਦੇ ਦਰਸ਼ਨ ਕਰੋ। ਜਪੁ ਜੀ ਸਾਹਿਬ ਜੀ ਦੀ ਬਾਣੀ ਵਿਚ ਵੀ ਅਸੀਂ ਕਰਦੇ ਹਾਂ ਦਰਸ਼ਨ। ਜਪੁ ਜੀ ਸਾਹਿਬ ਜੀ ਦੀ ਬਾਣੀ ਵਿਚ ਗੁਰੂ ਬਾਬਾ ਨਾਨਕ ਜੀ ਕਹਿੰਦੇ, ਇਹ ਅਨਗਿਣਤ ਜੀਵ ਨੇ ਜਿਹੜੇ ਜੱਪ ਕਰਦੇ ਨੇ ਤੇ ਬੇਅੰਤ ਹੀ ਨੇ ਜਿਹੜੇ ਹੋਰਨਾਂ ਨਾਲ ਪਿਆਰ ਦਾ ਵਰਤਾਵਾ ਕਰਦੇ ਨੇ। ਬੇਅੰਤ ਨੇ ਬੇਅੰਤ, ਅਸੰਖਾਂ ਹੀ ਨੇ, ਅਨਗਿਣਤ ਹੀ ਨੇ ਜਿਹੜੇ ਤੇਰਾ ਜੱਪ ਕਰਦੇ ਨੇ। ਜਿਹੜੇ ਤੇਰੀ ਬਣਾਈ ਹੋਈ ਸ੍ਰਿਸ਼ਟੀ ਨਾਲ ਵੀ ਪਿਆਰ ਕਰਦੇ ਨੇ ਤੇ ਤੇਰੇ ਨਾਲ ਵੀ ਭਾਓ ਕਰਦੇ ਨੇ। ਤੇਰਾ ਭਜਨ ਵੀ ਪ੍ਰੇਮ ਨਾਲ ਸੁਣਦੇ ਨੇ। ਪੜ੍ਹਿਓ :

***ਅਸੰਖ ਜਪ ਅਸੰਖ ਭਾਉ॥***

ਅੱਗੇ ਕਹਿੰਦੇ :

***ਅਸੰਖ ਪੂਜਾ ਅਸੰਖ ਤਪ ਤਾਉ॥***

ਕਈ ਜੀਵ ਪੂਜਾ ਕਰ ਰਹੇ ਨੇ ਤੇ ਅਨਗਿਣਤ ਏਹੋ ਜਿਹੇ ਨੇ ਜਿਹੜੇ ਆਪ ਤੱਪ ਸਾਧ ਰਹੇ ਨੇ। ਆਖੋ : ਵਾਹਿਗੁਰੂ-ਵਾਹਿਗੁਰੂ। ਧੰਨ ਗੁਰੂ ਰਾਮਦਾਸ ਜੀ।.....

ਗੁਰਮੁਖ ਪਿਆਰੇ ਪੜ੍ਹਣਗੇ, ਤੁਸੀਂ ਨਾਲ ਨਾਲ ਦਰਸ਼ਨ ਕਰੀ ਚਲਿਓ, ਉਹਦੇ ਬਣਾਏ ਹੋਏ ਇਸ ਬਾਗ ਦੇ।

***ਅਸੰਖ ਗਰੰਥ ਮੁਖਿ ਵੇਦ ਪਾਠ॥***

ਆਖੋ ਵਾਹਿਗੁਰੂ-ਵਾਹਿਗੁਰੂ।

***ਅਸੰਖ ਜੋਗ ਮਨਿ ਰਹਹਿ ਉਦਾਸ॥***
***ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥***
***ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥***

ਦਾਤਾਰ ਪਿਤਾ ਤੇਰੀ ਰਚਨਾ—

***ਕੁਦਰਤਿ ਕਵਣ ਕਹਾ ਵੀਚਾਰੁ॥***

ਮੈਂ ਤੇਰੀ ਕੁਦਰਤ ਦੀ ਕੀ ਵੀਚਾਰ ਕਰਾਂ—

*ਵਾਰਿਆ ਨ ਜਾਵਾ ਏਕ ਵਾਰ॥*

ਮੈਂ ਤੇ ਤੇਰੇ ਤੋਂ ਇਕ ਵਾਰੀ ਵੀ ਸਦਕੇ ਜਾਣ ਜੋਗਾ ਨਹੀਂ—

*ਜੋ ਤੁਧੁ ਭਾਵੈ ਸਾਈ ਭਲੀ ਕਾਰ॥*

*ਤੂ ਸਦਾ ਸਲਾਮਤਿ ਨਿਰੰਕਾਰ॥ ੧੭॥* (ਅੰਗ ੩)

ਅੱਗੇ ਜੀ ਦਰਸ਼ਨ ਕਰਿਓ—

*ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥*

*ਅਸੰਖ ਅਮਰ ਕਰਿ ਜਾਹਿ ਜੋਰ॥*

*ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥*

*ਅਸੰਖ ਕੂੜਿਆਰ ਕੂੜੇ ਫਿਰਾਹਿ॥ ਅਸੰਖ ਮਲੇਛ ਮਲੁ ਭਖਿ ਖਾਹਿ॥*

*ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥*

*ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥*

*ਤੂ ਸਦਾ ਸਲਾਮਤਿ ਨਿਰੰਕਾਰ॥੧੮॥* (ਅੰਗ ੩)

ਵੇਖੋ ਪਿਆਰਿਓ ! ਥੋੜ੍ਹੇ ਜਿਹੇ ਮਿੰਟਾਂ ਦੇ ਵਿਚ ਕਿਉਂਕਿ ਸਾਡੇ ਕੋਲ ਸਮਾਂ ਪੂਰਾ-ਪੂਰਾ ਹੁੰਦਾ ਹੈ, ਕਿਉਂਕਿ ਵਕਤ ਦੇ ਦਾਇਰੇ ਵਿੱਚ ਰਹਿਣਾ ਵੀ ਬੜਾ ਲਾਜ਼ਮੀ ਏ। ਜਿਹੜੀਆਂ ਸੰਗਤਾਂ ਅੰਦਰੋਂ ਜੁੜਦੀਆਂ ਏ, ਉਨ੍ਹਾਂ ਨੇ ਰਸ ਮਾਣਿਆ ਹੋਏਗਾ।

*ਏਕੁ ਬਗੀਚਾ ਪੇਡ ਘਨ ਕਰਿਆ॥* (ਅੰਗ ੩੮੫)

ਇਹ ਜਗਤ ਇਕ ਬਗੀਚਾ ਬਣਾਇਆ ਏ ਸਿਰਜਣਹਾਰ ਮਾਲੀ ਨੇ। ਇਹਦੇ ਵਿਚ ਬੇਅੰਤ ਬੂਟੇ ਲਾਏ ਨੇ। ਕਿਹੜੇ-ਕਿਹੜੇ ਬੂਟੇ ਲਾਏ ਨੇ? ਟੂਕ ਮਾਤਰ ਇਸ਼ਾਰੇ ਤੁਸੀਂ ਸੁਣੇ ਨੇ। ਇਕ ਵਾਰੀ ਕਹੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਕਈ ਇਹੋ ਜਿਹੇ ਬੂਟੇ ਲਾਏ, ਰੰਗਾਂ-ਰੰਗਾਂ ਦੇ ਜੀਵ ਪੈਦਾ ਕੀਤੇ, ਇਨ੍ਹਾਂ ਵਿੱਚੋਂ ਜਿਨ੍ਹਾਂ ਦੇ ਅੰਦਰ ਆਤਮਿਕ ਜੀਵਨ ਦੇਣ ਵਾਲਾ ਜਲ ਸਿੰਜਿਆ ਜਾ ਰਿਹਾ ਹੈ, ਉਨ੍ਹਾਂ ਵਿਚ ਉੱਚੇ ਆਤਮਿਕ ਜੀਵਨ ਦਾ ਫਲ ਲੱਗ ਰਿਹਾ ਹੈ।

*ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥ ੧॥*

ਕਹਿੰਦੇ—

*ਐਸਾ ਕਰਹੁ ਬੀਚਾਰੁ ਗਿਆਨੀ॥*

ਹੇ ਗਿਆਨੀ ! ਗਿਆਨਵਾਨ ਮਨੁੱਖ ! ਓ ਬੰਦਿਆ ! ਕੋਈ ਇਹੋ ਜਿਹੀ ਵੀਚਾਰ ਕਰ। ਮਹਾਰਾਜ ! ਕਿਹੋ ਜਿਹੀ ਵੀਚਾਰ ਕਰਾਂ? ਕਹਿੰਦੇ—

*ਜਾ ਤੇ ਪਾਈਐ ਪਦੁ ਨਿਰਬਾਨੀ॥* (ਅੰਗ ੩੮੫)

ਜਿਹਦੀ ਬਰਕਤ ਦੇ ਨਾਲ ਉੱਚਾ ਆਤਮਿਕ ਦਰਜ਼ਾ ਪ੍ਰਾਪਤ ਹੋ ਜਾਏ ਤੇ ਜਿਥੇ ਕੋਈ

ਵਿਕਾਰ, ਜਿੱਥੇ ਕੋਈ ਵਾਸਨਾ ਪਹੁੰਚ ਨਾ ਸਕੇ। ਇਹੋ ਜਿਹੀ ਵੀਚਾਰ ਕਰ।

ਅਗਲੀ ਪੰਕਤੀ ਵਿਚ ਸਤਿਗੁਰਾਂ ਨੇ ਇਕ ਬੜੀ ਪਿਆਰੀ ਹੋਰ ਸੁਮੱਤ ਦੇ ਦਿੱਤੀ। ਪੜ੍ਹਿਓ ਪਿਆਰ ਦੇ ਨਾਲ :

***ਆਸਿ ਪਾਸਿ ਬਿਖੂਆ ਕੇ ਕੁੰਟਾ***
***ਬੀਚਿ ਅੰਮ੍ਰਿਤੁ ਹੈ ਭਾਈ ਰੇ॥ ੧ ॥ ਰਹਾਉ॥*** (ਅੰਗ ੩੮੫)

ਵੇਖੋ ! ਗੁਰੂ ਸਾਹਿਬ ਕਹਿੰਦੇ—ਇਹ ਜਿਹੜਾ ਸੰਸਾਰ ਬਣਾਇਆ, ਇਸ ਸੰਸਾਰ ਦੇ ਵਿਚ ਬੜੀ ਤਰ੍ਹਾਂ ਦੇ ਬੂਟੇ ਲਾਏ ਹੋਏ, ਬੜੀ ਤਰ੍ਹਾਂ ਦੇ ਫਲ ਲਾਏ ਤੇ ਪਿਆਰਿਆ ! ਸਾਰੇ ਸੰਸਾਰ ਦੇ ਵਿਚ ਇਹਦੇ ਇਰਦ-ਗਿਰਦ, ਚਾਰ-ਚੁਫੇਰੇ ਮਾਇਆ ਦੇ ਮੋਹ ਦੇ ਜ਼ਹਿਰ ਦੇ ਚਸ਼ਮੇ ਚਲ ਰਹੇ ਨੇ। ਪਿਆਰਿਆ ! ਉਹ ਜ਼ਹਿਰ ਦੇ ਚਸ਼ਮਿਆਂ ਦੇ ਨਾਲ ਆਤਮਿਕ ਮੌਤ ਹੋ ਜਾਂਦੀ ਏ ਪਰ ਤੂੰ ਹੁਣ ਕਰਨਾ ਕੀ ਏ? ਇਸ ਸੰਸਾਰ ਵਿਚ ਰਹਿ ਕੇ ਜਿਹੜੇ ਜ਼ਹਿਰ ਦੇ, ਜ਼ਹਿਰ ਵਾਲੇ ਬੂਟੇ ਨੇ, ਉਨ੍ਹਾਂ ਨਾਲ ਯਾਰੀ ਨਹੀਂ ਰੱਖਣੀ। ਜਿਹੜੇ ਗੁਰੂ ਨਾਲੋਂ ਤੋੜਦੇ ਨੇ, ਜਿਨ੍ਹਾਂ ਦੀ ਸੰਗਤ ਨਾਲ ਤੇਰੀ ਆਤਮਿਕ ਮੌਤ ਹੋ ਜਾਵੇ, ਉਸ ਬੂਟਿਆਂ ਨਾਲ, ਉਹ ਫਲਾਂ ਨਾਲ ਯਾਰੀ ਨਹੀਂ ਰੱਖਣੀ। ਯਾਰੀ ਤੇ ਅੰਮ੍ਰਿਤ ਰੂਪੀ ਬੂਟਿਆਂ ਦੇ ਨਾਲ ਹੀ ਪਾਉਣੀ ਏ। ਅੰਮ੍ਰਿਤ ਰੂਪੀ ਸੰਗਤ ਨਾਲ ਹੀ ਪਾਉਣੀ ਏ। ਉਹ ਗੁਰਸਿੱਖਾਂ ਨਾਲ ਪਾਉਣੀ ਏ, ਜਿਹੜੇ ਅੰਮ੍ਰਿਤ ਦੇ ਨਾਲ ਜੋੜਦੇ ਨੇ, ਬਾਣੀ ਦੇ ਨਾਲ ਜੋੜਦੇ ਨੇ। ਇਹ ਤੇ ਤੂੰ ਦੇਖਣਾ ਹੈ। ਇਹ ਵੀਚਾਰ ਤੂੰ ਕਰਨੀ ਏ। ਤੈਨੂੰ ਏਨੀ ਸੂਝ ਚਾਹੀਦੀ ਏ, ਏਨੀ ਤੈਨੂੰ ਅਕਲ ਚਾਹੀਦੀ ਏ, ਏਨੀ ਤੈਨੂੰ ਸੋਝੀ ਚਾਹੀਦੀ ਏ। ਇਸ ਸੰਸਾਰ ਵਿਚ ਮੈਂ ਹੁਣ ਸੰਗਤ ਜ਼ਹਿਰ ਦੀ ਕਰਨੀ ਏ ਕਿ ਅੰਮ੍ਰਿਤ ਦੀ ਕਰਨੀ ਏ? ਆਖੋ : ਵਾਹਿਗੁਰੂ-ਵਾਹਿਗੁਰੂ।

ਸੰਸਾਰ ਵਿਚ ਜ਼ਹਿਰ ਵੀ ਖਿਲਰਿਆ ਹੈ। ਸੰਸਾਰ ਵਿਚ ਅੰਮ੍ਰਿਤ ਵੀ ਖਿਲਰਿਆ ਹੈ। ਤੂੰ ਏਹ ਵੇਖਣਾ ਹੈ। ਆਪ ਇਸ ਚੀਜ਼ ਦੀ ਵੀਚਾਰ ਕਰ ਕਿ ਤੂੰ ਸੰਗਤ ਜ਼ਹਿਰ ਦੀ ਕਰਨੀ ਏ ਕਿ ਅੰਮ੍ਰਿਤ ਰੂਪੀ ਸਾਧ ਸੰਗਤ ਵਿਚ ਬਹਿ ਕੇ ਉਹ ਹਰੀ ਨਾਮ ਦਾ ਅੰਮ੍ਰਿਤ-ਰਸ ਪੀਣਾ ਹੈ !

ਅੱਗੇ ਮਹਾਰਾਜ ਨੇ ਕੀ-ਕੀ ਇਹ ਸ਼ਬਦ ਦੇ ਵਿੱਚ ਕਿਰਪਾ ਕੀਤੀ, ਉਸ ਤੋਂ ਪਹਿਲੇ ਆਪ ਇਕ ਵਾਰੀ ਪੰਕਤੀਆਂ ਪੜ੍ਹਿਓ ਜੀ :

***ਐਸਾ ਕਰਹੁ ਬੀਚਾਰੁ ਗਿਆਨੀ॥***
***ਜਾ ਤੇ ਪਾਈਐ ਪਦੁ ਨਿਰਬਾਨੀ॥.....***

ਧੰਨ ਗੁਰੂ ਰਾਮਦਾਸ ਜੀ....ਪਿਆਰ ਨਾਲ ਆਖੋ : ਧੰਨ ਬਾਬਾ ਦੀਪ ਸਿੰਘ ਜੀ।

ਉਹਨੇ ਇਸ ਸੰਸਾਰ ਦੇ ਵਿੱਚ ਹਰ ਤਰ੍ਹਾਂ ਦੇ ਬੂਟੇ ਲਾਏ ਨੇ :

***ਬਿਰਖੈ ਹੇਠਿ ਸਭਿ ਜੰਤ ਇਕਠੇ॥***
***ਇਕਿ ਤਤੇ ਇਕਿ ਬੋਲਨਿ ਮਿਠੇ॥*** (ਅੰਗ ੧੦੧੯)

ਤੱਤੇ ਸੁਭਾਅ ਵਾਲੇ ਵੀ ਨੇ, ਠੰਡੇ ਸੁਭਾਅ ਵਾਲੇ ਵੀ ਨੇ, ਤੱਤਾ ਬੋਲਣ ਵਾਲੇ ਵੀ ਨੇ, ਅੰਮ੍ਰਿਤ ਰੂਪੀ ਪਿਆਰੀਆਂ-ਪਿਆਰੀਆਂ ਗੁਰੂ ਨਾਲ ਜੋੜਣ ਤੇ ਜੁੜਣ ਦੀਆਂ ਗੱਲਾਂ ਕਰਨ ਵਾਲੇ ਵੀ ਨੇ, ਹਰੇਕ ਦੀ ਸਿਰਜਨਾ ਤੂੰ ਕੀਤੀ ਏ। ਤੇ ਇਸ ਬਗੀਚੇ ਦੀ ਸੰਭਾਲ ਉਹ ਕਿਵੇਂ ਕਰ ਰਿਹਾ? ਬਗੀਚੇ ਨੂੰ ਬਣਾਇਆ ਵੀ ਉਹਨੇ, ਵੱਖ-ਵੱਖ ਤਰ੍ਹਾਂ ਦੇ ਬੂਟੇ, ਦਰੱਖ਼ਤ, ਫਲ ਵੀ ਆਪੇ ਲਾਏ ਤੇ ਹੁਣ ਇਸ ਬੂਟੇ ਦੀ ਸੰਭਾਲ ਕਿਵੇਂ ਕਰ ਰਿਹਾ ਹੈ? ਅਗਲੀਆਂ ਪੰਕਤੀਆਂ ਵਿਚ ਸਾਹਿਬ ਕਹਿ ਰਹੇ ਨੇ :

***ਸਿੰਚਨਹਾਰੇ ਏਕੈ ਮਾਲੀ॥***

ਕਹਿੰਦੇ—ਆਤਮਿਕ ਜੀਵਨ ਵਾਸਤੇ, ਨਾਮ ਨਾਲ ਸਿੰਚਨਹਾਰੇ ਉਸ ਇਕ ਸਿਰਜਨਹਾਰੇ ਮਾਲੀ ਨੂੰ ਤੂੰ ਆਪਣੇ ਹਿਰਦੇ ਦੇ ਵਿਚ ਸੰਭਾਲ ਕੇ ਰੱਖ, ਜਿਨ੍ਹੇ ਇਹ ਸਾਰਾ ਸੰਸਾਰ ਬਣਾਇਆ, ਜਿਨ੍ਹੇ ਇਹ ਸਾਰੀ ਸ੍ਰਿਸ਼ਟੀ ਦੀ ਉਤਪਤੀ ਕੀਤੀ ਏ, ਜਿਨ੍ਹੇ ਇਹ ਸਾਰੀ ਰਚਨਾ ਕੀਤੀ ਏ, ਤੂੰ ਉਸ ਕਰਤਾਰ ਨਾਲ ਜੁੜ, ਤੂੰ ਪ੍ਰਮੇਸ਼ਰ ਨਾਲ ਜੁੜ, ਹਰ ਵੇਲੇ ਉਹਦੇ ਗੁਣਾਂ ਨਾਲ ਜੁੜ।

ਕੱਲ ਦੇ ਦੀਵਾਨ ਵਿਚ ਵੀ ਬੇਨਤੀ ਕੀਤੀ ਸੀ—ਸਾਡੇ ਲਈ ਕਰਤਾਰ, ਸਾਡੇ ਲਈ ਨਿਰੰਕਾਰ ਕੋਈ ਹੋਰ ਨਹੀਂ, ਸਾਡੇ ਲਈ ਨਿਰੰਕਾਰ, ਕਰਤਾਰ, ਪ੍ਰਭੂ ਜੀ, ਪ੍ਰਮੇਸ਼ਰ ਜੀ, ਹਰਿ ਜੀ ਕੌਣ ਨੇ? ਆਖੋ : ਧੰਨ ਗੁਰੂ ਰਾਮਦਾਸ ਜੀ।.......

ਪਿਆਰਿਆ ! ਜਿੰਨ੍ਹੇ ਇਹ ਸਾਰੀ ਸ੍ਰਿਸ਼ਟੀ ਬਣਾ ਦਿੱਤੀ ਏ, ਤੂੰ ਆਪਣੇ ਹਿਰਦੇ ਵਿਚ ਉਹਦੇ ਨਾਮ ਨੂੰ ਸੰਭਾਲ ਕੇ ਰੱਖ, ਉਹਦੇ ਨਾਮ ਨਾਲ ਪ੍ਰੀਤੀ ਪਾ। ਅੱਗੇ ਜੀ :

***ਖਬਰਿ ਕਰਤੁ ਹੈ ਪਾਤ ਪਤ ਡਾਲੀ॥੨॥*** **(ਅੰਗ ੩੮੫)**

ਦੇਖੋ ! ਉਹ ਮਾਲੀ ਹੈ ਇਹੋ ਜਿਹਾ, ਉਹ ਸਿਰਜਨਹਾਰ ਇਹੋ ਜਿਹਾ ਉਹ ਬਾਗਬਾਨ ਇਹੋ ਜਿਹਾ ਹੈ, ਜਿਹਨੂੰ ਆਪਣੇ ਬਣਾਏ ਹੋਏ ਬਗੀਚੇ ਦੇ ਇਕ-ਇਕ ਬੂਟੇ ਦੀ, ਇਕ-ਇਕ ਦਰੱਖ਼ਤ ਦੀ ਤੇ ਇਕ-ਇਕ ਦਰੱਖ਼ਤ ਦੇ, ਬੂਟੇ ਦੇ ਉਤੇ ਲੱਗੇ ਪੱਤੇ-ਪੱਤੇ ਦੀ ਖ਼ਬਰ ਏ।

ਉਹਨੂੰ ਸਭ ਪਤਾ ਹੈ ਕਿ ਬੰਦਾ ਕੀ ਸੋਚਦਾ ਹੈ? ਕੀ ਵੀਚਾਰਾਂ ਬਣਾਉਂਦਾ ਹੈ? ਅੰਦਰ ਕੀ ਚਲਦਾ ਹੈ? ਬਾਹਰ ਕੀ ਚਲਦਾ ਹੈ? ਲੋਕਾਂ ਕੋਲੋਂ ਲੁਕਾਉਂਦਾ ਹੈ ਪਰ ਉਹਨੂੰ ਅੰਦਰ ਦੀ ਖ਼ਬਰ ਉਹਨੂੰ ਪਤਾ ਹੈ, ਇਹਦਾ ਆਤਮਿਕ ਜੀਵਨ ਕਿਹੋ ਜਿਹਾ ਹੈ। ਇਹ ਬਾਹਰੋਂ ਦਿਖਾਵਾ ਕਰਦਾ ਹੈ ਕਿ ਅੰਦਰੋਂ ਜੁੜਿਆ ਪਿਆ ਹੈ ਹਰੇਕ ਪਹਿਲੂ ਦੇ ਬਾਰੇ ਉਹਨੂੰ ਪਤਾ ਹੈ। ਹਰੇਕ ਪਹਿਲੂ ਦੀ ਉਹ ਖ਼ਬਰ ਰੱਖਦਾ ਹੈ।

ਨਹੀਂ ਤੇ ਬੰਦਾ ਕਈ ਵਾਰੀ ਕਮਰੇ ਦੇ ਵਿਚ ਬਹਿ ਜਾਂਦਾ ਹੈ। ਮੋਬਾਇਲਾਂ ਦੇ ਉਤੇ ਵੀ ਕਈ ਵਾਰੀ ਏਹੋ ਜਿਹੀਆਂ ਚੀਜ਼ਾਂ ਵੇਖਣ ਲੱਗ ਪੈਂਦਾ ਹੈ, ਜਿਹੜੀਆਂ ਚੀਜ਼ਾਂ ਵੇਖਣ ਦੇ ਨਾਲ ਬਣੇ ਹੋਏ ਪੁੰਨ ਵੀ ਛੱਡ ਜਾਂਦੇ ਨੇ ਤੇ ਬੰਦਾ ਸੋਚਦਾ ਮੈਨੂੰ ਜਿਹੜਾ ਕੋਈ ਵੇਖਦਾ ਹੈ ਪਰ ਭੁੱਲ ਗਿਆ, ਜਿਸ ਸਿਰਜਨਹਾਰੇ ਮਾਲੀ ਨੇ ਸਭ ਕੁਝ ਬਣਾਇਆ ਐ ਨਾ, ਉਹਦਾ

ਪਿਆਰ ਭਰਿਆ ਕੈਮਰਾ ਤੇਰੇ ਸਿਰ ਦੇ ਉਤੇ ਫਿਟ ਏ। ਉਹਨੂੰ ਤੇ ਹਰ ਪੱਤੇ-ਪੱਤੇ ਦੀ ਖ਼ਬਰ ਏ, ਹਰ ਡਾਲੀ-ਡਾਲੀ ਦੀ ਖ਼ਬਰ ਏ, ਹਰ ਚੀਜ਼ ਦਾ, ਹਰੇਕ ਬੰਦੇ ਦਾ, ਹਰ ਪਹਿਲੂ ਦਾ ਉਹ ਖਿਆਲ ਰੱਖਦਾ ਏ :

***ਸਿੰਚਨਹਾਰੇ ਏਕੈ ਮਾਲੀ॥ ਖਬਰਿ ਕਰਤੁ ਹੈ ਪਾਤ ਪਤ ਡਾਲੀ॥ ੨॥***

ਅੱਗੇ ਜੀ :

***ਸਗਲ ਬਨਸਪਤਿ ਆਣਿ ਜੜਾਈ॥*** (ਅੰਗ ੩੮੫)

ਕਹਿੰਦੇ, ਉਸ ਮਾਲੀ ਨੇ ਇਸ ਜਗਤ ਦੇ ਬਗੀਚੇ ਵਿਚ ਸਾਰੀ ਬਨਸਪਤੀ ਲਿਆ ਕੇ ਸਜਾ ਦਿੱਤੀ। ਹੁਣ ਅਸੀਂ ਜਦੋਂ ਆਪਣਾ ਘਰ ਬਣਾਉਂਦੇ ਹਾਂ, ਸਜਾਵਟ ਕਰਦੇ ਹਾਂ, ਇਥੇ ਮੈਂ ਆਪਣੇ ਡਰਾਇੰਗ ਰੂਮ ਵਿਚ ਹਰਿਮੰਦਰ ਸਾਹਿਬ ਦੀ ਤਸਵੀਰ ਲਾਉਣੀ ਏ, ਇਥੇ ਮੈਂ ਫੁੱਲਦਾਨ ਲਾਉਣਾ ਹੈ, ਇਥੇ ਮੈਂ ਸੋਹਣਾ ਬਗੀਚਾ ਤਿਆਰ ਕਰਨਾ ਹੈ ਤੇ ਉਹਨੇ ਵੀ ਜਦੋਂ ਇਹ ਸ੍ਰਿਸ਼ਟੀ ਦੀ ਸਿਰਜਨਾ ਕੀਤੀ, ਜਿੱਥੇ ਜੀਵ-ਜੰਤੂ ਬਣਾਏ, ਜਿੱਥੇ ਹੋਰ ਚੀਜ਼ਾਂ ਬਣਾਈਆਂ ਤੇ ਸਾਰੀ ਬਨਸਪਤੀ ਲਿਆ ਕੇ ਵੀ ਆਪ ਹੀ ਸਜਾ ਦਿੱਤੀ। ਕਹਿ ਦਿਓ : ਵਾਹਿਗੁਰੂ-ਵਾਹਿਗੁਰੂ।

ਰੰਗਾਂ-ਰੰਗਾਂ ਦੇ ਜੀਵ ਪੈਦਾ ਕਰਕੇ ਸਾਰੇ ਬਗੀਚੇ ਨੂੰ ਸੋਹਣਾ ਬਣਾ ਦਿੱਤਾ। ਹੁਣ ਇਕ ਬਗੀਚਾ ਹੈ, ਮੰਨ ਲਓ- ਉਸ ਬਗੀਚੇ ਵਿਚ ਉਸ ਬਾਗ ਵਿਚ ਇਕੋ ਤਰ੍ਹਾਂ ਦੇ ਫੁੱਲ ਲੱਗੇ ਨੇ, ਕੁਝ ਦਿਨ ਤੇ ਉਹ ਫੁੱਲ ਅੱਖਾਂ ਨੂੰ ਚੰਗੇ ਲੱਗਣਗੇ, ਪਰ ਕੁਝ ਦਿਨਾਂ ਦੇ ਬਾਅਦ ਬੰਦਾ ਬੋਰ ਹੋ ਜਾਏਗਾ, ਭਈ ਇਕੋ ਤਰ੍ਹਾਂ ਦੇ ਫੁੱਲ ਬਸ ਅਸੀਂ ਦੇਖੀ ਜਾਨੇ ਹਾਂ। ਇੱਕੋ ਤਰ੍ਹਾਂ ਦੇ ਫੁੱਲ ਲੱਗੇ, ਅੰਦਰ ਜਿਹੜਾ ਆਕਰਸ਼ਿਤ ਕਰਨ ਵਾਲਾ ਸਿਸਟਮ ਏ ਬੰਦੇ ਦੇ, ਮੁੱਕ ਜਾਏਗਾ। ਹੁਣ ਬਾਗ ਏ, ਬਾਗ ਦੇ ਵਿਚ ਵੱਖਰੇ-ਵੱਖਰੇ ਫੁੱਲ ਲੱਗੇ ਨੇ। ਕਿਤੇ ਗੁਲਾਬ ਦੇ ਨੇ, ਕਿਤੇ ਗੇਂਦੇ ਦੇ ਲੱਗੇ ਨੇ, ਕਿਤੇ ਸੂਰਜਮੁਖੀ ਦੇ ਲੱਗੇ ਨੇ, ਕਿਤੇ ਕੋਈ ਲੱਗੇ, ਵੱਖਰੇ-ਵੱਖਰੇ ਰੰਗਾਂ ਦੇ ਫਿਰ ਬੰਦਾ ਰੋਜ਼ ਵੀ ਵੇਖੀ ਜਾਏਗਾ, ਤਾਂ ਵੀ ਬੋਰ ਨਹੀਂ ਹੋਏਗਾ। ਅੱਖਾਂ ਨੂੰ ਸੋਹਣੇ ਲੱਗਣਗੇ।

ਇਸੇ ਤਰ੍ਹਾਂ ਜਿਵੇਂ ਇਕ ਬਾਗ ਵਿਚ ਹਰ ਤਰ੍ਹਾਂ ਦਾ ਫੁੱਲ ਲੱਗਾ ਹੋਵੇ, ਕਈ ਤਰ੍ਹਾਂ ਦੇ ਫੁੱਲ ਲੱਗੇ ਹੋਣ ਤੇ ਬਾਗ ਸੋਹਣਾ ਲੱਗਦਾ ਹੈ, ਕਈ ਤਰ੍ਹਾਂ ਦੇ ਫੁੱਲ ਜੇ ਲੱਗੇ ਹੋਣ ਤੇ ਇਸੇ ਤਰ੍ਹਾਂ ਪਿਆਰਿਓ ! ਜਿਹੜਾ ਪ੍ਰਮੇਸ਼ਰ ਨੇ ਵੀ ਸੰਸਾਰ ਰੂਪੀ ਬਗੀਚਾ ਬਣਾਇਆ, ਇਹਦੇ ਵਿਚ ਵੀ ਰੰਗਾਂ-ਰੰਗਾਂ ਦੇ ਵੱਖੋ-ਵੱਖਰੇ ਫੁੱਲ ਲਾ ਦਿੱਤੇ। ਵੱਖਰੇ-ਵੱਖਰੇ ਇਨਸਾਨ ਪੈਦਾ ਕਰ ਦਿੱਤੇ। ਇਕ ਦਾ ਗੁਣ ਦੂਜੇ ਨਾਲ ਨਹੀਂ ਮਿਲਦਾ। ਇਕ ਦਾ ਰੰਗ ਰੂਪ ਦੂਜੇ ਨਾਲ ਨਹੀਂ ਮਿਲਦਾ। ਇਕ ਦੀਆਂ ਆਦਤਾਂ ਦੂਜੇ ਨਾਲ ਨਹੀਂ ਮਿਲਦੀਆਂ। ਕਿਤੇ ਨਾ ਕਿਤੇ ਫ਼ਰਕ ਸਭ ਵਿਚ ਪਾਇਆ।

***ਸਗਲ ਬਨਸਪਤਿ ਆਣਿ ਜੜਾਈ॥***

ਅੱਗੇ ਜੀ :

***ਸਗਲੀ ਫੂਲੀ ਨਿਫਲ ਨ ਕਾਈ॥ ੩॥*** (ਅੰਗ ੩੮੫)

ਤੇ ਜਿੰਨੀ ਇਹ ਬਨਸਪਤੀ ਏ, ਜਿੰਨੇ ਇਹ ਫੁੱਲ ਨੇ ਪਿਆਰਿਓ ! ਕੋਈ ਬੂਟਾ ਫੁੱਲ ਤੋਂ ਖਾਲੀ ਨਹੀਂ। ਕੋਈ ਬੂਟਾ ਫਲ ਤੋਂ ਖਾਲੀ ਨਹੀਂ। ਹਰੇਕ ਬੂਟੇ ਅੰਦਰ ਕੋਈ ਨਾ ਕੋਈ ਗੁਣ ਜ਼ਰੂਰ ਦਿੱਤਾ। ਕੋਈ ਬੂਆ ਵੀ ਫਲ ਤੋਂ ਖਾਲੀ ਨਹੀਂ ਤੇ ਹਰੇਕ ਜੀਵ ਮਾਇਆ ਦੇ ਆਹਰ ਨਾਲ ਲਾ ਦਿੱਤਾ। ਮਾਇਆ ਦੇ ਆਹਰ ਦੇ ਮਗਰ ਹੀ ਲੱਗਿਆ ਹੋਇਆ ਹੈ। ਮਾਇਆ ਦਾ ਆਹਰ ਹੀ ਅੰਦਰ ਲਾ ਦਿੱਤਾ। ਕੋਈ ਕਿਸੇ ਢੰਗ ਨਾਲ, ਕੋਈ ਕਿਸੇ ਢੰਗ ਨਾਲ ਵੱਖ-ਵੱਖ ਢੰਗਾਂ ਦੇ ਨਾਲ ਹਰੇਕ ਨੂੰ ਮਾਇਆ ਦਾ ਆਹਰ ਲਾਉਣ ਵਾਲਾ ਵੀ ਤੂੰ ਏਂ। ਕਿੰਨੀ ਬਨਸਪਤੀ ਫੁੱਲ ਦੇ ਰਹੀ ਏ, ਕੋਈ ਵੀ ਬੂਟਾ ਫਲ ਤੋਂ ਖਾਲੀ ਨਹੀਂ ਭਾਵ ਹਰੇਕ ਦੇ ਅੰਦਰ ਕੋਈ ਨਾ ਕੋਈ ਗੁਣ ਤੂੰ ਜ਼ਰੂਰ ਬਖ਼ਸ਼ਿਆ ਹੈ। ਅੱਗੇ ਜੀ :

***ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ॥***

ਸਾਹਿਬ ਕਹਿੰਦੇ, ਪਰ ਜਿਹੜੇ ਬੰਦੇ ਨੇ, ਗੁਰੂ ਪ੍ਰਮੇਸ਼ਰ ਪਾਸੋਂ ਆਤਮਿਕ ਜੀਵਨ ਦੇਣ ਵਾਲਾ ਨਾਮ ਫਲ ਪ੍ਰਾਪਤ ਕਰ ਲਿਆ, ਜਿਹੜਾ ਨਾਮ ਨਾਲ ਜੁੜ ਗਿਆ, ਜਿਹੜਾ ਬੰਦਗੀ ਨਾਲ ਜੁੜ ਗਿਆ, ਜਿਹੜਾ ਪ੍ਰੈਕਟੀਕਲ ਨਾਲ ਜੁੜ ਗਿਆ, ਜਿੰਨੇ ਪੱਕੀ ਸਾਂਝ ਬਣਾ ਲਈ, ਗੁਰੂ ਰਾਮਦਾਸ ਜੀ ਦੇ ਚਰਨਾਂ ਦੇ ਨਾਲ, ਪੱਕੀ ਸਾਂਝ, ਫਿਰ ਉਹਨੂੰ ਕੀ ਮਿਲਿਆ?

***ਨਾਨਕ ਦਾਸ ਤਰੀ ਤਿਨਿ ਮਾਇਆ॥ ੪॥ ੫॥ ੫੬॥*** (ਅੰਗ ੩੮੫)

ਮਹਾਰਾਜ ਕਹਿੰਦੇ, ਉਹਨੇ ਮਾਇਆ ਦੀ ਇਹ ਨਦੀ ਪਾਰ ਕਰ ਲਈ। ਇਹ ਸੰਸਾਰ ਸਾਗਰ ਤੋਂ ਉਹ ਪਾਰ ਹੋ ਗਿਆ, ਡੁੱਬਿਆ ਨਹੀਂ। ਦੇਖੋ ! ਬਗੀਚਾ ਉਹਨੇ ਬੜਾ ਸੁੰਦਰ ਬਣਾਇਆ, ਉਸ ਬਗੀਚੇ ਵਿਚ ਅੰਮ੍ਰਿਤ ਵੀ ਪੈਦਾ ਕੀਤਾ, ਜ਼ਹਿਰ ਵੀ ਪੈਦਾ ਕੀਤਾ, ਓ ਬੰਦਿਆ ! ਇਹ ਤੂੰ ਵੇਖਣਾ ਐਂ, ਯਾਰੀ ਜ਼ਹਿਰ ਨਾਲ ਪਾਉਣੀ ਏ ਕਿ ਅੰਮ੍ਰਿਤ ਨਾਲ ਪਾਉਣੀ ਏ। ਇਹ ਤੂੰ ਵੇਖਣਾ ਹੈ ਕਿ ਇਹ ਜਿਹੜੀ ਤੂੰ ਯਾਰੀ ਏ, ਸਤਿਸੰਗਤ ਦੇ ਕਿਲ੍ਹੇ ਨਾਲ ਪਾਉਣੀ ਏ ਕਿ ਜਿਹੜੇ ਸੰਗਤ ਦੇ ਕਿਲ੍ਹੇ ਨਾਲੋਂ ਤੋੜਦੇ ਨੇ ਉਨ੍ਹਾਂ ਨਾਲ ਲਾਉਣੀ ਏ। ਇਹ ਤੇ ਤੂੰ ਫੈਸਲਾ ਕਰਨਾ ਹੈ ਕਿ ਸੰਸਾਰ ਦੇ ਵਿਚ ਵਿਚਰਦਿਆਂ ਹੋਇਆਂ ਤੂੰ ਉਨ੍ਹਾਂ ਦੀ ਸੰਗਤ ਕਰਨੀ ਏ, ਜਿਹੜੇ ਗੁਰੂ ਪ੍ਰਮੇਸ਼ਰ ਦੀ, ਬਾਬਾ ਦੀਪ ਸਿੰਘ ਵਰਗਿਆਂ ਦੀ, ਗੁਰੂ ਰਾਮਦਾਸ ਪਿਤਾ ਜੀ ਦੀ, ਜਾਂ ਗੁਰੂ ਘਰਾਂ ਦੀ ਨਿੰਦਿਆ ਕਰਦੇ ਨੇ ਉਨ੍ਹਾਂ ਨਾਲ ਯਾਰੀ ਪਾਉਣੀ ਹੈ ਕਿ ਜਿਹੜੇ ਕਿਸੇ ਨਾ ਕਿਸੇ ਬਹਾਨੇ ਗੁਰੂ ਦੇ ਚਰਨਾਂ ਨਾਲ ਜੋੜਣ ਦੇ ਉਪਰਾਲੇ ਕਰਦੇ ਨੇ ਉਨ੍ਹਾਂ ਨਾਲ ਲਾਉਣੀ ਏ, ਇਹ ਤੇ ਤੂੰ ਵੇਖਣਾ ਹੈ। ਗੇਮ ਤੇਰੇ ਹੱਥ ਵਿਚ ਏ। ਕਰਮ ਬੀਜਣਾ ਤੇਰੇ ਹੱਥ ਵਿਚ ਏ, ਤੂੰ ਯਾਰੀ ਕੀਹਦੇ ਨਾਲ ਲਾਉਣੀ, ਇਹ ਫੈਸਲਾ ਤੂੰ ਕਰਨਾ ਹੈ। ਆਖੋ : ਵਾਹਿਗੁਰੂ-ਵਾਹਿਗੁਰੂ।

ਉਹਨੇ ਤੇ ਹਰੇਕ ਤਰ੍ਹਾਂ ਦਾ ਫੁੱਲ ਲਾਇਆ, ਹਰੇਕ ਤਰ੍ਹਾਂ ਦਾ ਫਲ ਲਾਇਆ ਹੈ, ਫਲ ਖਾਣਾ ਕਿਹੜਾ ਹੈ ਤੂੰ, ਇਹ ਤੂੰ ਵੀਚਾਰ ਕਰ।

*ਐਸਾ ਕਰਹੁ ਬੀਚਾਰੁ ਗਿਆਨੀ॥*

ਕਿਵੇਂ ਕਹਿ ਰਹੇ ਨੇ, ਪੜ੍ਹੋ ਪੰਕਤੀਆਂ, ਕੀਰਤਨ ਦੀ ਸਮਾਪਤੀ, ਕੋਈ ਰਸਨਾ ਖਾਲੀ ਨਾ ਰਹੇ। ਬੜੇ ਪਿਆਰ ਨਾਲ ਸਾਰੀ ਸੰਗਤ ਹਾਜ਼ਰੀਆਂ ਲਾਇਓ ਜੀ।

*ਐਸਾ ਕਰਹੁ ਬੀਚਾਰੁ ਗਿਆਨੀ॥*
*ਜਾ ਤੇ ਪਾਈਐ ਪਦੁ ਨਿਰਬਾਨੀ॥....*
*ਐਸਾ ਕਰਹੁ ਬੀਚਾਰੁ ਗਿਆਨੀ॥....*
*ਆਸਿ ਪਾਸਿ ਬਿਖੂਆ ਕੇ ਕੁੰਟਾ*
*ਬੀਚਿ ਅੰਮ੍ਰਿਤੁ ਹੈ ਭਾਈ ਰੇ॥੧॥ ਰਹਾਉ॥.....* (ਅੰਗ ੩੮੫)
*ਐਸਾ ਕਰਹੁ ਬੀਚਾਰੁ ਗਿਆਨੀ॥....*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧ ॥* (ਅੰਗ ੧੨)

ਬਸ ! ਆਹ ਸੰਗਤ ਨਾਲ ਜੁੜੇ ਰਹੀਏ। ਸੰਸਾਰ ਵਿੱਚ ਵਿਚਰਦਿਆਂ ਅੰਮ੍ਰਿਤ ਰੂਪੀ ਸੰਗਤ ਦੇ ਕਿਲ੍ਹੇ ਨਾਲ, ਅੰਮ੍ਰਿਤ ਰੂਪੀ ਸੰਗਤ ਦੇ ਇਸ ਫਲ ਦੇ ਨਾਲ ਅਸੀਂ ਜੁੜੇ ਰਹੀਏ। ਗੁਰੂ ਕਿਰਪਾ ਕਰੇ, ਬਖ਼ਸ਼ਿਸ਼ ਕਰੇ। ਸਮਾਂ ਹੋ ਗਿਆ ਸਮਾਪਤੀ ਦਾ। ਕੱਲ ਫਿਰ ਇਸੇ ਸਮੇਂ ਤੁਹਾਡੇ ਦੀਦਾਰ ਮੇਰਾ ਸਤਿਗੁਰੂ ਕਰਵਾਵੇ। ਇਸੇ ਚੀਜ਼ ਨੂੰ ਮੁੱਖ ਰੱਖਦਿਆਂ ਹੋਇਆਂ ਮੈਂ ਤੁਹਾਡੇ ਕੋਲੋਂ ਖਿਮਾ ਮੰਗਦਾ ਹਾਂ। ਪਿਆਰ ਸਹਿਤ ਸਾਰੀ ਸੰਗਤ ਫਤਹਿ ਬੁਲਾਓ ! ਆਖੋ ਜੀ :

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

✧

# ਹਰਿ ਭਗਤਾ ਨੋ ਦੇਇ ਪਿਆਰੁ

(ਅੰਗ ੯੧)

ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ, ਗੁਰੂ ਗ੍ਰੰਥ ਸਾਹਿਬ ਮਾਲਕ ਪਿਤਾ ਜੀ, ਧੰਨ ਬਾਬਾ ਦੀਪ ਸਿੰਘ ਜੀ ਦਾ ਤਰਸ ਅੰਦਰ ਵਰਤ ਰਿਹਾ ਹੈ, ਜਿਨ੍ਹਾਂ ਨੇ ਸਾਰਿਆਂ ਨੂੰ ਆਪਣੀ ਤਰਸ ਦਾ, ਆਪਣੀ ਮਿਹਰ ਦਾ ਖਾਤਾ ਖੋਲ੍ਹ ਕੇ, ਆਪਣੀ ਗੋਦ ਵਿਚ ਆ ਬਿਠਾਇਆ।

ਗੱਲ ਮੈਂ ਸ਼ੁਰੂ ਕਰਾਂ। ਇਸ ਵਕਤ ਜੋ ਬਾਬਾ ਦੀਪ ਸਿੰਘ ਜੀ ਹੈਲਥ ਕੇਅਰ ਚੈਰੀਟੇਬਲ ਹਸਪਤਾਲ ਅੱਜ ਦੇ ਦੀਵਾਨ ਇਸ ਜਗ੍ਹਾ 'ਤੇ ਜੋ ਰੱਖੇ ਗਏ ਹਨ, ਮੇਰੇ ਮਨ ਦੀ ਬੜੀ ਭਾਵਨਾ ਸੀ ਕਿ ਹੋਸਪੀਟਲ ਵਿਖੇ ਵੀ ਸਤਿਗੁਰਾਂ ਦੇ ਮੁਬਾਰਕ ਚਰਨ ਪੈਣ। ਅੱਜ ਸਤਿਗੁਰਾਂ ਨੇ ਚਰਨ ਪਾਏ ਨੇ। ਥੋੜ੍ਹੇ ਜਿਹੇ ਸਰੀਰ ਅਸੀਂ ਇਥੇ ਬੈਠੇ ਹਾਂ। ਕੁਝ ਕੁ ਅਕੈਡਮੀ ਦੇ ਵਿਦਿਆਰਥੀ ਨੇ, ਕੁਝ ਪ੍ਰੇਮੀ ਸੰਗਤ ਦੇ ਨੇ।

ਆਓ ! ਮੈਂ ਗੱਲ ਸ਼ੁਰੂ ਕਰਾਂ। ਇਕ ਮਹਾਤਮਾ ਨੇ ਕਥਾ ਸ਼ੁਰੂ ਕੀਤੀ ਤੇ ਕਥਾ ਕਰਦਿਆਂ-ਕਰਦਿਆਂ ਆਪਣੇ ਸੇਵਾਦਾਰਾਂ ਨੂੰ, ਆਪਣੇ ਚੇਲਿਆਂ ਨੂੰ ਇਕ ਗੱਲ ਕਹੀ— ''ਜਦੋਂ ਤੁਸੀਂ ਕਥਾ ਸੁਨਣ ਵਾਸਤੇ ਆਓਗੇ ਤੇ ਆਉਣ ਲੱਗਿਆਂ ਇਕ-ਇਕ ਥੈਲੀ ਵਿਚ ਸਾਰਿਆਂ ਨੇ ਆਲੂ ਭਰ ਕੇ ਲੈ ਕੇ ਆਉਣੇ ਨੇ। ਹਰ ਆਲੂ ਦੇ ਉਤੇ ਉਸ ਵਿਅਕਤੀ ਦਾ ਨਾਮ ਲਿਖ ਕੇ ਲਿਆਉਣਾ ਹੈ, ਜਿਸ ਬੰਦੇ ਦੇ ਨਾਲ ਤੁਸੀਂ ਈਰਖਾ ਕਰਦੇ ਹੋ।''

ਗੱਲ ਸੁਨਣ ਵਾਲੀ ਹੈ। ਮਹਾਤਮਾ ਕਥਾ ਕਰਦਿਆਂ ਕਹਿੰਦਾ ਹੈ ਕਿ ਤੁਸੀਂ ਕੱਲ ਸਾਰਿਆਂ ਨੇ ਇਕ-ਇਕ ਥੈਲੀ ਆਲੂਆਂ ਦੀ ਲੈ ਕੇ ਆਉਣੀ ਤੇ ਹਰ ਆਲੂ ਦੇ ਉਤੇ ਉਸ ਬੰਦੇ ਦਾ ਨਾਮ ਲਿਖ ਕੇ ਲਿਆਉਣਾ ਹੈ, ਜਿਸ ਬੰਦੇ ਨਾਲ ਤੁਹਾਡੀ ਨਹੀਂ ਬਣਦੀ, ਜਿਹਦੇ ਨਾਲ ਤੁਸੀਂ ਈਰਖਾ ਕਰਦੇ ਹੋ। ਜਿਹਦੇ ਨਾਲ ਤੁਸੀਂ ਨਫ਼ਰਤ ਕਰਦੇ ਹੋ। ਹੁਣ ਸਾਰਿਆਂ ਨੇ ਏਦਾਂ ਹੀ ਕੀਤਾ।

ਅਗਲਾ ਦਿਨ ਜਦੋਂ ਚੜ੍ਹਿਆ। ਸਾਰੇ ਜਣਿਆਂ ਨੇ ਆਲੂ ਲਏ ਤੇ ਜਿਹਦੇ-ਜਿਹਦੇ ਨਾਲ ਲਗਦੀ ਸੀ, ਜਿਹਦੇ-ਜਿਹਦੇ ਨਾਲ ਬਣਦੀ ਨਹੀਂ ਸੀ, ਈਰਖਾ ਸੀ, ਜਿਹਦੇ ਨਾਲ ਨਫ਼ਰਤ ਸੀ, ਇਕ-ਇਕ ਆਲੂ ਦੇ ਉਤੇ ਉਸ ਸ਼ਖਸ ਦਾ ਨਾਮ ਲਿਖ ਲਿਆ। ਕਿਸੇ ਦੇ ਕੋਲ ਛੇ ਆਲੂ, ਕਿਸੇ ਦੇ ਕੋਲ ਸੱਤ ਨਾਮ ਨੇ, ਕਿਸੇ ਦੇ ਕੋਲ ਦਸ ਨਾਮ ਆਏ। ਕਿਸੇ ਦੇ ਕੋਲ ਦੋ ਨੇ, ਕਿਸੇ ਦਾ ਇਕ, ਕਿਸੇ ਦਾ ਕੋਈ ਨਹੀਂ।

ਹੁਣ ਜਦੋਂ ਪਿਆਰਿਓ ! ਆਲੂ ਲੈ ਕੇ ਸਾਰੇ ਜਣੇ ਆ ਗਏ ਤੇ ਹਰ ਇਕ ਦੇ ਉਤੇ ਜਿਹਦੇ ਨਾਲ ਨਫ਼ਰਤ ਕਰਦੇ ਉਹਦਾ ਨਾਮ ਲਿਖਿਆ। ਮਹਾਤਮਾ ਨੇ ਇਕ ਹੁਕਮ ਲਾ ਦਿੱਤਾ। ਕੀ ਹੁਕਮ? ਕਿ ਇਹ ਜਿਹੜੇ ਆਲੂ ਨੇ, ਅੱਜ ਤੋਂ ਸੱਤ ਦਿਨਾਂ ਤੱਕ ਇਹ ਆਲੂ ਤੁਸੀਂ ਆਪਣੇ ਨਾਲ ਹੀ ਰੱਖਣੇ ਨੇ। ਉਠਦਿਆਂ, ਬੈਠਦਿਆਂ, ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਿਆਂ ਕਿਸੇ ਨਾਲ ਗੱਲਾਂਬਾਤਾਂ ਕਰਦਿਆਂ, ਇਹ ਮੇਰਾ ਹੁਕਮ ਏ, ਇਹ ਆਲੂ ਤੁਸੀਂ ਆਪਣੇ ਨਾਲ ਰੱਖਣੇ ਨੇ।

ਹੁਣ ਮਹਾਤਮਾ ਦੇ ਨਾਲ ਲੋਕ ਪਿਆਰ ਕਰਦੇ ਸੀ। ਚੇਲੇ ਪਿਆਰ ਕਰਦੇ ਸੀ। ਜਿੰਨੇ ਸੁਨਣ ਵਾਲੇ ਉਹ ਪਿਆਰ ਕਰਦੇ ਸੀ। ਇਨ੍ਹਾਂ ਨੇ ਇਹ ਗੱਲ ਕਹੀ ਏ, ਗੱਲ ਤੇ ਮੰਨਣੀ ਏਂ ਪਰ ਅਜੇ ਤੱਕ ਇਹ ਚੀਜ਼ ਸਮਝ ਨਹੀਂ ਸੀ ਆ ਰਹੀ ਕਿ ਆਲੂ ਕਿਉਂ ਮੰਗਵਾਏ? ਆਲੂਆਂ ਦੇ ਉਤੇ ਨਾਮ ਕਿਉਂ ਲਿਖਵਾਇਆ ਕਿ ਜਿਹਦੇ-ਜਿਹਦੇ ਨਾਲ ਈਰਖਾ ਕਰਦੇ ਹੋ, ਉਨ੍ਹਾਂ ਦਾ ਨਾਮ ਲਿਖ ਕੇ ਲਿਆਓ? ਹੁਣ ਸਮਝ ਨਹੀਂ ਪੈ ਰਹੀ ਗੱਲ। ਸਾਡੇ ਵੀ ਕਈਆਂ ਦੇ ਨਹੀਂ ਪੈ ਰਹੀ ਹੋਵੇਗੀ। ਇਹਦਾ ਕਾਰਣ ਕੀ ਏ?

ਹੁਣ ਜਦੋਂ ਮਹਾਤਮਾ ਨੇ ਇਹ ਹੁਕਮ ਲਾਇਆ ਕਿ ਇਹ ਆਲੂ ਹੁਣ ਤੁਸੀਂ ਸੱਤ ਦਿਨ ਆਪਣੇ ਨਾਲ ਹੀ ਰੱਖਣੇ ਨੇ। ਉਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ, ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਿਆਂ, ਕਿਸੇ ਨਾਲ ਗੱਲਾਂ-ਬਾਤਾਂ ਕਰਦਿਆਂ ਇਹ ਆਲੂ ਤੁਹਾਡੇ ਨਾਲ ਹੀ ਰਹਿਣੇ ਚਾਹੀਦੇ ਨੇ।

ਉਨ੍ਹਾਂ ਨੇ ਆਦੇਸ਼ ਤੇ ਮੰਨ ਲਿਆ ਮਹਾਤਮਾ ਦਾ, ਹੁਕਮ ਤੇ ਮੰਨ ਲਿਆ, ਪਰ ਦੋ-ਤਿੰਨਾਂ ਦਿਨਾਂ ਦੇ ਬਾਅਦ ਹੀ, ਇਕ ਦੂਜੇ ਨੇ, ਇਕ ਦੂਜੇ ਨਾਲ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ। ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੀ? ਕਹਿੰਦੇ, ਕਸ਼ਟ ਬੜਾ ਹੈ। ਹੁਣ ਦਸ ਆਲੂ ਨੇ, ਬੰਦੇ ਨੇ ਜਿਨ੍ਹੇ ਥੈਲੀ 'ਚ ਫੜੇ ਨੇ, ਛੇ ਆਲੂ ਫੜੇ ਨੇ, ਹਰ ਵੇਲੇ ਨਾਲ ਹੀ ਰੱਖਣੇ ਨੇ। ਬਜ਼ਾਰ 'ਚ ਜਾ ਰਿਹਾ ਤਾਂ ਵੀ ਨਾਲ ਨੇ, ਗੱਲਾਂ ਕਰ ਰਿਹਾ ਤਾਂ ਵੀ ਨਾਲ ਨੇ। ਹੁਣ ਕਸ਼ਟ ਤੇ ਹੋਏਗਾ, ਹਰ ਵੇਲੇ ਭਾਰ ਲੱਗਣਾ ਹੈ। ਪਰ ਹੁਕਮ ਮੰਨਣਾ ਪੈਣਾ ਏਂ ਮਹਾਂਪੁਰਖਾਂ ਦਾ। ਹੁਣ ਇਕ ਦੂਜੇ ਨਾਲ ਸ਼ਿਕਾਇਤ ਕਰਨ ਲੱਗ ਪਏ ਤੇ ਪਿਆਰਿਓ ! ਬੜੀ ਮੁਸ਼ਕਲਾਂ ਦੇ ਨਾਲ ਸਾਰਿਆਂ ਨੇ ਸੱਤ ਦਿਨ ਕੀਤੇ ਜੀ ਬਤੀਤ।

ਆਖੋ : ਵਾਹਿਗੁਰੂ।....ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ।

ਹੁਣ ਜਦੋਂ ਸੱਤ ਦਿਨ ਬੀਤ ਗਏ। ਬੜੇ ਔਖੇ ਬੀਤੇ, ਪਰ ਜਦੋਂ ਸੱਤ ਦਿਨ ਬੀਤੇ, ਮਹਾਤਮਾ ਦੇ ਕੋਲ ਸਾਰੇ ਜਣੇ ਪਹੁੰਚੇ ਤੇ ਮਹਾਤਮਾ ਜੀ ਕਹਿੰਦੇ, ''ਹੁਣ ਤੁਸੀਂ ਸਾਰੇ ਜਣੇ ਆਪਣੇ-ਆਪਣੇ ਆਲੂ ਇਥੇ ਰੱਖ ਦਿਓ।'' ਸਾਰਿਆਂ ਨੇ ਸੁੱਖ ਦਾ ਸਾਹ ਲਿਆ ਕਿ ਸ਼ੁਕਰ ਏ ਸਾਡੇ ਕੋਲੋਂ ਭਾਰ ਲੱਥਿਆ ਹੈ। ਨਹੀਂ ਤੇ ਹਰ ਵੇਲੇ ਭਾਰ ਚੁੱਕ ਕੇ ਤੁਰ ਰਹੇ ਸਾਂ। ਉਸ ਵੇਲੇ ਮਹਾਤਮਾ ਜੀ ਕਹਿੰਦੇ ਕਿ ''ਤੁਸੀਂ ਇਉਂ ਕਰੋ ਕਿ ਤੁਹਾਨੂੰ ਸੱਤਾਂ ਦਿਨਾਂ ਵਿਚ ਆਲੂ ਆਪਣੇ

ਨਾਲ ਰੱਖਣ 'ਚ ਕੀ-ਕੀ ਮੁਸ਼ਕਲ ਆਈ ਉਹ ਮੈਨੂੰ ਦੱਸੋ।''

ਉਸ ਵੇਲੇ ਇਕ ਕਹਿੰਦਾ, ''ਜੀ ! ਆਲੂਆਂ ਨੇ ਬਦਬੂ ਮਾਰਨੀ ਸ਼ੁਰੂ ਕਰ ਦਿੱਤੀ। ਹਰ ਵੇਲੇ ਥੈਲੇ ਵਿਚ ਬੰਦ ਨੇ, ਬਦਬੂ ਆਉਣੀ ਸ਼ੁਰੂ ਹੋ ਗਈ।'' ਦੂਜਾ ਕਹਿੰਦਾ, ''ਜੀ! ਜਦੋਂ ਭਾਰ ਚੁੱਕਦੇ ਸਾਂ, ਜਿਹਦੇ ਕੋਲ ਦਸ ਆਲੂ ਸੀ, ਭਾਰ ਏਨਾ ਤਕਲੀਫ ਦੇਣ ਲੱਗ ਪਿਆ, ਮੇਰਾ ਮੋਢਾ ਹੀ ਦੁਖਣ ਲੱਗ ਪਿਆ। ਮੇਰੇ ਤੇ ਮੋਢੇ ਦੇ ਵਿਚ ਤਕਲੀਫ ਹੋ ਗਈ।'' ਕੋਈ ਕਹਿੰਦਾ, ਮੇਰਾ ਹੱਥ ਪੀੜ ਹੋਣ ਲੱਗ ਪਿਆ ਤੇ ਉਸ ਵੇਲੇ ਮਹਾਤਮਾ ਜੀ ਹੱਸ ਕੇ ਬੋਲੇ, ''ਆਹ ਜਿਹੜੀ ਚੀਜ਼ ਏ, ਮੈਂ ਤੁਹਾਨੂੰ ਅਨੁਭਵ ਕਰਾਉਣ ਵਾਸਤੇ, ਸਿੱਖਿਆ ਦੇਣ ਵਾਸਤੇ, ਕਰਨ ਵਾਸਤੇ ਕਹੀ ਸੀ।

ਕਹਿੰਦੇ, ''ਜੀ ਇਹਦੇ ਵਿਚ ਕਿਹੜੀ ਸਿੱਖਿਆ ਹੈ? ਇਹਦੇ ਵਿਚ ਕਿਹੜਾ ਅਨੁਭਵ ਏ? ਇਹਦੇ ਵਿਚ ਕਿਹੜੀ ਫੀਲਿੰਗ ਏ?''

ਉਸ ਵੇਲੇ ਕਹਿੰਦੇ, ''ਤੁਸੀਂ ਸੋਚੋ ਜ਼ਰਾ ਆਪਣੇ ਦਿਮਾਗ਼ ਵਿਚ ਕਿ ਤੁਸੀਂ ਹਰ ਉਹ ਬੰਦੇ ਦਾ ਨਾਮ ਇਕ ਆਲੂ 'ਤੇ ਲਿਖਿਆ ਹੈ, ਜਿਹਦੇ ਨਾਲ ਤੁਸੀਂ ਨਫ਼ਰਤ ਕਰਦੇ ਹੋ, ਜਿਹਦੇ ਨਾਲ ਤੁਸੀਂ ਈਰਖਾ ਕਰਦੇ ਹੋ, ਜਿਹਦੇ ਨਾਲ ਤੁਹਾਡੀ ਬਣਦੀ ਨਹੀਂ, ਤੁਸੀਂ ਕੇਵਲ ਉਨ੍ਹਾਂ ਦੇ ਨਾਮ ਆਪਣੇ ਹੱਥਾਂ ਦੇ ਵਿਚ ਚੁੱਕੇ ਨੇ ਤੇ ਉਹ ਚੁੱਕੇ ਹੋਏ ਨਾਵਾਂ ਦਾ ਬੋਝ ਤੁਹਾਡੇ ਕੋਲੋਂ ਬਰਦਾਸ਼ਤ ਨਹੀਂ ਹੋ ਰਿਹਾ। ਤੇ ਸਾਰੀ ਉਮਰ ਈਰਖਾ ਕਰਦਿਆਂ-ਕਰਦਿਆਂ ਜਿਹੜਾ ਤੁਸੀਂ ਆਪਣੇ ਮਨ ਦੇ ਉਤੇ ਬੋਝ ਪਾ ਕੇ ਰੱਖਦੇ ਹੋ। ਜਿਹੜਾ ਤੁਸੀਂ ਸਾਰੀ ਜ਼ਿੰਦਗੀ ਦੂਜਿਆਂ ਨਾਲ ਈਰਖਾ ਕਰਨ ਦਾ, ਨਫ਼ਰਤ ਕਰਨ ਦਾ, ਇਕ ਦੂਜੇ ਨਾਲ ਵੈਰ-ਵਿਰੋਧ ਕਰਨ ਦਾ ਬੋਝ ਆਪਣੇ ਅੰਦਰ ਢੋਂਹਦੇ ਹੋ, ਤੁਸੀਂ ਕਦੀ ਸੋਚ ਕੇ ਵੇਖੋ, ਇਸ ਬੋਝ ਦਾ ਤੁਹਾਡੇ ਮਨ ਦੇ ਉਤੇ, ਤੁਹਾਡੇ ਦਿਮਾਗ਼ ਦੇ ਉਤੇ ਕਿਹੋ ਜਿਹਾ ਅਸਰ ਪੈਂਦਾ ਹੋਏਗਾ। ਤੁਸੀਂ ਸੱਤ ਦਿਨ ਆਲੂ ਚੁੱਕੇ ਨੇ, ਇਕ ਇਕ ਆਲੂ ਦੇ ਉਤੇ ਨਾਮ ਲਿਖਿਆ ਹੈ, ਉਹ ਬੰਦੇ ਦਾ ਜਿਹਦੇ ਨਾਲ ਤੁਸੀਂ ਨਫ਼ਰਤ ਕਰਦੇ ਹੋ। ਸੱਤ ਦਿਨ ਤੁਹਾਡੇ ਕੋਲੋਂ ਉਹ ਬੋਝ ਚੁੱਕਿਆ ਨਹੀਂ ਗਿਆ। ਤੁਹਾਡਾ ਤਨ ਸੱਤ ਦਿਨ ਇਹ ਬੋਝ ਨਹੀਂ ਸਹਾਰ ਸਕਿਆ ਤੇ ਸਾਰੀ ਜ਼ਿੰਦਗੀ ਤੁਸੀਂ ਆਪਣੇ ਮਨ ਦੇ ਉਤੇ, ਆਪਣੇ ਦਿਮਾਗ਼ ਦੇ ਉਤੇ, ਈਰਖਾ ਦਾ, ਨਫ਼ਰਤ ਦਾ ਬੋਝ ਲੈ ਕੇ ਚਲਦੇ ਹੋ। ਤੁਹਾਡਾ ਮਨ ਤੁਹਾਡਾ ਜਿਹੜਾ ਦਿਮਾਗ਼ ਏ, ਇਸ ਬੋਝ ਨਾਲ ਕਿਹੋ ਜਿਹੇ ਹਾਲਾਤ ਵਿੱਚੋਂ ਗੁਜ਼ਰਦਾ ਹੋਏਗਾ, ਜ਼ਰਾ ਉਹਦੇ ਵੱਲ ਵੀ ਨਿਗਾਹ ਮਾਰ ਕੇ ਵੇਖੋ।''

ਇਹ ਮੇਰੀ ਬੇਨਤੀ ਏ, ਬਿਨਾਂ ਵਜ੍ਹਾ ਦੀ ਈਰਖਾ, ਬਿਨਾਂ ਵਜ੍ਹਾ ਦੀ ਨਫ਼ਰਤ, ਇਹ ਮਨ ਦੇ ਉਤੇ ਐਵੇਂ ਬੋਝ ਵਧਾਉਂਦੀ ਏ। ਅਸੀਂ ਜੇ ਸੰਗਤ ਕਰਦੇ ਹਾਂ, ਆਪਣੇ ਮਨ ਦੇ ਉੱਤੋਂ ਈਰਖਾ ਦਾ, ਨਫ਼ਰਤ ਦਾ ਬੋਝ ਲਾਹੀਏ ਜੀ। ਜਿੰਨਾ ਵੀ ਹੋ ਸਕੇ, ਇਹ ਬੋਝ ਨੂੰ ਦਿਨੋ ਦਿਨ ਘਟਾਈਏ। ਕਹਿ ਦਿਓ : ਧੰਨ ਗੁਰੂ ਰਾਮਦਾਸ ਜੀ।.....ਧੰਨ ਬਾਬਾ ਦੀਪ ਸਿੰਘ ਜੀ।

ਕੁਝ ਦਿਨ ਆਲੂ ਕੋਲ ਰੱਖੇ ਨੇ, ਨਾਮ ਲਿਖ ਕੇ ਬਦਬੂ ਮਾਰਨ ਲੱਗ ਪਏ ਨੇ ਤੇ ਸਾਰੀ ਜ਼ਿੰਦਗੀ ਮਨ ਦੇ ਅੰਦਰ ਈਰਖਾ ਕਰੀ ਜਾਣਾ, ਤੇਰੇ ਮਨ ਤੋਂ ਬਦਬੂ ਨਹੀਂ ਆਏਗੀ? ਤੇਰੇ ਦਿਮਾਗ਼ ਦੇ ਵਿਚ ਉਹ ਬਦਬੂ ਨਹੀਂ ਫੈਲੇਗੀ? ਹਰ ਵੇਲੇ ਹੀ ਤੇਰੇ ਅੰਦਰ ਏਹੋ ਚੀਜ਼ਾਂ ਚਲਦੀਆਂ ਰਹਿੰਦੀਆਂ ਨੇ, ਫਲਾਣਾ ਅੱਗੇ ਕਿਉਂ ਵਧ ਗਿਆ, ਉਹਨੇ ਏਦਾਂ ਕਿਉਂ ਕਰ ਦਿੱਤਾ। ਉਹਦਾ ਤੇ ਏਦਾਂ ਦਾ ਸਿਸਟਮ ਨਹੀਂ, ਅੱਜ ਉਹਦਾ ਸਿਸਟਮ ਵੱਧ ਕਿਉਂ ਗਿਆ ਹੈ। ਓ ਪਿਆਰਿਆ ! ਜਿਹੜੇ ਦੂਜੇ ਦੇ ਕੋਲ ਗੁਣ ਨੇ, ਉਸ ਗੁਣਾਂ ਨੂੰ ਆਪਣੇ ਅੰਦਰ ਧਾਰਣ ਦਾ ਯਤਨ ਕਰ, ਐਵੇਂ ਕਿਸੇ ਗੱਲ ਦਾ, ਨਿੰਦਿਆ ਦਾ, ਈਰਖਾ ਦਾ, ਕਿਸੇ ਦੇ ਨਾਲ ਨਫ਼ਰਤ ਦਾ ਕੋਈ ਵਿਸ਼ਾ ਨਾ ਬਣਾ। ਮੇਰੀ ਤੇ ਏਥੋਂ ਤੱਕ ਬੇਨਤੀ ਏ, ਪਿਆਰਿਓ ! ਜੇ ਤੁਸੀਂ ਕਿਸੇ ਨਾਲ ਪਿਆਰ ਨਾਲ ਨਹੀਂ ਨਾ ਰਹਿ ਸਕਦੇ, ਪਿਆਰ ਨਹੀਂ ਕਰ ਸਕਦੇ ਤੇ ਕਿਸੇ ਨਾਲ ਨਫ਼ਰਤ ਵੀ ਨਾ ਕਰੋ ਜੀ। ਮੇਰੀ ਬੇਨਤੀ ਏ, ਕਿਸੇ ਨਾਲ ਤੁਸੀਂ ਪਿਆਰ ਨਹੀਂ ਨਾ ਕਰ ਸਕਦੇ ਤੇ ਤੁਸੀਂ ਘੱਟ ਤੋਂ ਘੱਟ ਕਿਸੇ ਨਾਲ ਨਫ਼ਰਤ ਨਾ ਕਰੋ। ਜੇ ਅਸੀਂ ਆਪਣੇ ਅੰਦਰੋਂ ਨਫ਼ਰਤ ਦੀ ਦੀਵਾਰ ਨੂੰ ਢਾਹ ਦਿਆਂਗੇ, ਫਿਰ ਸਾਡਾ ਮਨ ਹੌਲਾ ਫੁੱਲ ਵਰਗਾ ਹੋ ਜਾਏਗਾ। ਫਿਰ ਸਾਡਾ ਮਨ ਨਿਰਮਲ ਹੋ ਜਾਏਗਾ।

ਤੈਨੂੰ ਲੋੜ ਨਹੀਂ ਦਸ-ਦਸ ਪਾਠ ਸੁਖਮਨੀ ਸਾਹਿਬ ਦੇ ਕਰਨ ਦੀ, ਕਰਦੈਂ ! ਚੰਗੀ ਗੱਲ ਏ। ਕਿਸੇ ਗੱਲ ਦਾ ਗਲਤ ਮਤਲਬ ਨਾ ਕੱਢ ਲੈਣਾ, ਜਿਹੜੇ ਸਾਡੀ ਕੌਮ ਦੇ ਵਿਚ ਗੁਰਸਿੱਖ ਨੇ, ਕਿੰਨੇ-ਕਿੰਨੇ ਉਨ੍ਹਾਂ ਦੇ ਬਾਣੀ ਦੇ ਪਹਿਰੇ ਨੇ। ਚੰਗੀ ਗੱਲ ਏ। ਬਾਣੀ ਦੇ ਪਹਿਰੇ ਜਿੰਨੇ ਵਧਾ ਲਓ ਓਨੀ ਚੰਗੀ ਗੱਲ ਹੈ, ਪਰ ਪਿਆਰਿਓ ! ਕਰਦੈਂ 10 ਸੁਖਮਨੀ ਸਾਹਿਬ ਦੇ ਪਾਠ, ਈਰਖਾ ਤਾਂ ਵੀ ਕਰੀ ਜਾਂਦਾ ਐਂ, ਫਿਰ ਤੇਰੀ ਕੀਤੀ ਸੁਖਮਨੀ ਸਾਹਿਬ ਕੀ ਕਹੇਗੀ? ਪਾਠ ਭਾਵੇਂ ਇਕ ਕਰ ਲੈ, ਪਾਠ ਭਾਵੇਂ ਦੋ ਕਰ ਲੈ, 10 ਕਰਨੇ ਤੇਰੀ ਮਰਜ਼ੀ ਏ, 20 ਜਪੁ ਜੀ ਸਾਹਿਬ ਕਰੀ ਜਾ ਤੇਰੀ ਮਰਜ਼ੀ, 50 ਜਪੁ ਜੀ ਸਾਹਿਬ ਦਾ ਨੇਮ ਬਣਾ ਲੈ, ਚੰਗੀ ਗੱਲ ਏ, ਪਰ ਪਿਆਰਿਆ ! ਬਾਣੀ ਕਹਿੰਦੀ ਕੀ ਏ? ਉਸ ਚੀਜ਼ ਨੂੰ ਮੰਨਣਾ ਵੀ ਤੇ ਸ਼ੁਰੂ ਕਰ। ਬਾਣੀ ਤੇ ਕਹਿ ਰਹੀ ਏ :

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥***

**(ਅੰਗ ੧੩੪੯)**

ਬਾਣੀ ਤੇ ਆਹ ਕਹਿ ਰਹੀ ਏ। ਆਪਣੇ ਅੰਦਰੋਂ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਤੇ ਜੇ ਨਹੀਂ ਢਾਹੇਂਗਾ ਤੇ ਤੇਰੇ ਮਨ ਦੇ ਉਤੇ ਈਰਖਾ ਦਾ ਬੋਝ ਦਿਨੋ ਦਿਨ ਵਧਦਾ ਜਾਣਾ ਹੈ। ਤੇ ਜੇ ਇਹ ਨਫ਼ਰਤ ਦੀ ਦੀਵਾਰ ਨੂੰ ਢਾਹ ਲਏਂਗਾ, ਤੇਰਾ ਮਨ ਸਵੱਛ ਹੋ ਜਾਏਗਾ। ਤੇਰਾ ਮਨ ਨਿਰਮਲ ਹੋ ਜਾਏਗਾ। ਤੇਰਾ ਮਨ ਹੌਲਾ ਫੁੱਲ ਵਰਗਾ ਹੋ ਜਾਏਗਾ। ਜੇ ਨਹੀਂ ਇਹ ਕੰਮ ਕਰ ਸਕਦਾ ਤੇ ਫਿਰ ਸਾਰੀ ਜ਼ਿੰਦਗੀ ਈਰਖਾ ਦਾ ਭਾਰ ਢੋਂਦਾ ਰਹਿ। ਤੇ ਇਸ ਈਰਖਾ

ਦੇ ਭਾਰ ਦੇ ਬੋਝ ਹੇਠਾਂ ਤੂੰ ਵੀ ਦੱਬ ਜਾਣਾ ਹੈ ਇਕ ਦਿਨ ਤੇ ਤੇਰੇ ਪਰਿਵਾਰ ਨੇ ਤੇ ਤੇਰੀਆਂ ਕੁਲਾਂ ਨੇ ਵੀ ਦੱਬ ਜਾਣਾ ਹੈ। ਇਹਦੇ ਨਾਲ ਹੋਏਗਾ ਕੀ? ਮਨ ਕਰਕੇ ਤੂੰ ਵੀ ਬੀਮਾਰ, ਤੇਰੇ ਘਰ ਦੇ ਜੀਅ ਵੀ ਬੀਮਾਰ। ਤੇ ਜਿਹੜਾ ਮਨ ਦੇ ਰੋਗ ਦਾ ਸ਼ਿਕਾਰ ਹੋ ਜਾਏ, ਤਨ ਦੇ ਰੋਗਾਂ ਤੋਂ ਉਹ ਬਚ ਹੀ ਨਹੀਂ ਸਕਦਾ।

ਇਸ ਕਰਕੇ ਅੱਜ ਦੇ ਕੀਰਤਨ ਦਾ ਇਹ ਲੈਸਨ ਐ। ਇਹਨੂੰ ਮੈਂ ਵੀ ਗ੍ਰਹਿਣ ਕਰਨਾ ਹੈ। ਆਹ ਜਿੰਨੇ ਸਟੇਜ 'ਤੇ ਬੈਠੇ, ਇਨ੍ਹਾਂ ਨੇ ਵੀ ਗ੍ਰਹਿਣ ਕਰਨਾ ਐ। ਜਿੰਨੇ ਘਰਾਂ 'ਚ ਬਹਿ ਕੇ ਸੁਣ ਰਹੇ ਹੋ, ਤੁਸੀਂ ਵੀ ਇਸ ਲੈਸਨ ਨੂੰ ਜ਼ਰੂਰ ਗ੍ਰਹਿਣ ਕਰਿਓ। ਮੈਂ ਤੇ ਇਥੋਂ ਤੱਕ ਕਹਿੰਦਾਂ, ਜਿਹੜੇ ਲਾਈਵ ਦੇਖ ਰਹੇ ਹੋ ਗੁਰਮੁਖ ਪਿਆਰੇ, ਇਹ ਕਥਾ ਆਪਣੇ ਅੰਦਰ ਵਸਾ ਲਓ ਘੋਟ-ਘੋਟ ਕੇ। ਭਾਵੇਂ ਕੋਈ ਸਾਊਂਡ ਦੀ ਡਿਊਟੀ ਨਿਭਾਉਣ ਵਾਲਾ ਹੈ, ਭਾਵੇਂ ਕੋਈ ਕੀ ਬੋਰਡ ਵਜਾਉਣ ਵਾਲਾ ਹੈ, ਭਾਵੇਂ ਕੋਈ ਲਾਈਵ ਦੇਣ ਵਾਲਾ ਹੈ। ਇਹ ਸਾਰਿਆਂ ਨੂੰ ਮੈਂ ਸਨਿਮਰ ਬੇਨਤੀ ਕਰਦਾ ਹਾਂ, ਇਕ ਵੱਡੀ ਤਬਦੀਲੀ ਲਿਆਈਏ ਆਪਣੇ ਅੰਦਰ। ਇਹ ਚੀਜ਼ ਨੂੰ ਆਪਣੇ ਅੰਦਰ ਘੋਟ-ਘੋਟ ਕੇ ਪਾ ਲਈਏ ਕਿ ਅਸੀਂ ਕਿਸੇ ਨਾਲ ਵੀ ਕੋਈ ਨਫ਼ਰਤ ਦੀ ਦੀਵਾਰ ਖੜ੍ਹੀ ਨਹੀਂ ਕਰਾਂਗੇ। ਸਾਡੀ ਗਿਣਤੀ ਆਏਗੀ ਨਫ਼ਰਤ ਦੀਆਂ ਦੀਵਾਰਾਂ ਢਾਹੁਣ ਵਾਲਿਆਂ 'ਚ ਆਏਗੀ, ਬਣਾਉਣ ਵਾਲਿਆਂ 'ਚ ਨਹੀਂ ਆਏਗੀ।

ਆਪ ਸਵਰੋ, ਪਰਿਵਾਰ ਸਵਾਰੋ, ਸਮਾਜ ਆਪੇ ਹੀ ਸਵਰ ਜਾਏਗਾ।

ਪਿਆਰ ਨਾਲ ਸਾਰੇ ਫ਼ਤਹਿ ਬੁਲਾਓ :

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਓ ! ਬੜੇ ਪਿਆਰ ਸਹਿਤ ਸ਼ਬਦ ਪੜ੍ਹੀਏ। ਇਹ ਪਉੜੀ ਏ ਗੁਰੂ ਰਾਮਦਾਸ ਜੀ ਦੀ ਉਚਾਰਣ ਕੀਤੀ, ਗੁਰੂ ਗ੍ਰੰਥ ਸਾਹਿਬ ਜੀ ਦੇ ੯੧ਵੇਂ ਅੰਗ ਦੇ ਉਤੇ ਦਰਜ਼ :

***ਹਰਿ ਭਗਤਾ ਨੋ ਦੇਇ ਪਿਆਰੁ.......***

ਕਿਉਂਕਿ ਅੱਜ ਕੁਦਰਤੀ ਬੜਾ ਵੱਡਾ ਦਿਨ ਏ। ਉਹ ਦਿਨ ਕਿਹੜਾ? ਧੰਨ-ਧੰਨ ਬਾਬਾ ਸਾਲ੍ਹੋ ਜੀ ਦਾ ਆਗਮਨ ਦਿਨ। ਬੜਾ ਵੱਡਾ ਦਿਨ ਏ ਬਾਬਾ ਸਾਲ੍ਹੋ ਜੀ ਦਾ ਆਗਮਨ ਦਿਨ ਏ। ਤੇ ਭਗਤਾਂ ਨੂੰ ਕਿੰਨਾ ਮਾਣ ਦਿੱਤਾ ਏ ਗੁਰੂ ਪਿਤਾ ਜੀ ਨੇ? ਇਸ ਸ਼ਬਦ ਦੇ ਵਿਚ ਗੁਰੂ ਰਾਮਦਾਸ ਬਾਪੂ ਜੀ ਫੁਰਮਾਨ ਕਰ ਰਹੇ ਨੇ। ਗੁਰੂ ਰਾਮਦਾਸ ਜੀ ਦੀਆਂ ਬਖ਼ਸ਼ਿਸ਼ਾਂ ਵਰਤੀਆਂ ਭਾਈ ਸਾਲ੍ਹੋ ਜੀ ਦੇ ਉਤੇ। ਆਓ ! ਬੜੇ ਪਿਆਰ ਨਾਲ ਗਾਇਨ ਕਰਿਓ। ਕੋਈ ਰਸਨਾ ਵਾਂਝੀ ਨਾ ਰਹੇ ਜੀ :

***ਹਰਿ ਭਗਤਾ ਨੋ ਦੇਇ ਪਿਆਰੁ........***

ਧੰਨ ਗੁਰੂ ਰਾਮਦਾਸ ਜੀ। ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

***ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ॥***
***ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ॥...*** (ਅੰਗ ੯੦)

ਪੜ੍ਹੋ ਸਾਰੇ :

*ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ॥.....*

ਪੜ੍ਹੋ ਸਾਰੇ :

*ਹਰਿ ਭਗਤਾ ਨੋ ਦੇਇ ਪਿਆਰੁ.....*

ਧੰਨ ਗੁਰੂ ਰਾਮਦਾਸ ਜੀ।...ਪਿਆਰ ਨਾਲ ਸਾਰੇ ਆਖੋ : ਧੰਨ ਬਾਬਾ ਦੀਪ ਸਿੰਘ ਜੀ।

*ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ॥*
*ਪਾਪੀਆ ਨੋ ਨ ਦੇਈ ਥਿਰੁ ਰਹਣਿ*
*ਚੁਣਿ ਨਰਕ ਘੋਰਿ ਚਾਲਿਅਨੁ॥.....*

ਪੜ੍ਹੋ ਜੀ :

*ਹਰਿ ਭਗਤਾ ਨੋ ਦੇਇ ਪਿਆਰੁ.....*

ਅੱਜ ਜਿਨ੍ਹਾਂ ਦਾ ਦਿਨ ਏ ਉਨ੍ਹਾਂ ਦਾ ਵੀ ਨਾਮ ਲੈ ਲਓ ਜੀ :

ਧੰਨ ਬਾਬਾ ਸਾਲ੍ਹੋ ਜੀ-ਧੰਨ ਬਾਬਾ ਸਾਲ੍ਹੋ ਜੀ-ਧੰਨ ਬਾਬਾ ਸਾਲ੍ਹੋ ਜੀ।.......

*ਹਰਿ ਭਗਤਾ ਨੋ ਦੇਇ ਪਿਆਰੁ.....*

ਏਦਾਂ ਪਿਆਰ ਕਰਦਾ ਐ :

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਿ ਭਗਤਾ ਨੋ ਦੇਇ ਪਿਆਰੁ.....*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤਿ ਲਏ ਛਡਾਇਆ॥੪॥ ੧੩॥ ੨੦॥* (ਅੰਗ ੪੫੧)
*ਹਰਿ ਭਗਤਾ ਨੋ ਦੇਇ ਪਿਆਰੁ.....*

ਕਿਵੇਂ ਪਿਆਰ ਦੇਂਦਾ ਹੈ :

*ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ॥*
*ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥*

(ਅੰਗ ੫੯੦)

*ਹਰਿ ਭਗਤਾ ਨੋ ਦੇਇ ਪਿਆਰੁ.....*
*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥੧॥*

(ਅੰਗ ੧੨੫੨)

ਇਕ ਵਾਰੀ ਬੋਲੋ : ਵਾਹਿਗੁਰੂ।...ਧੰਨ ਗੁਰੂ ਰਾਮਦਾਸ ਜੀ।...ਧੰਨ ਬਾਬਾ ਦੀਪ ਸਿੰਘ ਜੀ।

ਏਨਾ ਗੁਰੂ ਰਾਮਦਾਸ ਜੀ ਨੇ ਭਗਤਾਂ ਨੂੰ ਪਿਆਰ ਦਿੱਤਾ, ਅੱਜ ਜਿਨ੍ਹਾਂ ਦਾ ਆਗਮਨ ਦਿਨ ਏ। ਗੁਰੂ ਰਾਮਦਾਸ ਜੀ ਨੇ ਧੰਨ-ਧੰਨ ਬਾਬਾ ਭਾਈ ਸਾਲ੍ਹੋ ਜੀ, ਆਪਣੇ ਭਗਤ ਪਿਆਰਿਆਂ ਨੂੰ ਏਨਾ ਮਾਣ ਦਿੱਤਾ ਹੈ। ਕਹਿੰਦੇ, ਮੇਰਾ ਕੀਤਾ ਹੋਇਆ ਬਚਨ, ਕੋਈ ਭਗਤ ਪਿਆਰਾ ਕੱਟ ਸਕਦਾ ਹੈ। ਏ ਮਾਣ ਐ। ਕਹਿੰਦੇ, ਜਿੱਥੇ ਆ ਕੇ ਕੋਈ ਭਗਤ ਪਿਆਰਾ ਬਚਨ ਕਰ ਦੇਵੇ, ਮੇਰਾ ਕੀਤਾ ਬਚਨ ਤੇ ਭਗਤ ਕੱਟ ਸਕਦਾ ਹੈ, ਪਰ ਜਿੱਥੇ ਆ ਕੇ ਕੋਈ ਭਗਤ ਪਿਆਰਾ ਬਚਨ ਕਰ ਦੇਵੇ, ਉਹਦਾ ਕੀਤਾ ਹੋਇਆ ਬਚਨ ਮੈਂ ਵੀ ਨਹੀਂ ਕੱਟ ਸਕਦਾ।

ਵਾਹਿਗੁਰੂ-ਵਾਹਿਗੁਰੂ। ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

ਇਉਂ ਵੀ ਕਹਿ ਲਓ ! ਮੇਰੇ ਬੰਧੇ ਹੋਏ ਨੂੰ, ਭਗਤ ਤੇ ਛੁਡਾ ਸਕਦਾ ਹੈ ਪਰ ਜਿਹੜੀ ਪਿਆਰ ਦੀ ਡੋਰ ਪਾ ਕੇ ਭਗਤ ਮੈਨੂੰ ਬੰਨ੍ਹ ਲੈਂਦਾ ਹੈ, ਉਸ ਡੋਰ 'ਚੋਂ ਮੈਂ ਵੀ ਨਹੀਂ ਨਿਕਲ ਸਕਦਾ। ਕਹਿ ਦਿਓ : ਵਾਹਿਗੁਰੂ-ਵਾਹਿਗੁਰੂ।

ਹੁਣ ਸੱਚਾਈ ਏ, ਜਿਨ੍ਹਾਂ ਦਾ ਅੱਜ ਦਿਨ ਹੈ ਭਾਈ ਸਾਲ੍ਹੋ ਜੀ ਦਾ। ਮੈਂ ਹੈਰਾਨ ਹੁੰਦਾ ਹਾਂ ਏਨੀਆਂ ਪਾਵਰਾਂ ਦੇ ਦਿੱਤੀਆਂ ਭਗਤ ਪਿਆਰਿਆਂ ਨੂੰ ! ਇਕ ਸਮਾਂ ਆਇਆ, ਜਦੋਂ ਗੁਰੂ ਘਰ ਦਾ ਜਿੰਨਾ ਵੀ ਬਾਲਣ ਸੀ, ਬਾਰਸ਼ ਦੇ ਕਰਕੇ, ਮੌਸਮ ਦੇ ਕਰਕੇ ਸਾਰਾ ਬਾਲਣ ਭਿੱਜ ਗਿਆ। ਹੁਣ ਸੰਗਤਾਂ ਦਾ ਇਕੱਠ ਤੇ ਰੋਜ਼ ਬਾਪੂ ਦੇ ਦਰ 'ਤੇ ਹੁੰਦਾ ਹੈ। ਲੰਗਰ ਤੇ ਪੱਕਣਾ ਸੀ। ਮਹਾਰਾਜ ਕਹਿੰਦੇ, ''ਲੰਗਰ ਦਾ ਪ੍ਰਬੰਧ ਕਰਨਾ ਹੈ।'' ਬਾਲਣ ਦੀ ਡਿਊਟੀ ਲਾਈ ਭਾਈ ਸਾਲ੍ਹੋ ਜੀ ਦੀ। ਇਹ ਗੁਰੂ ਰਾਮਦਾਸ ਬਾਪੂ ਵੇਲੇ ਦਾ ਬਚਨ ਹੈ। ਓਦਾਂ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਵੀ ਭਾਈ ਸਾਲ੍ਹੋ ਜੀ ਨੂੰ ਅੰਮ੍ਰਿਤਸਰ ਸ਼ਹਿਰ ਦਾ ਮੁਖੀ ਥਾਪਿਆ ਹੋਇਆ ਸੀ। ਹੁਣ ਜਦੋਂ ਭਾਈ ਸਾਲ੍ਹੋ ਜੀ ਦੀ ਡਿਊਟੀ ਲਾਈ ਕਿ ਬਾਲਣ ਦਾ ਤੁਸੀਂ ਪ੍ਰਬੰਧ ਕਰਨਾ ਹੈ। ਤੇ ਭਾਈ ਸਾਲ੍ਹੋ ਜੀ ਨੇ ਪਤਾ ਕੀ ਬਚਨ ਕੀਤਾ? ਪਿਆਰ ਨਾਲ ਸੰਗਤਾਂ ਵਿਚ ਜਾ ਕੇ ਕਹਿੰਦੇ, 'ਗੁਰੂ ਘਰ ਲਈ ਬਾਲਣ ਲਿਆਵੇ, ਕੋਈ ਗੁਰੂ ਘਰ ਦੇ ਲਈ ਪਾਥੀ ਲਿਆਵੇ, ਜਿਹੜਾ ਇਕ ਪਾਥੀ ਵੀ ਗੁਰੂ ਘਰ ਦੇ ਲੰਗਰ ਵਿਚ ਪਾ ਦੇਵੇਗਾ, ਉਹਨੂੰ ਵੀ ਇਕ ਪੁੱਤਰ ਮਿਲੇਗਾ।'

ਕਹਿ ਦਿਓ : ਧੰਨ ਗੁਰੂ ਰਾਮਦਾਸ ਜੀ। ਧੰਨ ਬਾਬਾ ਦੀਪ ਸਿੰਘ ਜੀ।

ਜਿਹੜਾ ਇਕ ਪਾਥੀ ਵੀ ਲਿਆਏਗਾ ਗੁਰੂ ਘਰ 'ਚ, ਉਹਨੂੰ ਇਕ ਪੁੱਤਰ, ਜਿਹੜਾ ਦੋ ਲਿਆਵੇ, ਦੋ ਪੁੱਤਰ, ਪੰਜ ਲਿਆਵੇ, ਪੰਜ ਪੁੱਤਰ। ਜਦੋਂ ਗੁਰੂ ਰਾਮਦਾਸ ਪਿਤਾ ਜੀ ਨੂੰ ਏਨੀ ਗੱਲ ਦਾ ਲੱਗਾ ਪਤਾ, ਉਨ੍ਹਾਂ ਬੁਲਾ ਲਿਆ ਭਾਈ ਸਾਲ੍ਹੋ ਜੀ ਨੂੰ। ਸਾਡਾ ਇਤਿਹਾਸ ਏ, ਕੋਈ ਆਪਣੇ ਕੋਲੋਂ ਬਣਾ ਕੇ ਸਟੋਰੀ ਨਹੀਂ ਕਹਿ ਰਿਹਾ। ਹੁਣ ਜਦੋਂ ਗੁਰੂ ਰਾਮਦਾਸ ਜੀ ਨੇ ਬੁਲਾਇਆ ਤੇ ਗੁਰੂ ਰਾਮਦਾਸ ਕਹਿੰਦੇ, ''ਭਾਈ ਸਾਲ੍ਹੋ ਜੀ ! ਤੁਸੀਂ ਇਕ ਪਾਥੀ ਦੇ ਬਦਲੇ ਇਕ ਪੁੱਤਰ। ਇਹ ਸੰਗਤਾਂ ਦੇ ਵਿਚ ਢੰਡੋਰਾ ਦੇ ਦਿੱਤਾ ਐ।'' ਤਾਂ ਉਸ ਵੇਲੇ ਭਾਈ

ਸਾਲ੍ਹੋ ਜੀ ਦੇ ਨੈਣ ਕਟੋਰੇ ਭਰ ਆਏ। ਹੱਥ ਜੋੜੇ। ਪਤਾ ਕੀ ਆਖਿਆ? ''ਮਹਾਰਾਜ ! ਮੈਂ ਆਪਣੇ ਬਲ ਨਾਲ ਕੁਝ ਵੀ ਨਹੀਂ ਕੀਤਾ। ਤੇ ਆਪਣੇ ਲਈ ਵੀ ਕੁਝ ਨਹੀਂ ਕੀਤਾ। ਜਿਹੜਾ ਮੈਂ ਕਿਹਾ ਹੈ ਇਕ ਪਾਥੀ ਦੇ ਬਦਲੇ ਇਕ ਪੁੱਤਰ, ਉਹ ਆਪਣੇ ਬਲ, ਆਪਣੇ ਭਰੋਸੇ ਨਾਲ ਨਹੀਂ ਕਿਹਾ। ਉਹ ਤੇ ਗੁਰੂ ਰਾਮਦਾਸ ਜੀ ! ਕਹਾਇਆ ਤੁਸੀਂ ਮੇਰੇ ਕੋਲੋਂ ਏ, ਤੇ ਅੰਦਰ ਭਰੋਸਾ ਤੇਰਾ ਹੀ ਵਰਤ ਰਿਹਾ ਸੀ।''

ਜਿਹੜਾ ਮੈਂ ਸੰਗਤ ਨੂੰ ਕਿਹਾ ਹੈ ਇਕ ਪਾਥੀ ਦੇ ਬਦਲੇ ਇਕ ਪੁੱਤਰ। ਉਹ ਕੋਈ ਮੈਂ ਆਪਣੇ ਵੱਲੋਂ ਥੋੜ੍ਹੀ ਕਿਹਾ ਹੈ। ਕੋਈ ਆਪਣੇ ਭਰੋਸੇ ਥੋੜ੍ਹੀ ਕਿਹਾ। ਗੁਰੂ ਰਾਮਦਾਸ ਜੀ ! ਮੈਂ ਗਰੀਬ ਨੂੰ ਤੇ ਭਰੋਸਾ ਤੇਰਾ ਹੈ। ਤੇਰੇ ਮਾਣ ਕਰਕੇ ਕਿਹਾ। ਮੇਰਾ ਤੇ ਆਪਣਾ ਹੈ ਹੀ ਕੁਝ ਨਹੀਂ। ਤੇ ਗੁਰੂ ਰਾਮਦਾਸ ਜੀ ! ਮੇਰੇ ਵਿਚ ਵੱਸ ਕੇ ਇਹੋ ਜਿਹਾ ਮੇਰੇ ਵਿੱਚ ਭਰੋਸਾ ਪਾਇਆ ਜੇ, ਮੇਰੇ ਮੂੰਹੋਂ ਬਚਨ ਕਰਵਾਇਆ ਜੇ, ਗੁਰੂ ਰਾਮਦਾਸ ਜੀ ! ਤੁਹਾਡੇ ਘਰ ਘਾਟਾ ਵੀ ਕਿਹੜਾ ਹੈ? ਤੁਹਾਡਾ ਘਰ ਬੜਾ ਵੱਡਾ ਹੈ :

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥***
***ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥*** (ਅੰਗ ੯੧੭)

ਹੇ ਮਾਲਕ ਜੀ ! ਤੁਹਾਡੇ ਘਰ ਵੀ ਘਾਟਾ ਕਿਹੜਾ ਐ? ਜੇ ਮੈਂ ਭਰੋਸੇ ਨਾਲ ਬਚਨ ਕਰ ਦਿੱਤਾ ਹੈ ਤੇ ਭਰੋਸੇ ਵਿਚ ਕੀਤੇ ਹੋਏ ਬਚਨ ਨੂੰ ਪੂਰਾ ਤੁਸੀਂ ਆਪ ਹੀ ਕਰਨਾ ਹੈ।

ਕਹਿ ਦਿਓ : ਧੰਨ ਗੁਰੂ ਰਾਮਦਾਸ ਜੀ। ਧੰਨ ਬਾਬਾ ਦੀਪ ਸਿੰਘ ਜੀ।

ਗੁਰੂ ਰਾਮਦਾਸ ਜੀ ਇੰਨੇ ਪ੍ਰਸੰਨ ਹੋਏ, ਘੁੱਟ ਕੇ ਗਲਵਕੜੀ ਨਾਲ ਲਾਇਆ ਤੇ ਮੁੱਖੋਂ ਬਚਨ ਕੀਤਾ, ''ਸਾਲ੍ਹੋ ! ਤੇਰੇ ਭਰੋਸੇ ਤੋਂ ਕੁਰਬਾਨ। ਸਾਲ੍ਹੋ ! ਤੇਰੇ ਭਰੋਸੇ ਤੋਂ ਵਾਰਨੇ-ਵਾਰਨੇ ਜਾਈਏ, ਤੂੰ ਗੁਰੂ ਘਰ ਦੇ ਉਤੇ ਏਡਾ ਭਰੋਸਾ ਕੀਤਾ ਹੈ। ਜਿੰਨਿਆਂ ਨੂੰ ਤੂੰ ਬਚਨ ਦਿੱਤਾ ਹੈ, ਹੁਣ ਤੇ ਇਹ ਬਚਨ ਪੂਰੇ ਹੋਣਗੇ ਹੀ ਹੋਣਗੇ। ਪਰ ਸਾਲ੍ਹੋ ! ਜਿੰਨਿਆਂ ਨੂੰ ਤੂੰ ਬਚਨ ਬਾਅਦ 'ਚ ਵੀ ਕਰੇਂਗਾ, ਤੇਰਾ ਕੀਤਾ ਹੋਇਆ ਇਕ ਵੀ ਬਚਨ ਗੁਰੂ ਘਰ 'ਚੋਂ ਖਾਲੀ ਨਹੀਂ ਹੋਇਆ ਕਰੇਗਾ। ਤੇਰੇ ਬਚਨ ਦਾ ਸਦਕਾ ਗੁਰੂ ਨਾਨਕ ਦੇ ਦਰ ਤੋਂ ਸੰਗਤਾਂ ਦੀਆਂ ਝੋਲੀਆਂ ਭਰਦੀਆਂ ਹੀ ਰਿਹਾ ਕਰਨਗੀਆ।'' ਆਹ ਜੇ ਪਿਆਰ।

***ਹਰਿ ਭਗਤਾ ਨੋ ਦੇਇ ਪਿਆਰੁ......***

ਤੇ ਕਿੱਡੀ ਹੈਰਾਨਗੀ ਦੀ ਗੱਲ। ਇਕ ਵਾਰੀ ਬੋਲੋ : ਵਾਹਿਗੁਰੂ-ਵਾਹਿਗੁਰੂ। ਇੰਨੇ ਪ੍ਰਸੰਨ ਹੋਏ ਗੁਰੂ ਰਾਮਦਾਸ ਜੀ, ਇੰਨੇ ਪ੍ਰਸੰਨ ਹੋਏ ਤੇ ਫਿਰ ਇਹ ਵਰ ਦੇ ਦਿੱਤੇ :

***ਰਾਮਦਾਸ ਗੁਰ ਮੁਖੋਂ ਉਚਾਰਾ। ਅਨਿਨ ਭਗਤ ਸਾਲ੍ਹੋ ਮਮ ਪਿਆਰਾ।***
***ਇਹ ਗੁਰਸਿਖੀ ਕੇ ਕੋਤਵਾਲ। ਖਰੇ ਖੋਟੇ ਕੀ ਕਰੇ ਸੰਭਾਲ।***

ਸਾਲ੍ਹੋ ! ਤੇਰੇ ਦਰ ਦੇ ਉਤੇ ਆ ਕੇ ਪੁੰਨੀਆਂ ਦੀਆਂ ਝੋਲੀਆਂ ਤੇ ਭਰਨਗੀਆਂ। ਤੇਰੇ ਦਰ ਦੇ ਉਤੇ ਆ ਕੇ ਜਿਹੜੇ ਪੁੰਨ ਵਾਲੇ ਨੇ, ਜਿਹੜੇ ਕਮਾਈ ਵਾਲੇ ਨੇ, ਜਿਹੜੇ ਖਰੇ ਨੇ

ਉਨ੍ਹਾਂ ਦੀਆਂ ਝੋਲੀਆਂ ਤੇ ਭਰਨਗੀਆਂ, ਪਰ ਜੇ ਕੋਈ ਤੇਰੇ ਦਰ 'ਤੇ ਖੋਟਾ ਵੀ ਆ ਜਾਏਗਾ, ਉਹ ਵੀ ਖ਼ਾਲੀ ਨਹੀਂ ਮੁੜਿਆ ਕਰੇਗਾ।

ਆਹ ਜੇ ਭਗਤਾਂ ਨੂੰ ਪਿਆਰ ਕਰਦਾ, ਆਪਣੇ ਤੋਂ ਵੀ ਵੱਧ ਮਾਣ ਦਿੰਦਾ ਹੈ ਭਗਤਾਂ ਨੂੰ। ਆਪਣੇ ਤੋਂ ਵੀ ਵੱਧ ਮਾਣ ਦਿੰਦਾ ਹੈ ਕਮਾਈ ਵਾਲਿਆਂ ਨੂੰ। ਕਮਾਈ ਵਾਲਿਆਂ ਦਾ ਸਤਿਕਾਰ ਕਰੀਏ। ਕਮਾਈ ਵਾਲਿਆਂ ਦਾ ਕਦੀ ਵੀ ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ ਨਿਰਾਦਰ ਨਾ ਕਰੀਏ। ਹਰ ਵੇਲੇ ਉਨ੍ਹਾਂ ਦਾ ਸਤਿਕਾਰ ਕਰੀਏ। ਸਤਿਕਾਰ ਕਿਉਂ? ਕਿਉਂਕਿ ਜਦੋਂ ਤੂੰ ਕਮਾਈ ਵਾਲਿਆਂ ਦਾ ਸਤਿਕਾਰ ਕਰਦਾ ਹੈਂ, ਗੁਰੂ ਰਾਮਦਾਸ ਜੀ ਕਹਿੰਦੇ, ਮੇਰਾ ਸਤਿਕਾਰ ਵਿਚੇ ਹੀ ਆ ਜਾਂਦਾ ਹੈ। ਤੁਸੀਂ ਬਾਬਾ ਦੀਪ ਸਿੰਘ ਜੀ ਦਾ ਨਾਮ ਲੈਂਦੇ ਹੋ, ਤਾਂ ਗੁਰੂ ਰਾਮਦਾਸ ਜੀ ਬੜੇ ਖ਼ੁਸ਼ ਹੁੰਦੇ ਨੇ, ਉਹਨੂੰ ਧੰਨ ਕਹਿ ਰਿਹਾ, ਜਿਨ੍ਹੇ ਮੇਰੇ ਲਈ ਆਪਣਾ ਆਪ ਕੁਰਬਾਨ ਕੀਤਾ ਹੈ। ਗੁਰੂ ਰਾਮਦਾਸ ਜੀ ਦੀ ਖ਼ੁਸ਼ੀ ਤੁਹਾਨੂੰ ਵਿਸ਼ੇਸ਼ ਕਰਕੇ ਲੈਣ ਦੀ ਲੋੜ ਨਹੀਂ ਪੈਂਦੀ, ਬਾਬਾ ਦੀਪ ਸਿੰਘ ਜੀ ਤੇ ਖ਼ੁਸ਼ ਹੁੰਦੇ ਹੀ ਨੇ, ਗੁਰੂ ਰਾਮਦਾਸ ਐਟੋਮੈਟਿਕ ਖ਼ੁਸ਼ ਹੋ ਜਾਂਦੇ ਨੇ। ਕਿਉਂਕਿ ਜਿਨ੍ਹਾਂ ਨਾਲ ਗੁਰੂ ਰਾਮਦਾਸ ਜੀ ਪਿਆਰ ਕਰਦੇ ਨੇ, ਉਨ੍ਹਾਂ ਨਾਲ ਪਿਆਰ ਕਰਨਾ ਤੁਸੀਂ ਸ਼ੁਰੂ ਕਰ ਦਿੱਤਾ। ਇਹ ਕੋਈ ਮੈਂ ਨਹੀਂ ਕਹਿ ਰਿਹਾ, ਗੁਰੂ ਰਾਮਦਾਸ ਸਾਹਿਬ ਜੀ ਦਾ ਉਚਾਰਣ ਕੀਤਾ ਸ਼ਬਦ ਪੜ੍ਹਣਾ ਹੈ :

***ਹਰਿ ਭਗਤਾ ਨੋ ਦੇਇ ਪਿਆਰੁ......***

ਭਗਤਾਂ ਨੂੰ ਪਿਆਰ ਕਰਦਾ ਹੈ ਤੇ ਕਿਵੇਂ ਪਿਆਰ ਕਰਦਾ ਹੈ? ਪੜ੍ਹਿਓ ਸਾਰੇ ਕੋਈ ਰਸਨਾ ਵਾਂਝੀ ਨਾ ਰਹੇ :

***ਹਰਿ ਭਗਤਾ ਨੋ ਦੇਇ ਪਿਆਰੁ.....***

ਕਿੰਨਾ ਪਿਆਰ :

***ਜਉ ਹਮ ਬਾਂਧੇ ਮੋਹ ਫਾਸ***
***ਹਮ ਪ੍ਰੇਮ ਬਧਨਿ ਤੁਮ ਬਾਧੇ॥....*** **(ਅੰਗ ੬੫੮)**

ਭਗਤ ਰਵਿਦਾਸ ਜੀ ਕਹਿ ਰਹੇ ਨੇ—ਹੇ ਪ੍ਰਮੇਸ਼ਰ ਸਾਈਂ ! ਜੇ ਤੂੰ ਸਾਨੂੰ ਮੋਹ ਮਾਇਆ ਦੇ ਜਾਲ ਵਿੱਚ ਬੰਨ੍ਹਿਆ ਹੈ, ਤੇ ਤੂੰ ਕਿਹੜਾ ਛੁਟਿਆ ਐਂ। ਕਹਿ ਦਿਓ : ਵਾਹਿਗੁਰੂ।...

ਤੂੰ ਕਿਹੜਾ ਛੁਟਿਆ ਐਂ। ਤੂੰ ਸਾਨੂੰ ਮੋਹ ਮਾਇਆ 'ਚ ਬੰਨ੍ਹਿਆ ਹੈ, ਅਸੀਂ ਤੈਨੂੰ ਆਪਣੇ ਪਿਆਰ 'ਚ ਬੰਨ੍ਹਿਆ ਹੈ। ਤੇਰਾ ਨਾਮ ਜਪ ਕੇ ਅਸੀਂ ਤੇ ਮੋਹ ਮਾਇਆ 'ਚੋਂ ਨਿਕਲ ਜਾਵਾਂਗੇ। ਹੇ ਗੁਰੂ ਰਾਮਦਾਸ ਜੀ ! ਗੁਰੂ ਗ੍ਰੰਥ ਸਾਹਿਬ ਪਿਤਾ ! ਜਿਹੜੀਆਂ ਪਿਆਰ ਦੀਆਂ ਡੋਰਾਂ ਅਸੀਂ ਤੁਹਾਨੂੰ ਪਾਈਆਂ ਨੇ, ਉਹ ਡੋਰਾਂ 'ਚੋਂ ਤੁਸੀਂ ਸਾਡੀ ਮਰਜ਼ੀ ਤੋਂ ਬਿਨਾਂ ਨਹੀਂ ਨਿਕਲ ਸਕਦੇ।

ਆਹ ਪਿਆਰ, ਇੰਨਾ ਪਿਆਰ ਕਰਦਾ ਹੈ ਗੁਰੂ ਰਾਮਦਾਸ ਭਗਤਾਂ ਨਾਲ।

*ਹਰਿ ਭਗਤਾ ਨੋ ਦੇਇ ਪਿਆਰੁ.....* (ਅੰਗ ੯੧)

***ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥***
***ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥.....***

**(ਅੰਗ ੬੫੮)**

ਬੋਲੋ ਸਾਰੇ :

***ਹਰਿ ਭਗਤਾ ਨੋ ਦੇਇ ਪਿਆਰੁ.....***

ਧੰਨ ਗੁਰੂ ਰਾਮਦਾਸ ਜੀ।....ਧੰਨ ਬਾਬਾ ਦੀਪ ਸਿੰਘ ਜੀ। ਬਾਬਾ ਭਾਈ ਸਾਲ੍ਹੋ ਜੀ।

ਭਗਤ ਕੌਣ? ਇਹ ਕਮਾਈ ਵਾਲੇ ਸਤਿਪੁਰਸ਼ਾਂ ਦਾ ਬਚਨ ਏ। ਕਹਿੰਦੇ, ਭਗਤ ਕੌਣ ਏ? ਜਿਹਦੇ ਅੰਦਰ ਭਾਵਨਾ ਏ, ਜਿਹਦੇ ਅੰਦਰ ਭਾਵ ਏ, ਜਿਹਦੇ ਅੰਦਰ ਪ੍ਰੇਮ ਏ, ਭਾ=ਭਾਵਨਾ, ਭਭਾ=ਭਾਵ, ਪ੍ਰੇਮ, ਭਗਤ ਉਹ ਏ, ਜਿਹੜਾ ਲਬਾ-ਲਬ ਭਰਿਆ ਪਿਆ ਭਾਵਨਾ ਦੇ ਨਾਲ, ਲਬਾ-ਲਬ ਭਰਿਆ ਪਿਆ ਏ ਪ੍ਰੇਮ ਦੇ ਨਾਲ-ਭਗਤ। **ਗ**=ਗਗੇ ਦਾ ਮਤਲਬ ਜਿਹਦੇ ਅੰਦਰ ਗਿਆਨ ਏ ਤੇ ਇਕੱਲਾ ਗਿਆਨ ਨਹੀਂ, ਰੂਹਾਨੀਅਤ ਦਾ ਗਿਆਨ ਏ।

ਰੂਹਾਨੀ ਗਿਆਨ। ਇਕੱਲਾ ਗਿਆਨ ਵੀ ਕਈ ਵਾਰੀ ਪਿਆਰਿਓ ! ਗਲਤ ਦਿਸ਼ਾ ਵੱਲ ਜਾ ਸਕਦਾ ਹੈ ਪਰ ਜਦੋਂ ਗੁਰਮਤਿ ਦਾ ਗਿਆਨ ਹੋਏਗਾ, ਰੂਹਾਨੀਅਤ ਦਾ ਗਿਆਨ ਹੋਏਗਾ, ਉਹ ਗਿਆਨ ਜੀਹਦੇ ਕੋਲ ਵੀ ਹੈ ਉਹਦਾ ਤੇ ਉਧਾਰ ਕਰੇਗਾ ਹੀ ਕਰੇਗਾ, ਉਹਦੇ ਸੰਗੀ ਸਾਥੀ ਤੇ ਤਰਨਗੇ ਹੀ ਤਰਨਗੇ, ਰੂਹਾਨੀਅਤ ਦੇ ਗਿਆਨ ਵਾਲਿਆਂ ਦੀਆਂ ਕੁਲਾਂ ਦਾ ਵੀ ਉਧਾਰ ਗੁਰੂ ਰਾਮਦਾਸ ਕਰ ਦਿੰਦਾ ਹੈ।

**ਭ**=ਭਾਵਨਾਂ, **ਗ**=ਗਿਆਨ। ਗਿਆਨ ਦਾ ਮਤਲਬ ਰੂਹਾਨੀਅਤ ਦਾ ਗਿਆਨ, ਰੂਹਾਨੀ ਗਿਆਨ। ਭਾਵਨਾ, ਪ੍ਰੇਮ, ਭਗਤੀ।

ਉਸ ਤੋਂ ਬਾਅਦ ਆ ਗਿਆ 'ਤ', ਤੱਤੇ ਦਾ ਮਤਲਬ ਹੁੰਦਾ ਏ ਤਿਆਗ। ਤਿਆਗ—ਬਾਹਰੋਂ ਵੀ ਮਾਇਆ ਦੀ ਪਕੜ ਦਾ ਤਿਆਗ ਹੋਵੇ, ਕਿਸੇ ਤਰ੍ਹਾਂ ਦੀ ਤ੍ਰਿਸ਼ਨਾ ਨਾ ਹੋਵੇ ਤੇ ਅੰਦਰਲੀਆਂ ਵਾਸ਼ਨਾਵਾਂ ਦਾ ਵੀ ਜਿਨ੍ਹੇ ਤਿਆਗ ਕੀਤਾ ਹੋਵੇ, ਉਹ ਭਗਤ ਏ। ਇਹੋ ਜਿਹੇ ਭਗਤ ਦਾ ਹੀ ਅੱਜ ਆਗਮਨ ਦਿਨ ਏ। ਆਖੋ : ਵਾਹਿਗੁਰੂ।....

ਮਹਾਰਾਜ ਪਿਤਾ ਜੀ ਕੋਲੋਂ ਪੁੱਛੋ, ਮਹਾਰਾਜ ! ਭਗਤ ਪਿਆਰੇ ਦੀ ਕੋਈ ਹੋਰ ਨਿਸ਼ਾਨੀ ਵੀ ਤਾਂ ਮੈਨੂੰ ਦੱਸੋ? ਤੇ ਮਹਾਰਾਜ ਫਿਰ ਤੁਹਾਨੂੰ ਸੋਝੀ ਦੇਣਗੇ ਤੇ ਇਕ-ਇਕ ਲਫ਼ਜ਼ ਆਪਾਂ ਨੂੰ ਭਾਈ ਸਾਲ੍ਹੋ ਜੀ ਦੇ ਦਰਸ਼ਨ ਕਰਾਏਗਾ।

***ਮਤਿ ਹੋਦੀ ਹੋਇ ਇਆਣਾ॥*** **(ਅੰਗ ੧੩੮੩)**

ਮਤਿ ਹੈ, ਅਕਲ ਹੈ ਪਰ ਮਤਿ ਹੋਣ ਦੇ ਬਾਵਜੂਦ ਵੀ, ਅਕਲ ਹੋਣ ਦੇ ਬਾਵਜੂਦ

ਵੀ ਅੰਦਰੋਂ ਸਿਆਣਾ ਬਾਹਰੋਂ ਭੋਲਾ। ਹੁਣ ਕਿੰਨੀ ਅਕਲ ਦੇ ਮਾਲਕ ਨੇ ਭਾਈ ਸਾਲ੍ਹੋ ਜੀ, ਕਿੰਨੀ ਸੂਝ-ਬੂਝ ਦੇ ਮਾਲਕ ਨੇ ਭਾਈ ਸਾਲ੍ਹੋ ਜੀ। ਤੇ ਜੇ ਪਾਥੀਆਂ ਦੇ ਬਦਲੇ ਪੁੱਤਰ ਵੀ ਦਿੱਤਾ ਹੈ, ਪਾਥੀਆਂ ਦੇ ਬਦਲੇ ਜੇ ਪੁੱਤਰ ਵੀ ਦਿੱਤੇ ਨੇ ਤੇ ਉਹ ਕੋਈ ਵਡਿਆਈ ਆਪਣੇ ਉਪਰ ਨਹੀਂ ਲਈ ਏ। ਐ ਗੁਰੂ ਰਾਮਦਾਸ ਜੀ ! ਜੇ ਤੂੰ ਮੇਰੇ ਮੂੰਹੋਂ ਬਚਨ ਕਰਵਾਇਆ, ਬਚਨ ਕਰਵਾਉਣ ਵਾਲਾ ਵੀ ਤੂੰ, ਤੇ ਪੂਰਾ ਕਰਨ ਵਾਲਾ ਵੀ ਤੂੰ ਏਂ।

ਰਾਜਾ ਆਇਆ ਸੀ ਹਰਿਮੰਦਰ ਸਾਹਿਬ, ਪ੍ਰਮੇਸ਼ਰ ਪਿਤਾ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਨ। ਉਸ ਸਮੇਂ ਕਈ ਕੀ ਕਰਦੇ ਸੀ, ਆਪਣੇ ਛੋਟਿਆਂ ਲੜਕਿਆਂ ਨੂੰ ਲੜਕੀਆਂ ਵਾਲੇ ਕੱਪੜੇ ਵੀ ਪੁਵਾ ਦਿੰਦੇ ਸੀ। ਕਈ ਥਾਵਾਂ 'ਤੇ ਮੈਂ ਵੀ ਆਪਣੀ ਹੋਸ਼ ਵਿਚ ਵੀ ਵੇਖਿਆ ਹੈ। ਤੁਸੀਂ ਵੀ ਵੇਖਿਆ ਹੋਏਗਾ। ਸਲਵਾਰ ਪੁਆ ਦੇਣੀ ਬੱਚਿਆਂ ਨੂੰ, ਮੁੰਡਿਆਂ ਨੂੰ।

ਆ ਰਿਹਾ ਹੈ ਰਾਜਾ, ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦੇ ਦੀਦਾਰ ਕਰਨ ਤੇ ਭਗਤੀ ਨਾਲ ਭਰੇ ਪਏ, ਬਖ਼ਸ਼ਿਸ਼ਾਂ ਨਾਲ ਭਰੇ, ਗੁਣਾਂ ਨਾਲ ਭਰੇ ਪਏ, ਭਾਈ ਸਾਲ੍ਹੋ ਜੀ ਬ੍ਰਹਮ ਗਿਆਨੀ, ਜਿਹੜੇ ਸੇਵਾ ਕਰ-ਕਰ ਕੇ, ਸਿਮਰਨ ਕਰ-ਕਰ ਕੇ, ਬ੍ਰਹਮ ਗਿਆਨੀ ਬਣ ਚੁੱਕੇ ਨੇ। ਹੁਣ ਜਦੋਂ ਉਹ ਝਾੜੂ ਦੇ ਰਹੇ ਨੇ ਗੁਰੂ ਰਾਮਦਾਸ ਜੀ ਦੀਆਂ ਪ੍ਰਕਰਮਾਂ ਦੇ ਵਿਚ। ਤੇ ਇਹ ਜਿਹੜਾ ਰਾਜਾ ਆਪਣੇ ਲੜਕੇ ਨੂੰ ਲਿਆ ਰਿਹਾ, ਕੱਪੜੇ ਉਹਦੇ ਲੜਕੀਆਂ ਵਾਲੇ ਤੇ ਸਹਿਜੇ ਹੀ ਬੱਚੇ ਦਾ ਪੈਰ ਆ ਗਿਆ ਝਾੜੂ ਦੇ ਉਤੇ। ਬਾਬਾ ਭਾਈ ਸਾਲ੍ਹੋ ਜੀ ਦੇ ਮੁੱਖੋਂ ਸਹਿਜ-ਸੁਭਾਏ, ਕਿਉਂਕਿ ਜਿਹੜਾ ਨਾਮ ਜੱਪਣ ਵਾਲੇ ਨੇ, ਇਕ ਗੱਲ ਦਾ ਖਿਆਲ ਰੱਖਿਓ, ਨਾਮ ਜੱਪਣ ਵਾਲਾ ਕਦੀ ਵੀ ਕਿਸੇ ਨੂੰ ਸਰਾਪ ਨਹੀਂ ਦਿੰਦਾ। ਗੁਰੂ ਪਿਤਾ ਜੀ ਕਦੀ ਕਿਸੇ ਨੂੰ ਸਰਾਪ ਨਹੀਂ ਦਿੰਦੇ। ਉਹ ਤੇ ਮਿਠਬੋਲੜਾ ਹੈ। ਭਗਤ ਪਿਆਰੇ ਵੀ ਮਿਠ ਬੋਲੜੇ ਨੇ। ਪਰ ਕਈ ਵਾਰੀ ਮਹੌਲ ਇਹੋ ਜਿਹਾ ਬਣ ਜਾਂਦਾ ਹੈ, ਸਹਿਜੇ ਹੀ ਬਚਨ ਨਿਕਲ ਜਾਂਦਾ ਹੈ।

ਤੇ ਹੁਣ ਜਦੋਂ ਆਇਆ ਪੈਰ ਝਾੜੂ ਦੇ ਉਤੇ ਤੇ ਭਾਈ ਸਾਲ੍ਹੋ ਜੀ ਦੀ ਰਸਨਾ ਤੋਂ ਬਚਨ ਨਿਕਲਿਆ—''ਬੱਚੀਏ ! ਧਿਆਨ ਨਾਲ ਤੁਰਿਆ ਕਰ।'' ਏਨਾ ਬਚਨ ਕਹਿਣ ਦੀ ਦੇਰ, ਜਿਹੜਾ ਇਹ ਰਾਜੇ ਦਾ ਲੜਕਾ ਸੀ, ਹਰਕਤਾਂ ਲੜਕੀਆਂ ਵਾਂਗ ਕਰਨ ਲੱਗ ਪਿਆ।

ਹੁਣ ਜਦੋਂ ਰਾਜਾ ਅੰਦਰ ਗਿਆ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਦਰਸ਼ਨ ਕਰਨ। ਮਹਾਰਾਜ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਕੀਤੀ, ''ਸਤਿਗੁਰੂ ! ਮੈਂ ਤੇ ਖ਼ੁਸ਼ੀਆਂ ਲੈਣ ਆਇਆਂ ਸਾਂ, ਪਰ ਆਹ ਮੇਰਾ ਲੜਕਾ ਹਰਕਤਾਂ ਲੜਕੀਆਂ ਵਾਂਗ ਕਰਨ ਲੱਗ ਪਿਆ ਐ।'' ਮਹਾਰਾਜ ਕਹਿੰਦੇ, ''ਕੋਈ ਗਲਤੀ ਤੇ ਨਹੀਂ ਕੀਤੀ।'' ਜਾਣਦੇ ਸਭ ਕੁਝ ਨੇ। ''ਹਾਂ ਸਾਹਿਬ ਜੀ ! ਮੈਂ ਆਪਣੇ ਮੁੰਡੇ ਨੂੰ ਲਿਆ ਰਿਹਾ ਸਾਂ। ਇਕ ਬਜ਼ੁਰਗ ਬਾਬਾ ਝਾੜੂ ਦਿੰਦਾ ਸੀ ਪ੍ਰਕਰਮਾ 'ਚ। ਉਹਦੇ ਝਾੜੂ ਦੇ ਉਤੇ ਆਇਆ ਪੈਰ। ਉਨ੍ਹਾਂ ਦੇ ਮੂੰਹੋਂ ਸਹਿਜੇ ਬਚਨ ਨਿਕਲਿਆ ਬੱਚੀਏ ! ਧਿਆਨ ਨਾਲ ਤੁਰਿਆ ਕਰ ਤੇ ਉਦੋਂ ਦਾ ਇਹ

ਕੌਤਕ ਵਾਪਰ ਗਿਆ।''

ਸਾਹਿਬ ਸਮਝ ਗਏ ਇਹ ਤੇ ਭਾਈ ਸਾਲ੍ਹੋ ਜੀ ਨੇ। ਐਡੀ ਕਮਾਈ ਵੱਧ ਚੁੱਕੀ ਏ। ਗੁਰੂ ਨਾਨਕ ਰਸਨਾ 'ਤੇ ਬੈਠਾ ਹੈ। ਬ੍ਰਹਮ ਗਿਆਨੀ ਬਣ ਚੁੱਕੇ ਨੇ। ਸਤਿਗੁਰੂ ਨੇ ਭਗਤ ਨੂੰ ਵੇਖੋ, ਕਿੰਨੀ ਵਡਿਆਈ ਦਿੱਤੀ ਏ:

***ਹਰਿ ਭਗਤਾ ਨੋ ਦੇਇ ਪਿਆਰੁ.....***

ਕਿੰਨਾ ਪਿਆਰ ਦਿੰਦਾ ਹੈ। ਕਰ ਤੇ ਸਭ ਕੁਝ ਸਕਦੇ ਨੇ, ਨਿਰੰਕਾਰ ਨੇ।

***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥***

**(ਅੰਗ ੧੪੦੮)**

ਨਿਰੰਕਾਰ ਵਿਚ ਤੇ ਗੁਰੂ ਅਰਜਨ ਪਾਤਸ਼ਾਹ ਵਿਚ ਕੋਈ ਫ਼ਰਕ ਹੈ ਹੀ ਨਹੀਂ। ਕਰ ਸਭ ਕੁਝ ਸਕਦੇ ਨੇ, ਪਰ ਵਡਿਆਈ ਭਗਤਾਂ ਨੂੰ ਦਿੱਤੀ। ਕਹਿੰਦੇ, ''ਰਾਜਾ ! ਇਹ ਭਗਤ ਦਾ ਬਚਨ ਏ। ਅਸੀਂ ਨਹੀਂ ਕੁਝ ਕਰ ਸਕਦੇ।'' ''ਮਹਾਰਾਜ ! ਕੁਝ ਤੇ ਹੱਲ ਦੱਸੋ। ਸਾਡੇ 'ਤੇ ਕਿਰਪਾ ਕਰੋ। ਮੈਂ ਤੁਹਾਡੇ ਚਰਨਾਂ 'ਚ ਆਇਆਂ।'' ਸਤਿਗੁਰੂ ਕਹਿੰਦੇ, ''ਅਸੀਂ ਕਰ ਕੁਝ ਨਹੀਂ ਸਕਦੇ।'' ਸਭ ਕੁਝ ਕਰ ਸਕਦੇ ਨੇ ਪਰ ਵਡਿਆਈ ਦੇ ਰਹੇ ਨੇ। ''ਅਸੀਂ ਕੁਝ ਨਹੀਂ ਕਰ ਸਕਦੇ, ਹਾਂ ਇਕ ਜੁਗਤ ਹੈ, ਆਪਣੇ ਮੁੰਡੇ ਨੂੰ ਪੁਆ ਹੁਣ ਮੁੰਡਿਆਂ ਵਾਲੇ ਕੱਪੜੇ, ਜਦੋਂ ਬਾਬਾ ਭਾਈ ਸਾਲ੍ਹੋ ਜੀ ਦਿੰਦੇ ਹੋਣ ਪ੍ਰਕਰਮਾ ਵਿਚ ਝਾੜੂ, ਹੁਣ ਜਾਣ-ਬੁਝ ਕੇ ਝਾੜੂ ਦੇ ਉਤੇ ਰਖਵਾਈਂ ਪੈਰ, ਜੇ ਕਿਰਪਾ ਵਰਤ ਗਈ ਤੇ ਵਰਤ ਗਈ।''

ਹੁਣ ਉਹਨੇ ਬਚਨ ਮੰਨਿਆ। ਪਿੱਛੇ ਸਾਹਿਬ ਦਾ ਬਚਨ ਵੀ ਤੇ ਕੰਮ ਕਰਨਾ ਸੀ। ਹੁਣ ਜਦੋਂ ਭਾਈ ਸਾਲ੍ਹੋ ਜੀ ਝਾੜੂ ਦੇ ਰਹੇ ਨੇ, ਆਪਣੇ ਮੁੰਡੇ ਦਾ ਪੈਰ ਜਾਣ-ਬੁਝ ਕੇ ਝਾੜੂ 'ਤੇ ਰਖਵਾਇਆ ਤੇ ਭਾਈ ਸਾਲ੍ਹੋ ਜੀ ਕਹਿੰਦੇ, ''ਪੁੱਤਰ ਜੀ ! ਜ਼ਰਾ ਧਿਆਨ ਨਾਲ ਤੁਰਿਆ ਕਰੋ।'' ਹੁਣ ਰਾਜਾ ਜਦੋਂ ਖ਼ੁਸ਼ੀਆਂ ਲੈ ਕੇ ਤੁਰਨ ਲੱਗਾ ਤੇ ਅਵਾਜ਼ ਮਾਰ ਕੇ ਕਹਿੰਦੇ ਬਾਬਾ ਭਾਈ ਸਾਲ੍ਹੋ ਜੀ। ਦੇਖੋ ! ਭਗਤਾਂ ਨੂੰ ਵੀ ਸਭ ਪਤਾ ਹੈ, ਗੁਰ ਪ੍ਰਮੇਸ਼ਰ ਸਾਈਂ ਭਗਤ ਪਿਆਰਿਆਂ ਵੱਲ ਤੋਰਦੇ ਨੇ ਤੇ ਜਿਹੜਾ ਸੱਚਾ ਭਗਤ ਏ, ਆਪਣੇ ਨਾਲ ਨਹੀਂ ਬੰਨ੍ਹਦਾ, ਉਹ ਫਿਰ ਗੁਰੂ ਨਾਲ ਹੀ ਜੋੜ ਦਿੰਦਾ ਹੈ। ਮੇਰੇ ਪੱਲੇ ਕੁਝ ਨਹੀਂ, ਇਹ ਤੇ ਵਡਿਆਈ ਗੁਰੂ ਦੀ ਵਰਤ ਰਹੀ ਏ।

ਹੁਣ ਜਦੋਂ ਖ਼ੁਸ਼ੀਆਂ ਲੈ ਰਾਜਾ ਤੁਰਨ ਲੱਗਾ ਤੇ ਭਾਈ ਸਾਲ੍ਹੋ ਜੀ ਨੇ ਮਗਰੋਂ ਹੀ ਅਵਾਜ਼ ਮਾਰੀ। ਕਹਿੰਦੇ, ''ਰਾਜਾ ! ਇਹ ਸਾਰੀ ਕਿਰਪਾ ਗੁਰੂ ਅਰਜਨ ਦੇਵ ਜੀ ਦੀ ਹੋਈ ਏ।

ਕਹਿ ਦਿਓ : ਧੰਨ ਗੁਰੂ ਰਾਮਦਾਸ ਜੀ।.... ਧੰਨ ਬਾਬਾ ਦੀਪ ਸਿੰਘ ਜੀ।

ਇਹ ਭਗਤ ਪਿਆਰਿਆਂ ਦੀ ਨਿਸ਼ਾਨੀ ਏ :

***ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥***

***ਅਣਹੋਂਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥ ੧੨੮॥*** (ਅੰਗ ੧੩੮੪)

ਮਹਾਰਾਜ ! ਇਕ ਦੋ ਨਿਸ਼ਾਨੀਆਂ ਮੈਨੂੰ ਭਗਤ ਪਿਆਰਿਆਂ ਦੀਆਂ ਹੋਰ ਤੇ ਦੱਸੋ। ਭਗਤ ਕੌਣ ਨੇ? ਮਹਾਰਾਜ ਕਹਿੰਦੇ—ਭਗਤ ਦੀ ਆਹ ਵੀ ਨਿਸ਼ਾਨੀ ਹੈ—

***ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥***

ਜਿਨ੍ਹਾਂ ਦਾ ਅੱਜ ਦਿਨ ਏ, ਇਕ-ਇਕ ਗੁਣ ਤੁਹਾਨੂੰ ਬਾਬਾ ਭਾਈ ਸਾਲ੍ਹੋ ਜੀ ਦੇ ਵਿੱਚੋਂ ਨਜ਼ਰ ਆਏਗਾ।

***ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥***
***ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥*** (ਅੰਗ ੪੬੮)

ਭਗਤ ਦੀ ਹੋਰ ਨਿਸ਼ਾਨੀ ਸੁਨਣੀ ਜੇ, ਅੱਜ ਕਰੋ ਭਗਤਾਂ ਦੇ ਦਰਸ਼ਨ।

***ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ॥*** (ਅੰਗ ੨੩੩)

ਉਹ ਭਗਤ ਨੇ, ਪ੍ਰਮੇਸ਼ਰ ਨੂੰ ਪਿਆਰੇ ਲੱਗਦੇ ਨੇ, ਜਿਹੜੇ ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਦੇ ਦੱਸੇ ਮੁਤਾਬਿਕ ਆਪਣਾ ਜੀਵਨ ਬਤੀਤ ਕਰਦੇ ਨੇ। ਉਹ ਭਗਤ ਨੇ। ਤੇ ਭਾਈ ਸਾਲ੍ਹੋ ਜੀ ਇਹੋ ਜਿਹੇ ਭਗਤ, ਜਿਨ੍ਹਾਂ ਨੇ ਆਪਣਾ ਇਕ-ਇਕ ਸਾਹ ਵੀ ਜੇ ਲਿਆ ਐ, ਗੁਰੂ ਦੇ ਹੁਕਮ ਮੁਤਾਬਿਕ, ਗੁਰੂ ਦੇ ਹੁਕਮਾਂ ਨੂੰ ਵਜਾਉਂਦਿਆਂ ਹੋਇਆਂ, ਗੁਰੂ ਦੀ ਸੇਵਾ ਸਿਮਰਨ ਕਰਦਿਆਂ ਹੋਇਆ ਲਿਆ।

ਆਖੋ : ਧੰਨ ਗੁਰੂ ਰਾਮਦਾਸ ਜੀ। ਧੰਨ ਬਾਬਾ ਦੀਪ ਸਿੰਘ ਜੀ।

ਤੇ ਇਹੋ ਜਿਹੇ ਭਗਤ ਪਿਆਰਿਆਂ ਦੇ ਬਾਬਤ ਗੁਰੂ ਰਾਮਦਾਸ ਜੀ ਦਾ ਬਚਨ, ਕਿਉਂਕਿ ਇਹ ਬੜਾ ਪਿਆਰਾ ਸੁਮੇਲ ਏ, ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਦਾ, ਗੁਰੂ ਰਾਮਦਾਸ ਜੀ ਦਾ, ਬਾਬਾ ਭਾਈ ਸਾਲ੍ਹੋ ਜੀ ਦਾ, ਤਾਂ ਕਰਕੇ ਮੈਂ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਇਹ ਸ਼ਬਦ ਪੜ੍ਹ ਰਿਹਾਂ।

ਭਗਤ ਕੌਣ ਨੇ? ਇਹ ਤੁਸੀਂ ਸੁਣਿਆ, ਕਿਵੇਂ ਆਪਣੇ ਅੰਦਰੋਂ ਦੀਵਾਰਾਂ ਨਫ਼ਰਤ ਦੀਆਂ ਲਾਹੁਣੀਆਂ ਨੇ ਇਹ ਸੁਣਿਆ ਹੈ। ਇਹ ਸੁਣੇ ਨੂੰ ਥੋੜ੍ਹਾ ਬਹੁਤ ਮੰਨਣ ਦਾ ਯਤਨ ਕਰੀਏ। ਕੀਰਤਨ ਦੀ ਸਮਾਪਤੀ। ਪਿਆਰ ਨਾਲ ਸਾਰੇ ਫਤਹਿ ਬੁਲਾਓ ਜੀ :

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

✧